ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ

Free

Nawi Dunia




27 ਜੂਨ, 1964 ਜਨਮ ਦਿਨ
ਉੱਡਣ ਪਰੀ: ਪੀ ਟੀ ਊਸ਼ਾ


ਸਾਲ: 1 ਅੰਕ: 6 Phone: 780 465 9118, 403 775 2100 Fax: 780 465 0661, e-mail: info@nawidunia.com ਜੂਨ-2010



ਖਾਲਸਾਈ ਰੰਗ 'ਚ ਰੰਗਿਆ ਗਿਆ ਐਡਮਿੰਟਨ ਸਫ਼ਾ 10 'ਤੇ





ਚਿਦੰਬਰਮ ਦਾ ਲੁਪਤ ਏਜੰਡਾ ਸਫ਼ਾ 13 'ਤੇ





ਭਾਈ ਲਾਲੋਆਂ ਨੂੰ ਸੰਬੋਧਿਤ ਸਫ਼ਾ 23 'ਤੇ





ਸਮਰਪਿਤ ਅਤੇ ਪ੍ਰਤੀਬੱਧ ਹੋਣਾ ਹੀ ਹੋਵੇਗਾ ਸਫ਼ਾ 34 'ਤੇ





ਪਿਛਲੇ ਜਨਮ ਦਾ ਰਾਜ ਜਾਂ ਅੰਧ-ਵਿਸ਼ਵਾਸ? ਸਫ਼ਾ 37 'ਤੇ





ਭੋਪਾਲ ਗੈਸ ਕਾਂਡ

# ਅਰਜੁਨ ਸਿੰਘ ਸਰਕਾਰ ਨੇ ਬਚਾਇਆ ਸੀ ਐਂਡਰਸਨ ਨੂੰ

ਭੋਪਾਲ-ਨ ਦ ਬਿਓਰੋ

ਭੋਪਾਲ ਗੈਸ ਕਾਂਡ ਦੇ ਮਾਮਲੇ ਵਿਚ ਇਕ ਹੋਰ ਸ਼ਰਮਸ਼ਾਰ ਕਰ ਦੇਣ ਵਾਲਾ ਖੁਲਾਸਾ ਹੋਇਆ ਹੈ। ਇਸ ਮਾਮਲੇ 'ਤੇ ਸੂਬਾ ਤੇ ਕੇਂਦਰ ਸਰਕਾਰਾਂ ਬੁਰੀ ਤਰ੍ਹਾਂ ਘਿਰੀਆਂ ਨਜ਼ਰ ਆ ਰਹੀਆਂ ਹਨ। ਹੁਣ ਤੱਕ ਉਨ੍ਹਾਂ 'ਤੇ ਇਸ ਮਾਮਲੇ ਨੂੰ ਕਾਨੂੰਨੀ ਤੌਰ 'ਤੇ ਕਮਜ਼ੋਰ ਕਰਨ ਦੇ ਦੋਸ਼ ਲਗ ਰਹੇ ਸਨ। ਹੁਣ ਇਹ ਜਾਣਕਾਰੀ ਸਾਹਮਣੇ ਆਈ ਹੈ ਕਿ ਹਜ਼ਾਰਾਂ ਲੋਕਾਂ ਦੀ ਜਾਨ ਲੈ ਲੈਣ ਵਾਲੀ ਇਸ ਤ੍ਰਾਸਦੀ ਦੇ ਮੁਖ ਦੋਸ਼ੀ ਵਾਰੇਨ ਐਂਡਰਸਨ ਨੂੰ ਸਰਕਾਰੀ ਸੁਰੱਖਿਆ ਵਿਚ ਦੇਸ਼ ਤੋਂ ਭੱਜਣ ਦਾ ਮੌਕਾ ਦਿੱਤਾ ਗਿਆ ਸੀ। ਗੈਸ ਕਾਂਡ ਸਮੇਂ ਐਂਡਰਸਨ ਯੂਨੀਅਨ ਕਾਰਬਾਈਡ ਦਾ ਮੁਖੀ ਸੀ।



ਗੈਸ ਕਾਂਡ ਦੌਰਾਨ ਭੋਪਾਲ ਦੇ ਕਲੈਕਟਰ ਰਹੇ ਮੋਤੀ ਸਿੰਘ ਨੇ ਹੈਰਾਨ ਕਰ ਦੇਣ ਵਾਲੀ ਜਾਣਕਾਰੀ ਦਿੱਤੀ ਹੈ। ਸਿੰਘ ਮੁਤਾਬਕ, ਵਾਰੇਨ ਐਂਡਰਸਨ ਨੂੰ ਭਜਾਉਣ ਪਿਛੇ ਸੂਬਾ ਸਰਕਾਰ (ਉਸ ਵਕਤ ਅਰਜੁਨ ਸਿੰਘ ਦੀ ਅਗਵਾਈ ਵਿਚ ਕਾਂਗਰਸ ਦੀ ਸਰਕਾਰ ਸੀ) ਦਾ ਹੱਥ ਸੀ। ਮੋਤੀ ਸਿੰਘ ਨੇ ਦੱਸਿਆ, '7 ਦਸੰਬਰ 1984 ਨੂੰ ਮੈਨੂੰ ਸਵੇਰੇ 8 ਵਜੇ ਸੂਚਨਾ ਦਿੱਤੀ ਗਈ ਕਿ ਐਂਡਰਸਨ ਮੁੰਬਈ ਤੋਂ ਭੋਪਾਲ ਆ ਰਹੇ ਜਹਾਜ਼ ਰਾਹੀਂ ਕੰਪਨੀ ਦੇ ਦੋ ਹੋਰ ਅਧਿਕਾਰੀਆਂ ਨਾਲ ਭੋਪਾਲ ਆਉਣ ਵਾਲੇ ਹਨ। ਇਸ ਸੂਚਨਾ ਦੇ ਮੱਦੇਨਜ਼ਰ ਏਅਰਪੋਰਟ ਅਧਿਕਾਰੀਆਂ ਨੂੰ ਹੁਕਮ ਦਿੱਤਾ ਗਿਆ ਕਿ ਜਦ ਤਕ ਮੈਂ ਨਾ ਆਵਾਂ ਐਂਡਰਸਨ ਨੂੰ ਜਹਾਜ਼ ਤੋਂ ਨਾ ਉਤਰਨ ਦਿੱਤਾ ਜਾਵੇ।' ਸਿੰਘ ਨੇ ਦੱਸਿਆ, 'ਮੈਂ ਏਅਰਪੋਰਟ ਪੁੱਜਾ ਤਾਂ ਦੇਖਿਆ ਕਿ ਜਹਾਜ਼ ਆ ਚੁੱਕਾ ਹੈ ਅਤੇ ਉਸ ਦੇ ਦਰਵਾਜ਼ੇ ਨਹੀਂ ਖੋਲ੍ਹੇ ਗਏ ਹਨ। ਇਸ ਤੋਂ ਬਾਅਦ ਐਂਡਰਸਨ ਸਮੇਤ ਤਿੰਨੋਂ ਦੋਸ਼ੀਆਂ ਨੂੰ ਤੁਰੰਤ ਪੁਲੀਸ ਹਿਰਾਸਤ ਵਿਚ ਲੈ ਕੇ ਕੰਪਨੀ ਦੇ ਗੈਸਟ ਹਾਊਸ ਲਿਜਾਇਆ ਗਿਆ। ਐਂਡਰਸਨ ਨੇ ਮਾਸਕ ਪਾ ਰੱਖਿਆ ਸੀ। ਸਿੰਘ ਮੁਤਾਬਕ, 'ਐਂਡਰਸਨ ਦੀ ਗ੍ਰਿਫਤਾਰੀ ਤੋਂ ਬਾਅਦ ਦੁਪਹਿਰ ਕਰੀਬ ਦੋ ਵਜੇ ਸੂਬੇ ਦੇ ਮੁਖ ਸਕੱਤਰ ਨੇ ਮੈਨੂੰ ਫੋਨ ਕੀਤਾ। ਸਾਨੂੰ ਕਿਹਾ ਗਿਆ ਕਿ ਐਂਡਰਸਨ ਨੂੰ ਛੱਡਿਆ ਜਾਣਾ ਹੈ। ਉਸ ਦੀ ਜ਼ਮਾਨਤ ਦੀਆਂ ਸਾਰੀਆਂ ਰਸਮਾਂ ਜਲਦੀ ਤੋਂ ਜਲਦੀ ਪੂਰੀਆਂ ਕਰਕੇ ਉਸ ਨੂੰ ਦਿੱਲੀ ਭੇਜ ਦਿੱਤਾ ਜਾਵੇ। ਉਸ ਨੂੰ ਦਿੱਲੀ ਪਹੁੰਚਾਉਣ ਲਈ ਏਅਰਪੋਰਟ 'ਤੇ ਵਿਸ਼ੇਸ਼ ਜਹਾਜ਼ ਖੜਾ ਹੈ। ਕਾਰਬਾਈਡ ਦੇ ਇਕ ਅਧਿਕਾਰੀ ਨੇ ਉਸ ਦੀ 25000 ਰੁਪਏ ਦੀ ਜ਼ਮਾਨਤ ਦਿੱਤੀ ਅਤੇ ਉਸ ਨੂੰ ਰਿਹਾਅ ਕਰ ਦਿੱਤਾ ਗਿਆ।' ਮੋਤੀ ਸਿੰਘ ਨੇ ਦੱਸਿਆ, 'ਜ਼ਮਾਨਤ ਮਗਰੋਂ ਅਸੀਂ ਐਂਡਰਸਨ ਨੂੰ ਹਵਾਈ ਅੱਡੇ ਤੱਕ ਲੈ ਗਏ ਅਤੇ ਦਿੱਲੀ ਜਾਣ ਲਈ ਤਿਆਰ ਖੜੇ ਜਹਾਜ਼ ਵਿਚ ਬਿਠਾ ਦਿੱਤਾ।'

## ਬੇਨਕਾਬ ਸਰਕਾਰ ਦਾ ਇਕ ਹੋਰ ਜੀ.ਓ.ਐਮ.

ਨਵੀਂ ਦਿੱਲੀ-ਭੋਪਾਲ ਗੈਸ ਕਾਂਡ ਮਾਮਲੇ ਵਿਚ ਹਰ ਮੋਰਚੇ 'ਤੇ ਬੇਨਕਾਬ ਹੋਣ ਤੋਂ ਬਾਅਦ ਕੇਂਦਰ ਸਰਕਾਰ ਨੇ ਗ੍ਰਹਿ ਮੰਤਰੀ ਪੀ. ਚਿੰਦਬਰਮ ਦੀ ਅਗਵਾਈ ਵਿਚ ਦਸ ਮੰਤਰੀਆਂ ਦੇ ਸਮੂਹ (ਜੀ.ਓ.ਐਮ) ਦਾ ਗਠਨ ਕੀਤਾ ਹੈ। ਇਹ ਸਮੂਹ ਗੈਸ ਤ੍ਰਾਸਦੀ ਦੇ ਪੀੜਤਾਂ ਲਈ ਰਾਹਤ ਅਤੇ ਮੁੜ ਵਸੇਬੇ ਸਬੰਧੀ ਮਾਮਲਿਆਂ 'ਤੇ ਨਵੇਂ ਸਿਰੇ ਤੋਂ ਸਿਫਾਰਸ਼ਾਂ ਦੇਏਗਾ। ਕੇਂਦਰ ਸਰਕਾਰ ਵਲੋਂ ਇਸ ਮਸਲੇ 'ਤੇ ਦੂਸਰੀ ਵਾਰ ਜੀ.ਓ.ਐਮ. ਦਾ ਗਠਨ ਕੀਤਾ ਗਿਆ ਹੈ। ਇਸ ਤੋਂ ਪਹਿਲਾਂ 1984 ਵਿਚ ਅਰਜੁਨ ਸਿੰਘ ਦੀ ਅਗਵਾਈ ਵਿਚ ਗਠਨ ਕੀਤਾ ਗਿਆ ਸੀ। ਚਿੰਦਬਰਮ ਦੀ ਅਗਵਾਈ ਵਾਲੇ ਸਮੂਹ ਵਿਚ ਵੀਰੱਪਾ ਮੋਇਲੀ, ਗੁਲਾਮ ਨਬੀ ਆਜ਼ਾਦ, ਜੈ ਪਾਲ ਰੈੱਡੀ, ਕਮਲਨਾਥ, ਕੁਮਾਰੀ ਸ਼ੈਲਜਾ, ਐਮ.ਕੇ. ਅਲਾਗਿਰੀ, ਪ੍ਰਿਥਵੀ ਰਾਜ ਚੌਹਾਨ ਅਤੇ ਜੈ ਰਾਮ ਰਮੇਸ਼ ਸ਼ਾਮਲ ਹੋਣਗੇ। ਜਦਕਿ ਮੱਧ ਪ੍ਰਦੇਸ਼ ਦੇ ਗੈਸ ਰਾਹਤ ਅਤੇ ਮੁੜ ਵਸੇਬਾ ਮਾਮਲਿਆਂ ਬਾਰੇ ਮੰਤਰੀ ਇਸ ਦੇ ਸਥਾਈ ਮੈਂਬਰ ਹੋਣਗੇ। ਸੰਕੇਤ ਹਨ ਕਿ ਇਸ ਸਮੂਹ ਦਾ ਕਾਰਜ ਖੇਤਰ ਮਾਮਲੇ ਦੇ ਦੋਸ਼ੀਆਂ ਨੂੰ ਸਜ਼ਾ ਜਾਂ ਕਿਸੇ ਹੋਰ ਕਾਰਵਾਈ ਨਾਲ ਸਬੰਧਤ ਨਾ ਹੋ ਕੇ, ਸਿਰਫ ਪੀੜਤਾਂ ਨੂੰ ਰਾਹਤ ਅਤੇ ਉਨ੍ਹਾਂ ਦੇ ਮੁੜ ਵਸੇਬਾ ਸਬੰਧੀ ਮਾਮਲਿਆਂ 'ਤੇ ਵਿਚਾਰ ਕਰਨ ਤੱਕ ਸੀਮਤ ਰਹੇਗਾ।

## ਭਾਰਤੀਆਂ ਦੀ ਮੌਤ ਦੀ ਸਜ਼ਾ ਮੁਆਫ!

**ਦੁਬਈ**-ਪਾਕਿਸਤਾਨੀ ਨਾਗਰਿਕ ਦੀ ਹੱਤਿਆ ਦੇ ਮਾਮਲੇ ਵਿਚ ਮੌਤ ਦੀ ਸਜ਼ਾ ਹਾਸਲ 17 ਭਾਰਤੀਆਂ ਲਈ ਆਸ ਦੀ ਕਿਰਨ ਨਜ਼ਰ ਆਈ ਹੈ। ਮਾਮਲੇ ਦੇ ਮੁਖ ਗਵਾਹ ਨੇ ਆਪਣਾ ਬਿਆਨ ਬਦਲ ਦਿੱਤਾ ਹੈ। ਉਸ ਦਾ ਕਹਿਣਾ ਹੈ ਕਿ ਉਸ ਨੂੰ ਇਸ ਮਾਮਲੇ ਦੀ ਪੂਰੀ ਜਾਣਕਾਰੀ ਨਹੀਂ ਹੈ ਅਤੇ ਸਾਰੇ ਭਾਰਤੀ ਬੇਕਸੂਰ ਹਨ।

ਗਵਾਹ ਮੁਸਤਾਕ ਨੇ ਕਿਹਾ, 'ਮੈਨੂੰ ਇਸ ਤਰ੍ਹਾਂ ਦਾ ਬਿਆਨ ਦਿਵਾਇਆ ਗਿਆ ਸੀ। ਮੈਂ ਸੀ.ਆਈ.ਡੀ. ਨੂੰ ਕਿਹਾ ਕਿ ਉਨ੍ਹਾਂ 'ਤੇ ਦੋਸ਼ ਲਾਉਣਾ ਆਸਾਨ ਹੋਵੇਗਾ ਪਰ ਜੇਕਰ ਉਹ ਦੋਸ਼ੀ ਨਹੀਂ ਹਨ ਅਤੇ ਉਨ੍ਹਾਂ ਨੂੰ ਸਜ਼ਾ ਮਿਲਦੀ ਹੈ ਤਾਂ ਈਸ਼ਵਰ ਮੈਨੂੰ ਮੁਆਫ ਨਹੀਂ ਕਰੇਗਾ।' ਇਹ ਜਾਣਕਾਰੀ ਮਿਲਦੇ ਹੀ ਭਾਰਤ ਵਿਚ ਇਨ੍ਹਾਂ ਲੋਕਾਂ ਦੇ ਪਰਿਵਾਰਾਂ ਨੇ ਸੁੱਖ ਦਾ ਸਾਹ ਲਿਆ ਹੈ। ਮਾਮਲੇ ਵਿਚ ਦੋਸ਼ੀ ਠਹਿਰਾਏ ਗਏ ਇਕ ਭਾਰਤੀ ਦੇ ਪਿਤਾ ਬਲਰਾਜ ਸਿੰਘ ਨੇ ਕਿਹਾ, 'ਮੁਖ ਗਵਾਹ ਨੇ ਕਿਹਾ ਹੈ ਕਿ ਉਹ ਦੋਸ਼ੀਆਂ ਨੂੰ ਨਹੀਂ ਪਛਾਣਦਾ। ਉਹ ਬਿਲਕੁਲ ਬੇਕਸੂਰ ਹਨ।' ਯੂ.ਏ.ਈ. ਵਿਚ ਗ੍ਰਿਫਤਾਰ ਇਕ ਹੋਰ ਭਾਰਤੀ ਦੇ ਪਿਤਾ ਨੇ ਕਿਹਾ, 'ਹੁਣ ਤਾਂ ਗਵਾਹ ਨੇ ਵੀ ਕਹਿ ਦਿੱਤਾ ਹੈ ਕਿ ਉਹ ਬੇਕਸੂਰ ਹਨ। ਗਵਾਹ ਦੇ ਇਸ ਰੁਖ਼ ਤੋਂ ਬਾਅਦ ਸਰਕਾਰ ਨੂੰ ਸਾਡੇ ਬੱਚਿਆਂ ਦੀ ਰਿਹਾਈ ਲਈ ਜ਼ਰੂਰੀ ਕਦਮ ਚੁੱਕਣੇ ਚਾਹੀਦੇ ਹਨ।' ਇਨ੍ਹਾਂ ਭਾਰਤੀਆਂ ਨੂੰ ਕਰੀਬ 50 ਲੋਕਾਂ ਦੀ ਹਮਲਾਵਰ ਭੀੜ ਦੀ ਅਗਵਾਈ ਕਰਨ ਦਾ ਦੋਸ਼ੀ ਠਹਿਰਾਇਆ ਗਿਆ ਸੀ। ਇਸ ਮਾਮਲੇ ਵਿਚ ਇਕ ਪਾਕਿਸਤਾਨੀ ਦੀ ਕੁੱਟ ਕੁੱਟ ਕੇ ਹੱਤਿਆ ਕਰ ਦਿੱਤੀ ਗਈ ਸੀ। ਅਦਾਲਤ ਨੇ ਸਬੂਤਾਂ ਦੀ ਘਾਟ ਕਾਰਨ ਹੋਰਨਾਂ ਲੋਕਾਂ ਨੂੰ ਛੱਡ ਦਿੱਤਾ ਸੀ।


3rd in CANADA FOR CENTURY 21-2005
Century 21 Canada Masters Hall of Fame Inductee
Sweg Deol "Your Key Connection To Real Estate"
Please call for all your Commercial Real Estate Needs in Hotel, Motel, Apartments & Shopping Centers
TOP 1% OF REALTORS IN CANADA
Land Parcels Available in throughout Alberta
Century 21
A.L.L. Stars Realty Ltd., 312 Saddleback Road, T6J 4R7
Cell: (780) 951-9873 Bus: (780) 434-4700

JAS LONGOWAL B.A, L.L.B., B.Ed, B.L.S, M.A.
Top Realtor 2007
ਕਿਸੇ ਵੀ ਤਰ੍ਹਾਂ ਦੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ
PROFESSIONAL REALITY GROUP
Always stands for you
Cell: (780) 993•0898
"Its time you hired a professional"
# 101, 6005 Gateway Blvd. Edmonton, AB T6H 2H3
Associate Realtor
Bus:(780) 439-9818

For All Your Real Estate Needs & Best Services
Just Contact Dan Sidhu Broker/Owner
Your Real Estate Expert!
ਨਵਾਂ ਜਾਂ ਪੁਰਾਣਾ ਘਰ ਜਾ ਕਿਸੇ ਵੀ ਕਿਸਮ ਦੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਭਰੋਸੇਯੋਗ ਤੇ ਇਮਾਨਦਾਰ ਸੇਵਾਵਾਂ ਲਈ ਅੱਜ ਹੀ Dan Sidhu ਨੂੰ ਫੋਨ ਕਰੋ।
Each office individually owned and operated
Cell: 403 560 6300
Specialize in Residential/ Commercial & Investment Properties RE/MAX
110-300 Merganser Dr. West Chestermers, ABT1X 1L6
Bus: 403 569 2900 Fax: 403 207 1237

Sarbjeet Dodd REALTOR®
Contact For Buying & Selling of Residential & Commercial Property any where in Alberta
Century 21
A.L.L. Stars Realty Ltd.
312 saddleback Rd. Edmonton, AB T6J 4R7
Bus: 780 434 4700 sarbjeetdodd@hotmail.com
Cell: 780 951 1590 Fax: 780 436 9902

Solutions of your all problems just a call away....
ਡਰਾਈਵਾਲ, ਫਲੋਰਿੰਗ ਤੇ ਇਲੈਕਟਰੀਕਲ ਦੇ ਸਾਰੇ ਕੰਮ ਹੁਣ ਤੁਸੀਂ ਇਕ ਹੀ ਫੋਨ ਕਾਲ ਨਾਲ ਕਰਵਾ ਸਕਦੇ ਹੋ।
ਹੋਟਲ, ...ਟਲ, ਬਿਜਨਿਸ, ਰੈਜ਼ੀਡੈਂਸ਼ੀਅਲ ਤੇ ਹਰ ਤਰ੍ਹਾਂ ਦੇ ਇੰਸੂਲੇਸ਼ਨ, ਡਰਾਈਵਾਲ, ਟੇਪਿੰਗ, ਟੈਕਸਚਰ ਦੇ ਕੰਮ ਲਈ
Flooring :
Beant : 403-616-2329,
Gurinder Dhillon : 780-340-2407
Drywall & Electrical :
Zoga : 780-245-5191,
Rana : 780-245-5192
A & K TILES AND DRYWALL LTD.

LUTHRA LAW OFFICE
Sarjan Luthra, B.Sc, LL.B, Barrister and Solicitor
* Corporate Commercial
* Real Estate Transactions
* Immigration Appeals
* ਕੰਪਨੀ ਮਾਮਲੇ
* ਰੀਅਲ ਇਸਟੇਟ
* ਇਮੀਗਰੇਸ਼ਨ ਅਪੀਲ
Services Also in Hindi, Punjabi, Urdu & Arabic





Sarjan Luthra
# 10, 3908-97 Street, Edmonton, AB, T6E 6N2
780 466 4660, 780 463 4205 luthralaw@canada.com

**Insurance & Financial Services**

- Life Insurance
- Critical Illness
- Health Benefits
- Group Benefits (Dental & Medical)
- Mortgage Insurance
- Travel & Visitor Insurance
- Disability Insurance (Income Protection)

ਲਾਈਫ: ਯੂਨੀਵਰਸਲ, ਟਰਮ ਅਤੇ ਮੋਰਟਗੇਜ਼
ਡਿਸਏਬਿਲਟੀ, ਕਰਿਟੀਕਲ ਇਲਨੈਸ, ਹੈਲਥ ਪਲੈਨਜ਼
ਅਤੇ ਰਜਿਸਟਰਡ ਰਿਟਾਇਰਮੈਂਟ ਸੇਵਿੰਗ ਪਲੈਨਜ਼

ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ

*For All Insurance Needs*
Call: Shalu Badesha
Phone:780-660-3071



*Sponsor by Canada Life & Access to all Major Insurance Companies in Canada*

**STP ELECTRIC LTD.**

stpelectric@hotmail.com
Offering Full Range of Electrical Services of



C. 780.984 2356
F. 780.463 6276

- Residential
- Commercial
- Industrial Installations

ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ
**Sushil Singh**
Certified Master Electrician
ਸਰਟੀਫਾਈਡ ਮਾਸਟਰ ਇਲੈਕਟ੍ਰੀਸ਼ਨ

**EAGLE ROCK GOLF COURSE**

ਵਿਆਹ ਸ਼ਾਦੀਆਂ, ਜਨਮ ਦਿਨ ਪਾਰਟੀਆਂ,
ਲੇਡੀਜ਼ ਸੰਗੀਤ, 50 ਤੋਂ ਲੈ ਕੇ 200 ਆਦਮੀਆਂ
ਤੱਕ ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ
ਵਧੇਰੇ ਜਾਣਕਾਰੀ ਲਈ ਫੋਨ ਕਰੋ:
Linda- 780 464 4653
Ext-2, Cell- 780 720 6895



50549, Range Road 234
Edmonton, AB

Catering
Wedding
Banquet
Birthday Parties
Ladies Sangeet
Golf Tournaments

**ALPHA Tent Rentals**
All Events Big or Small
We are in this Business Since 2001



Ladies Sangeet Jago Equipment

**Tents** All Size and Different Colours,
**Tables** Rectangular & Round, **Chairs** All Colours,
**Lights**, Dance Floor, Heaters, Fans,
**Catering Equipment,** Coffee Brewers,
Food Warmers, Big Burners, Big Pots (Patila), Cutlery and Plates,
**Portable Bars,** Beer Tubs, Ice Boxes,
**Carpet, Stantions, Linens and Clips.**

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ
Guaranteed Low Prices Open Seven Days a Week
Umrao Ghinger: 780 237 5556
Rana Pandher: 780 498 6375
Office: 780 490 5354
www.alphatentrentals.com





**PASH DRIVING SCHOOL LTD.**
"Learn to drive for life...accident free with confidence"

- ✓Government Approved Insurance Reduction Course
- ✓Defensive Driving Course
- ✓Refresher Courses
- ✓Preparation for Class 7
- ✓Road Test Preparation
- ✓Package & Hourly Rates

*Car Available for Road Test
*Free Pick Up & Drop Off
Lady Instructor
7 Days A Week



Jas Badesha



Shalu

ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਚ ਸੇਵਾਵਾਂ ਹਾਜ਼ਰ ਹਨ।
Shalu Badesha 780-660-3071
Jas Badesha 780-908-2296
pashdrivingschool@ymail.com

Eat-In Take-Out
**Shan-E-Punjab Sweets & Restaurant**

Speicializing in East Indian & Pakistani Sweets & Cuisine

* Puri Chole, Saag, Chicken, Biryani, Goat/Lamb Curry,
* Tandoori Chicken, Samosa, Papri Chat,Golgappey,
* Garlic, Chicken & Paneer Naan,Mixed Sweets,
* Gulab Jamun,Khoya Burfi, Rus-Gullas, Laddoo,
* Sev Chewra, Namak Para, Fish, Chicken &
* Veg. Pakora,Mango Shake & Lassi.

Seven Days a Week
Business Hours: 11am-9pm

Lunch Buffet & Dinner Buffet
9393-34 Avenue, Edmonton, AB.
Phone (780) 434-7373

Concept, Design and Installation
**Cambridge Windows Mfg. Inc.**

ਘੱਟ ਕੀਮਤਾਂ ਦੀ ਗਰੰਟੀ
ਪੰਜਾਬੀ, ਹਿੰਦੀ ਤੇ
ਅੰਗਰੇਜ਼ੀ ਵਿਚ ਵਧੀਆ
ਤੇ ਭਰੋਸੇਯੋਗ ਸੇਵਾਵਾਂ

ਪੁਰਾਣੀਆਂ ਖਿੜਕੀਆਂ ਬਦਲਾਉਣ ਜਾਂ ਨਵੇਂ ਘਰ ਸੋਹਣੀਆਂ ਖਿੜਕੀਆਂ ਨਾਲ ਸਜਾਉਣ ਲਈ ਹਮੇਸ਼ਾ ਯਾਦ ਰੱਖੋ
ਕੈਂਬਰਿਜ ਵਿੰਡੋ
780-436-0111
7941-Argyll Road Edmonton AB, T6C 4A9



BBB
www.cambridgewindow.com
Better Business Bureau ਦੇ ਮੈਂਬਰ

# ਤੇਲ ਪ੍ਰਦੂਸ਼ਣ ਤ੍ਰਾਸਦੀ ਨੇ ਖ਼ਤਰੇ ਵਿੱਚ ਪਾਈ ਮੱਛੀਆਂ ਅਤੇ ਮਛੇਰਿਆਂ ਦੀ ਜਾਨ

ਲੂਈਜ਼ੀਆਨਾ-ਨ ਦ ਬ

ਲੂਈਜ਼ੀਆਨਾ ਵਾਸੀਆਂ ਨੇ ਖ਼ਦਸ਼ਾ ਜ਼ਾਹਿਰ ਕੀਤਾ ਹੈ ਕਿ ਇਸ ਆਇਲ ਸਪਿਲ ਕਾਰਣ ਜਿੱਥੇ ਉਹਨਾਂ ਦਾ ਅਪਣਾ ਰਹਿਣ ਸਹਿਣ ਹਮੇਸ਼ਾ ਲਈ ਅਸਤ ਵਿਅਸਤ ਹੋ ਸਕਦਾ ਹੈ, ਉੱਥੇ ਨਾਲ਼ ਹੀ ਮੱਛੀਆ ਦੀਆਂ ਕਈ ਨਸਲਾਂ ਹਮੇਸ਼ਾ ਲਈ ਖ਼ਤਮ ਹੋ ਸਕਦੀਆਂ ਹਨ। ਅਮਰੀਕਾ ਨੂੰ ਪੇਸ਼ ਆਇਆ ਇਹ ਹੁਣ ਤੱਕ ਦਾ ਸਭ ਤੋਂ ਗੰਭੀਰ ਵਾਤਾਵਰਣ ਸੰਕਟ ਹੈ। ਲੱਖ ਕੋਸ਼ਿਸ਼ਾਂ ਦੇ ਬਾਵਜੂਦ ਖਾੜੀ ਦੇ ਪਾਣੀ ਵਿੱਚ 20 ਮਿਲੀਅਨ ਗੈਲਨ ਤੇਲ ਘੁਲ਼ ਚੁੱਕਿਆ ਹੈ।

ਇਸ ਤੇਲ ਕਾਰਣ ਸਮੁੰਦਰੀ ਜੀਵ ਬੀਮਾਰ ਹੋ ਰਹੇ ਹਨ ਤੇ ਨਾਲ਼ ਹੀ ਖਿੱਤੇ ਵਿੱਚ ਸੈਲਾਨੀਆਂ ਦੀ ਸੰਖਿਆ ਵਿੱਚ ਵੀ ਭਾਰੀ ਗਿਰਾਵਟ ਦਰਜ ਹੋਈ ਹੈ।

ਹਰੀਕੇਨ ਦਾ ਮੌਸਮ ਵੀ ਤੇਜ਼ੀ ਨਾਲ਼ ਨਜ਼ਦੀਕ ਆ ਰਿਹਾ ਹੈ, ਜਿਸ ਕਾਰਣ ਇਸ ਤੇਲ ਦੇ ਫਲੌਰਿਡਾ, ਟੈਕਸਾਸ, ਮਿਸੀਸਿਪੀ ਅਤੇ ਅਲਬਾਮਾ ਦੇ ਸਮੁੰਦਰੀ ਪਾਣੀ ਵਿੱਚ ਦਾਖ਼ਿਲ ਹੋ ਜਾਣ ਦਾ ਖਦਸ਼ਾ ਹੈ। ਮਾਹਿਰਾਂ ਮੁਤਾਬਿਕ ਇਹ ਤੇਲ ਕਿਊਬਾ ਅਤੇ ਮੈਕਸੀਕੋ ਵਿੱਚ ਵੀ ਦਾਖ਼ਿਲ ਹੋ ਸਕਦਾ ਹੈ। ਇਸ ਨਾਲ਼ ਸਮੁੰਦਰੀ ਜੀਵਾਂ ਦੀਆਂ ਐਨੀਆਂ ਕਿਸਮਾਂ ਖ਼ਤਮ ਹੋ ਜਾਣਗੀਆਂ ਜਿਹਨਾਂ ਦੀ ਹੋਂਦ ਬਾਰੇ ਸ਼ਾਇਦ ਬੀ.ਪੀ ਨੂੰ ਅੰਦਾਜ਼ਾ ਵੀ ਨਹੀਂ।



ਜ਼ਿਕਰਯੋਗ ਹੈ ਕਿ ਲੂਈਜ਼ੀਆਨਾ ਇਲਾਕਾ ਮੁੱਖ ਤੌਰ 'ਤੇ ਮਛੇਰਿਆਂ ਵੱਲੋਂ ਵਸਾਇਆ ਗਿਆ ਸ਼ਹਿਰ ਹੈ ਤੇ ਐਸ ਵੇਲੇ ਉਹਨਾਂ ਦੀ ਰੋਜ਼ੀ ਰੋਟੀ ਦੇ ਮੌਕੇ ਖ਼ਤਮ ਹੋਣ ਦੀ ਕਗਾਰ 'ਤੇ ਖੜ੍ਹੇ ਹਨ।

ਹਜ਼ਾਰਾਂ ਮਛੇਰਿਆਂ ਨੂੰ ਬੀ.ਪੀ. ਵੱਲੋਂ ਅਪਣੀਆਂ ਕਿਸ਼ਤੀਆਂ ਛੱਡ ਕੇ ਚਲੇ ਜਾਣ ਲਈ ਮਜਬੂਰ ਕਰ ਦਿੱਤਾ ਗਿਆ ਹੈ ਜਦਕਿ ਇਸ ਮੌਸਮ ਵਿਚ ਉਹਨਾਂ ਨੂੰ ਸਭ ਤੋਂ ਵੱਧ ਕਮਾਈ ਹੋਣੀ ਸੀ।

# ਤੇਲ ਨਾਲ਼ ਭਰੀ ਖਾੜੀ ਦੇ ਸਫ਼ਾਈ ਕਾਰਜਾਂ ਵਿੱਚ ਜੁਟੇ ਵਰਕਰ ਹੋਏ ਸਖ਼ਤ ਬੀਮਾਰ

ਸ਼ਿਕਾਗੋ, ਹੂਸਟਨ,-ਨ ਦ ਬ

ਤੇਲ ਨਾਲ਼ ਭਰੀ ਗਲਫ ਕੋਸਟ ਦੇ ਸਫ਼ਾਈ ਕਾਰਜਾਂ ਵਿੱਚ ਜੁਟੇ ਵਰਕਰਾਂ ਦੇ ਸਖ਼ਤ ਬੀਮਾਰ ਹੋਣ ਦੀ ਖ਼ਬਰ ਹੈ ; ਜਦੋਂਕਿ ਕੋਸ਼ਿਸ਼ਾਂ ਲਗਾਤਾਰ ਨਾਕਾਮ ਹੁੰਦੇ ਵੇਖ ਕੇ ਇਲਾਕੇ ਦੇ ਪਹਿਲਾਂ ਤੋਂ ਪਰੇਸ਼ਾਨ ਲੋਕਾਂ ਵਿੱਚ ਗੁੱਸਾ ਹੋਰ ਵੱਧਦਾ ਜਾ ਰਿਹਾ ਹੈ।

ਤੇਲ ਪ੍ਰਦੂਸ਼ਣ ਕਾਂਡ ਦੀ ਸ਼ੁਰੂਆਤ 20 ਅਪ੍ਰੈਲ ਨੂੰ ਹੋਏ ਇੱਕ ਜ਼ਬਰਦਸਤ ਵਿਸਫੋਟ ਨਾਲ਼ ਹੋਈ ਸੀ। ਜਿਸਨੇ 11 ਵਰਕਰਾਂ ਦੀ ਜਾਨ ਲੈ ਲਈ ਅਤੇ ਹਰ ਰੋਜ਼ 3 ਮਿਲੀਅਨ ਲੀਟਰ ਤੇਲ ਬਾਹਰ ਆ ਕੇ ਪਾਣੀ ਵਿੱਚ ਫੈਲਣਾ ਸ਼ੁਰੂ ਹੋ ਗਿਆ ਸੀ।

ਸਿੱਟੇ ਵਜ਼ੋਂ ਬਾਜ਼ਾਰ ਵਿੱਚ ਇੱਕ ਪਾਸੇ ਜਿੱਥੇ ਬੀ.ਪੀ ਦੀ ਸਾਖ਼ ਨੂੰ ਧੱਕਾ ਲੱਗਿਆ, ਉੱਥੇ ਨਾਲ਼ ਹੀ ਇਸਦੇ ਸ਼ੇਅਰਾਂ ਵਿੱਚ ਵੀ ਗਿਰਾਵਟ ਦਰਜ ਹੋਈ ਹੈ।

ਹੁਣ ਤੱਕ ਖਾੜੀ ਵਿੱਚੋਂ 30,000 ਬੈਰਲ ਚਿੱਕੜ ਕੱਢਿਆ ਜਾ ਚੁੱਕਾ ਹੈ, ਪਰ ਕੋਈ ਨਤੀਜਾ ਨਾ ਨਿਕਲਦਾ ਵੇਖ, ਆਖ਼ਿਕਾਰ ਇਹ ਕੰਮ ਵੀ ਬੰਦ ਕਰ ਦਿੱਤਾ ਗਿਆ।

# ਗਲਫ ਸਪਿਲ ਮਾਮਲੇ ਦੀ ਅਪਰਾਧਿਕ ਜਾਂਚ ਕਰਵਾਉਣ ਦੇ ਆਦੇਸ਼ ਜਾਰੀ

ਵਾਸ਼ਿੰਗਟਨ-ਨ ਬ ਦ

ਅਮਰੀਕੀ ਅਟੌਰਨੀ ਜਨਰਲ ਐਰਿਕ ਹੋਲਡਰ ਨੇ ਸੂਚਨਾ ਦਿੱਤੀ ਹੈ ਕਿ, ਫੈਡਰਲ ਅਧਿਕਾਰੀਆਂ ਵੱਲੋਂ ਮੁਲਕ ਦੇ ਸਭ ਤੋਂ ਵੱਡੇ ਤੇਲ ਸਪਿਲ ਕਾਂਡ ਦੀ ਅਪਰਾਧਿਕ ਅਤੇ ਸਿਵਿਲ ਪੱਧਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਇਸ ਸਾਰੀ ਘਟਨਾ ਕਾਰਣ ਬੀ.ਪੀ. ਪੀ.ਐਲ.ਸੀ ਨੂੰ ਕਈ ਕਰੋੜ ਡਾਲਰ ਦਾ ਘਾਟਾ ਹੋਇਆ ਹੈ।

ਨਿਵੇਸ਼ਕਾਂ ਨੇ ਇਹ ਅੰਦਾਜ਼ਾ ਲਾ ਲਿਆ ਹੈ ਕਿ ਤੇਲ ਡੁੱਲਣ ਦਾ ਇਹ ਸਿਲਸਿਲਾ ਫ਼ਿਲਹਾਲ ਕਈ ਮਹੀਨੇ ਇਸੇ ਤਰ੍ਹਾਂ ਜਾਰੀ ਰਹੇਗਾ।

ਹੁਣ ਤੱਕ ਇਹ ਸਪੱਸ਼ਟ ਨਹੀਂ ਕੀਤਾ ਗਿਆ ਕਿ ਜਾਂਚ ਵਿੱਚ ਕਿਹਨਾਂ ਲੋਕਾਂ ਨੂੰ ਨਿਸ਼ਾਨੇ 'ਤੇ ਰੱਖਿਆ ਜਾਵੇਗਾ। ਹੋਲਡਰ ਮੁਤਾਬਿਕ ਜਾਂਚ ਦੌਰਾਨ ਜੇਕਰ ਕਿਸੇ ਵੱਲੋਂ ਕੋਤਾਹੀ ਵਰਤਣ ਦਾ ਜ਼ਰਾ ਵੀ ਸਬੂਤ ਮਿਲਿਆ ਤਾਂ ਉਸ ਖ਼ਿਲਾਫ਼ ਕੋਈ ਨਰਮੀ ਨਹੀਂ ਵਰਤੀ ਜਾਵੇਗੀ। ਬੀ.ਪੀ ਵੱਡੋਂ ਜੋ 'ਰਿਲੀਫ ਵੈੱਲ' ਖੋਦੇ ਜਾ ਰਹੇ ਹਨ, ਉਹਨਾਂ ਨੂੰ ਪੂਰਾ ਹੋਣ ਵਿੱਚ ਅਤੇ 2 ਤੋਂ 3 ਮਹੀਨੇ ਦਾ ਸਮਾਂ ਹੋਰ ਲੱਗ ਜਾਵੇਗਾ। ਤੇਲ ਦੇ ਵਹਾਅ ਨੂੰ ਰੋਕਣ ਲਈ ਜੋ ਮੌਜੂਦਾ ਆਧੁਨਿਕ ਟੂਲ ਵਰਤੇ ਜਾ ਰਹੇ ਨੇ ਉਹਨਾਂ ਨਾਲ਼ ਵੀ ਕਾਮਯਾਬੀ ਮਿਲਣ ਦੀ ਆਸ ਸਿਰਫ਼ 50 ਤੋਂ 70 ਫੀਸਦੀ ਹੀ ਹੈ।

ਇਸ ਸਾਰੇ ਘਟਨਾ ਚੱਕਰ ਅਤੇ ਮੌਜੂਦਾ ਕੋਸ਼ਿਸ਼ਾਂ ਉੱਪਰ ਰਾਸ਼ਟਰਪਤੀ ਬਰਾਕ ਓਬਾਮਾ ਦੀ ਤਿੱਖੀ ਨਜ਼ਰ ਬਣੀ ਹੋਈ ਹੈ। ਰਾਸ਼ਟਰਪਤੀ ਨੇ ਇਸ ਸਾਰੀ ਘਟਨਾ ਦੀ ਜਾਂਚ ਲਈ ਅਧਿਕਾਰੀਆਂ ਨੂੰ ਪੂਰੀ ਖੁੱਲ੍ਹ ਦਿੱਤੀ ਹੋਈ ਹੈ ਤਾਂ ਜੋ ਅਮਰੀਕੀ ਇਤਿਹਾਸ ਦੇ ਸਭ ਤੋਂ ਵੱਡੇ ਤੇਲ ਪ੍ਰਦੂਸ਼ਣ ਕਾਂਡ ਦੇ ਕਾਰਣਾਂ ਅਤੇ ਦੋਸ਼ੀਆਂ ਦਾ ਪਤਾ ਲੱਗ ਸਕੇ।

ਰਾਸ਼ਟਰਪਤੀ ਨੇ ਇੱਥੋਂ ਤੱਕ ਆਖ ਦਿੱਤਾ ਹੈ ਕਿ ਦੋਸ਼ੀਆਂ ਨੂੰ ਢੁੱਕਵੀਂ ਸਜ਼ਾ ਦੇਣ ਵਾਸਤੇ, ਜੇਕਰ ਕਾਨੂੰਨ ਵਿੱਚ ਕੋਈ ਸੋਧ ਵੀ ਕਰਨੀ ਪਈ, ਤਾਂ ਸੋਧ ਜ਼ਰੂਰ ਕੀਤੀ ਜਾਵੇਗੀ।

ਬੀ.ਪੀ ਦੇ ਮੁੱਖ ਕਾਰਜਕਾਰੀ ਅਧਿਕਾਰੀ ਟੋਨੀ ਹੇਵਰਡ ਨੇ ਕਿਹਾ ਹੈ ਕਿ ਦੂਸ਼ਿਤ ਪਾਣੀ ਜਾਂਚ ਜਾਰੀ ਹੈ ਪਰ ਜਿਵੇਂ ਕਿ ਸਾਇੰਸਦਾਨਾਂ ਵੱਲੋਂ ਰਿਪੋਰਟਾਂ ਦਿੱਤੀਆਂ ਜਾ ਰਹੀਆਂ ਨੇ, ਅਸਲ ਵਿੱਚ ਅਜਿਹਾ ਕੁੱਝ ਵੀ ਨਹੀਂ ਹੈ। ਖਾੜੀ ਦੀ ਹੇਠਲੀ ਸਤਹ 'ਤੇ ਤੇਲ ਦੇ ਕਈ ਢੇਲੇ ਜੰਮ ਗਏ ਹਨ।

ਇਸ ਬਿਆਨ 'ਤੇ ਤਿੱਖੀ ਪ੍ਰਕਿਰਿਆ ਦਿੰਦਿਆਂ ਪਲਾਕ ਸਾਈਜ਼ ਪੈਰਿਸ਼ ਦੇ ਮੁਖੀ ਬਿਲੀ ਨੰਗੈਸਰ ਨੇ ਆਖਿਆ ਕਿ ਇਸ ਦੀ ਵਧੀਆ ਜਾਂਚ ਕਰਨ ਲਈ ਹੇਵਰਡ ਨੂੰ ਪਾਣੀ ਵਿੱਚ 10 ਫੁੱਟ ਹੇਠਾਂ ਸੁੱਟਿਆ ਜਾਵੇ ਤੇ ਫੇਰ ਬਾਹਰ ਕੱਢ ਕੇ ਪੁੱਛਿਆ ਜਾਵੇ, ਕਿ ਪਾਣੀ ਹੇਠਾਂ ਕੀ ਸੀ?

ਬੀ.ਪੀ ਦਾ ਦਾਅਵਾ ਹੈ ਕਿ ਉਸ ਵੱਲੋਂ ਹੁਣ ਤੱਕ ਪਾਣੀ ਦੀ ਸਫ਼ਾਈ ਵਾਸਤੇ 990 ਮਿਲੀਅਨ ਡਾਲਰ ਖ਼ਰਚ ਕੀਤੇ ਜਾ ਚੁੱਕੇ ਹਨ।

# ਕ੍ਰੈਡਿਟ ਕਾਰਡ ਡਾਟੇ ਰਾਹੀਂ 50,000 ਡਾਲਰ ਠੱਗੇ

ਐਡਮਿੰਟਨ-ਨ.ਦ.ਬ

ਇੱਥੋਂ ਦੀ ਇੱਕ ਟਰੈਵਲ ਏਜੰਸੀ ਦੇ ਮਾਲਕ ਨੂੰ ਅਪਣੇ ਗਾਹਕਾਂ ਦੇ ਕ੍ਰੈਡਿਟ ਕਾਰਡਾਂ 'ਚੋਂ ਧੋਖੇ ਨਾਲ਼ 50,000 ਡਾਲਰ ਠੱਗੇ ਜਾਣ ਦਾ ਦੋਸ਼ੀ ਠਹਿਰਾਇਆ ਗਿਆ ਹੈ।

ਪੇਅਲੈੱਸ ਟਰੈਵਲਜ਼ ਦੇ ਮਾਲਕ ਗੁਰਮੀਤ ਸਿੰਘ ਮਾਣਕੂ ਨਾਮ ਦੇ ਇਸ ਵਿਅਕਤੀ ਨੂੰ ਸਾਲ 2009 ਤੋਂ 2010 ਦੌਰਾਨ ਕੀਤੀ ਧਾਂਦਲੀ ਤਹਿਤ ਦੋਸ਼ੀ ਕਰਾਰ ਦਿੱਤਾ ਗਿਆ ਹੈ। ਸਾਊਥਈਸਟ ਡਿਵੀਜ਼ਨ ਦੇ ਮੋਹਿੰਦਰ ਬੰਗਾ ਅਨੁਸਾਰ ਮਾਣਕੂ ਨੇ ਗਾਹਕਾਂ ਦੇ ਕ੍ਰੈਡਿਟ ਕਾਰਡ ਤੇ ਡਰਾਇਵਿੰਗ ਲਾਇਸੈਂਸ ਦੀਆਂ ਕਾਪੀਆਂ ਤੋਂ 15 ਤੋਂ 20 ਫ਼ਰਜ਼ੀ ਟ੍ਰਾਂਸੈਕਸ਼ਨਾਂ ਕੀਤੀਆਂ ਜਦ ਤੱਕ ਕਿ ਕ੍ਰੈਡਿਟ ਲਿਮਿਟ ਖ਼ਤਮ ਨਹੀਂ ਹੋਈ।




ਲੋਕਾਂ ਨੂੰ ਘੱਟੋ-ਘੱਟ ਤਿੰਨ ਮਹੀਨੇ ਇਸ ਸਭ ਕੁੱਝ ਦਾ ਪਤਾ ਨਹੀਂ ਲੱਗਾ, ਇਹ ਉਕਤ ਵਿਅਕਤੀ ਕ੍ਰੈਡਿਟ ਕਾਰਡਾਂ ਤੋਂ ਜਾਣਕਾਰੀ ਹਾਸਲ ਕਰਕੇ ਦੂਜੇ ਗਾਹਕਾਂ ਨੂੰ ਯਾਤਰਾਵਾਂ ਮੁਹੱਈਆ ਕਰਉਂਦਾ ਰਿਹਾ ਜੋ ਨਕਦ ਰਕਮ ਦਿੰਦੇ ਸਨ। ਪੇਅਲੈਸ ਟਰੈਵਲਜ਼ ਦਾ ਮਾਲਕ 23 ਐਵਿਨਿਊ 66 ਸਟ੍ਰੀਟ ਵਿਖੇ ਚਾਰ ਸਾਲ ਤੋਂ ਅਪਣਾ ਕਾਰੋਬਾਰ ਚਲਾ ਰਿਹਾ ਸੀ। ਮਾਰਚ ਵਿੱਚ ਇਸ ਮਾਮਲੇ 'ਤੇ ਚਾਨਣ ਪੈਣ ਤੋਂ ਬਾਅਦ ਉਸ ਦਾ ਧੰਦਾ ਬੰਦ ਹੋ ਗਿਆ। ਜਾਸੂਸੀ ਏਜੰਸੀਆਂ ਵੱਲੋਂ ਹਾਲੇ ਹੋਰ ਤਫ਼ਤੀਸ਼ ਕੀਤੀ ਜਾ ਰਹੀ ਹੈ। ਪੁਲਿਸ ਨੇ ਧੋਖਾਧੜੀ ਦਾ ਸ਼ਿਕਾਰ ਹੋਏ ਅਜਿਹੇ 13 ਵਿਅਕਤੀਆਂ ਤੋਂ ਪੁੱਛਗਿੱਛ ਕੀਤੀ ਹੈ।

# ਕੈਨੇਡਾ ਅਜੇ ਵੀ ਵੰਡ ਰਿਹਾ ਹੈ ਆਰਕਟਿਕ ਵਿਖੇ ਡ੍ਰਿਲਿੰਗ ਦੇ ਲਾਇਸੈਂਸ

ਓਟਾਵਾ-ਨ ਬ ਦ

ਅਮਰੀਕੀ ਸਰਕਾਰ ਵੱਲੋਂ ਔਫਸ਼ੋਰ ਡ੍ਰਿਲਿੰਗ ਉੱਪਰ ਪਾਬੰਦੀ ਲਾਉਣ ਦੇ ਐਲਾਨ ਦੇ ਬਾਵਜੂਦ ਕੈਨੇਡਾ ਆਰਕਟਿਕ ਇਲਾਕੇ ਵਿੱਚ ਤੇਲ ਖੋਜ ਦੇ ਕਾਰਜਾਂ ਦੇ ਨਵੇਂ ਲਾਇਸੈਂਸ ਜਾਰੀ ਕਰਨ ਲਈ ਅਰਜ਼ੀਆਂ ਮੰਗ ਰਿਹਾ ਹੈ। ਕੈਨੇਡਾ ਵਿੱਚ ਤੇਲ ਦੀ ਡ੍ਰਿਲਿੰਗ ਦੇ ਲਾਇਸੈਂਸ ਅਤੇ ਬਿਡਿੰਗ ਦਾ ਕੰਮ ਫੈਡਰਲ ਡਿਪਾਰਟਮੈਂਟ ਔਫ਼ ਇੰਡੀਅਨ ਐਂਡ ਨੌਰਦਨ ਅਫੇਅਰਜ਼ ਵੱਲੋਂ ਵੇਖਿਆ ਜਾਂਦਾ ਹੈ।

ਇਸ ਵਿਭਾਗ ਦੇ ਮੰਤਰੀ ਚਕ ਸਟ੍ਰੌਲ ਦੇ ਬੁਲਾਰੇ ਨੇ ਦੱਸਿਆ ਹੈ ਕਿ ਸਰਕਾਰ ਬਿਉਫੋਰਟ ਸੀ ਵਿਖੇ ਡ੍ਰਿਲਿੰਗ ਦਾ ਕੰਮ ਕਰਨ ਦੀ ਚਾਹਵਾਨ ਹੈ ਅਤੇ ਅਜੇ ਤੱਕ ਅਰਜ਼ੀਆਂ ਮੰਗਵਾਉਣ ਦਾ ਸਿਲਸਿਲਾ ਬੰਦ ਕਰਨ ਸਬੰਧੀ ਕੋਈ ਫੈਸਲਾ ਨਹੀਂ ਲਿਆ ਗਿਆ, ਪਰ ਫ਼ਿਲਹਾਲ ਬਿਉਫੋਰਟ ਵਿੱਚ ਛੇਤੀ ਹੀ ਡ੍ਰਿਲਿੰਗ ਸ਼ੁਰੂ ਕਰਨ ਦੀ ਵੀ ਕੋਈ ਸੰਭਾਵਨਾ ਨਹੀਂ ਹੈ। ਉੱਧਰ ਅਮਰੀਕੀ ਸਰਕਾਰ ਆਉਂਦੇ ਛੇ ਮਹੀਨਿਆਂ ਦੌਰਾਨ ਡੀਪ ਵਾਟਰ ਡ੍ਰਿਲਿੰਗ ਪਰਮਿਟ ਜਾਰੀ ਕਰਨ 'ਤੇ ਰੋਕ ਲਾਉਣ ਜਾ ਰਹੀ ਹੈ।

# ਸਾਬਕਾ ਕੈਨੇਡੀਅਨ ਪ੍ਰਧਾਨਮੰਤਰੀ ਖ਼ਿਲਾਫ਼ ਕਾਰਜ ਕਾਲ ਦੌਰਾਨ ਧੋਖਾਧੜੀ ਦੇ ਦੋਸ਼

ਟਰਾਂਟੋ-ਨ ਦ ਬ



ਸਾਬਕਾ ਪ੍ਰਧਾਨ ਮੰਤਰੀ ਬਰਾਇਨ ਮਲਰੋਨੀ ਨੂੰ ਜਾਂਚ ਵਿਚ, ਅਪਣੇ ਕਾਰਜਕਾਲ ਦੌਰਾਨ ਹੇਰਾ ਫੇਰੀ ਕਰਨ ਦਾ ਦੋਸ਼ੀ ਪਾਇਆ ਗਿਆ ਹੈ। ਜਸਟਿਸ ਜੈਫ਼ਰੀ ਉਲੀਫੈਂਟ ਨੇ ਅਪਣੀ ਰਿਪੋਰਟ ਵਿੱਚ ਕਿਹਾ ਹੈ ਕਿ, ਮਲਰੋਨੀ ਨੇ ਅਪਣੇ ਕਾਰਜਕਾਰਲ ਦੌਰਾਨ ਅਪਣੇ ਸਾਰੇ ਅਸੂਲਾਂ ਨੂੰ ਨਜ਼ਰ ਅੰਦਾਜ਼ ਕਰਦਿਆਂ ਗ਼ਲਤ ਵਰਤਾਓ ਕੀਤਾ ਅਤੇ ਕਈ ਸਾਲਾਂ ਤੱਕ ਇਸ ਨੂੰ ਜਨਤਾ ਅਤੇ ਸਰਕਾਰ ਤੋਂ ਲੁਕਾਈ ਰੱਖਿਆ। ਇਸ ਚੀਜ਼ ਦਾ ਕੋਈ ਸਬੂਤ ਨਹੀਂ ਮਿਲਿਆ ਜਿਸ ਤੋਂ ਸਾਬਿਤ ਹੋਵੇ ਕਿ ਮਲਰੋਨੀ ਨੇ 1993 ਤੋਂ 1994 ਦੌਰਾਨ 300,000 ਡਾਲਰ ਦਿੱਤੇ ਸੀ ਤਾਂ ਜੋ ਮਲਰੋਨੀ ਕੈਨੇਡਾ ਵਿੱਚ ਹਥਿਆਰਬੰਦ ਗੱਡੀਆਂ ਦੇ ਨਿਰਮਾਣ ਅਤੇ ਉਹਨਾਂ ਦੇ ਨਿਰਯਾਤ ਦੀ ਯੋਜਨਾ ਦਾ ਸਮਰਥਨ ਕਰੇ।

ਉੱਧਰ ਮਲਰੋਨੀ ਨੇ ਕੋਈ ਪੁਖ਼ਤਾ ਸਬੂਤ ਨਾ ਮਿਲਣ ਅਤੇ ਆਖ਼ਰੀ ਰਿਪੋਰਟ ਜਨਤਕ ਤੌਰ 'ਤੇ ਜਾਰੀ ਹੋ ਜਾਣ ਮਗਰੋਂ ਰਾਹਤ ਮਹਿਸੂਸ ਕਰਦਿਆਂ ਕਿਹਾ ਕਿ, ਉਹ ਸ਼ੁਕਰ ਗੁਜ਼ਾਰ ਨੇ ਕਿ ਆਖ਼ਿਰਕਾਰ ਇਹ ਸਾਰਾ ਮਾਮਲਾ ਕਿਸੇ ਸਿੱਟੇ 'ਤੇ ਪੁੱਜ ਗਿਆ। ਹੁਣ ਉਹ ਤੇ ਉਹਨਾਂ ਦਾ ਪਰਿਵਾਰ ਇਸ ਘਟਨਾ ਨੂੰ ਪਿੱਛੇ ਛੱਡਕੇ ਜ਼ਿੰਦਗੀ ਵਿੱਚ ਅੱਗੇ ਵਧ ਸਕਣਗੇ। ਮਲਰੋਨੀ ਨੇ ਖੁਦ ਵੀ ਮੰਨਿਆ ਹੈ ਕਿ ਉਸਨੇ ਪੈਸੇ ਲਈ ਸਨ ਅਤੇ 7 ਸਾਲ ਤੱਕ ਟੈਕਸ ਅਥੌਰਟੀ ਨੂੰ ਇਸ ਦੀ ਕੋਈ ਜਾਣਕਾਰੀ ਨਹੀਂ ਦਿੱਤੀ ਤੇ ਨਾ ਹੀ ਇਹ ਰਕਮ ਬੈਂਕ ਵਿੱਚ ਜਮਾਂ ਕਰਵਾਈ।

ਪੁੱਛਗਿੱਛ ਦੌਰਾਨ ਮਲਰੋਨੀ ਇਸ ਤਰ੍ਹਾਂ ਜ਼ਾਹਿਰ ਕੀਤਾ ਜਿਵੇਂ ਉਹ ਕਦੀ ਕਾਰਲਹਾਈਨਜ਼ ਨੂੰ ਮਿਲੇ ਹੀ ਨਾ ਹੋਣ।




Nawi Dunia and people associated with it are not responsible for any claims made by the advertisers and do not endorse any product or services advertised in the Nawi Dunia. The contents of Nawi Dunia may not be reproduced without the written consent of the Publisher. The Publisher and/or Editor shall not be liable for any of the views expressed by the authors of articles or letters published in the Nawi Dunia, nor shall these opinions necessarily reflect those of the Published and/or Editor. Letters to the Editor become the property of Nawi Dunia, and may be Edited.

ਲੇਖਕਾਂ ਦੀਆਂ ਰਚਨਾਵਾਂ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਰੈੱਡ ਕਰਾਸ ਸਿਖਾ ਰਿਹੈ ਤਾਲਿਬਾਨ ਨੂੰ ਜੰਗ ਦੌਰਾਨ ਜਾਨ ਬਚਾਉਣ ਦੇ ਤਰੀਕੇ

**ਟਰਾਂਟੋ -ਨ.ਦ.ਬ.**

ਇੰਟਰਨੈਸ਼ਨਲ ਕਮੇਟੀ ਔਫ ਰੈੱਡ ਕਰਾਸ ਨੇ ਬੀਤੇ ਦਿਨੀਂ ਇੱਕ ਹੈਰਾਨੀਜਨਕ ਐਲਾਨ ਕਰਕੇ ਸਭ ਨੂੰ ਪਰੇਸ਼ਾਨੀ ਵਿੱਚ ਪਾ ਦਿੱਤਾ ਹੈ। ਰੈੱਡ ਕਰਾਸ ਨੇ ਤਾਲਿਬਾਨ ਲੜਾਕੂਆਂ ਨੂੰ ਲੜਾਈ ਦੌਰਾਨ ਅਪਣੇ ਸਾਥੀਆਂ ਦੀ ਮੱਦਦ ਕਰਨ ਦੇ ਢੰਗ ਸਿਖਾਉਣ ਦਾ ਫੈਸਲਾ ਕਰ ਲਿਆ ਹੈ। ਇਸ ਯੋਜਨਾ ਤਹਿਤ ਤਾਲਿਬਾਨ ਲੜਾਕਿਆਂ ਨੂੰ ਫਸਟ ਏਡ ਸਿਖਲਾਈ ਅਤੇ ਮੈਡੀਕਲ ਕਿਟਸ ਮੁਹੱਈਆ ਕਰਾਈਆਂ ਜਾਣਗੀਆਂ।

ਨਾਟੋ ਨੂੰ ਰੈੱਡ ਕਰਾਸ ਦੇ ਇਸ ਐਲਾਨ ਨਾਲ਼ ਗਹਿਰਾ ਦੁੱਖ ਪੁੱਜਿਆ ਹੈ। ਬੁਲਾਰਿਆਂ ਮੁਤਾਬਕ ਹੁਣ ਰੈੱਡ ਕਰਾਸ ਕੈਨੇਡੀਅਨ ਸੈਨਿਕਾਂ ਦੇ ਹੱਤਿਆਰਿਆਂ ਨੂੰ ਇਹ ਸਿਖਾਉਣ ਜਾ ਰਹੀ ਹੈ ਕਿ ਅਪਣੇ ਦੁਸ਼ਮਣਾਂ ਦਾ ਮੁਕਾਬਲਾ ਹੋਰ ਵਧੀਆ ਢੰਗ ਨਾਲ਼ ਅਤੇ ਵਧੇਰੇ ਡਟ ਕੇ ਕਿਸ ਤਰ੍ਹਾਂ ਕਰਨਾ ਹੈ।

ਹਾਲਾਂਕਿ ਨਾਟੋ ਰੈੱਡ ਕਰਾਸ ਦੇ ਮਨੁੱਖੀ ਵਤੀਰੇ ਅਤੇ ਮੱਦਦ ਕਾਰਜਾਂ ਦੇ ਜਜ਼ਬੇ ਦਾ ਪੂਰਾ ਸਨਮਾਨ ਕਰਦੀ ਹੈ ਪਰ ਉਸ ਦਾ ਮੰਨਣਾ ਹੈ ਕਿ ਰੈੱਡ ਕਰਾਸ ਨੂੰ ਤਾਲਿਬਾਨ ਪ੍ਰਤੀ ਅਜਿਹਾ ਵਤੀਰਾ ਨਹੀਂ ਅਪਨਾਉਣਾ ਚਾਹੀਦਾ ਕਿਉਂ ਕਿ ਉਹ ਲੋਕ ਇਨਸਾਨ ਕਹਾਉਣ ਦੇ ਲਾਇਕ ਨਹੀਂ ਹਨ।




ਕੈਨੇਡੀਅਨ ਸੈਨਿਕਾਂ ਦੇ ਉਹ ਮਾਂ-ਬਾਪ ਜਿਹਨਾਂ ਜੰਗ ਵਿੱਚ ਅਪਣੇ ਬੱਚੇ ਗੁਆਏ ਹਨ, ਉਹਨਾਂ ਦਾ ਕਹਿਣਾ ਹੈ ਕਿ ਇਸ ਦੀ ਬਜਾਏ ਰੈੱਡਕਰਾਸ ਨੂੰ ਅਫਗਾਨਿਸਤਾਨ ਵਿਖੇ ਜੰਗ ਵਿੱਚ ਜ਼ਖ਼ਮੀ ਹੋ ਜਾਂਦੇ ਬੇਕਸੂਰ ਆਮ ਲੋਕਾਂ ਦੀ ਦੇਖਭਾਲ ਲਈ ਕੁੱਝ ਕਰਨਾ ਚਾਹੀਦਾ ਹੈ।

ਉੱਧਰ ਰੈੱਡ ਕਰਾਸ ਕਮੇਟੀ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਨਹੀਂ ਪਹੁੰਚਾਉਣਾ ਚਾਹੁੰਦੇ ਪਰ ਉਹਨਾਂ ਦੀ ਪਛਾਣ ਲੋਕਾਂ ਵਿੱਚ ਇੱਕ ਨਿਰਪੱਖ ਸੰਸਥਾ ਦੀ ਹੈ।

ਪਰ ਨਾਟੋ ਮੁਤਾਬਕ ਅਜਿਹਾ ਕਰਕੇ ਰੈੱਡ ਕਰਾਸ ਕੈਨੇਡੀਅਨ ਸੈਨਿਕਾਂ ਨੂੰ ਨੁਕਸਾਨ ਪਹੁੰਚਾਏਗਾ ਅਤੇ ਤਾਲਿਬਾਨਾਂ ਨੂੰ ਹੋਰ ਮਜ਼ਬੂਤ ਹੋ ਕੇ ਉਹਨਾਂ ਉਪਰ ਹਮਲਾ ਕਰਨ ਵਿੱਚ ਮੱਦਦ ਮਿਲੇਗੀ।

# ਅਮਰੀਕੀ ਸਾਇੰਸਦਾਨਾਂ ਨੇ ਬਣਾਇਆ ਵਿਸ਼ਵ ਦਾ ਪਹਿਲਾ ਸਿਨਥੈਟਿਕ ਜੀਨੋਮ

ਮੈਰੀਲੈਂਡ-ਨ ਦ ਬ

ਅਮਰੀਕਾ ਦੀ ਮੈਰੀਲੈਂਡ ਪ੍ਰਯੋਗਸ਼ਾਲਾ ਵਿਖੇ ਸਾਇੰਸਦਾਨਾਂ ਨੇ ਵਿਸ਼ਵ ਦਾ ਪਹਿਲਾ ਸਿਨਥੈਟਿਕ ਜੀਨੋਮ ਇਜਾਦ ਕੀਤਾ ਹੈ।

ਇਹਨਾਂ ਮਾਈਕਰੋਬਸ ਨੂੰ ਇੱਕ ਕਰੋਮੋਸੋਮ ਨਿਯੰਤਰਿਤ ਕਰ ਰਿਹਾ ਹੈ, ਜਿਸ ਦਾ ਨਿਰਮਾਣ ਮੇਵਰਿਕ ਜੈਨੇਟਿਸਿਸਟ ਕਰੇਗ ਵੈਨਟਰ ਵੱਲੋਂ ਕੀਤਾ ਗਿਆ ਹੈ ਜੋ ਪਿਛਲੇ 15 ਸਾਲਾਂ ਤੋਂ ਗ਼ੈਰ ਕੁਦਰਤੀ ਜੀਵਨ ਨੂੰ ਹੋਂਦ ਵਿੱਚ ਲਿਆਉਣ ਦਾ ਸੁਫ਼ਨਾ ਦੇਖ ਰਿਹਾ ਸੀ। ਯੂਨੀਵਰਸਿਟੀ ਔਫ ਟਰੰਟੋ ਦੇ ਜੀਵ ਵਿਗਿਆਨ ਵਿਭਾਗ ਦੇ ਮਾਹਿਰਾਂ ਨੇ ਇਸ ਖੋਜ ਦੀ ਖੁੱਲ੍ਹ ਕੇ ਸ਼ਲਾਘਾ ਕੀਤੀ ਹੈ। ਕਈ ਮਾਹਿਰਾਂ ਨੇ ਤਾਂ ਵੈਨਟਰ ਨੂੰ ਇਸ ਕੰਮ ਵਾਸਤੇ ਨੋਬਲ ਪੁਰਸਕਾਰ ਦਿੱਤੇ ਜਾਣ ਦਾ ਵੀ ਸੁਝਾਅ ਦਿੱਤਾ ਹੈ।



# ਕੰਜ਼ਰਵੇਟਿਵ ਪਾਰਟੀ ਨੇ ਲੌਬਿੰਗ ਸੰਗਠਨਾਂ ਤੋਂ ਬਟੋਰੇ 411,000 ਡਾਲਰ

ਐਡਮਿੰਟਨ- ਨ ਦ ਬ

**ਇਹ** ਪਹਿਲੀ ਵਾਰ ਹੈ ਕਿ ਅਜਿਹੇ ਅੰਕੜੇ ਜਨਤਕ ਤੌਰ 'ਤੇ ਜ਼ਾਹਿਰ ਕੀਤੇ ਗਏ ਹਨ। ਅਲਬਰਟਾ ਵਿਖੇ ਬੀਤੇ ਸਾਲ ਦੌਰਾਨ ਕੰਜ਼ਰਵੇਟਿਵ ਪਾਰਟੀ ਨੇ ਲੌਬਿੰਗ ਸੰਗਠਨਾਂ ਤੋਂ 411,000 ਡਾਲਰ ਵਸੂਲੇ।

ਕੰਜ਼ਰਵੇਟਿਵ ਪਾਰਟੀ ਨੂੰ ਇਹ ਰਕਮ ਅਲਬਰਟਾ ਦੀਆਂ ਬੇਹੱਦ ਸ਼ਕਤੀਸ਼ਾਲੀ ਕੰਪਨੀਆਂ ਤੋਂ ਮਿਲੀ ਹੈ ਜਿਹਨਾਂ ਵਿੱਚ ਐਨਬਰਿਜ, ਟਰਾਂਸ ਕੈਨੇਡਾ ਪਾਈਪਲਾਈਨਜ਼ ਅਤੇ ਟਰਾਂਸਅਲਟਾ ਵੀ ਸ਼ਾਮਲ ਹਨ।

ਆਲੋਚਕਾਂ ਦਾ ਕਹਿਣਾ ਹੈ ਕਿ ਪੈਸੇ ਦਾ ਵੱਡੇ ਪੱਧਰ 'ਤੇ ਹੋ ਰਿਹਾ ਇਹ ਲੈਣ ਦੇਣ ਇਸ ਗੱਲ ਦਾ ਸੂਚਕ ਹੈ ਕਿ ਅਲਬਰਟਾ ਦੀ ਰਾਜਨੀਤੀ ਵਿੱਚ ਪੈਸੇ ਅਤੇ ਸੱਤਾ ਦਾ ਕੀ ਰਿਸ਼ਤਾ ਹੈ।

ਪ੍ਰੀਮੀਅਰ ਐਡ ਸਟੈਲਮੈਕ ਨੇ 2006 ਵਿੱਚ ਲੀਡਰਸ਼ਿਪ ਲਈ ਚੋਣ ਹੀ ਇਸ ਵਾਅਦੇ ਨਾਲ਼ ਲੜੀ ਸੀ ਕਿ ਲੌਬਿਸਟ ਐਕਟ ਬਣਾਇਆ ਜਾਵੇਗਾ ਤਾਂ ਜੋ ਇਸ ਚੀਜ਼ ਦਾ ਵਧੀਆ ਲੇਖਾ ਜੋਖਾ ਰੱਖਿਆ ਜਾ ਸਕੇ ਕਿ ਸਰਕਾਰ ਦੀਆਂ ਨੀਤੀਆਂ ਨੂੰ ਪ੍ਰਭਾਵਿਤ ਕਰਨ ਲਈ ਕਿਸੇ ਨੂੰ ਪੈਸੇ ਦਿੱਤੇ ਗਏ ਹਨ।

ਕੰਜ਼ਰਵੇਟਿਵ ਪਾਰਟੀ ਦੇ ਮੁਕਾਬਲੇ ਲਿਬਰਲ ਪਾਰਟੀ ਨੂੰ ਬੀਤੇ ਵਰ੍ਹੇ 28,065 ਡਾਲਰ ਮਿਲੇ ਜਦੋਂ ਕਿ ਐਨ.ਡੀ.ਪੀ ਨੂੰ ਅਜਿਹਾ ਕੋਈ ਪੈਸਾ ਨਹੀਂ ਮਿਲਿਆ। ਐਨ.ਡੀ.ਪੀ ਲੀਡਰ ਬਰਾਇਨ ਮੇਸਨ ਦਾ ਕਹਿਣਾ ਹੈ ਕਿ ਅਲਬਰਟਾ ਸੂਬੇ ਦੇ ਅਮੀਰ ਅਤੇ ਤਾਕਤਵਾਰ ਲੋਕ ਇਹ ਜਾਣਦੇ ਹਨ ਕਿ ਕੰਜ਼ਰਵੇਟਿਵ ਪਾਰਟੀ ਨੂੰ ਪੈਸਾ ਦੇ ਕੇ ਉਹ ਅਪਣਾ ਕੋਈ ਵੀ ਕੰਮ ਕਰਵਾ ਸਕਦੇ ਨੇ।

# ਰੂਸ ਵੱਲੋਂ ਸੀਰੀਆ ਨਾਲ਼ ਹਥਿਆਰਾਂ ਬਾਰੇ ਸਮਝੌਤਾ

ਮਾਸਕੋ-ਯੇਰੂਸ਼ਲੇਮ- ਨ ਦ ਬ

ਰੂਸ ਨੇ ਸੀਰੀਆ ਨੂੰ ਜੰਗੀ ਜਹਾਜ਼, ਐਂਟੀ ਟੈਂਕ ਹਥਿਆਰ ਤੇ ਹਵਾਈ ਰੱਖਿਆ ਯੰਤਰ ਵੇਚਣ ਦਾ ਸਮਝੌਤਾ ਕਰ ਲਿਆ ਹੈ। ਇਹ ਜਾਣਕਾਰੀ ਰੂਸ ਦੇ ਸੀਨੀਅਰ ਹਥਿਆਰ ਟਰੇਡਰ ਨੇ ਦਿੱਤੀ ਹੈ। ਸੀਰੀਆ ਦੇ ਦੁਸ਼ਮਣ ਇਜ਼ਰਾਈਲ ਵੱਲੋਂ ਲੰਮੇ ਸਮੇਂ ਤੋਂ ਪਾਏ ਜਾ ਰਹੇ ਰੌਲੇ ਰੱਪੇ ਤੋਂ ਬਾਅਦ ਅਖ਼ੀਰ ਇਹ ਸਮਝੌਤਾ ਕੀਤਾ ਗਿਆ।

ਮਿਲਟਰੀ ਟੈਕਨੀਕਲ ਕਾਰਪੋਰੇਸ਼ਨ ਦੀ ਫੈਡਰਲ ਸਰਵਿਸ ਦੇ ਮੁਖੀ ਮਿਖੇਲ ਡਿਮਿਟਰਿਯੂ ਨੇ ਦੱਸਿਆ ਕਿ ਰੂਸ ਸੀਰੀਆ ਨੂੰ ਮਿਗ-29 ਲੜਾਕੂ ਜਹਾਜ਼, ਛੋਟੀ ਦੂਰੀ ਵਾਲੀਆਂ ਧਰਤੀ ਤੋਂ ਹਵਾ 'ਚ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਅਤੇ ਜਹਾਜ਼ਾਂ 'ਤੇ ਹਮਲਾ ਕਰਨ ਵਾਲੀਆਂ ਤੋਪਾਂ ਦੀ ਸਪਲਾਈ ਕਰੇਗਾ। ਉਹਨਾਂ ਦੱਸਿਆ ਕਿ ਰੂਸ ਡਮੈਸਕਸ ਨੂੰ ਵੀ ਟੈਂਕਾਂ 'ਤੇ ਵਾਰ ਕਰਨ ਵਾਲੇ ਹਥਿਆਰਾਂ ਦੀ ਸਪਲਾਈ ਕਰੇਗਾ। ਹਥਿਆਰਾਂ ਕਿਸ ਕਿਸਮ ਦੇ ਹੋਣਗੇ ਇਸ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ।

ਸੀਰੀਆ ਦੇ ਵਿਰੋਧੀ ਇਜ਼ਰਾਈਲ ਨੇ ਇਸ ਸਮਝੌਤੇ 'ਤੇ ਪ੍ਰਕਿਰਿਆ ਪ੍ਰਗਟ ਕਰਦਿਆਂ ਗੁੱਸੇ ਦਾ ਇਜ਼ਹਾਰ ਕੀਤਾ ਹੈ ਤੇ ਡਮੈਸਕਸ ਨੂੰ ਇਸ ਵਿੱਚ ਸ਼ਾਮਲ ਕੀਤੇ ਜਾਣ 'ਤੇ ਵੀ ਸਵਾਲ ਉਠਾਇਆ ਹੈ। ਯੇਰੂਸ਼ਲੇਮ ਤੋਂ ਇਜ਼ਰਾਈਲੀ ਸਰਕਾਰ ਦੇ ਇੱਕ ਬੁਲਾਰੇ ਨੇ ਅਪਣਾ ਨਾਮ ਗੁਪਤ ਰੱਖਦਿਆਂ ਕਿਹਾ ਹੈ ਕਿ ਹਾਲ ਦੀ ਘੜੀ ਸੀਰੀਆ ਇਹ ਹਥਿਆਰ ਖਰੀਦਣ ਤੋਂ ਅਸਮਰੱਥ ਹੈ ਕਿਉਂਕਿ ਉਸ ਕੋਲ ਤਾਂ ਅਪਣੇ ਨਾਗਰਿਕਾਂ ਲਈ ਲੋੜੀਂਦੀ ਖ਼ੁਰਾਕ ਲਈ ਵੀ ਪੈਸਾ ਨਹੀਂ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਇਸ ਬੇਤੁਕੇ ਸਮਝੌਤੇ ਤੋਂ ਕੀ ਲਾਭ ਹੋਵੇਗਾ।

ਇਜ਼ਰਾਈਲ ਦੇ ਨਜ਼ਦੀਕੀ ਸਾਥੀ ਅਮਰੀਕਾ ਨੇ ਅਤਿਵਾਦੀ ਸੰਗਠਨਾਂ ਦੀ ਮੱਦਦ ਕਰਨ 'ਤੇ ਸੀਰੀਆ 'ਤੇ ਕੁੱਝ ਪਾਬੰਦੀਆਂ ਲਗਾ ਦਿੱਤੀਆਂ ਹਨ।

ਪਹਿਲਾਂ ਇਸ ਹਫ਼ਤੇ ਰੂਸ ਦੇ ਰਾਸ਼ਟਰਪਤੀ ਦਮਿੱਤਰੀ ਮਦਵਦੇਵ ਨੇ ਸੀਰੀਆ ਦਾ ਦੌਰਾ ਕੀਤਾ ਤੇ ਸੀਰੀਆ 'ਚ ਪ੍ਰਮਾਣੂ ਪਲਾਂਟ ਲਗਾਉਣ ਲਈ ਰੂਸ ਵੱਲੋਂ ਕੀਤੀ ਜਾਣ ਵਾਲੀ ਸਹਾਇਤਾ ਬਾਰੇ ਗੱਲਬਾਤ ਕੀਤੀ। ਜ਼ਿਕਰਯੋਗ ਹੈ ਕਿ 1917 ਦੀ ਬਾਲਸ਼ਿਵਕ ਕ੍ਰਾਂਤੀ ਤੋਂ ਬਾਅਦ ਇਹ ਕਿਸੇ ਮਾਸਕੋ ਸ਼ਾਸ਼ਕ ਵੱਲੋਂ ਡਮੈਸਕਸ ਦਾ ਪਹਿਲਾ ਦੌਰਾ ਹੈ।

ਇਸ ਦੌਰਾਨ ਮੇਡਵੇਡਿਉ ਨੇ ਫਲਸਤੀਨ ਦੇ ਇਸਲਾਮੀ ਗਰੁੱਪ ਹਮਾਸ ਦੇ ਬੇਦਖ਼ਲ ਆਗੂ ਨਾਲ਼ ਮੁਲਾਕਾਤ ਕਰ ਇਜ਼ਰਾਈਲ ਨੂੰ ਹੋਰ ਗੁੱਸੇ 'ਚ ਲੈ ਆਂਦਾ ।

ਇਜ਼ਰਾਈਲ ਦੇ ਇੱਕ ਬੁਲਾਰੇ ਨੇ ਕਿਹਾ ਹੈ ਕਿ ਰੂਸ ਵੱਲੋਂ ਸਮਝੌਤੇ ਲਈ ਕੀਤੀ ਗਈ ਅਜਿਹੀ ਕਾਹਲ ਸਾਫ਼ ਜ਼ਾਹਿਰ ਕਰਦੀ ਹੈ ਕਿ ਰੂਸੀ ਰਾਸ਼ਟਰਪਤੀ ਅਸਲ 'ਚ ਭਗੌੜੇ ਹਮਾਸ ਆਗੂ ਨੂੰ ਮਿਲਣਾ ਚਾਹੁੰਦੇ ਸਨ। ਇਜ਼ਰਾਈਲ ਦੇ ਵਿਦੇਸ਼ ਮੰਤਰਾਲੇ ਨੇ ਇਸ 'ਤੇ ਡੂੰਘਾ ਅਫ਼ਸੋਸ ਪ੍ਰਗਟ ਕੀਤਾ ਹੈ।

# ਵੱਧ ਪੈਸੇ ਵਸੂਲਣ ਵਾਲੇ ਗੈਸ ਸਟੇਸ਼ਨਾਂ ਤੇ ਛਾਪੇ

ਓਟਾਵਾ- ਨ ਦ ਬ

ਇੱਥੋਂ ਪ੍ਰਾਪਤ ਅੰਕੜਿਆਂ ਮੁਤਾਬਕ ਫੈਡਰਲ ਸਰਕਾਰ ਨੇ ਅਜਿਹੇ ਗੈਸ ਸਟੇਸ਼ਨਾਂ 'ਤੇ ਛਾਪਾ ਮਾਰਿਆ ਹੈ ਜੋ ਡਰਾਈਵਰਾਂ ਤੋਂ ਵਾਧੂ ਰਕਮ ਵਸੂਲਦੇ ਸਨ। ਇਸ ਮੁਹਿੰਮ ਦਾ ਸਿਹਰਾ 150 ਇੰਸਪੈਕਟਰਾਂ ਦੇ ਸਿਰ ਜਾਂਦਾ ਹੈ। ਨਿੱਜੀ ਸੰਗਠਨਾਂ ਲਈ ਕੰਮ ਕਰ ਰਹੇ 82 ਇੰਸਪੈਕਟਰਾਂ, 68 ਤਕਨੀਸ਼ਨਾਂ ਨੂੰ ਗੈਸ ਪੰਪਾਂ ਦੀ ਜਾਂਚ ਦਾ ਕੰਮ ਸੌਂਪਿਆ ਗਿਆ ਹੈ। ਫੈਡਰਲ ਸਰਕਾਰ ਵੱਲੋਂ ਇਹਨਾਂ ਇੰਸਪੈਕਟਰਾਂ ਨੂੰ ਤਕਰੀਬਨ 13,000 ਰੀਟੇਲ ਸਟੇਸ਼ਨਾਂ 'ਤੇ ਜਾਂਚ ਲਈ ਲਗਾਇਆ ਗਿਆ ਹੈ। ਉਦਯੋਗ ਮੰਤਰੀ ਟੋਨੀ ਕਲੇਮੇਂਟ ਵੱਲੋਂ ਗੈਸ ਦੀ ਸਹੀ ਸਪਲਾਈ ਨਾ ਹੋਣ ਕਰਕੇ ਕਾਨੂੰਨੀ ਕਾਰਵਾਈ ਕੀਤੇ ਜਾਣ ਦੇ ਐਲਾਨ ਤੋਂ ਠੀਕ ਇੱਕ ਮਹੀਨੇ ਬਾਅਦ ਹਾਊਸ ਆਫ਼ ਕਾਮਨਜ਼ 'ਚ ਇਹ ਪ੍ਰਸਤਾਵ ਪੇਸ਼ ਕੀਤਾ ਗਿਆ।

ਹਾਲੇ ਕੈਨੇਡਾ ਵਿੱਚ ਗੈਸ ਪੰਪਾਂ ਦੀ ਜਾਂਚ ਬਾਰੇ ਕੋਈ ਤੈਅਸ਼ੁਦਾ ਸਮਾਂ ਨਹੀਂ ਹੈ ਪਰ 'ਮੈਜ਼ਰਮੈਂਟ ਕੈਨੇਡਾ (ਸਹੀ ਉਪਕਰਨਾਂ ਨੂੰ ਮਾਪਣ ਵਾਲੀ ਏਜੰਸੀ) ਵੱਲੋਂ ਸਮੇਂ-ਸਮੇਂ 'ਤੇ ਜਾਂਚ ਹੁੰਦੀ ਰਹਿੰਦੀ ਹੈ। ਅਸੈਂਬਲੀ ਨੇ ਸਲਾਨਾ ਇਹਨਾਂ ਪੰਪਾਂ ਦੀ ਗਿਣਤੀ ਵਧਾਉਣ ਦਾ ਮਤਾ ਪੇਸ਼ ਕੀਤਾ ਹੈ ਜੋ ਵਰਤਮਾਨ ਪੱਧਰ 8,000 ਤੋਂ 65,000 ਹੈ।

ਮਤੇ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਪੰਪਾਂ ਦੀਆਂ ਬੇਨਿਯਮੀਆਂ ਲਈ ਭਾਰੀ ਜੁਰਮਾਨਾ ਲਗਾਇਆ ਜਾਵੇ। ਇਸ ਤਰ੍ਹਾਂ ਪੈਟਰੋਲੀਅਮ ਰੀਲੇਟਰ ਸਹੀ ਗੈਸ ਸਪਲਾਈ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਹੋਣਗੇ।




ਅਸੈਂਬਲੀ ਮੁਤਾਬਕ ਅਦਾਲਤ ਛੋਟੀ ਉਲੰਘਣਾਂ ਲਈ 10,000 ਡਾਲਰ ਜੁਰਮਾਨਾ ਵਸੂਲ ਕਰੇਗੀ ਜੋ ਪਹਿਲਾਂ 1,000 ਡਾਲਰ ਸੀ। ਗੰਭੀਰ ਅਪਰਾਧ ਲਈ 25,000 ਡਾਲਰ ਜੁਰਮਾਨਾ ਹੋਵੇਗਾ ਜੋ ਪਹਿਲਾਂ 5,000 ਡਾਲਰ ਸੀ। ਵਾਰ- ਵਾਰ ਜੁਰਮ ਕਰਨ ਦੀ ਸੂਰਤ 'ਚ 50,000 ਡਾਲਰ ਜੁਰਮਾਨਾ ਹੋਵੇਗਾ। ਅਜਿਹੀ ਕਾਰਵਾਈ ਨਾਲ਼ ਗੈਸ ਸਪਲਾਈ ਵਿੱਚ ਹੋ ਰਹੀਆਂ ਊਣਤਾਈਆਂ ਨੂੰ ਠੱਲ ਪਵੇਗੀ। ਕਲੇਮੇਂਟ ਅਨੁਸਾਰ ਪਿਛਲੇ ਤਿੰਨ ਮਹੀਨੇ ਅਜਿਹੇ ਮਾਮਲਿਆਂ ਵਿੱਚੋਂ ਇੱਕ ਤਿਹਾਈ ਮਾਮਲਿਆਂ ਵਿੱਚ ਹਰ ਵਾਰ ਤੇਲ ਭਰਾਉਣ 'ਤੇ ਗਾਹਕਾਂ ਨੂੰ 2 ਡਾਲਰ ਦਾ ਨੁਕਸਾਨ ਹੋ ਰਿਹਾ ਹੈ।

# ਅਮਰੀਕਾ ਨੇ ਕੀਤਾ ਇਰਾਨੀ ਵਿਗਿਆਨੀ ਅਗਵਾ

ਤਹਿਰਾਨ-ਨ ਦ ਬ-ਇਰਾਨ ਦੇ ਸਰਕਾਰੀ ਟੈਲੀਵਿਜ਼ਨ ਨੇ ਇਕ ਵੀਡੀਓ ਜਾਰੀ ਕਰਕੇ ਦਾਅਵਾ ਕੀਤਾ ਹੈ ਕਿ ਉਸ ਦੇ ਇਕ ਪ੍ਰਮਾਣੂ ਵਿਗਿਆਨੀ ਨੂੰ ਅਮਰੀਕਾ ਨੇ ਅਗਵਾ ਕਰ ਲਿਆ ਹੈ। ਕਿਹਾ ਜਾ ਰਿਹਾ ਹੈ ਕਿ ਪ੍ਰਮਾਣੂ ਵਿਗਿਆਨੀ ਨੂੰ ਅਗਵਾ ਕਰਕੇ ਅਮਰੀਕਾ ਵਿਚ ਲਿਜਾਇਆ ਗਿਆ ਹੈ ਤੇ ਉਥੇ ਉਸ 'ਤੇ ਭਾਰੀ ਤਸ਼ੱਦਦ ਕੀਤਾ ਜਾ ਰਿਹਾ ਹੈ। ਰਹਿਮਾਨ ਅਮੀਰੀ ਨਾਂ ਦਾ ਇਹ ਵਿਗਿਆਨੀ ਇਰਾਨ ਦੇ ਪ੍ਰਮਾਣੂ ਊਰਜਾ ਕੇਂਦਰ ਨਾਲ ਜੁੜਿਆ ਹੋਇਆ ਸੀ ਤੇ ਇਕ ਸਾਲ ਪਹਿਲਾਂ ਸਾਉਦੀ ਅਰਬ ਵਿਚ ਹੱਜ ਯਾਤਰਾ ਦੌਰਾਨ ਉਹ ਲਾਪਤਾ ਹੋ ਗਿਆ ਸੀ। ਇਰਾਨ ਨੇ ਸਾਉਦੀ ਅਰਬ 'ਤੇ ਅਮੀਰੀ ਨੂੰ ਅਗਵਾ ਕਰ ਕੇ ਅਮਰੀਕਾ ਦੇ ਹਵਾਲੇ ਕਰਨ ਦਾ ਇਲਜ਼ਾਮ ਲਾਇਆ ਹੈ।

## ਵੀਡੀਓ ਵਿਚ ਕੀ ਕਹਿ ਰਿਹਾ ਹੈ ਅਮੀਰੀ

ਵੀਡੀਓ ਵਿਚ ਅਮੀਰੀ ਕਹਿ ਰਿਹਾ ਹੈ ਕਿ ਮੈਨੂੰ ਬੇਹੋਸ਼ੀ ਦਾ ਇੰਜੈਕਸ਼ਨ ਦਿੱਤਾ ਗਿਆ ਸੀ। ਜਦੋਂ ਮੈਂ ਹੋਸ਼ ਵਿਚ ਆਇਆ ਤਾਂ ਮੈਨੂੰ ਅਮਰੀਕਾ ਲਿਆਂਦਾ ਜਾ ਚੁੱਕਾ ਸੀ। ਪਿਛਲੇ 8 ਮਹੀਨਿਆਂ ਦੌਰਾਨ ਅਮਰੀਕੀ ਖੁਫੀਆ ਏਜੰਸੀਆਂ ਨੇ ਮੇਰਾ ਸ਼ਰੀਰਕ ਤੇ ਮਾਨਸਿਕ ਸੋਸ਼ਣ ਕੀਤਾ ਹੈ। ਉਸ ਨੇ ਕਿਹਾ ਕਿ ਉਸ ਨੂੰ ਅਮਰੀਕੀ ਮੀਡੀਆ ਅੱਗੇ ਪੇਸ਼ ਹੋਣ ਲਈ ਮਜਬੂਰ ਕੀਤਾ ਗਿਆ। ਮੀਡੀਆ ਨੇ ਆਪਣੀ ਰਿਪੋਰਟ ਵਿਚ ਦਾਅਵਾ ਕੀਤਾ ਕਿ ਅਮੀਰੀ ਇਰਾਨ ਦੇ ਪ੍ਰਮਾਣੂ ਪ੍ਰੋਗਰਾਮ ਦੀ ਇਕ ਪ੍ਰਮੁਖ ਹਸਤੀ ਹੈ ਅਤੇ ਉਸ ਨੇ ਆਪਣੀ ਇੱਛਾ ਨਾਲ ਅਮਰੀਕਾ ਵਿਚ ਸ਼ਰਨ ਲਈ ਹੈ। ਵੀਡੀਓ ਵਿਚ ਅਮੀਰੀ ਕਹਿ ਰਿਹਾ ਹੈ ਕਿ ਇਹ ਅਮਰੀਕਾ ਦੇ ਐਰੀਜ਼ੋਨਾ ਵਿਚ ਹੈ ਅਤੇ ਇਹ ਤਸਵੀਰਾਂ ਇਸ ਸਾਲ ਪੰਜ ਅਪਰੈਲ ਦੀਆਂ ਹਨ। ਉਸ ਨੇ ਮਨੁੱਖੀ ਅਧਿਕਾਰ ਸੰਗਠਨਾਂ ਕੋਲੋਂ ਦੇਸ਼ ਪਰਤਣ ਵਿਚ ਮਦਦ ਕਰਨ ਦੀਆਂ ਅਪੀਲਾਂ ਕੀਤੀਆਂ ਹਨ।



ਇਰਾਨ ਆਪਣੇ ਪ੍ਰਮਾਣੂ ਪ੍ਰੋਗਰਾਮ ਵਿਚ ਅਮੀਰੀ ਦੀ ਸ਼ਮੂਲੀਅਤ ਤੋਂ ਇਨਕਾਰ ਕਰਦਾ ਆਇਆ ਹੈ। ਅਮੀਰੀ ਦੇ ਲਾਪਤਾ ਹੋਣ ਦੇ ਤਿੰਨ ਮਹੀਨਿਆਂ ਬਾਅਦ ਇਰਾਨ ਨੇ ਸ਼ਿਆ ਦੇ ਪਵਿੱਤਰ ਸ਼ਹਿਰ ਕੋਮ ਦੇ ਨੇੜੇ ਆਪਣਾ ਦੂਸਰਾ ਪ੍ਰਮਾਣੂ ਪਲਾਂਟ ਹੋਣ ਦਾ ਖੁਲਾਸਾ ਕੀਤਾ ਸੀ। ਇਰਾਨ ਦਾ ਦਾਅਵਾ ਹੈ ਕਿ ਉਸ ਦਾ ਪ੍ਰਮਾਣੂ ਪ੍ਰੋਗਰਾਮ ਸ਼ਾਂਤੀਪੂਰਵਕ ਉਦੇਸ਼ਾਂ ਲਈ ਹੈ ਅਤੇ ਉਹ ਆਪਣੀਆਂ ਬਿਜਲੀ ਲੋੜਾਂ ਨੂੰ ਪੂਰਾ ਕਰਨ ਲਈ ਪ੍ਰਮਾਣੂ ਊਰਜਾ ਦਾ ਵਿਕਾਸ ਕਰ ਰਿਹਾ ਹੈ। ਪਰ ਅਮਰੀਕਾ ਸਮੇਤ ਪੱਛਮੀ ਮੁਲਕਾਂ ਦਾ ਮੰਨਣਾ ਹੈ ਕਿ ਤਹਿਰਾਨ ਦੇ ਪ੍ਰਮਾਣੂ ਪ੍ਰੋਗਰਾਮ ਦਾ ਮਕਸਦ ਪ੍ਰਮਾਣੂ ਹਥਿਆਰ ਹਾਸਲ ਕਰਨਾ ਹੈ।

# ਆਸਟਰੇਲਿਆਈ ਅਰਥਵਿਵਸਥਾ ਨੂੰ ਦੋਹਰਾ ਝਟਕਾ

ਮੈਲਬਰਨ-ਨ ਦ ਬ -ਪਹਿਲਾਂ ਹਮਲੇ ਫੇਰ ਸਖਤ ਆਵਾਸ ਨਿਯਮਾਂ ਕਾਰਨ ਆਸਟਰੇਲਿਆਈ ਸਿਖਿਆ ਸੰਸਥਾਵਾਂ ਵਿਚ ਵਿਦੇਸ਼ੀ ਵਿਦਿਆਰਥੀਆਂ ਦੀ ਰੂਚੀ ਘਟਦੀ ਜਾ ਰਹੀ ਹੈ। ਇਕ ਮੀਡੀਆ ਰਿਪੋਰਟ ਮੁਤਾਬਕ ਆਉਣ ਵਾਲੇ 12 ਮਹੀਨਿਆਂ ਵਿਚ ਤਕਰੀਬਨ 1,25,000 ਘੱਟ ਵਿਦਿਆਰਥੀ ਪੜ੍ਹਨ ਲਈ ਆਸਟਰੇਲੀਆ ਦਾ ਰੁਖ਼ ਕਰ ਸਕਦੇ ਹਨ। ਵਿਦੇਸ਼ੀ ਵਿਦਿਆਰਥੀਆਂ ਦੀ ਸੰਖਿਆ ਵਿਚ ਕਮੀ ਕਾਰਨ ਦੇਸ਼ ਨੂੰ 2.9 ਅਰਬ ਡਾਲਰ ਦੀ ਦਰਾਮਦ ਆਮਦਨ ਦਾ ਨੁਕਸਾਨ ਝੱਲਣਾ ਪੈ ਸਕਦਾ ਹੈ। ਇਹੀ ਨਹੀਂ, ਇਸ ਨਾਲ ਕੌਮੀ ਪੱਧਰ 'ਤੇ 31000 ਨੌਕਰੀਆਂ ਵੀ ਪ੍ਰਭਾਵਤ ਹੋ ਸਕਦੀਆਂ ਹਨ। 'ਦਿ ਏਜ' ਦੀ ਮੰਨੀਏ ਤਾਂ ਹਮਲਿਆਂ ਤੋਂ ਬਾਅਦ ਸਖਤ ਇਮੀਗਰੇਸ਼ਨ ਨਿਯਮਾਂ ਕਾਰਨ ਆਸਟਰੇਲਿਆਈ ਅਰਥਵਿਵਸਥਾ ਨੂੰ ਦੋਹਰਾ ਝਟਕਾ ਲੱਗਿਆ ਹੈ। ਇਮੀਗਰੇਸ਼ਨ ਵਿਭਾਗ ਦੀਆਂ ਨਵੀਆਂ ਵੀਜ਼ਾ ਅਰਜ਼ੀਆਂ ਦੇ ਵਿਸ਼ਲੇਸ਼ਣ ਵਿਚ ਪਾਇਆ ਗਿਆ ਹੈ ਕਿ ਇਥੇ ਵਿਦੇਸ਼ੀ ਵਿਦਿਆਰਥੀਆਂ ਦੀ ਸੰਖਿਆ ਵਿਚ 40,250 ਦੀ ਕਮੀ ਦਰਜ ਕੀਤੀ ਜਾ ਸਕਦੀ ਹੈ। ਇਸ ਨਾਲ ਵਿਕਟੋਰੀਆ ਵਿਚ 10,100 ਨੌਕਰੀਆਂ 'ਤੇ ਅਸਰ ਪੈ ਸਕਦਾ ਹੈ। ਰਾਜ ਦੀ ਨਿਰਯਾਤ ਆਮਦਨ ਵਿਚ 1.17 ਅਰਬ ਆਸਟਰੇਲਿਆਈ ਡਾਲਰ ਦੀ ਕਟੌਤੀ ਹੋਵੇਗੀ। ਆਸਟਰੇਲਿਆਈ ਨਿੱਜੀ ਸਿੱਖਿਆ ਅਤੇ ਸਿਖਲਾਈ ਪ੍ਰੀਸ਼ੱਦ ਦਾ ਮੰਨਣਾ ਹੈ ਕਿ ਵਿਦੇਸ਼ੀ ਵਿਦਿਆਰਥੀਆਂ ਦੀ ਸੰਖਿਆ ਘਟਣ ਨਾਲ ਰਾਸ਼ਟਰੀ ਪੱਧਰ 'ਤੇ ਦੇਸ਼ ਦੀ ਨਿਰਯਾਤ ਆਮਦਨ ਵਿਚ 3.6 ਅਰਬ ਆਸਟਰੇਲਿਆਈ ਡਾਲਰ ਦੀ ਕਮੀ ਹੋਵੇਗੀ। ਆਉਣ ਵਾਲੇ ਸਮੇਂ ਵਿਚ ਆਸਟਰੇਲੀਆ ਨੂੰ ਹੋਰ ਵੀ ਜ਼ਿਆਦਾ ਘਾਟਾ ਸਹਿਣਾ ਪੈ ਸਕਦਾ ਹੈ।

## ਖਤਰੇ ਵਿਚ ਭਾਰਤੀ ਵਿਦਿਆਰਥੀਆਂ ਦਾ ਭਵਿੱਖ

ਮੈਲਬਰਨ-ਨ ਦ ਬ-ਆਸਟਰੇਲੀਆ ਸਰਕਾਰ ਨੇ ਐਡੀਲੇਡ ਦੇ ਇਕ ਕੌਮਾਂਤਰੀ ਕਾਲਜ ਦਾ ਪੰਜੀਕਰਨ ਤੈਅ ਕਰ ਦਿੱਤਾ ਹੈ। ਇਸ ਨਾਲ ਸੰਸਥਾ ਵਿਚ ਪੜ੍ਹਾਈ ਕਰ ਰਹੇ ਸੈਂਕੜੇ ਭਾਰਤੀ ਵਿਦਿਆਰਥੀਆਂ ਦਾ ਭਵਿਖ ਖਤਰੇ ਵਿਚ ਪੈ ਗਿਆ ਹੈ। ਖਬਰਾਂ ਮੁਤਾਬਕ ਹਾਲ ਹੀ ਵਿਚ ਐਡੀਲੇਡ ਪੈਸਿਫਿਕ ਇੰਟਰਨੈਸ਼ਨਲ ਕਾਲਜ ਦਾ ਆਡਿਟ ਹੋਇਆ ਸੀ।



## ਸ਼ਾਰਕ ਦੇ ਮੂੰਹ ਵਿਚੋਂ ਜ਼ਿੰਦਾ ਨਿਕਲ ਆਇਆ ਤੈਰਾਕ

ਪਰਥ- ਨ ਦ ਬ-

ਆਸਟਰੇਲੀਆ ਵਿਚ ਇਕ ਤੈਰਾਕ ਨੇ ਸਫੇਦ ਸ਼ਾਰਕ ਦਾ ਮੁਕਾਬਲਾ ਕੀਤਾ ਅਤੇ ਸਮੁੰਦਰ ਦੇ ਬਾਹਰ ਸੁਰੱਖਿਅਤ ਪੁੱਜਣ ਵਿਚ ਸਫਲ ਰਿਹਾ। ਸ਼ਾਰਕ ਦੇ ਇਸ ਹਮਲੇ ਨੇ ਹਾਲੀਵੁੱਡ ਫਿਲਮ 'ਜਾਸ' ਦੇ ਸੀਨ ਦੀ ਯਾਦ ਦਿਵਾ ਦਿੱਤੀ।

ਹਮਲਾਵਰ ਸ਼ਾਰਕ ਦੇਖਣ ਵਿਚ ਫਿਲਮ ਦੀ ਗ੍ਰੇਟ ਵ੍ਹਾਈਟ ਸ਼ਾਰਕ ਵਰਗੀ ਹੀ ਸੀ। ਪਰਥ ਦੇ ਦੱਖਣ ਵਿਚ ਅਲਵਾਨੀ ਦੇ ਨਜ਼ਦੀਕ ਸਮੁੰਦਰ ਵਿਚ ਸਰਫ ਕਰ ਰਹੇ ਮਾਈਕਲ ਬੇਡਫੋਰਡ 'ਤੇ ਇਕ ਸ਼ਾਰਕ ਨੇ ਹਮਲਾ ਕੀਤਾ ਅਤੇ ਉਨ੍ਹਾਂ ਨੂੰ ਬੋਰਡ ਤੋਂ ਸੁੱਟ ਦਿੱਤਾ। ਪਰ ਬਹਾਦਰ ਮਾਈਕਲ ਨੇ ਵੀ ਸ਼ਾਰਕ 'ਤੇ ਜਵਾਬੀ ਹਮਲਾ ਕੀਤਾ ਅਤੇ ਆਪਣੇ ਸਰਫ ਬੋਰਡ 'ਤੇ ਮੁੜ ਚੜ੍ਹਨ ਵਿਚ ਸਫਲ ਰਹੇ।

ਸ਼ਾਰਕ ਨੇ ਮੁੜ ਫੇਰ ਹਮਲਾ ਕੀਤਾ ਅਤੇ ਉਨ੍ਹਾਂ ਦੀ ਲੱਤ ਵੱਢ ਲਈ। ਪਰ ਬੇਡਫੋਰਡ ਲਹਿਰਾਂ ਦੇ ਨਾਲ ਤੈਰ ਕੇ ਕਿਨਾਰੇ ਤੱਕ ਪੁੱਜਣ ਵਿਚ ਸਫਲ ਰਹੇ ਜਿਥੇ ਉਨ੍ਹਾਂ ਦੇ ਸਾਥੀਆਂ ਨੇ ਪੱਟੀ ਬੰਨ੍ਹੀ। ਕੰਢੇ ਖੜ੍ਹੇ ਉਡੀਕ ਰਹੇ ਮਾਈਕਲ ਦੇ ਦੋਸਤ ਲੀ ਨੇ ਕਿਹਾ ਕਿ ਮਾਈਕਲ ਨੇ ਜ਼ੋਰਦਾਰ ਮੁੱਕਾ ਮਾਰਿਆ, ਮੈਂ ਇਸ ਤੋਂ ਹੈਰਾਨ ਨਹੀਂ ਹਾਂ, ਮਾਈਕ ਇੰਜ ਹੀ ਮਾਰਦਾ ਹੈ।

## ਭੁੱਲ ਬਖਸ਼ਵਾ ਕੇ ਪੰਥ ਵਿਚ ਵਾਪਸੀ ਦੇ ਸੱਦੇ ਨੂੰ ਅਜੇ ਕੋਈ ਹੁੰਗਾਰਾ ਨਹੀਂ

### * ਪ੍ਰੋ. ਦਰਸ਼ਨ ਸਿੰਘ ਵਲੋਂ ਪੇਸ਼ਕਸ਼ ਰੱਦ
### * ਡੇਰਾ ਮੁਖੀ ਨੂੰ ਸਿੱਧੀ ਮੁਆਫੀ 'ਅਸੰਭਵ'



ਅਵਤਾਰ ਸਿੰਘ ਮੱਕੜ, ਗੁਰਬਖਸ਼ ਸਿੰਘ ਕਾਲਾ ਅਫਗਾਨਾ, ਪ੍ਰੋ ਦਰਸ਼ਨ ਸਿੰਘ ਅਤੇ ਜਥੇ: ਗੁਰਬਚਨ ਸਿੰਘ

ਅੰਮ੍ਰਿਤਸਰ-ਨ.ਦ.ਬ.-ਵੱਖ ਵੱਖ ਦੋਸ਼ਾਂ ਹੇਠ ਪੰਥ ਵਿਚੋਂ ਛੇਕੇ ਹੋਏ ਵਿਅਕਤੀਆਂ ਨੂੰ ਪੰਥ ਦੀ ਧਾਰਾ ਵਿਚ ਮੁੜ ਸ਼ਾਮਲ ਹੋਣ ਲਈ ਪੰਜ ਸਿੰਘ ਸਾਹਿਬਾਨ ਵਲੋਂ ਦਿੱਤੇ ਗਏ ਸੱਦੇ ਤਹਿਤ ਹੁਣ ਤਕ ਕਿਸੇ ਵੀ ਵਿਅਕਤੀ ਵਲੋਂ ਭੁੱਲ ਬਖਸ਼ਾਉਣ ਲਈ ਸ੍ਰੀ ਅਕਾਲ ਤਖਤ ਦੇ ਸਕੱਤਰੇਤ ਨਾਲ ਸੰਪਰਕ ਨਹੀਂ ਕੀਤਾ ਗਿਆ। ਦੂਜੇ ਪਾਸੇ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ਼ੀ ਦੇਣ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦੇ ਵਿਚਾਰਾਂ ਵਿਚ ਵੱਖਰੇਵੇਂ ਉਭਰੇ ਹਨ। ਦੂਜੇ ਪਾਸੇ ਪੰਥ ਵਿਚੋਂ ਛੇਕੇ ਜਾ ਚੁੱਕੇ ਸਾਬਕਾ ਜਥੇਦਾਰ ਪ੍ਰੋਫੈਸਰ ਦਰਸ਼ਨ ਸਿੰਘ ਨੇ ਆਖਿਆ ਕਿ ਸ੍ਰੀ ਅਕਾਲ ਤਖ਼ਤ ਦੇ ਮੌਜੂਦਾ ਜਥੇਦਾਰ ਆਪਣੇ ਫੈਸਲੇ ਨੂੰ ਵਾਪਸ ਲੈਣ। ਪੰਜ ਸਿੰਘ ਸਾਹਿਬਾਨ ਦੀ ਹੋਈ ਇਕੱਤਰਤਾ ਮਗਰੋਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਵੱਖ ਵੱਖ ਦੋਸ਼ਾਂ ਹੇਠ ਪੰਥ ਵਿਚੋਂ ਛੇਕੇ ਗਏ ਵਿਅਕਤੀਆਂ ਨੂੰ ਸੱਦਾ ਦਿੱਤਾ ਸੀ ਕਿ ਇਕ ਮਹੀਨੇ ਦੇ ਸਮੇਂ ਵਿਚ ਅਜਿਹੇ ਵਿਅਕਤੀ ਆਪਣੀ ਭੁੱਲ ਬਖਸ਼ਵਾ ਕੇ ਪੰਥ ਦੀ ਮੁਖ ਧਾਰਾ ਵਿਚ ਸ਼ਾਮਲ ਹੋ ਸਕਦੇ ਹਨ। ਇਥੇ ਦੱਸਣਯੋਗ ਹੈ ਕਿ ਪੰਥ ਵਿਚੋਂ ਛੇਕੇ ਗਏ ਅਜਿਹੇ ਵਿਅਕਤੀਆਂ ਦੀ ਗਿਣਤੀ ਦਰਜਨ ਭਰ ਦੇ ਕਰੀਬ ਹੈ। ਇਨ੍ਹਾਂ ਵਿਚ ਮੁਖ ਤੌਰ 'ਤੇ ਸਾਬਕਾ ਜਥੇਦਾਰ ਪ੍ਰੋਫੈਸਰ ਦਰਸ਼ਨ ਸਿੰਘ, ਕੈਨੇਡਾ ਵਾਸੀ ਗੁਰਬਖ਼ਸ਼ ਸਿੰਘ ਕਾਲਾ ਅਫਗਾਨਾ, ਸਪੋਕਸਮੈਨ ਦੇ ਸੰਪਾਦਕ ਜੋਗਿੰਦਰ ਸਿੰਘ, ਨਿਰੰਕਾਰੀ ਸੰਪਰਦਾ ਦੇ ਮੁਖੀ ਅਤੇ ਕੈਨੇਡਾ ਵਿਚ ਲੰਗਰ ਦੇ ਹੁਕਮਨਾਮੇ ਦਾ ਵਿਰੋਧ ਕਰਨ ਵਾਲੇ ਸਿੱਖ ਸ਼ਾਮਲ ਹਨ। ਇਸ ਸਬੰਧ ਵਿਚ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਸਿੰਘ ਸਾਹਿਬਾਨ ਵਲੋਂ ਕੀਤੀ ਗਈ ਇਹ ਪੇਸ਼ਕਸ਼ ਉਨ੍ਹਾਂ ਵਿਅਕਤੀਆਂ ਲਈ ਹੈ, ਜਿਨ੍ਹਾਂ ਨੂੰ ਹੁਕਮਨਾਮਾ ਜਾਰੀ ਕਰਕੇ ਪੰਥ ਵਿਚੋਂ ਛੇਕਿਆ ਗਿਆ ਹੈ। ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫੀ ਦੇਣ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਇਕ ਵੱਖਰੀ ਸੰਪਰਦਾ ਦਾ ਮਾਮਲਾ ਹੈ ਅਤੇ ਅਜਿਹੇ ਮਾਮਲੇ ਸ੍ਰੀ ਅਕਾਲ ਤਖ਼ਤ ਵਲੋਂ ਵੱਖਰੇ ਤੌਰ 'ਤੇ ਵਿਚਾਰੇ ਜਾਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਇਹ ਮਾਮਲਾ ਪੰਥ ਵਿਚੋਂ ਛੇਕੇ ਗਏ ਵਿਅਕਤੀਆਂ ਨੂੰ ਦਿੱਤੇ ਗਏ ਸੱਦੇ ਤਹਿਤ ਨਹੀਂ ਵਿਚਾਰਿਆ ਜਾਣਾ ਚਾਹੀਦਾ। ਇਸ ਬਾਰੇ ਕੋਈ ਨਿਰਣਾ ਲੈਣਾ ਭਾਵੇਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦੇ ਅਧਿਕਾਰ ਖੇਤਰ ਵਿਚ ਹੈ ਪਰ ਉਨ੍ਹਾਂ ਦੀ ਰਾਏ ਹੈ ਕਿ ਡੇਰਾ ਸਿਰਸਾ ਦਾ ਮਾਮਲਾ ਵੱਖਰਾ ਰੱਖਣਾ ਚਾਹੀਦਾ ਹੈ। ਜੇਕਰ ਡੇਰਾ ਸਿਰਸਾ ਦਾ ਮੁਖੀ ਆਪਣੀਆਂ ਗਲਤੀਆਂ ਦੀ ਖਿਮਾ ਮੰਗਦਾ ਹੈ ਤਾਂ ਇਹ ਮਾਮਲਾ ਵਿਚਾਰਿਆਂ ਜਾਣਾ ਚਾਹੀਦਾ ਹੈ।


# Get Government Grants

## ਕੀ ਤੁਸੀਂ ਜਾਣਦੇ ਹੋ?

- ਕਿ ਕੈਨੇਡੀਅਨ ਗੌਰਮਿੰਟ ਨੇ 0 ਤੋਂ 6 ਸਾਲ ਦੀ ਉਮਰ ਦੇ ਬੱਚਿਆਂ ਨੂੰ ਹਰ ਮਹੀਨੇ 100 ਡਾਲਰ ਦੇਣ ਦਾ ਐਲਾਨ ਕੀਤਾ ਹੈ।
- ਕਿ ਇਹ 100 ਡਾਲਰ ਜੁਲਾਈ 2006 ਤੋਂ ਮਿਲਣਾ ਸ਼ੁਰੂ ਹੋਇਆ ਹੈ
- ਕਿ ਤੁਸੀਂ ਜੇਕਰ ਇਹੀ 100 ਡਾਲਰ RESP ਪੈਲਨ ਵਿਚ ਪਾਉਂਦੇ ਹੋ ਤਾਂ ਤੁਹਾਨੂੰ ਫੇਡਰਲ ਅਤੇ ਪ੍ਰੋਵਿੰਸ਼ੀਅਲ ਗਰਾਂਟਾਂ ਮਿਲ ਸਕਦੀਆਂ ਹਨ।
- ਕਿ ਭਾਵੇਂ ਤੁਸੀਂ ਪਹਿਲਾਂ ਵੀ RESP ਪਲੈਨ ਪੀ ਕੀਤੀ ਹੋਈ ਹੋਵੇ ਤਾਂ ਇਸ 100 ਡਾਲਰਾਂ ਦੀ ਇਕ ਹੋਰ RESP ਪਲੈਨ ਲੈ ਸਕਦੇ ਹੋ। ਜਦੋਂ ਤਕ ਤੁਸੀਂ ਇਕ ਬੱਚੇ ਦਾ ਉਮਰ ਭਰ ਵਿਚ 50,000 ਡਾਲਰ ਤੋਂ ਵੱਧ ਨਾ ਪਾਉਂਦੇ ਹੋਵੋ।
- ਕਿ ਜੇਕਰ ਤੁਸੀਂ ਇਹੀ 100 ਡਾਲਰ ਦੀ ਪੰਜ ਸਾਲਾ CET ਦੀ ਪਲੈਨ ਲੈਂਦੈ ਹੋ ਅਤੇ ਪੰਜ ਸਾਲ ਤੋਂ ਬਾਦ ਕੁਝ ਵੀ ਨਹੀਂ ਪਾਉਂਦੇ ਤਾਂ ਤਕਰੀਬਨ 31,000 ਡਾਲਰ ਬੱਚੇ ਦੀ ਕਾਲਜ ਜਾਂ ਯੂਨੀਵਰਸਿਟੀ ਦੀ ਪੜ੍ਹਾਈ ਸਮੇ ਮਿਲ ਸਕਦਾ ਹੈ।
- ਸੈਨਟੇਨੀਅਲ ਗਰਾਂਟ(800 ਡਾਲਰ) ਬੱਚੇ ਦੇ 2 ਸਾਲ ਦਾ ਹੋਣ ਤੋਂ ਪਹਿਲਾਂ ਹੀ ਲੈ ਸਕਦੇ ਹੋ।

## Did You Know?

- That Canadian Government announced to give $100 for every child up to 6 years of age?
- That this $100 will be coming to every parent for every child under 6 years of age starting the month of July 2006?
- That you save money in your RESP, you can got all the Federal and Provincial Grants from the Government?
- That you can have as many RESP's as you want as long as total life time contribution per child is not over $50,000?
- That if you save $100 only for 5 years in CET Group Plus, it could add up approximately $31,000* after 18 years?

*ਗੌਰਮਿੰਟ ਦੇ ਹੀ ਪੈਸਿਆਂ ਨੂੰ RESP ਵਿਚ ਪਾਕੇ ਗੌਰਮਿੰਟ ਦੀਆਂ ਹੀ ਫਰੀ ਗਰਾਂਟਾਂ ਦਾ ਫਾਇਦਾ ਉਠਾਉ*

Save New Free Money From Government For Your Child's Education Plan & Get Grants From Government

*Want to know more about above all, Please call today for FREE information JESSIE SINGH C.A.I.B. (Branch Manager) of Childern Education Trust Inc.*

**403-830-7007**



JESSIE SINGH C.A.I.B.

Based on post performance & actual educational assistance paid. This amount includes CEGS, Enchanced CESG, CLB and ACES. This amount is intended to reflect future results. Discretionary Enhancements are included in the value. The rate of return is not intended to reflect future values or returns on investments. Please refer to our prospectus for further details.

**ਪੰਜਾਬ** ਅੱਜ-ਕੱਲ੍ਹ

# ਵਿਧਾਨ ਸਭਾ ਹਲਕਿਆਂ ਦੇ ਆਧਾਰ 'ਤੇ ਕੀਤੀ ਜਾ ਰਹੀ ਹੈ, ਥਾਣਿਆਂ ਦੀ ਹੱਦਬੰਦੀ?

## ਥਾਣਿਆਂ ਵਿੱਚ ਚੱਲੂਗੀ ਅਕਾਲੀ-ਭਾਜਪਾ ਵਿਧਾਇਕਾਂ ਦੀ

ਦਿਨੇਸ਼ ਗੋਇਲ-ਚੰਡੀਗੜ੍ਹ

ਲੋਕ ਸਭਾ ਅਤੇ ਵਿਧਾਨ ਸਭਾ ਦੀ ਹੱਦਬੰਦੀ ਤਾਂ ਹੁੰਦੀ ਹੀ ਰਹਿੰਦੀ ਹੈ ਪਰ ਪੰਜਾਬ ਵਿੱਚ ਪਹਿਲੀ ਵਾਰ ਪੁਲਿਸ ਥਾਣਿਆਂ ਦੀ ਹੱਦਬੰਦੀ ਨੂੰ ਵਿਧਾਨ ਸਭਾ ਦੇ ਖੇਤਰਾਂ ਦੇ ਹਿਸਾਬ ਨਾਲ਼ ਨੇਪਰੇ ਚਾੜ੍ਹਿਆ ਜਾ ਰਿਹਾ ਹੈ। ਅਜਿਹਾ ਵੀ ਨਹੀਂ ਕਿ ਪੁਲਿਸ ਥਾਣਿਆਂ ਦੀ ਹੱਦਬੰਦੀ ਪਹਿਲਾਂ ਨਾ ਕੀਤੀ ਗਈ ਹੋਵੇ ਪਰ ਪਹਿਲਾਂ ਸਿਰਫ਼ ਨਵੇਂ ਪੁਲਿਸ ਥਾਣੇ ਬਣਾਉਣ 'ਤੇ ਹੀ ਹੱਦਬੰਦੀ ਕੀਤੀ ਜਾਂਦੀ ਸੀ।

**305 ਥਾਣਿਆਂ ਦੀ ਹੱਦਬੰਦੀ**

ਰਾਜ ਦੇ ਕੁੱਲ 359 ਥਾਣਿਆਂ ਵਿੱਚੋਂ 305 ਥਾਣਿਆਂ ਦੀ ਵਿਧਾਨ ਸਭਾ ਦੇ ਖੇਤਰਾਂ ਦੇ ਅਨੁਸਾਰ ਹੱਦਬੰਦੀ ਕਰ ਦਿੱਤੀ ਗਈ ਹੈ, ਜਦੋਂ ਕਿ ਬਾਕੀ ਬਚੇ 54 ਥਾਣਿਆਂ ਦੀ ਹੱਦਬੰਦੀ ਸਬੰਧੀ ਪ੍ਰਕਿਰਿਆ ਵੀ ਛੇਤੀ ਹੀ ਪੂਰੀ ਕਰ ਲਈ ਜਾਵੇਗੀ।

**ਨੋਟੀਫਿਕੇਸ਼ਨ ਜਾਰੀ**

ਰਾਜ ਦੇ 24 ਪੁਲਿਸ ਜ਼ਿਲ੍ਹਿਆਂ ਵਿੱਚੋਂ ਤਿੰਨ ਜ਼ਿਲ੍ਹੇ ਪਟਿਆਲਾ, ਬਰਨਾਲਾ ਅਤੇ ਗੁਰਦਾਸਪੁਰ ਦੇ ਥਾਣਿਆਂ ਨੂੰ ਛੱਡ ਕੇ ਬਾਕੀ ਸ਼ਹਿਰਾਂ ਦੇ ਸਾਰੇ ਥਾਣਿਆਂ ਦੀ ਹੱਦਬੰਦੀ ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ। ਹੁਣ ਪਟਿਆਲਾ ਦੇ 23, ਬਰਨਾਲਾ ਦੇ 11 ਅਤੇ ਗੁਰਦਾਸਪੁਰ ਦੇ 20 ਥਾਣੇ ਹੀ ਬਾਕੀ ਰਹਿ ਗਏ ਹਨ। ਇਹਨਾਂ ਲਈ ਵੀ ਛੇਤੀ ਹੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਜਾਵੇਗਾ।

ਰਾਜ ਦੀ ਅਕਾਲੀ-ਭਾਜਪਾ ਗੱਠਜੋੜ ਸਰਕਾਰ ਦਾ ਯਤਨ ਹੈ ਕਿ ਕੋਈ ਵੀ ਪੁਲਿਸ ਥਾਣਾ ਦੋ ਵਿਧਾਨ ਸਭਾ ਹਲਕਿਆਂ ਵਿੱਚ ਨਾ ਆਵੇ। ਇਸ ਕਰਕੇ ਹੀ ਪੁਲਿਸ ਥਾਣਿਆਂ ਦੀ ਹੱਦਬੰਦੀ ਕੀਤੀ ਗਈ ਹੈ। ਹੁਣ ਕਿਸੇ ਵੀ ਵਿਧਾਨ ਸਭਾ ਹਲਕੇ ਵਿੱਚ ਤਿੰਨ-ਚਾਰ ਥਾਣੇ ਤਾਂ ਹੋ ਸਕਦੇ ਹਨ ਪਰ ਹੁਣ ਕੋਈ ਪੁਲਿਸ ਥਾਣਾ ਦੋ ਵਿਧਾਨ ਸਭਾ ਹਲਕਿਆਂ ਵਿੱਚ ਨਹੀਂ ਆਵੇਗਾ।

**ਵਿਧਾਇਕਾਂ ਦੀ ਲੜਾਈ ਹੋਵੇਗੀ ਖ਼ਤਮ**

ਇੱਕ ਥਾਣੇ ਦੀ ਹੱਦਬੰਦੀ ਵਿੱਚ ਜਦੋਂ ਦੋ ਵਿਧਾਨਸਭਾਵਾਂ ਦਾ ਹਲਕਾ ਲੱਗਦਾ ਸੀ ਤਾਂ ਅਕਸਰ ਲੜਾਈ-ਝਗੜੇ ਅਤੇ ਛੋਟੇ-ਮੋਟੇ ਮਾਮਲਿਆਂ ਵਿੱਚ ਵੀ ਇੱਕ ਹੀ ਪਾਰਟੀ ਦੇ ਦੋ ਵਿਧਾਇਕ ਆਪਸ ਵਿੱਚ ਭਿੜ ਜਾਂਦੇ ਸਨ।

ਅਜਿਹਾ ਇਸ ਲਈ ਹੁੰਦਾ ਸੀ ਕਿਉਂਕਿ ਥਾਣੇ ਵਿੱਚ ਆਉਣ ਵਾਲੀਆਂ ਦੋਨਾਂ ਪਾਰਟੀਆਂ ਨੂੰ ਅਲੱਗ-ਅਲੱਗ ਵਿਧਾਇਕਾਂ ਦਾ ਸਮਰਥਨ ਪ੍ਰਾਪਤ ਹੁੰਦਾ ਸੀ। ਵਿਧਾਇਕਾਂ ਦੇ ਦਖ਼ਲ ਤੋਂ ਬਾਅਦ ਥਾਣਾ ਪ੍ਰਬੰਧਕਾਂ ਨੂੰ ਤਾਂ ਛੱਡੋ ਮੁੱਖ ਮੰਤਰੀ ਨੂੰ ਵੀ ਸਮਝ ਨਹੀਂ ਸੀ ਆਉਂਦਾ ਕਿ ਉਹ ਕਿਸ ਵਿਧਾਇਕ ਦੀ ਗੱਲ ਨੂੰ ਸਹੀ ਠਹਿਰਾਵੇ।

**ਨਿਯੁਕਤੀ ਉੱਤੇ ਰਹਿੰਦੀ ਸੀ ਖਿੱਚੋਤਾਣ**

ਵਿਧਾਇਕ ਕੇਵਲ ਥਾਣੇ ਦੇ ਸਟਾਫ ਉੱਪਰ ਪੱਖਪਾਤ ਪੂਰਨ ਫ਼ੈਸਲਾ ਕਰਨ ਦਾ ਇਲਜ਼ਾਮ ਹੀ ਨਹੀਂ ਸਨ ਲਾਉਂਦੇ,ਸਗੋਂ ਹਮੇਸ਼ਾ ਥਾਣਾ ਮੁਖੀਆਂ, ਥਾਣੇਦਾਰ ਅਤੇ ਮੁਨਸ਼ੀ ਆਦਿ ਦੀਆਂ ਨਿਯੁਕਤੀਆਂ ਨੂੰ ਲੈ ਕੇ ਵੀ ਦੋਸ਼ ਲਗਾਉਂਦੇ ਰਹਿੰਦੇ ਸਨ। ਨਵੀਂ ਹੱਦਬੰਦੀ ਤੋਂ ਬਾਅਦ ਹੁਣ ਅਜਿਹਾ ਨਹੀਂ ਹੋਵੇਗਾ। ਹੁਣ ਸਟਾਫ ਦੀਆਂ ਨਿਯੁਕਤੀਆਂ ਵਿੱਚ ਵਿਧਾਇਕਾਂ ਦੀ ਪੂਰੀ ਸੁਣਵਾਈ ਹੋਵੇਗੀ।

**ਵਿਰੋਧੀ ਧੜੇ ਦੇ ਹਲਕੇ ਵਿੱਚ ਚੱਲੇਗੀ ਹਾਰੇ ਹੋਏ ਵਿਧਾਇਕਾਂ ਦੀ**

ਅਜਿਹਾ ਨਹੀਂ ਹੈ ਕਿ ਥਾਣਿਆਂ ਦੀ ਹੱਦਬੰਦੀ ਦਾ ਲਾਭ ਸਾਰਿਆਂ ਵਿਧਾਇਕਾਂ ਨੂੰ ਮਿਲੂਗਾ। ਇਸਦਾ ਲਾਭ ਸਿਰਫ਼ ਸੱਤਾ ਧਿਰ ਦੇ ਵਿਧਾਇਕਾਂ ਨੂੰ ਹੀ ਮਿਲੂਗਾ। ਵਿਰੋਧੀ ਵਿਧਾਇਕਾਂ ਦੇ ਹਲਕੇ ਵਿੱਚ ਇਹ ਲਾਭ ਹਾਰੇ ਹੋਏ ਉਮੀਦਵਾਰਾਂ ਜਾਂ ਫਿਰ ਪਾਰਟੀ ਦੇ ਅਹੁਦੇਦਾਰਾਂ ਨੂੰ ਹੀ ਮਿਲ ਸਕੇਗਾ। ਅਜਿਹੇ ਵਿੱਚ ਵਿਰੋਧੀ ਵਿਧਾਇਕਾਂ ਦਾ ਸਿੱਕਾ ਥਾਣਿਆਂ ਵਿੱਚ ਚੱਲਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ।

# ਐਸ.ਜੀ.ਪੀ.ਸੀ ਚੋਣਾਂ ਅਗਲੇ ਸਾਲ ਹੀ ਹੋਣਗੀਆਂ

ਚੰਡੀਗੜ੍ਹ-ਬਿਊਰੋ

ਐਸ.ਜੀ.ਪੀ.ਸੀ ਦੀਆਂ ਚੋਣਾਂ ਲਈ ਵੋਟਰ ਸੂਚੀਆਂ ਬਣਾਉਣ ਦਾ ਕੰਮ 9 ਨਵੰਬਰ ਤੱਕ ਪੂਰਾ ਹੋਵੇਗਾ ਅਤੇ ਇਸ ਤੋਂ ਬਾਅਦ ਅੱਗੇ ਦੀ ਕਾਰਵਾਈ ਸ਼ੁਰੂ ਹੋਵੇਗੀ। ਇਸ ਲਈ ਚੋਣਾਂ ਹੁਣ ਅਗਲੇ ਸਾਲ ਹੀ ਸੰਭਵ ਹੋਣਗੀਆਂ।

ਇਹ ਜਾਣਕਾਰੀ ਗੁਰਦੁਆਰਾ ਚੋਣ ਕਮਿਸ਼ਨ ਦੇ ਮੁੱਖ ਕਮਿਸ਼ਨਰ ਜਸਟਿਸ ਐਚ.ਐਸ. ਬਰਾੜ ਦਿੱਤੀ। ਉਹਨਾਂ ਨੇ ਦੱਸਿਆ ਕਿ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਕੇਂਦਰ ਸ਼ਾਸਿਤ ਪ੍ਰਦੇਸ ਚੰਡੀਗੜ੍ਹ ਦੀਆਂ 170 ਸੀਟਾਂ ਦੇ ਲਈ ਹੋਣ ਵਾਲੀਆਂ ਚੋਣਾਂ ਦੇ ਲਈ ਰਜਿਸ਼ਟ੍ਰੇਸ਼ਨ ਦਾ ਕੰਮ ਇੱਕ ਜੂਨ ਤੋਂ ਸ਼ੁਰੂ ਹੋ ਗਿਆ ਹੈ। ਇਸਦੇ ਲਈ 80 ਲੱਖ ਫਾਰਮ ਛਪਵਾਏ ਗਏ ਹਨ ਤੇ ਵੋਟਰਾਂ ਦੁਆਰਾ ਇਹਨਾਂ ਨੂੰ ਭਰ ਕੇ ਆਪ ਹੀ ਜਮ੍ਹਾਂ ਕਰਵਾਉਣਾ ਪਵੇਗਾ।

ਫਾਰਮ ਪ੍ਰਾਪਤ ਕਰਨ ਦੇ ਲਈ ਪੇਂਡੂ ਖੇਤਰਾਂ ਵਿੱਚ ਪਟਵਾਰੀ ਅਤੇ ਸ਼ਹਿਰੀ ਖੇਤਰਾਂ ਵਿੱਚ ਨਗਰ ਨਿਗਮ ਅਧਿਕਾਰੀਆਂ ਨੂੰ ਇਹ ਕੰਮ ਸੌਂਪਿਆ ਗਿਆ ਹੈ। ਨਾਲ਼ ਇਹ ਵੀ ਕਿਹਾ ਗਿਆ ਹੈ ਕਿ ਇਹਨਾਂ ਚੋਣਾਂ ਲਈ ਵੋਟਰ ਬਣਨ ਲਈ ਉਮੀਦਵਾਰ ਦੀ ਉਮਰ ਲੱਗਭੱਗ 21 ਸਾਲ ਹੋਣੀ ਚਾਹੀਦੀ ਹੈ ਤੇ ਨਾਲ਼ ਹੀ ਉਹ ਕੇਸਧਾਰੀ ਸਿੱਖ ਹੋਣਾ ਚਾਹੀਦਾ ਹੈ, ਜਿਹੜਾ ਕਿ ਦਾੜ੍ਹੀ ਨਾ ਕੱਟਦਾ ਹੋਵੇ, ਸ਼ਰਾਬ, ਸਿਰਗਟ ਆਦਿ ਨਸ਼ੇ ਦਾ ਇਸਤੇਮਾਲ ਨਾ ਕਰਦਾ ਹੋਵੇ। ਉਹਨਾਂ ਨੇ ਦੱਸਿਆ ਕਿ ਜੇਕਰ ਕੋਈ ਸਬੰਧਿਤ ਅਧਿਕਾਰੀ ਗ਼ੈਰ ਕਾਨੂੰਨੀ ਤਰੀਕੇ ਨਾਲ਼ ਫਾਰਮ ਪ੍ਰਾਪਤ ਕਰਦਾ ਫੜ੍ਹਿਆ ਗਿਆ ਤਾਂ ਉਸਦੇ ਖ਼ਿਲਾਫ਼ ਕਾਨੂੰਨ ਦੇ ਮੁਤਾਬਿਕ ਕਾਰਵਾਈ ਕੀਤੀ ਜਾਵੇਗੀ।

15 ਜੁਲਾਈ ਨੂੰ ਵੋਟਰਾਂ ਦੀ ਰਜਿਸਟ੍ਰੇਸ਼ਨ ਦਾ ਕੰਮ ਖ਼ਤਮ ਹੋਣ ਤੋਂ ਬਾਅਦ ਵੋਟਰ ਸੂਚੀਆਂ ਦੇ ਖਰੜੇ ਦੀ ਤਿਆਰੀ ਅਤੇ ਇਹਨਾਂ ਦੀ ਮੁੱਢਲੀ ਛਪਾਈ ਦੇ ਲਈ ਇਹਨਾਂ ਨੂੰ ਕੇਂਦਰ ਤੱਕ ਪਹੁੰਚਾਉਣ ਦਾ ਕੰਮ 19 ਜੁਲਾਈ ਤੋਂ 3 ਅਗਸਤ ਤੱਕ ਕੀਤਾ ਜਾਵੇਗਾ। ਇਹਨਾਂ ਉੱਤੇ ਦਾਅਵੇ ਅਤੇ ਟਿੱਪਣੀਆਂ 6 ਅਗਸਤ ਤੋਂ 31 ਅਗਸਤ ਤੱਕ ਆਇਦ ਕੀਤੀਆਂ ਜਾ ਸਕਣਗੀਆਂ ਅਤੇ 3 ਸਤੰਬਰ ਤੋਂ 27 ਸਤੰਬਰ, 2010 ਤੱਕ ਇਹਨਾਂ ਉਪਰ ਫ਼ੈਸਲਾ ਲਿਆ ਜਾਵੇਗਾ।

ਉਹਨਾਂ ਨੇ ਦੱਸਿਆ ਕਿ ਅਨੂਪੂਰਕ ਸੂਚੀਆਂ ਦਾ ਖਰੜਾ 9 ਸਤੰਬਰ ਤੋਂ 15 ਅਕਤੂਬਰ ਤੱਕ ਹੋ ਜਾਵੇਗਾ। ਅਨੂਪੂਰਕ ਸੂਚੀਆਂ ਦੀ ਛਪਾਈ 4 ਨਵੰਬਰ ਤੱਕ ਹੋਵੇਗੀ ਅਤੇ ਐਸ.ਜੀ.ਪੀ.ਸੀ ਚੋਣਾਂ ਦੇ ਲਈ ਵੋਟਰ ਸੂਚੀਆਂ ਦੀ ਅੰਤਿਮ ਛਪਾਈ 9 ਨਵੰਬਰ ਨੂੰ ਹੋਵੇਗੀ। ਇਸ ਤੋਂ ਬਾਅਦ ਕੇਂਦਰ ਸਰਕਾਰ ਦੁਆਰਾ ਤਹਿ ਕੀਤੀਆਂ ਤਰੀਕਾਂ ਉਪਰ ਚੋਣਾਂ ਹੋਣਗੀਆਂ। ਜਸਟਿਸ ਬਰਾੜ ਦੱਸਿਆ ਕਿ 170 ਸੀਟਾਂ ਦੇ ਲਈ ਕੁੱਲ 120 ਨਿਰਧਾਰਿਤ ਖੇਤਰ ਹਨ, ਜਿਹਨਾਂ ਵਿੱਚੋਂ 110 ਪੰਜਾਬ, 8 ਹਰਿਆਣਾ ਅਤੇ ਇੱਕ-ਇੱਕ ਹਿਮਾਚਲ ਪ੍ਰਦੇਸ ਅਤੇ ਕੇਂਦਰ ਸ਼ਾਸਿਤ ਹਲਕਾ ਚੰਡੀਗੜ੍ਹ ਵਿੱਚ ਹਨ।

170 ਸੀਟਾਂ ਵਿੱਚੋਂ 157 ਪੰਜਾਬ, 10 ਹਰਿਆਣਾ, ਦੋ ਹਿਮਾਚਲ ਅਤੇ ਇੱਕ ਚੰਡੀਗੜ੍ਹ ਵਿੱਚ ਹਨ। ਉਹਨਾਂ ਨੇ ਕਿਹਾ ਕਿ ਨਵੰਬਰ ਵਿੱਚ ਵੋਟਰ ਸੂਚੀਆਂ ਤਿਆਰ ਹੋਣ ਤੋਂ ਬਾਅਦ ਕੇਂਦਰ ਨੂੰ ਚੋਣਾਂ ਦੇ ਲਈ ਲਿਖ ਦਿੱਤਾ ਜਾਵੇਗਾ।

**Asian Western Grocery Store**
**8324 - 160 Ave. Edmonton, AB. T5Z 3P1**

**NOW OPEN**

*All indian, Fijian, South African Grocery*

**ਏਸ਼ੀਅਨ ਵੈਸਟ੍ਰਨ ਗਰੋਸਰੀ ਐਂਡ ਮੂਵੀ ਸਟੋਰ**

ਸਾਫ ਸੁਥਰੀ ਅਤੇ ਵਧੀਆ ਗਰੋਸਰੀ,ਵਧੀਆ ਸਬਜ਼ੀਆਂ, ਮੀਟ, ਹਰ ਤਰਾਂ ਦੇ ਭਾਂਡੇ, ਇੰਡੀਆ ਕਾਲ ਕਰਨ ਲਈ ਕਾਰਡ, ਨਵੀਆਂ ਮੂਵੀਆਂ - ਡਰਾਮੇ ਅਤੇ ਸੀਡੀਆਂ ਆਦਿ ਵਾਜਬ ਕੀਮਤ ਤੇ ਲੈਣ ਲਈ ਸਾਡੇ ਸਟੋਰ ਤੇ ਇੱਕ ਗੇੜਾ ਜ਼ਰੂਰ ਮਾਰੋ।








For more information call
Balraj @
780-756-2225
780-660-2061

ਭਾਰਤ ਅੱਜ-ਕੱਲ੍ਹ

# ਗਾਂਧੀ ਦੇ ਰਸਤੇ ਉੱਤੇ ਚੱਲਕੇ ਸਫ਼ਲਤਾ ਨਹੀਂ ਮਿਲੇਗੀ-ਅਰੁੰਧਤੀ ਰਾਏ

ਮੁਬੰਈ-ਨ ਦ ਬ

ਪ੍ਰਸਿੱਧ ਸਮਾਜਕ ਕਾਰਜਕਰਤਾ ਅਤੇ ਲੇਖਿਕਾ ਅਰੁੰਧਤੀ ਰਾਏ ਦਾ ਮੰਨਣਾ ਹੈ ਕਿ ਵਰਤਮਾਨ ਵਿੱਚ ਜੋ ਹਾਲਾਤ ਹਨ, ਤੁਸੀਂ ਕਿੰਨੀ ਵੀ ਕੋਸ਼ਿਸ਼ ਕਰ ਲਓ, ਮਹਾਤਮਾ ਗਾਂਧੀ ਦੇ ਰਸਤੇ ਉੱਤੇ ਚੱਲਕੇ ਕਦੇ ਵੀ ਸਫ਼ਲਤਾ ਨਹੀਂ ਸਕਦੀ। ਮਾਓਵਾਦੀਆਂ ਦੇ ਹੱਕ ਵਿੱਚ ਬੋਲਣ ਵਾਲੀ ਅਰੁੰਧਤੀ ਰਾਏ ਨੇ ਇਸਦੇ ਨਾਲ਼ ਹੀ ਕਿਹਾ ਕਿ ਉਹਨਾਂ ਨੂੰ ਬੇਸ਼ੱਕ ਜੇਲ੍ਹ ਵਿੱਚ ਬੰਦ ਕਰ ਦਿੱਤਾ ਜਾਵੇ , ਤਾਂ ਵੀ ਉਹ ਮਾਓਵਾਦੀਆਂ ਦੇ ਸੰਘਰਸ਼ ਦਾ ਸਮਰਥਨ ਕਰਦੀ ਰਹੇਗੀ।

ਮੁਬੰਈ ਵਿੱਚ 'ਕਮੇਟੀ ਫਾਰ ਪ੍ਰੋਟਕਸ਼ਨ ਆਫ ਡੇਮੋਕ੍ਰੇਟਿਕ ਰਾਈਟ੍ਸ' ਦੀ ਤਰਫ਼ੋਂ ਆਯੋਜਿਤ ਸੈਮੀਨਾਰ ਵਿੱਚ 'ਦ ਵਾਰ ਆਨ ਪੀਪਲ' ਵਿੱਚ ਅਪਣੇ ਬਿਆਨ ਵਿੱਚ ਅਰੁੰਧਤੀ ਨੇ ਕਿਹਾ ਕਿ , ਨਕਸਲੀ ਅੰਦੋਲਨ ਹਥਿਆਰਬੰਦ ਸੰਘਰਸ਼ ਹੈ ਹੋਰ ਕੁੱਝ ਵੀ ਨਹੀਂ। ਉਹਨਾਂ ਨੇ ਜ਼ੋਰ ਦੇ ਕੇ ਕਿਹਾ ਕਿ, ਮੈਂ ਹਿੰਸਾ ਦਾ ਸਮਰਥਨ ਨਹੀਂ ਕਰਦੀ, ਪਰ ਮੈਂ ਰਾਜਨੀਤਕ ਵਿਸ਼ਲੇਸ਼ਣ ਉੱਤੇ ਅਧਾਰਿਤ ਜ਼ਿਆਦਤੀਆਂ ਦੇ ਖ਼ਿਲਾਫ਼ ਹਾਂ। ਉਹਨੇ ਕਿਹਾ ਕਿ ਸਾਨੂੰ ਸਭ ਨੂੰ ਮੰਨ ਲੈਣਾ ਚਾਹੀਦਾ ਹੈ ਜਾਂ ਫਿਰ ਮੰਨ ਹੀ ਲਓ ਕਿ ਵਿਰੋਧ ਦੇ ਗਾਂਧੀਵਾਦੀ ਤਰੀਕੇ ਦੀ ਲੋਕਾਂ ਨੂੰ ਜ਼ਰੂਰਤ ਨਹੀਂ ਹੁੰਦੀ ਹੈ, ਜਿਹੜੇ ਵਰਤਮਾਨ ਸੰਦਰਭ ਵਿੱਚ ਸੰਭਵ ਨਹੀਂ ਹੈ। ਅਰੁੰਧਤੀ ਨੇ ਕਿਹਾ ਕਿ ਸਰਕਾਰਾਂ ਨੂੰ ਸੋਚਣਾ ਹੋਵੇਗਾ ਕਿ ਅੱਜ ਜੋ ਹਾਲਾਤ ਪੈਦਾ ਹੋ ਚੁੱਕੇ ਹਨ, ਇਹਨਾਂ ਉੱਪਰ ਸਮਾਂ ਰਹਿੰਦੇ ਕਾਬੂ ਕਿਉਂ ਨਹੀਂ ਪਾਇਆ ਜਾ ਸਕਿਆ। ਮਾਓਵਾਦੀਆਂ ਦਾ ਮੌਜੂਦਾ ਰੂਪ ਇੱਕਦਮ ਹੀ ਸਾਹਮਣੇ ਆ ਗਿਆ, ਅਜਿਹਾ ਨਹੀਂ ਹੈ। ਇਸ ਤਰ੍ਹਾਂ ਦਾ ਰਸਤਾ ਚੁਣਨ ਤੋਂ ਪਹਿਲਾਂ ਇਹਨਾਂ ਲੋਕਾਂ ਨੇ ਲੰਬੀ ਬਹਿਸ ਕੀਤੀ ਹੈ। ਉਹਨਾਂ ਨੇ ਕਿਹਾ ਕਿ ਲੰਬੇ ਸਮੇਂ ਤੋਂ ਸਰਕਾਰਾਂ ਇਸ ਸਮੱਸਿਆ ਦਾ ਹੱਲ ਕਰਨ ਵਿੱਚ ਅਸਫ਼ਲ ਰਹੀਆਂ ਹਨ, ਹੁਣ ਸੈਨਿਕ ਕਾਰਵਾਈ ਦੀ ਜ਼ਰੂਰਤ ਕਿਉਂ ਮਹਿਸੂਸ ਹੋ ਰਹੀ ਹੈ। ਸਿਰਫ਼ ਰਾਜਨੀਤੀ ਕਰੋਗੇ ਤਾਂ ਅਜਿਹੇ ਪੜਾਅ ਤਾਂ ਆਉਣਗੇ ਹੀ। ਧਿਆਨ ਦੇਣ ਯੋਗ ਹੈ ਕਿ ਅਪ੍ਰੈਲ ਵਿੱਚ ਛੱਤੀਸਗੜ੍ਹ ਦੇ ਦੰਤੇਵਾੜਾ ਜ਼ਿਲ੍ਹੇ ਵਿੱਚ ਮਾਓਵਾਦੀਆਂ ਨੇ ਸੀ.ਆਰ.ਐਫ. ਅਤੇ ਪੁਲਿਸ ਦੇ 76 ਜਵਾਨਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ ਤਾਂ ਅਰੁੰਧਤੀ ਰਾਏ ਨੇ ਦੰਤੇਵਾੜਾ ਦੇ ਲੋਕਾਂ ਦੀ ਪ੍ਰਸ਼ੰਸਾ ਕੀਤੀ ਸੀ। ਉਸ ਸਮੇਂ ਵੀ ਉਹਨਾਂ ਨੇ ਕਿਹਾ ਸੀ ਕਿ ਮੈਂ ਮਾਓਵਾਦੀਆਂ ਦਾ ਸਮਰਥਨ ਕਰਦੀ ਹਾਂ, ਸਰਕਾਰ ਚਾਹਵੇਂ ਤਾਂ ਮੈਨੂੰ ਜੇਲ੍ਹ ਭੇਜ ਦੇਵੇ, ਮੈਂ ਪਰਵਾਹ ਨਹੀਂ ਕਰਦੀ। ਨਕਸਲੀ ਹਿੰਸਾ ਨੂੰ ਖਣਿਜ, ਪਾਣੀ ਅਤੇ ਵਣ ਜਿਹੇ ਪ੍ਰਾਕ੍ਰਿਤਿਕ ਸਰੋਤਾਂ ਉੱਤੇ ਕਬਜ਼ੇ ਲਈ ਆਦਿਵਾਸੀਆਂ ਅਤੇ ਕਾਰਪੋਰੇਟ ਘਰਾਣਿਆਂ ਦੇ ਵਿਚਾਲੇ ਹੋਣ ਵਾਲੀ ਲੜਾਈ ਕਰਾਰ ਦਿੰਦੇ ਹੋਏ, ਅਰੁੰਧਿਤੀ ਰਾਏ ਨੇ ਕਿਹਾ ਕਿ 99 ਫੀਸਦੀ ਮਾਓਵਾਦੀ ਆਦਿਵਾਸੀ ਹਨ, 99 ਫੀਸਦੀ ਆਦਿਵਾਸੀ ਮਾਓਵਾਦੀ ਨਹੀਂ ਹਨ। ਕੱਚੇ ਲੋਹੇ ਦੀ ਖੁਦਾਈ ਦੇ ਪਿੱਛੇ ਦਾ ਗਣਿਤ ਦੱਸਦੇ ਹੋਏ ਅਰੁੰਧਤੀ ਰਾਏ ਨੇ ਲੋਕ ਕਮਿਸ਼ਨ ਦੀ ਰਿਪੋਰਟ ਦਾ ਹਵਾਲਾ ਦਿੱਤਾ ਕਿ ਸਰਕਾਰ ਨੂੰ ਪ੍ਰਤੀ ਟਨ ਖੁਦਾਈ ਦਾ 24 ਰੁਪਇਆ ਅਤੇ ਖਨਨ ਕੰਪਨੀ ਨੂੰ 5,000 ਰੁਪਇਆ ਮਿਲਦਾ ਹੈ। ਉਹਨਾਂ ਨੇ ਕਿਹਾ ਕਿ ਇੱਥੇ ਤੋਂ ਵਧੇਰੇ ਗਰੀਬ, ਕੁਪੋਸ਼ਿਤ ਲੋਕ ਉਹਨਾਂ ਕਾਰਪੋਰੇਟ ਘਰਾਣਿਆਂ ਦੇ ਖ਼ਿਲਾਫ਼ ਲੜਾਈ ਲੜ ਰਹੇ ਹਨ, ਜਿਹਨਾਂ ਦਾ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੇ ਮਾਲਕ ਸਮਰਥਨ ਕਰਦੇ ਹਨ। ਇਹਨਾਂ ਲੋਕਾਂ ਨੇ ਕਾਫ਼ੀ ਹੱਦ ਤੱਕ ਇਹਨਾਂ ਘਰਾਣਿਆਂ ਨੂੰ ਰੋਕਣ ਵਿੱਚ ਸਫ਼ਲਤਾ ਹਾਸਿਲ ਕੀਤੀ ਹੈ। ਜੇਕਰ ਅਸੀਂ ਉਹਨਾਂ ਵਿੱਚ ਸ਼ਾਮਲ ਹੋ ਜਾਂਦੇ ਹਾਂ ਤਾਂ ਉਹ ਅਪਣੀ ਲੜਾਈ ਜਿੱਤ ਸਕਦੇ ਹਨ। ਅਰੁੰਧਤੀ ਰਾਏ ਨੇ ਅਪਣੀ ਇਸ ਕਥਿੱਤ ਟਿੱਪਣੀ ਨੂੰ ਵੀ ਸਪੱਸ਼ਟ ਕੀਤਾ, ਜਿਸ ਵਿੱਚ ਉਹਨਾਂ ਨੇ ਕਥਿੱਤ ਤੌਰ 'ਤੇ ਮਾਓਵਾਦੀਆਂ ਨੂੰ 'ਸ਼ਸ਼ਤਰਧਾਰੀ ਗਾਂਧੀ ਵਾਦੀ' ਕਿਹਾ ਸੀ। ''ਮੈਂ ਉਹਨਾਂ ਨੂੰ ਕਦੇ ਵੀ 'ਸ਼ਸ਼ਤਰਧਾਰੀ ਗਾਂਧੀਵਾਦੀ' ਨਹੀਂ ਕਿਹਾ। ਮੇਰਾ ਕਹਿਣ ਦਾ ਮਤਲਬ ਸੀ ਕਿ ਖੁਦ ਨੂੰ ਗਾਂਧੀਵਾਦੀ ਬਣਾਉਣ ਵਾਲਿਆਂ ਦੀ ਤੁਲਨਾ ਵਿੱਚ ਉਹ ਕਿਤੇ ਵੱਧ ਗਾਂਧੀਵਾਦੀ ਹਨ।



ਅਰੁੰਧਤੀ ਰਾਏ ਮਾਓਵਾਦੀਆਂ ਨਾਲ ਗੱਲਬਾਤ ਕਰਦੇ ਹੋਏ

# ਜਰਮਨੀ ਨੇ ਖੋਲ੍ਹੇ ਕਾਲੇ ਧਨ ਦੇ ਰਾਜ

ਨਵੀਂ ਦਿੱਲੀ-ਨ ਦ ਬ

ਜਰਮਨੀ ਨੇ ਅਪਣੇ ਇੱਥੇ ਕਾਲਾ ਧਨ ਜਮ੍ਹਾਂ ਕਰਨ ਵਾਲੇ ਭਾਰਤੀਆਂ ਦੇ ਰਾਜ ਨੂੰ ਖੋਲ੍ਹਦੇ ਹੋਏ ਸਰਕਾਰ ਨੂੰ ਕਰੀਬ ਪੰਜਾਹ ਲੋਕਾਂ ਦੀ ਸੂਚੀ ਸੌਂਪੀ ਹੈ। ਇਹਨਾਂ ਨੂੰ ਟੈਕਸ ਵਸੂਲੀ ਲਈ ਨੋਟਿਸ ਵੀ ਭੇਜਿਆ ਗਿਆ ਹੈ। ਜਦੋਂ ਕਿ ਕਾਲਾ ਧਨ ਜਮ੍ਹਾਂ ਕਰਨ ਦੇ ਵੱਡੇ ਠਿਕਾਣੇ ਸਿਵਸ ਬੈਕਾਂ ਦੇ ਰਾਜ ਖੁੱਲ੍ਹਣ ਦਾ ਅਜੇ ਵੀ ਸਰਕਾਰ ਨੂੰ ਇੰਤਜ਼ਾਰ ਹੈ। ਇਸ ਦਿਸ਼ਾ ਵਿੱਚ ਸਵਿਟਜ਼ਰਲੈਂਡ ਦੇ ਅਧਿਕਾਰੀਆਂ ਨਾ਼ਲ ਗੱਲਬਾਤ ਸ਼ੁਰੂ ਹੋ ਚੁੱਕੀ ਹੈ।

ਲੋਕ ਸਭਾ ਚੋਣਾਂ ਵਿੱਚ ਵਿਦੇਸ਼ੀ ਬੈਂਕਾਂ ਵਿੱਚ ਜਮ੍ਹਾਂ ਕਾਲੇ ਧਨ ਦਾ ਮੁੱਦਾ ਜੋਰਸ਼ੋਰ ਨਾਲ ਉੱਠਣ ਤੋਂ ਬਾਅਦ ਯੂ.ਪੀ.ਏ-ਟੂ ਨੇ ਇਸ ਦਿਸ਼ਾ ਵਿੱਚ ਯਤਨ ਸ਼ੁਰੂ ਕੀਤੇ ਸੀ। ਇਹਨਾਂ ਯਤਨਾਂ ਨੂੰ ਵੱਡੀ ਕਾਮਯਾਬੀ ਉਸ ਸਮੇਂ ਮਿਲੀ, ਜਦੋਂ ਜਰਮਨੀ ਨੇ ਭਾਰਤ ਨੂੰ ਅਜਿਹੇ ਪੰਜਾਹ ਲੋਕਾਂ ਦੀ ਸੂਚੀ ਸੌਂਪੀ। ਵਿੱਤ ਮੰਤਰਾਲੇ ਦੇ ਸੂਤਰਾਂ ਅਨੁਸਾਰ ਜਰਮਨੀ ਤੋਂ ਕਰੀਬ ਦੋ ਮਹੀਨੇ ਪਹਿਲਾਂ ਇਹ ਸੂਚੀ ਮਿਲੀ ਸੀ। ਸੂਚੀ ਵਿੱਚ ਸ਼ਾਮਲ ਲੋਕਾਂ ਦੀ ਅਸਲ ਸੰਖਿਆ ਦਾ ਤਾਂ ਫ਼ਿਲਹਾਲ ਪਤਾ ਨਹੀਂ ਲੱਗਿਆ ਹੈ ਪਰ ਦੱਸਿਆ ਜਾਂਦਾ ਹੈ ਕਿ ਇਸ ਸੂਚੀ ਵਿੱਚ ਕਰੀਬ ਪੰਜਾਹ ਲੋਕਾਂ ਦੇ ਨਾਮ ਹਨ। ਸੂਤਰਾਂ ਦੇ ਅਨੁਸਾਰ ਇਹਨਾਂ ਬਾਰੇ ਸੂਚਨਾਵਾਂ ਇਕੱਠੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਇਹਨਾਂ ਉਪਰ ਕਾਰਵਾਈ ਵੀ ਕੀਤੀ ਜਾ ਸਕਦੀ ਹੈ।

ਇੱਕ ਉੱਚ ਸਰਕਾਰੀ ਅਧਿਕਾਰੀ ਨੇ ਦੱਸਿਆ 'ਕਿ ਜਰਮਨੀ ਨੇ ਜੋ ਜਾਣਕਾਰੀ ਮੁਹੱਈਆ ਕਰਵਾਈ ਹੈ, ਉਸ ਦੇ ਆਧਾਰ ਉੱਤੇ ਟੈਕਸ ਚੋਰੀ ਕਰਨ ਵਾਲਿਆਂ ਨੂੰ ਟੈਕਸ ਉਗਾਹੀ ਦੇ ਲਈ ਨੋਟਿਸ ਭੇਜੇ ਗਏ ਹਨ।' ਅਧਿਕਾਰਿਕ ਸੂਤਰਾਂ ਨੇ ਦੱਸਿਆ ਕਿ ਇਸ ਸੂਚੀ ਵਿੱਚ ਜਰਮਨੀ ਦੇ ਲਿਚਟੇਨਸਟੇਨ ਦੇ ਐਲਜੀਟੀ ਬੈਂਕ ਅਤੇ ਟੈਕਸ ਚੋਰਾਂ ਦੇ ਅਨੇਕਾਂ ਪਨਾਹਗਾਰ ਮੰਨੇ ਜਾਣ ਵਾਲੇ ਬੈਂਕਾਂ ਦੇ ਖਾਤਾਧਾਰਕਾਂ ਦੇ ਨਾਮ ਹਨ। ਸਿਵਸ ਬੈਂਕਾਂ ਵਿੱਚ ਜਮ੍ਹਾਂ ਕਾਲੇ ਧਨ ਦਾ ਬਿਓਰਾ ਹਾਸਿਲ ਕਰਨ ਦੇ ਲਈ ਸਰਕਾਰ ਸਵਿਟਰਜ਼ਰਲੈਂਡ ਦੇ ਅਧਿਕਾਰੀਆਂ ਨਾਲ ਵੀ ਗੱਲਬਾਤ ਸ਼ੁਰੂ ਕਰ ਚੁੱਕੀ ਹੈ। ਪਿਛਲੇ ਸਾਲ ਸਿਵਸ ਅਧਿਕਾਰੀਆਂ ਨੇ ਅਮਰੀਕਾ ਨੂੰ ਕਰੀਬ ਚਾਰ ਹਜ਼ਾਰ ਖਾਤਾਧਾਰਕਾਂ ਦਾ ਬਿਓਰਾ ਮੁਹੱਈਆ ਕਰਵਾਇਆ ਸੀ। ਦੂਸਰੀ ਗੱਲ ਸੱਤਾ ਵਿੱਚ ਆਉਣ ਦੇ ਬਾਅਦ ਪ੍ਰਧਾਨਮੰਤਰੀ ਮਨਮੋਹਨ ਸਿੰਘ ਨੇ ਪਿਛਲੇ ਸਾਲ ਜੁਲਾਈ ਵਿੱਚ ਕਿਹਾ ਸੀ ਕਿ ਸਰਕਾਰ ਸਿਵਸ ਬੈਂਕਾਂ ਵਿੱਚ ਭਾਰਤੀਆਂ ਦਾ ਜਮ੍ਹਾਂ ਕਾਲਾ ਧਨ ਵਾਪਸ ਹਾਸਲ ਕਰਨ ਲਈ ਕਾਰਵਾਈ ਸ਼ੁਰੂ ਕਰ ਰਹੀ ਹੈ।

# ਪੀ.ਐਮ, ਸੀ.ਐਮ ਸਭ ਰਾਮਦੇਵ ਦੇ ਪੈਰਾਂ ਵਿੱਚ

ਨ ਦ ਬ-ਬੇਤੀਆ (ਬਿਹਾਰ);

ਯੋਗ ਗੁਰੂ ਬਾਬਾ ਰਾਮਦੇਵ ਆਏ ਦਿਨ ਕੁੱਝ ਨਾ ਕੁੱਝ ਬਿਆਨ ਦੇ ਕੇ ਚਰਚਾ ਵਿੱਚ ਆਏ ਹੀ ਰਹਿੰਦੇ ਹਨ। ਹੁਣ ਉਹਨਾਂ ਨੇ ਕਿਹਾ ਹੈ ਕਿ ''ਉਹਨਾਂ ਨੂੰ ਰਾਜਨੀਤੀ ਦੀ ਪਾਵਰ ਦੀ ਕੋਈ ਜ਼ਰੂਰਤ ਨਹੀਂ ਹੈ ਕਿਉਂਕਿ ਜਦੋਂ ਇੱਕ ਪ੍ਰਧਾਨਮੰਤਰੀ, ਰਾਸ਼ਟਰਪਤੀ ਅਤੇ ਮੁੱਖਮੰਤਰੀ ਮੇਰੇ ਚਰਨਾਂ ਵਿੱਚ ਆ ਕੇ ਬੈਠਦੇ ਹਨ ਤਾਂ ਅਜਿਹੇ ਵਿੱਚ ਮੈਨੂੰ ਕਿਸ ਪਾਵਰ ਦੀ ਲੋੜ ਹੈ।

ਚਾਰ ਦਿਨ ਦੀ ਯਾਤਰਾ ਉੱਤੇ ਬੇਤੀਆ ਪਹੁੰਚੇ ਰਾਮਦੇਵ ਨੇ ਲੋਕਾਂ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ''ਤੁਸੀਂ ਲੋਕ ਹੀ ਦੱਸੋ ਜਦੋਂ ਮੇਰੇ ਥੱਲੇ ਵੱਡੇ-ਵੱਡੇ ਰਾਜਨੇਤਾ ਆ ਕੇ ਬੈਠਦੇ ਹਨ ਤਾਂ ਉਹ ਕੁਰਸੀ ਮੈਂ ਕਿਵੇਂ ਲੈ ਸਕਦਾ ਹਾਂ। ਰਾਜਨੀਤੀ ਵਿੱਚ ਕੋਈ ਅਜਿਹਾ ਵਿਅਕਤੀ ਨਹੀਂ ਜਿਹੜਾ ਮੇਰੇ ਰਸਤੇ ਉੱਤੇ ਚੱਲ ਸਕੇ।'' ਉਹਨਾਂ ਨੇ ਕਿਹਾ ਕਿ, ''ਚਾਹੇ ਪ੍ਰਧਾਨ ਮੰਤਰੀ ਹੋਵੇ, ਰਾਸ਼ਟਰਪਤੀ ਹੋਵੇ, ਸਾਰੇ ਮੇਰੇ ਚਰਨਾਂ ਵਿੱਚ ਬੈਠਦੇ ਹਨ। ਜਿਹੜਾ ਸਿੰਘਾਸਨ ਮੇਰੇ ਚਰਨਾਂ ਵਿੱਚ ਬੈਠਾ ਹੋਵੇ, ਮੈਂ ਉਸ ਸਿੰਘਾਸਨ ਉੱਪਰ ਕਿਸ ਤਰ੍ਹਾਂ ਬੈਠਾਂਗਾ। ਹੁਣ ਇੰਨੇ ਵੱਡੇ-ਵੱਡੇ ਰਾਜਨੇਤਾ ਜਦੋਂ ਮੇਰੇ ਚਰਨਾਂ ਦੇ ਥੱਲੇ ਬੈਠ ਹੀ ਰਹੇ ਹਨ ਤਾਂ ਮੈਂ ਸਭ ਤੋਂ ਉਪਰ ਹੋ ਗਿਆ ਹਾਂ। ਮੈਨੂੰ ਹੁਣ ਕਿਸੇ ਪਾਵਰ ਦੀ ਕੋਈ ਜ਼ਰੂਰਤ ਨਹੀਂ ਰਹਿ ਗਈ ਹੈ।''




ਧਿਆਨ ਰਹੇ ਪਿਛਲੇ ਦਿਨੀਂ ਬਾਬਾ ਰਾਮਦੇਵ ਨੇ ਅਪਣੀ ਰਾਜਨੀਤਕ ਪਾਰਟੀ ਬਣਾਉਣ ਦਾ ਐਲਾਨ ਕੀਤਾ ਸੀ, ਪਰ ਕੋਈ ਸਮਾਂ ਸੀਮਾ ਨਹੀਂ ਨਿਰਧਾਰਿਤ ਕੀਤੀ ਸੀ। ਇਸ ਦੀ ਚਰਚਾ ਉਹ ਅਪਣੇ ਪ੍ਰੋਗਰਾਮਾਂ ਵਿੱਚ ਕਰਦੇ ਰਹੇ ਸਨ, ਜਿਸ ਨਾ਼ਲ ਇਹ ਧਾਰਨਾ ਬਣਨ ਲੱਗੀ ਸੀ ਕਿ ਹੋਵੇ ਨਾ ਹੋਵੇ ਬਾਬਾ ਇਸਨੂੰ ਅਮਲੀ ਰੂਪ ਦੇਣ, ਪਰ ਉਹਨਾਂ ਦੇ ਇਸ ਤਾਜ਼ਾ ਰੁਖ਼ ਨੇ ਇਸ ਨੂੰ ਸ਼ੋਸ਼ਾ ਬਣਾ ਕੇ ਛੱਡ ਦਿੱਤਾ ਹੈ।

# ਅਕਾਲੀਆਂ ਨੇ ਮਝੈਲ ਆਗੂਆਂ ਨੂੰ ਨਜ਼ਰਅੰਦਾਜ਼ ਕੀਤਾ

## ਦਲਿਤ ਵੋਟ ਬੈਂਕ ਕਾਂਗਰਸ ਤੋਂ ਨਾਰਾਜ਼

ਚੰਡੀਗੜ੍ਹ, ਇੰਦਰਪ੍ਰੀਤ ਸਿੰਘ-ਮਾਝੇ ਦੇ ਲੋਕਾਂ ਨੇ ਅਕਾਲੀਆਂ ਦੀ ਸਰਕਾਰ ਬਣਾਈ, ਪਰ ਉਥੋਂ ਇਕ ਵੀ ਉਮੀਦਵਾਰ ਰਾਜ ਸਭਾ ਲਈ ਅਕਾਲੀ ਦਲ ਨੇ ਨਾਮਜ਼ਦ ਨਹੀਂ ਕੀਤਾ। ਇਹੀ ਨਹੀਂ, ਪਾਰਟੀ ਦਲਿਤਾਂ ਨੂੰ ਵੱਧ-ਚੜ੍ਹ ਕੇ ਆਪਣੇ ਨਾਲ ਰੱਖਣ ਦਾ ਦਾਅਵਾ ਕਰਦੀ ਹੈ, ਪਰ ਉਮੀਦਵਾਰ ਹੋਣ ਦੇ ਬਾਵਜੂਦ ਕਿਸੇ ਇਕ ਨੇਤਾ 'ਤੇ ਵੀ ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਭਰੋਸਾ ਨਹੀਂ ਪ੍ਰਗਟਾਇਆ। ਦੂਸਰੇ ਪਾਸੇ ਕਾਂਗਰਸ ਵੀ ਪਿਛੇ ਨਹੀਂ, ਆਪਣੇ ਰਵਾਇਤੀ ਦਲਿਤ ਵੋਟ ਬੈਂਕ ਨੂੰ ਇਸ ਵਾਰ ਪਾਰਟੀ ਨੇ ਇਕ ਪਾਸੇ ਕਰ ਦਿੱਤਾ ਹੈ। ਪਾਰਟੀ ਦੇ ਹਿੱਸੇ ਆਈਆਂ ਤਿੰਨ ਸੀਟਾਂ ਇਸ ਵਾਰ ਜਨਰਲ ਕੈਟਾਗਿਰੀ ਨੂੰ ਦਿੱਤੀਆਂ ਗਈਆਂ ਹਨ।

ਮਾਝੇ ਦੇ ਤਿੰਨ ਜ਼ਿਲਿਆਂ ਅੰਮ੍ਰਿਤਸਰ, ਗੁਰਦਾਸਪੁਰ ਅਤੇ ਤਰਨਤਾਰਨ ਦੀ 27 ਵਿਧਾਨ ਸਭਾ ਸੀਟਾਂ ਵਿਚੋਂ ਸਿਰਫ ਦੋ ਸੀਟਾਂ ਹੀ ਕਾਂਗਰਸ ਕੋਲ ਹਨ ਜਦਕਿ 18 ਅਕਾਲੀ ਦਲ ਅਤੇ ਸਤ ਸਹਿਯੋਗੀ ਦਲ ਭਾਜਪਾ ਦੇ ਕੋਲ ਹਨ। ਜੇਕਰ ਦੇਖਿਆ ਜਾਵੇ ਤਾਂ ਮਾਝੇ ਦੇ ਇਨ੍ਹਾਂ ਵਿਧਾਇਕਾਂ ਦਾ ਸਰਕਾਰ ਬਣਾਉਣ ਵਿਚ ਮਹੱਤਵਪੂਰਨ ਰੋਲ ਰਿਹਾ ਹੈ ਜਦਕਿ ਪਾਰਟੀ ਦਾ ਰਵਾਇਤੀ ਵੋਟ ਬੈਂਕ 'ਮਾਲਵਾ' ਪੂਰੀ ਤਰ੍ਹਾਂ ਸਾਫ ਹੋ ਗਿਆ ਸੀ। ਪਰ ਅਕਾਲੀ ਦਲ ਨੇ ਰਾਜ ਸਭਾ ਦੀਆਂ ਸੀਟਾਂ ਦੇਣ ਲਈ ਆਪਣੇ ਰਵਾਇਤੀ ਵੋਟ ਬੈਂਕ ਮਾਲਵਾ 'ਤੇ ਹੀ ਭਰੋਸਾ ਪ੍ਰਗਟਾਇਆ ਜਾਂਦਾ ਹੈ। ਮਾਝੇ ਦੇ ਡਾ. ਦਲਜੀਤ ਸਿੰਘ ਚੀਮਾ ਦੇ ਉਮੀਦਵਾਰ ਹੋਣ ਦੇ ਬਾਵਜੂਦ ਅਕਾਲੀ ਦਲ ਨੇ ਉਨ੍ਹਾਂ 'ਤੇ ਭਰੋਸਾ ਨਹੀਂ ਕੀਤਾ। ਵਾਰ ਵਾਰ ਵਿਧਾਨ ਸਭਾ ਦੀਆਂ ਚੋਣਾਂ ਹਾਰਨ ਦੇ ਬਾਵਜੂਦ ਬਲਵਿੰਦਰ ਸਿੰਘ ਭੂੰਦੜ ਨੂੰ ਬੈਕਡੋਰ ਐਂਟਰੀ ਦੇ ਜ਼ਰੀਏ ਸੰਸਦ ਵਿਚ ਪਹੁੰਚਾ ਹੀ ਦਿੱਤਾ। ਭੂੰਦੜ ਮਾਲਵਾ ਦੇ ਮਾਨਸਾ ਜ਼ਿਲ੍ਹੇ ਤੋਂ ਆਉਂਦੇ ਹਨ। ਜਦਕਿ ਦੋ ਮਹੀਨੇ ਪਹਿਲਾਂ ਖਾਲੀ ਹੋਈਆਂ ਦੋ ਸੀਟਾਂ ਵਿਚੋਂ ਇਕ ਸੀਟ ਸੁਖਦੇਵ ਸਿੰਘ ਢੀਂਡਸਾ ਨੂੰ ਦਿੱਤੀ ਗਈ ਸੀ ਜੋ ਮਾਲਵਾ ਦੇ ਸੰਗਰੂਰ ਜ਼ਿਲ੍ਹੇ ਤੋਂ ਆਉਂਦੇ ਹਨ। ਦੂਸਰੀ ਨਰੇਸ਼ ਗੁਜਰਾਲ ਨੂੰ ਦਿੱਤੀ ਗਈ ਜੋ ਦੋਆਬਾ ਦੇ ਜਲੰਧਰ ਨਾਲ ਸਬੰਧਤ ਹਨ।

## ਅਕਾਲੀਆਂ ਨੇ ਭੂੰਦੜ ਤੇ ਕਾਂਗਰਸ ਨੇ ਅੰਬਿਕਾ ਨੂੰ ਰਾਜਸਭਾ ਭੇਜਿਆ





ਮੰਨਿਆ ਜਾ ਰਿਹਾ ਸੀ ਕਿ ਇਸ ਵਾਰ ਸੀਟ ਮਾਝਾ ਖੇਤਰ ਨੂੰ ਦਿੱਤੀ ਜਾ ਸਕਦੀ ਹੈ। ਇਥੋਂ ਬਾਦਲ ਦੇ ਭਰੋਸੇਯੋਗ ਪਾਤਰ ਡਾ. ਦਲਜੀਤ ਸਿੰਘ ਚੀਮਾ ਉਮੀਦਵਾਰ ਸਨ। ਅਕਾਲੀ ਦਲ ਨੇ ਕਿਸੇ ਦਲਿਤ ਜਾਂ ਮਹਿਲਾ ਨੂੰ ਵੀ ਰਾਜ ਸਭਾ ਵਿਚ ਨਹੀਂ ਭੇਜਿਆ। ਹਾਲਾਂਕਿ ਦਲਿਤ ਆਗੂ ਚਰਨਜੀਤ ਸਿੰਘ ਅਟਵਾਲ ਦੀ ਜ਼ੋਰਦਾਰ ਦਾਅਵੇਦਾਰੀ ਸੀ। ਕੋਰ ਕਮੇਟੀ ਦੀ ਮੀਟਿੰਗ ਵਿਚ ਵੀ ਪਾਰਟੀ ਦੇ ਉਪ ਪ੍ਰਧਾਨ ਗੁਰਦੇਵ ਸਿੰਘ ਬਾਦਲ ਨੇ ਇਹ ਮੁੱਦਾ ਵੀ ਉਠਾਇਆ ਸੀ।

ਕਾਂਗਰਸ ਨੇ ਅੰਬਿਕਾ ਸੋਨੀ ਨੂੰ ਸੀਟ ਦੇ ਕੇ ਔਰਤਾਂ ਨੂੰ ਤਾਂ ਖੁਸ਼ ਕਰ ਦਿੱਤਾ ਹੈ ਪਰ ਦਲਿਤ ਵੋਟ ਬੈਂਕ ਨਾਰਾਜ਼ ਹੋ ਗਿਆ ਹੈ। ਦੋ ਮਹੀਨੇ ਪਹਿਲਾਂ ਵੀ ਕਾਂਗਰਸ ਦੇ ਹਿੱਸੇ ਦੋ ਸੀਟਾਂ ਆਈਆਂ ਸਨ ਇਨ੍ਹਾਂ ਵਿਚੋਂ ਇਕ ਮਨੋਹਰ ਸਿੰਘ ਗਿੱਲ ਅਤੇ ਦੂਸਰੀ ਅਸ਼ਵਨੀ ਕੁਮਾਰ ਨੂੰ ਮਿਲੀ। ਦੋਵੇਂ ਹੀ ਜਨਰਲ ਕੈਟਾਗਿਰੀ ਨਾਲ ਸਬੰਧਤ ਹਨ। ਹਾਲਾਂਕਿ ਖਾਲੀ ਹੋਈ ਇਕ ਸੀਟ ਦਲਿਤ ਆਗੂ ਧਰਮਪਾਲ ਸਭਰਵਾਲ ਦੀ ਖਾਲੀ ਹੋਈ ਸੀ।

# ਵਿਸ਼ਵ ਅੱਜ-ਕੱਲ੍ਹ

## ਗਾਜ਼ਾ ਪੱਟੀ ਲਈ ਸਮੱਗਰੀ ਲਿਜਾ ਰਹੇ ਸਮੁੰਦਰੀ ਕਾਫਲੇ ਉੱਪਰ ਇਜ਼ਰਾਈਲ ਦਾ ਹਮਲਾ

ਯੇਰੁਸ਼ਲੇਮ- ਨ ਦ ਬ

ਬੀਤੇ ਦਿਨੀਂ ਇਜ਼ਰਾਈਲੀ ਸੈਨਾ ਨੇ ਐਸ਼ਡੋਡ ਤੱਟ ਵਿਖੇ, ਗਾਜ਼ਾ ਪੱਟੀ ਵੱਲ ਮੱਦਦ ਸਮੱਗਰੀ ਲਿਜਾ ਰਹੇ ਸਮੁੰਦਰੀ ਕਾਫਿਲੇ ਉੱਪਰ ਅਚਾਨਕ ਹਮਲਾ ਕਰ ਦਿੱਤਾ। ਦੇਰ ਰਾਤ ਮਾਰੇ ਗਏ ਇਸ ਛਾਪੇ ਦੌਰਾਨ 9 ਜਣਿਆਂ ਦੀ ਮੌਤ ਹੋ ਗਈ, ਕਈ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ ਜਿਹਨਾਂ ਵਿੱਚ ਇਜ਼ਰਾਈਲੀ ਸੈਨਿਕ ਵੀ ਸ਼ਾਮਲ ਹਨ।



ਇਜ਼ਰਾਈਲ ਨੂੰ ਇਸ ਤਰ੍ਹਾਂ ਲੋਕਾਂ ਦੀ ਮੱਦਦ ਲਈ ਜਾ ਰਹੇ ਜ਼ਖੀਰੇ ਉੱਪਰ ਹਵਾਈ ਹਮਲਾ ਕਰਨ ਤੇ ਅੰਤਰਰਾਸ਼ਟਰੀ ਪੱਧਰ 'ਤੇ ਅਲਾਚੋਨਾ ਸਹਿਣੀ ਪੈ ਰਹੀ ਹੈ। ਇਸ ਨੂੰ ਵੇਖਦਿਆਂ ਇਜ਼ਰਾਈਲੀ ਪ੍ਰਧਾਨ ਮੰਤਰੀ ਬੈਨਜਾਮਿਨ ਨਿਤਾਨਯਾਹੂ ਨੇ ਅਪਣੀ ਕੈਨੇਡਾ ਫੇਰੀ ਨੂੰ ਅੱਧ ਵਿਚਾਲੇ ਛੱਡ ਕੇ ਮੁਲਕ ਵਾਪਸ ਆਉਣ ਦਾ ਫੈਸਲਾ ਕਰ ਲਿਆ । ਜਦੋਂ ਕਿ ਕੈਨੇਡਾ ਫੇਰੀ ਮਗਰੋਂ ਉਹਨਾਂ ਨੇ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨਾਲ ਵੀ ਮੁਲਾਕਾਤ ਕਰਨੀ ਸੀ। ਇਜ਼ਰਾਈਲ ਵੱਲੋਂ ਫਲਸਤੀਨੀਆਂ ਦੀ ਮੱਦਦ ਲਈ ਜਾ ਰਹੇ ਕੱਪੜੇ, ਦਵਾਈਆਂ ਅਤੇ ਖਾਣ-ਪੀਣ ਦੀਆਂ ਚੀਜ਼ਾਂ ਉੱਪਰ ਇਸ ਤਰ੍ਹਾਂ ਕੀਤੇ ਹਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਨੇ ਹੰਗਾਮੀ ਬੈਠਕ ਬੁਲਾਈ । ਉਧਰ ਤੁਰਕੀ ਨੇ ਮੁਲਕ ਵਿੱਚ ਮੌਜੂਦ ਇਜ਼ਰਾਈਲੀ ਰਾਜਦੂਤ ਨੂੰ ਭਵਿੱਖ ਵਿੱਚ ਅਜਿਹੀ ਹਰਕਤ ਕਰਨ ਦੇ ਗੰਭੀਰ ਨਤੀਜੇ ਭੁਗਤਣ ਲਈ ਤਿਆਰ ਰਹਿਣ ਨੂੰ ਕਿਹਾ ਹੈ।

## ਅੰਤਰਰਾਸ਼ਟਰੀ ਦਬਾਅ ਮਗਰੋਂ ਇਜ਼ਰਾਈਲ ਵੱਲੋਂ ਬੰਦਕਾਂ ਨੂੰ ਡਿਪੋਰਟ ਕਰਨ ਦਾ ਫੈਸਲਾ

**ਯੇਰੁਸ਼ਲੇਮ-** ਨ ਦ ਬ

ਵੱਧਦੇ ਅੰਤਰਰਾਸ਼ਟਰੀ ਦਬਾਅ ਨੂੰ ਵੇਖਦਿਆਂ ਇਜ਼ਰਾਈਲ ਨੇ ਗਾਜ਼ਾ ਵੱਲ ਜਾ ਰਹੇ ਸਮੁੰਦਰੀ ਜ਼ਖੀਰੇ ਉੱਪਰ ਕੀਤੇ ਹਮਲੇ ਦੌਰਾਨ ਬੰਧਕ ਬਣਾਏ 250 ਲੋਕਾਂ ਨੂੰ ਡਿਪੋਰਟ ਕਰਨਾ ਸ਼ੁਰੂ ਕਰ ਦਿੱਤਾ ਹੈ। ਇਜ਼ਰਾਈਲ ਨੇ ਐਲਾਨ ਕੀਤਾ ਹੈ ਕਿ ਉਸ ਵੱਲੋਂ ਆਉਂਦੇ ਦਿਨਾਂ ਦੌਰਾਨ ਸਾਰੇ 682 ਬੰਧਕਾਂ ਨੂੰ ਰਿਹਾਅ ਕਰ ਦਿੱਤਾ ਜਾਵੇਗਾ। 35 ਮੁਲਕਾਂ ਦੇ ਇਹ 682 ਵਿਅਕਤੀ ਉਸ ਤੁਰਕੀ ਵੈਸਲ ਵਿੱਚ ਸਵਾਰ ਸਨ ਜਿਸ ਉੱਪਰ ਅਚਾਨਕ ਇਜ਼ਰਾਈਲੀ ਕਮਾਂਡੋਆਂ ਨੇ ਹਮਲਾ ਕਰ ਦਿੱਤਾ ਸੀ।



ਉੱਧਰ ਇਜ਼ਰਾਈਲ ਨੇ ਅੰਕਾਗ ਵਿਚਲੇ ਅਪਣੇ ਸਫ਼ਾਰਤਖਾਨੇ ਤੋਂ 50 ਅਧਿਕਾਰੀਆਂ ਨੂੰ ਵਾਪਸ ਬੁਲਾ ਲਿਆ ਹੈ। ਇਸ ਘਟਨਾ ਤੋਂ ਸਖ਼ਤ ਨਾਰਾਜ਼ ਤੁਰਕੀ ਦੇ ਪ੍ਰਧਾਨ ਮੰਤਰੀ ਤ ਯਿ ਪ ਅਰਦੋਗਨ ਨੇ ਅੰਤਰਰਾਸ਼ਟਰੀ ਭਾਈਚਾਰੇ ਅੱਗੇ ਇੱਕਜੁੱਟ ਹੋ ਕੇ ਇਸ ਹਰਕਤ ਦਾ ਵਿਰੋਧ ਕਰਨ ਦੀ ਅਪੀਲ ਕੀਤੀ ਹੈ। ਇਜ਼ਰਾਈਲ ਦੀ ਇਸ ਹਰਕਤ ਪ੍ਰਤੀ ਰੋਸ ਮੁਜ਼ਾਹਰਾ ਕਰਨ ਲਈ ਬੀਤੇ ਦਿਨੀਂ ਸੈਂਕੜੇ ਲੋਕਾਂ ਨੇ ਅਲਬਰਟਾ ਵਿਧਾਨ ਸਭਾ ਦੇ ਬਾਹਰ ਇਕੱਠੇ ਹੋ ਕੇ ਨਾਅਰੇ ਲਾਏ।

## ਜਨਗਣਨਾ ਵਿਚ ਮਿਲੀ 157 ਸਾਲਾ ਮਹਿਲਾ

ਜਕਾਰਤਾ-ਇੰਡੋਨੇਸ਼ੀਆ ਵਿਚ ਚੱਲ ਰਹੀ ਜਨਗਣਨਾ ਦੌਰਾਨ ਇਕ ਮਹਿਲਾ ਨੇ ਆਪਣੀ ਉਮਰ 157 ਸਾਲ ਦੱਸੀ ਹੈ ਅਤੇ ਅਧਿਕਾਰੀਆਂ ਦਾ ਵੀ ਕਹਿਣਾ ਹੈ ਕਿ ਉਹ ਉਸ 'ਤੇ ਵਿਸ਼ਵਾਸ ਕਰਦੇ ਹਨ। ਜਨਗਣਨਾ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹ ਦੱਖਣੀ ਸੁਮੇਤਰਾ ਦੇ ਇਕ ਪਿੰਡ ਦੀ ਰਹਿਣ ਵਾਲੀ ਮਹਿਲਾ ਤੁਰੀਨਾਹ ਦੇ 1853 ਵਿਚ ਜਨਮ ਲੈਣ ਦੀ ਗੱਲ 'ਤੇ ਯਕੀਨ ਕਰਦੇ ਹਨ। ਅੰਕੜਾ ਬਿਊਰੋ ਅਧਿਕਾਰੀ ਜੌਨੀ ਸਾਰਦਜੋਨੀ ਦਾ ਕਹਿਣਾ ਹੈ ਕਿ ਹਾਲਾਂਕਿ ਤੁਰੀਨਾਹ ਦੀ ਉਮਰ ਨੂੰ ਸਿੱਧ ਕਰਨ ਲਈ ਕੋਈ ਭਰੋਸੇਯੋਗ ਦਸਤਾਵੇਜ਼ ਨਹੀਂ ਹਨ ਪਰ ਉਸ ਵਲੋਂ ਦਿੱਤੇ ਗਏ ਬਿਆਨਾਂ ਅਤੇ ਗੋਦ ਲਈ ਧੀ ਦੀ ਉਮਰ 108 ਸਾਲ ਹੋਣ ਤੋਂ ਬਾਅਦ ਉਸ ਉਪਰ ਸ਼ੱਕ ਕਰਨਾ ਮੁਸ਼ਕਲ ਹੋ ਜਾਂਦਾ ਹੈ।

ਹੁਣ ਤੱਕ 120 ਤੋਂ ਜ਼ਿਆਦਾ ਸਾਲ ਤੱਕ ਜ਼ਿੰਦਾ ਰਹਿਣ ਦਾ ਸਿਰਫ ਇਕ ਹੀ ਉਦਾਹਰਣ ਹੈ। ਫਰਾਂਸ ਦੀ ਰਹਿਣ ਵਾਲੀ ਮਹਿਲਾ ਜਿਏਨੀ ਕਾਲਮੈਂਟ ਦੀ ਮੌਤ 122 ਸਾਲ ਦੀ ਉਮਰ ਵਿਚ 1997 ਵਿਚ ਹੋਈ ਸੀ।

ਆਪਣੇ ਆਪ ਨੂੰ 157 ਸਾਲ ਦੀ ਦੱਸਣ ਵਾਲੀ ਤੁਰੀਨਾਹ ਦੀ ਯਾਦਾਸ਼ਤ ਬੇਹੱਦ ਪੱਕੀ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਅੱਜ ਵੀ ਘਰ ਦੇ ਕੰਮ ਕਰਨ ਵਿਚ ਸਮਰੱਥ ਤੁਰੀਨਾਹ ਸਿਗਰਟ ਪੀਂਦੀ ਹੈ। ਤੁਰੀਨਾਹ ਠੀਕ ਤਰ੍ਹਾਂ ਸੁਣ ਅਤੇ ਦੇਖ ਸਕਦੀ ਹੈ ਅਤੇ ਡਚ ਭਾਸ਼ਾ ਵਿਚ ਬੇਝਿਜਕ ਗੱਲ ਕਰਦੀ ਹੈ। ਇੰਡੋਨੇਸ਼ੀਆ 1945 ਤੋਂ ਪਹਿਲਾਂ ਸੈਂਕੜੇ ਸਾਲ ਡਚ ਕਾਲੋਨੀ ਰਿਹਾ ਹੈ।

## ਟੌਪ ਸ਼ਹਿਰਾਂ ਦੀ ਸੂਚੀ ਵਿੱਚੋਂ ਭਾਰਤ ਗਾਇਬ

### ਰਹਿਣ ਦੀ ਗੁਣਵੱਤਾ ਦੇ ਹਿਸਾਬ ਨਾਲ ਲੰਡਨ ਟੌਪ-30 'ਚੋਂ ਬਾਹਰ ਬਗਦਾਦ ਅੰਤਿਮ ਸਥਾਨ 'ਤੇ

ਨ ਦ ਬ/ਲੰਡਨ-

ਰਹਿਣ ਦੀ ਗੁਣਵੱਤਾ ਦੇ ਹਿਸਾਬ ਨਾਲ ਭਾਰਤ ਦਾ ਕੋਈ ਵੀ ਸ਼ਹਿਰ ਦੁਨੀਆ ਦੇ ਟੌਪ-50 ਸ਼ਹਿਰਾਂ ਵਿੱਚ ਸ਼ਾਮਲ ਨਹੀਂ ਹੈ। ਮਸਰ ਕਵਾਲਟੀ ਆੱਫ ਲਿਵਿੰਗ ਦੇ ਨਵੇਂ ਸਰਵੇਖਣ ਵਿੱਚ ਇਹ ਖੁਲਾਸਾ ਹੋਇਆ ਹੈ। ਰਹਿਣ ਦੀ ਗੁਣਵੱਤਾ ਦੇ ਹਿਸਾਬ ਨਾਲ ਵਿਆਨਾ ਵਿਸ਼ਵ ਦਾ ਸਭ ਤੋਂ ਬੇਹਤਰੀਨ ਸ਼ਹਿਰ ਹੈ। ਸੂਚੀ ਵਿੱਚ ਦੂਜੇ ਅਤੇ ਤੀਜੇ ਸਥਾਨ 'ਤੇ ਸਵਿੱਟਜ਼ਰਲੈਂਡ ਦੇ ਸ਼ਹਿਰ ਜਿਊਰਿਖ ਅਤੇ ਜਿਨੇਵਾ ਹਨ। ਆਸਟਰੀਆ ਦਾ ਸ਼ਹਿਰ ਵਿਆਨਾ ਲਗਾਤਾਰ ਦੂਸਰੇ ਸਾਲ ਵੀ ਇੱਕ ਨੰਬਰ 'ਤੇ ਹੈ। ਬ੍ਰਿਟੇਨ ਤੋਂ ਸਿਰਫ਼ ਲੰਡਨ ਨੂੰ ਹੀ ਸੂਚੀ ਵਿੱਚ ਸਥਾਨ ਦਿੱਤਾ ਗਿਆ ਹੈ ਪਰ ਇਹ 30 ਵੇਂ ਸਥਾਨ 'ਤੇ ਹੈ।

ਸਰਵੇਖਣ ਜਿਹੜਿਆਂ ਪਹਿਲੂਆਂ ਦੇ ਮੁਤਾਬਕ ਹੋਇਆ ਹੈ ਉਹ ਹਨ- ਅਪਰਾਧ, ਰਾਜਨੀਤੀਕ ਸਥਿਰਤਾ, ਹਸਪਤਾਲ, ਆਵਾਜਾਈ, ਖਾਣ-ਪੀਣ, ਮਨੋਰੰਜਨ ਦੇ ਸਾਧਨ, ਮੌਸਮ ਅਤੇ ਨਿੱਜੀ ਸੁਤੰਤਰਤਾ। ਅਜਿਹੀ ਲਿਸਟ ਬਣਾਉਣ ਲਈ ਮਸਰ ਨੇ 221 ਦੇਸ਼ਾਂ ਦਾ ਸਰਵੇਖਣ ਕੀਤਾ। ਮਸਰ ਨੇ ਅਜਿਹਾ ਇਸ ਲਈ ਕੀਤਾ ਤਾਂਕਿ ਉਹ ਸਰਕਾਰਾਂ ਅਤੇ ਕੰਪਨੀਆਂ ਦੀ ਮੱਦਦ ਕਰ ਸਕਣ ਕਿ ਆਖਿਰ ਕਰਮਚਾਰੀਆਂ ਨੂੰ ਕਿੱਥੇ ਭੇਜਣਾ ਚਾਹੀਦਾ ਹੈ। ਮਸਰ ਦੇ ਮਾਹਿਰ ਸੋਧ ਕਰਤਾ ਸਲਾਗਿਨ ਕਹਿੰਦੇ ਹਨ ਕਿ ਏਸ਼ੀਆ ਅਤੇ ਮੱਧ ਪੂਰਬ ਵਿੱਚ ਕਈ ਉੱਭਰਦੀਆਂ ਅਰਥ ਵਿਵਸਥਾਵਾਂ ਹਨ। ਇੱਥੋਂ ਦੇ ਸ਼ਹਿਰਾਂ ਵਿੱਚ ਕਈ ਵਿਦੇਸ਼ੀ ਕੰਪਨੀਆਂ ਕੰਮ ਕਰਦੀਆਂ ਹਨ। ਕੰਪਨੀਆਂ ਨੂੰ ਇਹ ਪੱਕਾ ਕਰਨਾ ਹੋਵੇਗਾ ਕਿ ਉੱਥੇ ਕੰਮ ਕਰ ਰਹੇ ਕਰਮਚਾਰੀਆਂ ਨੂੰ ਮਿਲਣ ਵਾਲੀਆਂ ਤਨਖਾਹਾਂ ਜਾਂ ਸਹੂਲਤਾਂ ਉਸ ਜਗ੍ਹਾ ਦੀਆਂ ਸਥਿੱਤੀਆਂ ਦੇ ਹਿਸਾਬ ਨਾਲ ਹੋਣ। ਇਸ ਸੂਚੀ ਵਿੱਚ ਇਰਾਕ ਦੀ ਰਾਜਧਾਨੀ ਬਗਦਾਦ ਸਭ ਤੋਂ ਥੱਲੇ ਹੈ।

ਟੌਪ ਦਸ ਵਿੱਚ ਆਏ ਸ਼ਹਿਰ- ਵਿਆਨਾ, ਜਿਊਰਿਖ, ਵੈਨਕੂਵਰ, ਆਕਲੈਂਡ, ਡੁਲਸਡਾਰਫ਼, ਫਰੈਂਕਫਰਟ, ਮਯੂਨਿਖ, ਬਰਨ, ਸਿਡਨੀ।

## ਸਾਨੂੰ ਮੋੜ ਦਿਓ ਸਾਡਾ ਬਹੁ ਕੀਮਤੀ ਕੋਹਿਨੂਰ

ਲੰਡਨ-ਨਦਬ

ਬੇਸ਼ਕੀਮਤੀ ਹੀਰਾ ਕੋਹਿਨੂਰ ਫੇਰ ਅਪਣੀ ਧਰਤੀ ਉਪਰ ਨੂਰ ਵਿਖੇਰੂਗਾ। ਬਸ, ਦੁਆ ਕਰੋ ਕਿ ਇਸ ਹੀਰੇ ਨੂੰ ਵਾਪਸ ਲਿਆਉਣ ਦੀ ਮਹਿੰਮ ਕਾਮਯਾਬ ਹੋ ਜਾਵੇ। ਇਹ ਮੁਹਿੰਮ ਛੇੜੀ ਹੈ, ਭਾਰਤੀ ਪੁਰਾਤੱਤਵ ਸਰਵੇਖਣ (ਏ.ਐਸ.ਆਈ) ਨੇ। ਬ੍ਰਿਟਿਸ਼ ਹਕੂਮਤ ਦੇ ਦੌਰਾਨ ਵਿਦੇਸ਼ ਲਿਜਾਏ ਗਏ ਇਸ ਕੋਹਿਨੂਰ ਹੀਰੇ ਅਤੇ ਸੁਲਤਾਨਗੰਜ ਬੁੱਧ ਸਮੇਤ ਬੇਸ਼ਕੀਮਤੀ ਕਲਾਕ੍ਰਿਤੀਆਂ ਦੀ ਵਤਨ ਵਾਪਸੀ ਦੀ ਇੱਕ ਅੰਤਰਰਾਸ਼ਟਰੀ ਮੁਹਿੰਮ ਵਿੱਚ ਏ.ਐਸ.ਆਈ ਸ਼ਰੀਕ ਹੋਈ ਹੈ।

ਏ.ਐਸ.ਆਈ ਦੇ ਡਾਇਰੈਕਟਰ ਜਨਰਲ ਗੌਤਮ ਸੇਨਗੁਪਤਾ ਨੇ ਕਿਹਾ ਕਿ ਵਿਦੇਸ਼ ਲਿਜਾਈਆਂ ਗਈਆਂ ਭਾਰਤੀ ਵਸਤੂਆਂ ਦੀ ਸੂਚੀ ਬਹੁਤ ਲੰਮੀ ਹੈ ਅਤੇ ਬ੍ਰਿਟਿਸ਼ ਮਿਊਜ਼ੀਅਮ , ਦਾ ਰਾਇਲ ਕਲੈਕਸ਼ਨ, ਬਰਮਿੰਘਮ ਮਿਊਜ਼ੀਅਮ ਅਤੇ ਆਰਟ ਗੈਲਰੀ ਤੋਂ ਵਾਪਸ ਲੈਣ ਲਈ ਕੂਟਨੀਤਿਕ ਅਤੇ ਕਾਨੂੰਨੀ ਮੁਹਿੰਮ ਦੀ ਜ਼ਰੂਰਤ ਹੈ। ਉਹਨਾਂ ਨੇ ਕਿਹਾ ਕਿ ਕਈ ਸਾਲ ਤੱਕ ਨਾਕਾਮ ਕੋਸ਼ਿਸ਼ ਕਰਨ ਦੇ ਬਾਅਦ, ਭਾਰਤ ਕਲਾ ਦੇ ਧਨੀ ਦੇਸ਼ਾਂ ਦੀਆਂ ਕਲਾ ਕ੍ਰਿਤੀਆਂ ਦੇ ਵਿਦੇਸ਼ੀ ਮਾਲਕੀ ਨਾਲ ਜੁੜੀਆਂ ਸ਼ਿਕਾਇਤਾਂ ਨੂੰ ਲੈ ਕੇ ਯੂਨੈਸਕੋ ਅਤੇ ਆਦਿ ਦੇਸ਼ਾਂ ਦੀ ਮੱਦਦ ਨਾਲ ਚਲਾਈ ਜਾ ਰਹੀ ਮੁਹਿੰਮ ਵਿੱਚ ਸ਼ਾਮਲ ਹੋਇਆ ਹੈ। ਉਹਨਾਂ ਨੇ ਕਿਹਾ ਕਿ ਚੋਰੀ ਹੋਏ ਖਜ਼ਾਨੇ ਨੂੰ ਦੁਬਾਰਾ ਹਾਸਿਲ ਕਰਨ ਲਈ ਹੁਣ ਤੱਕ ਕੀਤੀਆਂ ਗਈਆਂ ਕੋਸ਼ਿਸ਼ਾਂ ਨਾਕਾਮ ਰਹੀਆਂ ਹਨ, ਲਿਹਾਜ਼ਾ ਇਸ ਮੋਰਚੇ ਉੱਤੇ ਕਾਮਯਾਬੀ ਦੇ ਲਈ ਅੰਤਰਰਾਸ਼ਟਰੀ ਮੁਹਿੰਮ ਚਲਾਉਣ ਵਾਸਤੇ ਯੂਨੈਸਕੋ ਦੀ ਮੱਦਦ ਜ਼ਰੂਰੀ ਹੈ। ਸੇਨਗੁਪਤਾ ਨੇ ਕਿਹਾ ਕਿ ਕੇਵਲ ਭਾਰਤ ਹੀ ਨਹੀਂ, ਮੈਕਸੀਕੋ, ਪੇਰੂ, ਚੀਨ, ਬੋਲੇਵਿਆ, ਸਾਇਪਰਸ ਅਤੇ ਗਵਾਟੇਮਾਲਾ ਵੀ ਅਪਣੀਆ ਚੋਰੀ ਜਾਂ ਲੁੱਟੀਆਂ ਗਈਆਂ ਪੁਰਾਣੀਆਂ ਸਮੱਗਰੀਆਂ ਨੂੰ ਵਾਪਸ ਲੈਣ ਲਈ ਆਵਾਜ਼ ਉਠਾ ਰਹੇ ਹਨ। ਇਸ ਵਿੱਚ, ਬਰਮਿੰਘਮ ਮਿਊਜ਼ੀਅਮ ਦੀ ਪ੍ਰਮੁੱਖ ਰੀਟਾ ਮੈਕਲੀਨ ਨੇ ਕਿਹਾ ਕਿ ਸੁਲਤਾਨਗੰਜ ਬੁੱਧ ਨੂੰ ਵਾਪਸ ਕਰਨ ਲਈ ਅਧਿਕਾਰਿਕ ਤੌਰ 'ਤੇ ਕੋਈ ਗੁਜ਼ਾਰਿਸ਼ ਹੀ ਨਹੀਂ ਮਿਲੀ ਹੈ।

### ਕੋਹਿਨੂਰ ਦਾ ਨੂਰ

ਇਹ 105 ਕੈਰੇਟ ਦਾ ਹੀਰਾ ਹੈ।

ਭਾਰਤ ਦੀ ਗੋਲਕੁੰਡਾ ਖਾਣ 'ਚੋਂ ਨਿਕਲਿਆ।

1737 ਈ. ਵਿੱਚ ਦਿੱਲੀ ਦੀ ਲੁੱਟ ਦੇ ਸਮੇਂ ਨਾਦਰਸ਼ਾਹ ਦੇ ਹੱਥ ਲੱਗ ਗਿਆ ਸੀ।

1813 ਵਿੱਚ ਪੰਜਾਬ ਦੇ ਮਹਾਰਾਜਾ ਰਣਜੀਤ ਸਿੰਘ ਨੂੰ ਮਿਲਿਆ।

1849 ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਜਦੋਂ ਈਸਟ ਇੰਡੀਆ ਕੰਪਨੀ ਨੇ ਪੰਜਾਬ 'ਤੇ ਕਬਜ਼ਾ ਕੀਤਾ ਤਾਂ ਇਸ ਹੀਰੇ ਨੂੰ ਉਸ ਸਮੇਂ ਦੀ ਮਹਾਰਾਣੀ ਵਿਕਟੋਰੀਆ ਨੂੰ ਭੇਂਟ ਕਰ ਦਿੱਤਾ ਗਿਆ।

## ਹਰ ਤੀਸਰੇ ਦੇਸ਼ ਵਿਚ ਅਮਰੀਕੀ ਵਿਸ਼ੇਸ ਬਲ ਤਾਇਨਾਤ

ਵਾਸ਼ਿੰਗਟਨ-ਨ ਦ ਬ-ਅਲਕਾਇਦਾ ਖਿਲਾਫ ਜੰਗ ਦੇ ਨਾਂ 'ਤੇ ਅਮਰੀਕਾ ਦੁਨੀਆ ਵਿਚ ਆਪਣੀ ਦਖਲਅੰਦਾਜ਼ੀ ਵਧਾ ਰਿਹਾ ਹੈ। ਖਬਰ ਹੈ ਕਿ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਅਲਕਾਇਦਾ ਅਤੇ ਹੋਰ ਅਤਿਵਾਦੀ ਸੰਗਠਨਾਂ ਖਿਲਾਫ ਵਿਆਪਕ 'ਖੁਫੀਆ ਜੰਗ' ਤਹਿਤ ਦੁਨੀਆ ਦੇ 75 ਦੇਸ਼ਾਂ ਵਿਚ ਅਮਰੀਕੀ ਵਿਸ਼ੇਸ਼ ਬਲ ਤਾਇਨਾਤ ਕਰਨ ਦੀ ਗੁਪਤ ਤੌਰ 'ਤੇ ਮਨਜ਼ੂਰੀ ਦੇ ਦਿੱਤੀ ਹੈ। 'ਵਾਸ਼ਿੰਗਟਨ ਪੋਸਟ' ਵਿਚ ਛਪੀ ਇਕ ਰਿਪੋਰਟ ਅਨੁਸਾਰ ਓਬਾਮਾ ਦੇ ਅਮਰੀਕੀ ਰਾਸ਼ਟਰਪਤੀ ਦਾ ਅਹੁਦਾ ਸੰਭਾਲਣ ਤੋਂ ਪਹਿਲਾਂ ਦੁਨੀਆ ਦੇ 60 ਦੇਸ਼ਾਂ ਵਿਚ ਵਿਸ਼ੇਸ਼ ਅਮਰੀਕੀ ਬਲ ਤਾਇਨਾਤ ਸਨ। ਪਰ ਹੁਣ ਇਹ ਸੰਖਿਆ ਵਧ ਕੇ 75 ਹੋ ਗਈ ਹੈ। ਵਿਸ਼ਵ ਵਿਚ ਕਰੀਬ 220 ਦੇਸ਼ ਹਨ। ਇਸ ਲਿਹਾਜ ਨਾਲ ਦੇਖੀਏ ਤਾਂ ਹੁਣ ਦੁਨੀਆ ਦੇ ਹਰ ਤੀਸਰੇ ਦੇਸ਼ ਵਿਚ ਅਮਰੀਕੀ ਫੌਜ ਕਿਸੇ ਨਾ ਕਿਸੇ ਰੂਪ ਵਿਚ ਤਾਇਨਾਤ ਹੈ।

ਅਖ਼ਬਾਰ ਮੁਤਾਬਕ ਸਾਬਕਾ ਬੁਸ਼ ਪ੍ਰਸ਼ਾਸਨ ਦੇ ਮੁਕਾਬਲੇ ਜਨਤਕ ਤੌਰ 'ਤੇ ਓਬਾਮਾ ਦੀ ਪਛਾਣ ਕੌਮਾਂਤਰੀ ਪੱਧਰ 'ਤੇ ਵੱਖ ਵੱਖ ਮਸਲੇ ਹਲ ਕਰਨ ਲਈ ਵਿਸ਼ਵੀ ਸਹਿਯੋਗਤਾ ਅਤੇ ਕੂਟਨੀਤੀ 'ਤੇ ਜ਼ਿਆਦਾ ਜ਼ੋਰ ਦੇਣ ਦੀ ਹੈ। ਪਰ ਇਹ ਜਾਣਕਾਰੀ ਸਾਹਮਣੇ ਆਈ ਹੈ ਕਿ ਓਬਾਮਾ ਨੇ ਵੱਖਵਾਦੀ ਸੰਗਠਨਾਂ, ਖਾਸ ਤੌਰ 'ਤੇ ਅਲਕਾਇਦਾ ਖਿਲਾਫ ਮੁਹਿੰਮ ਅਤੇ ਅਤਿਵਾਦੀਆਂ ਦੇ ਸਫਾਏ ਲਈ ਵੱਖ ਵੱਖ ਦੇਸ਼ਾਂ ਵਿਚ ਅਮਰੀਕੀ ਵਿਸ਼ੇਸ਼ ਬਲਾਂ ਦੀ ਸੰਖਿਆ ਵਧਾਉਣ 'ਤੇ ਜ਼ੋਰ ਦਿੱਤਾ ਹੈ। ਓਬਾਮਾ ਨੇ ਪਿਛਲੇ ਡੇਢ ਸਾਲ ਵਿਚ ਅਲਕਾਇਦਾ ਦੀ ਸਰਗਰਮੀ ਵਾਲੇ ਯਮਨ ਅਤੇ ਅਫਰੀਕਾ ਮਹਾਂਦੀਪ ਦੇ ਕਈ ਦੇਸ਼ਾਂ ਵਿਚ ਅਮਰੀਕੀ ਫੌਜੀਆਂ ਦੀ ਸੰਖਿਆ ਵਿਚ ਖਾਸਾ ਵਾਧਾ ਕੀਤਾ ਹੈ। ਪੱਛਮੀ ਅਤੇ ਮੱਧ ਏਸ਼ੀਆ ਵਿਚ ਵੀ ਅਮਰੀਕੀ ਖੁਫੀਆ ਬਲਾਂ ਦੀ ਸੰਖਿਆ ਵਧਾਈ ਗਈ ਹੈ। ਵੱਖ ਵੱਖ ਦੇਸ਼ਾਂ ਵਿਚ ਅਮਰੀਕੀ ਵਿਸ਼ੇਸ਼ ਬਲਾਂ ਦੇ ਕਰੀਬ 13 ਹਜ਼ਾਰ ਜਵਾਨ ਹਨ। ਇਨ੍ਹਾਂ ਵਿਚੋਂ ਨੌਂ ਹਜ਼ਾਰ ਇਕੱਲੇ ਅਫਗਾਨਿਸਤਾਨ ਅਤੇ ਪਾਕਿਸਤਾਨ ਵਿਚ ਮੌਜੂਦ ਹਨ।



ਅਖ਼ਬਾਰ ਦਾ ਕਹਿਣਾ ਹੈ ਕਿ ਓਬਾਮਾ ਨੇ ਵਿੱਤੀ ਸਾਲ 2011 ਲਈ ਵਿਸ਼ੇਸ਼ ਮੁਹਿੰਮਾਂ ਦੇ ਬਜਟ ਵਿਚ 5.7 ਫੀਸਦੀ ਵਾਧਾ ਕਰਨ ਲਈ ਕਿਹਾ ਹੈ। 2010 ਵਿਚ ਓਬਾਮਾ ਪ੍ਰਸ਼ਾਸਨ ਨੇ ਇਸ ਮਦ ਵਿਚ 6.3 ਅਰਬ ਡਾਲਰ ਖਰਚ ਕੀਤੇ। ਅਖ਼ਬਾਰ ਅਨੁਸਾਰ ਓਬਾਮਾ ਨੇ ਅਤਿਵਾਦੀ ਸਾਜ਼ਿਸ਼ਾਂ ਦੀ ਸੂਹ ਮਿਲਦੇ ਹੀ ਵਿਸ਼ੇਸ਼ ਬਲਾਂ ਨੂੰ ਪਹਿਲਾਂ ਹੀ ਹਮਲਾ ਬੋਲਣ ਦੀ ਮਨਜ਼ੂਰੀ ਦੇ ਦਿੱਤੀ ਹੈ। ਜ਼ਿਕਰਯੋਗ ਹੈ ਕਿ ਬੁਸ਼ ਪ੍ਰਸ਼ਾਸਨ ਦੌਰਾਨ ਅਮਰੀਕੀ ਬਲਾਂ ਨੂੰ ਅਜਿਹੀ ਮਨਜ਼ੂਰੀ ਨਹੀਂ ਦਿੱਤੀ ਗਈ ਸੀ।

# ਪੰਜਾਬ ਦੇ ਕਬੂਤਰਬਾਜ਼ਾਂ ਦਾ ਹਰਿਆਣਾ ਵਿੱਚ ਡੇਰਾ

## ਜਲੰਧਰ ਤੋਂ ਭੱਜੇ ਦੋ ਏਜੰਟਾਂ ਦੀ ਗ੍ਰਿਫ਼ਤਾਰੀ ਤੋਂ ਹੋਇਆ ਖੁਲਾਸਾ

ਰਵੀ ਸ਼ਰਮਾ- ਚੰਡੀਗੜ੍ਹ

ਵਿਦੇਸ਼ ਭੇਜਣ ਦੇ ਨਾਂ ਉਤੇ ਨੌਜਵਾਨਾਂ ਨੂੰ ਠੱਗਣ ਦੇ ਲਈ ਬਦਨਾਮ ਹੋ ਚੁੱਕੇ ਪੰਜਾਬ ਦੇ ਕਈ ਏਜੰਟਾਂ ਨੇ ਹੁਣ ਅਪਣੀਆਂ ਨਜ਼ਰਾਂ ਹਰਿਆਣੇ ਵਿੱਚ ਗੱਡ ਦਿੱਤੀਆਂ ਹਨ। ਵਿਦੇਸ਼ਾਂ ਵਿੱਚ ਨੌਕਰੀ ਪਾਉਣ ਦੀ ਹੋੜ ਤੋਂ ਹੁਣ ਤੱਕ ਬਚੇ ਹਰਿਆਣਾ ਦੇ ਨੌਜਵਾਨਾਂ ਨੂੰ ਇਹਨਾਂ ਨੇ ਅਪਣਾ ਸ਼ਿਕਾਰ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਹਰਿਆਣਾ ਪੁਲਿਸ ਨੇ ਜ਼ਿਲ੍ਹਿਆਂ ਵਿੱਚ ਰਿਪੋਰਟ ਅਨੁਸਾਰ ਅਜਿਹੇ ਏਜੰਟਾਂ ਦੀ ਸੂਚੀ ਤਿਆਰ ਕਰ ਰੱਖੀ ਹੈ ਅਤੇ ਉਹ ਉਪਰ ਨਜ਼ਰ ਰੱਖ ਰਹੀ ਹੈ।



ਵਿਦੇਸ਼ਾਂ ਵਿੱਚ ਨੌਕਰੀ ਦਾ ਝਾਂਸਾ ਦੇ ਕੇ ਨੌਜਵਾਨਾਂ ਕੋਲੋਂ ਲੱਖਾਂ ਰੁਪਏ ਲੁੱਟਣ ਅਤੇ ਨਕਲੀ ਵੀਜ਼ਾ ਲਾ ਕੇ ਦੇਣ ਵਾਲੇ ਏਜੰਟਾਂ ਦੀ ਮਨਪਸੰਦ ਥਾਂ ਪੰਜਾਬ ਹੀ ਰਿਹਾ ਹੈ। ਕਿਉਂਕਿ ਪੰਜਾਬੀ ਨੌਜਵਾਨ ਜ਼ਿਆਦਾ ਹੀ ਵਿਦੇਸ਼ਾਂ ਵਿੱਚ ਵਸਣ ਲਈ ਉਤਾਵਲੇ ਹਨ। ਹੁਣ ਹਰਿਆਣੇ ਦੇ ਨੌਜਵਾਨ ਵੀ ਇਸ ਚੀਜ਼ ਦੀ ਹੀ ਲਾਲਸਾ ਦਿਖਾ ਰਹੇ ਹਨ, ਜਿਸਦਾ ਫ਼ਾਇਦਾ ਉਠਾਉਂਦੇ ਹੋਏ ਪੰਜਾਬ ਦੇ ਏਜੰਟਾਂ ਨੇ ਅਪਣਾ ਨੈੱਟਵਰਕ ਹਰਿਆਣੇ ਵਿੱਚ ਵੀ ਫੈਲਾਅ ਰੱਖਿਆ ਹੈ। ਕਈ ਨੌਜਵਾਨ ਇਹਨਾਂ ਏਜੰਟਾਂ ਦਾ ਸ਼ਿਕਾਰ ਵੀ ਹੋ ਚੁੱਕੇ ਹਨ। ਇਸਦਾ ਖੁਲਾਸਾ ਪਿਛਲੇ ਦਿਨੀਂ ਉਸ ਸਮੇਂ ਹੋਇਆ ਜਦੋਂ ਹਰਿਆਣਾ ਦੀ ਪੁਲਿਸ ਨੇ ਅਜਿਹੇ ਗਿਰੋਹ ਦੇ ਦੋ ਮੈਂਬਰਾਂ ਨੂੰ ਅੰਬਾਲਾ ਦੇ ਰੇਲਵੇ ਸਟੇਸ਼ਨ ਤੋਂ ਗ੍ਰਿਫ਼ਤਾਰ ਕੀਤਾ। ਇਹ ਏਜੰਟ ਅੰਮ੍ਰਿਤਸਰ ਦੇ ਰਹਿਣ ਵਾਲੇ ਹਨ ਅਤੇ ਜਲੰਧਰ ਪੁਲਿਸ ਨੂੰ ਵੀ ਇਹਨਾਂ ਦੀ ਭਾਲ ਸੀ। ਜਲੰਧਰ ਤੋਂ ਫਰਾਰ ਹੋਣ ਤੋਂ ਬਾਅਦ ਇਹਨਾਂ ਨੇ ਅੰਬਾਲਾ ਵਿਖੇ ਮਹੇਸ਼ਨਗਰ ਵਿੱਚ ਅਪਣਾ ਦਫ਼ਤਰ ਖੋਲ੍ਹ ਰੱਖਿਆ ਸੀ। ਪੁਲਿਸ ਮੁਤਾਬਕ ਇਹਨਾਂ ਉੱਪਰ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਦੇ 90 ਲੜਕੇ-ਲੜਕੀਆਂ ਤੋਂ ਕਰੀਬ ਢਾਈ ਕਰੋੜ ਰੁਪਏ ਠੱਗ ਲੈਣ ਦਾ ਇਲਜ਼ਾਮ ਹੈ।

ਹਰਿਆਣਾ ਵਿਦੇਸ਼ ਰੋਜ਼ਗਾਰ ਬਿਊਰੋ ਦੇ ਕਾਰਜਕਾਰੀ ਅਧਿਕਾਰੀ ਅਸ਼ੋਕ ਸ਼ਰਮਾ ਦੇ ਮੁਤਾਬਿਕ ਕੁੱਝ ਸਮੇਂ ਤੋਂ ਹਰਿਆਣਾ ਦੇ ਨੌਜਵਾਨਾਂ ਵਿੱਚ ਵਿਦੇਸ਼ ਰੋਜ਼ਗਾਰ ਦੀ ਚਾਹਤ ਵੱਧ ਗਈ ਹੈ। ਹਰਿਆਣਾ ਸਰਕਾਰ ਨੇ ਅਜਿਹੇ ਨੌਜਵਾਨਾਂ ਲਈ ਇਹ ਬਿਊਰੋ ਖੋਲ੍ਹ ਰੱਖਿਆ ਹੈ, ਪਰ ਏਜੰਟ ਛੇਤੀ ਤੋਂ ਛੇਤੀ ਵਿਦੇਸ਼ ਭੇਜਣ ਅਤੇ ਵਿਦੇਸ਼ ਜਾ ਕੇ ਤੁਰੰਤ ਨੌਕਰੀ ਮਿਲਣ ਦਾ ਭਰੋਸਾ ਦੇ ਕੇ ਉਹਨਾਂ ਨੂੰ ਅਪਣੇ ਜਾਲ ਵਿੱਚ ਫਸਾ ਲੈਂਦੇ ਹਨ ਜਦੋਂ ਕਿ ਬਿਊਰੋ ਨੌਕਰੀ ਦੇਣ ਵਾਲੀ ਕੰਪਨੀ ਦੀ ਪੂਰੀ ਜਾਂਚ-ਪੜਤਾਲ ਦੇ ਬਾਅਦ ਹੀ ਵੀਜ਼ਾ ਦੇਣ ਦੀ ਕਾਰਵਾਈ ਸ਼ੁਰੂ ਕਰਦਾ ਹੈ। ਸ਼ਰਮਾ ਦੇ ਮੁਤਾਬਿਕ ਪੰਜਾਬ ਤੋਂ ਆਏ ਏਜੰਟਾਂ ਨੇ ਖ਼ਾਸ ਤੌਰ ਤੇ ਉਹੀ ਇਲਾਕਾ ਚੁਣਿਆ ਹੈ ਜਿੱਥੇ ਪੰਜਾਬੀ ਅਤੇ ਸਿੱਖ ਵੱਧ ਹਨ ਤਾਂ ਕਿ ਉਹ ਪੰਜਾਬੀਆਂ ਦੀ ਤਰ੍ਹਾਂ ਉਹਨਾਂ ਨੂੰ ਵੀ ਅਪਣੇ ਜਾਲ ਵਿੱਚ ਫਸਾ ਸਕਣ। ਅੰਬਾਲਾ, ਯਮੁਨਾਨਗਰ, ਕਰਨਾਲ, ਪਾਣੀਪਤ ਅਤੇ ਸਿਰਸਾ ਵਰਗੇ ਜ਼ਿਲ੍ਹਿਆਂ ਵਿੱਚ 'ਵਿਦੇਸ਼ ਰੋਜ਼ਗਾਰ ਏਜੰਟਾਂ' ਦੀ ਗਿਣਤੀ ਅਚਾਨਕ ਵੱਧਦੀ ਹੀ ਜਾ ਰਹੀ ਹੈ।

# ਬਗੈਰ ਨੀਤੀ ਕਰੋੜਾਂ ਦੀ ਖ਼ਰੀਦ

ਅੰਮ੍ਰਿਤਸਰ -ਨ ਦ ਬਿਓਰੋ

ਅੰਮ੍ਰਿਤਸਰ ਅਤੇ ਬਟਾਲਾ ਵਿੱਚ ਆਇਰਨ ਦੀਆਂ ਗੋਲੀਆਂ ਖਾ ਕੇ ਬੀਮਾਰ ਹੋਏ ਬੱਚਿਆਂ ਨੇ ਸਰਕਾਰ ਦੀ ਨੀਂਦ ਉਡਾ ਦਿੱਤੀ ਹੈ। ਹਾਲਾਂਕਿ ਦਾਅਵਾ ਕੀਤਾ ਗਿਆ ਹੈ ਕਿ ਦਵਾਈਆਂ ਨਾ ਤਾਂ ਸਬਸਟੈਂਡਰਡ ਸਨ ਅਤੇ ਨਾ ਹੀ ਇਹਨਾਂ ਦੀ ਐਕਸਪਾਇਰੀ ਡੇਟ ਨਿਕਲੀ ਹੋਈ ਸੀ। ਇਸ ਤਰ੍ਹਾਂ ਬੱਚਿਆਂ ਦਾ ਬੀਮਾਰ ਹੋਣਾ ਸ਼ੱਕ ਪੈਦਾ ਕਰਦਾ ਹੈ ਕਿ ਦਵਾਈ ਦੀ ਖ਼ਰੀਦ ਸਮੇਂ ਕੋਈ ਨਾ ਕੋਈ ਗੜਬੜੀ ਜ਼ਰੂਰ ਹੋਈ ਹੈ। ਇਸ ਨਾਲ ਦਵਾਈ ਖ਼ਰੀਦ ਨੀਤੀ ਫੇਰ ਵਿਵਾਦਾਂ ਵਿੱਚ ਆ ਘਿਰੀ ਹੈ।

ਕਰੋੜਾਂ ਰੁਪਇਆਂ ਨਾਲ਼ ਖ਼ਰੀਦੀ ਜਾਣ ਵਾਲੀ ਦਵਾਈ, ਜੋ ਸਰਕਾਰੀ ਹਸਪਤਾਲਾਂ ਮੁਫ਼ਤ ਦਿੱਤੀ ਜਾਂਦੀ ਹੈ, ਨੂੰ ਲੈ ਕੇ ਸਰਕਾਰ ਦੀ ਕੋਈ ਇੱਕ ਨੀਤੀ ਨਹੀਂ ਹੈ। ਇੱਥੇ ਵੱਡੇ ਪੱਧਰ 'ਤੇ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦਵਾਈਆਂ ਦੀ ਖ਼ਰੀਦ ਕਰਦੀ ਹੈ। ਸੀ.ਐਮ.ਓ ਅਤੇ ਐਸ.ਐਮ.ਓ ਪੱਧਰ ਉੱਤੇ ਵੀ ਕੋਟੇਸ਼ਨ ਦੇ ਜ਼ਰੀਏ ਲੋਕਲ ਕੰਪਨੀਆਂ ਭਾਵ ਕੈਮਿਸਟਾਂ ਤੋਂ ਦਵਾਈ ਖ਼ਰੀਦੀ ਜਾਂਦੀ ਹੈ। ਦਵਾਈ ਖ਼ਰੀਦ ਨੂੰ ਲੈ ਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੱਕ ਪ੍ਰੇਸ਼ਾਨ ਹਨ ਪਰ ਛੋਟੀਆਂ ਅਤੇ ਮਲਟੀਨੈਸ਼ਨਲ ਕੰਪਨੀਆਂ ਦੇ ਦਬਾਅ ਤੋਂ ਇਲਾਵਾ ਸਰਹੱਦ ਨਾਲ ਜੁੜੇ ਹਿਮਾਚਲ ਪ੍ਰਦੇਸ਼ ਵਿੱਚ ਲੱਗੀਆਂ ਦਵਾਈ ਦੀਆਂ ਕੰਪਨੀਆਂ ਵੀ ਸਿਰਦਰਦ ਬਣੀਆਂ ਹੋਈਆਂ ਹਨ।

ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਹਰ ਸਾਲ ਟੈਂਡਰ ਜ਼ਰੀਏ 15 ਕਰੋੜ ਰੁਪਏ ਦੀ ਦਵਾਈ ਖਰੀਦਦੀ ਹੈ। ਸਿਹਤ ਵਿਭਾਗ ਦੇ ਡਾਇਰੈਕਟਰ ਪੱਧਰ 'ਤੇ ਵੀ ਦਵਾਈ ਦੀ ਖ਼ਰੀਦ ਦੇ ਲਈ 10 ਕਰੋੜ ਦਾ ਬਜਟ ਦਿੱਤਾ ਜਾਂਦਾ ਹੈ। ਇਸ ਵਿੱਚੋਂ ਸਾਢੇ ਸੱਤ ਕਰੋੜ ਡਾਇਰੈਕਟਰ ਪੱਧਰ 'ਤੇ ਅਤੇ ਢਾਈ ਕਰੋੜ ਸੀ.ਐਮ.ਓ ਪੱਧਰ 'ਤੇ ਦਵਾਈ ਖ਼ਰੀਦਣ ਲਈ ਖ਼ਰਚ ਕੀਤੇ ਜਾਂਦੇ ਹਨ। ਹਸਪਤਾਲਾਂ ਵਿੱਚ ਇਕੱਠੇ ਹੋਣ ਵਾਲੇ 18 ਕਰੋੜ ਦੇ ਯੂਜ਼ਰ ਚਾਰਜ਼ਜ ਵਿੱਚੋਂ ਵੀ 45 ਫੀਸਦੀ ਦਵਾਈ ਖ਼ਰੀਦਣ 'ਤੇ ਖ਼ਰਚ ਕੀਤੇ ਜਾਂਦੇ ਹਨ। ਹਾਲਾਂਕਿ ਹਰ ਐਸ.ਐਮ.ਓ ਦੇ ਕੋਲੋਂ 4000 ਹਜ਼ਾਰ ਰੁਪਏ ਦੀ ਦਵਾਈ ਖਰੀਦਣ ਦੀ ਪਾਵਰ ਹੈ ਪਰ ਇਹ 3900-3900 ਦੇ ਬਿਲ ਬਣਾ ਕੇ ਕਈ ਵਾਰ ਲੋਕਲ ਕੈਮਿਸਟਾਂ ਤੋਂ ਦਵਾਈ ਖਰੀਦਦੇ ਹਨ। ਜਿਸ ਵਿੱਚ ਭਾਰੀ ਘਪਲੇਬਾਜ਼ੀ ਹੋਣ ਦੀਆਂ ਸ਼ਿਕਾਇਤਾਂ ਅਕਸਰ ਆਉਂਦੀਆਂ ਹੀ ਰਹਿੰਦੀਆਂ ਹਨ। ਇੱਕ ਜਾਂਚ ਦੇ ਦੌਰਾਨ ਤਰਨਤਾਰਨ ਅਤੇ ਅਜਨਾਲਾ ਵਿੱਚ ਇਸ ਤਰ੍ਹਾਂ ਦੇ ਕੇਸ ਸਾਹਮਣੇ ਆਏ ਹਨ।

# 'ਸਿੱਖ ਇਤਿਹਾਸ' ਨਾਲ ਸਬੰਧਤ ਦਸਤਾਵੇਜ਼ ਸ਼੍ਰੋਮਣੀ ਕਮੇਟੀ ਦਫ਼ਤਰ 'ਚੋਂ ਗਾਇਬ

ਅੰਮ੍ਰਿਤਸਰ -ਨ ਦ ਬਿਊਰੋ

ਸ਼੍ਰੋਮਣੀ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਪ੍ਰਕਾਸ਼ਤ ਕੀਤੀ ਗਈ 'ਸਿੱਖ ਇਤਿਹਾਸ (ਹਿੰਦੀ)' ਨਾਲ ਸਬੰਧਤ ਕਿਤਾਬ ਦੇ ਰਿਕਾਰਡ ਨੂੰ ਲੱਭਣ 'ਚ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੂੰ ਕਾਫ਼ੀ ਔਖ ਆ ਰਹੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਵੱਲੋਂ ਕਿਤਾਬ ਸਬੰਧੀ ਪੂਰੀ ਜਾਂਚ ਕਰਨ ਦੇ ਹੁਕਮ ਦਿੱਤੇ ਹੋਏ ਸਨ ਤੇ ਇਸ ਦੇ ਨਾਲ ਹੀ ਉਹਨਾਂ ਭਵਿੱਖ 'ਚ ਕੋਈ ਵੀ ਪ੍ਰਕਾਸ਼ਤ ਹੋਣ ਵਾਲੀ ਪੁਸਤਕ ਸਬੰਧੀ ਵਿਦਵਾਨਾਂ ਦੀ ਘੋਖ ਕਮੇਟੀ ਦਾ ਵੀ ਗਠਨ ਕੀਤਾ ਹੋਇਆ ਸੀ। ਪਿਛਲੇ ਕੁੱਝ ਦਿਨਾਂ ਤੋਂ ਮੁੜ ਕਿਤਾਬ ਦਾ ਮਾਮਲਾ ਸਿੱਖ ਹਲਕਿਆਂ 'ਚ ਚਰਚਾ ਦਾ ਵਿਸ਼ਾ ਬਣ ਜਾਣ ਕਾਰਨ ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰੀਆਂ ਨੂੰ ਚੇਤਾ ਆਇਆ ਕਿ ਪ੍ਰਧਾਨ ਵੱਲੋਂ ਇਸ ਸਬੰਧੀ ਪੜਤਾਲ ਕਰਨ ਦੇ ਹੁਕਮ ਦਿੱਤੇ ਹੋਏ ਹਨ। ਹੁਣ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਵੱਲੋਂ ਕਿਤਾਬ ਸਬੰਧੀ ਪੜਤਾਲ ਦੀ ਰਿਪੋਰਟ ਸ਼ੋਮਣੀ ਕਮੇਟੀ ਦੇ ਸਕੱਤਰ ਜੋਗਿੰਦਰ ਸਿੰਘ ਅਦਲੀਵਾਲ ਤੇ ਹੋਰ ਸਬੰਧਤ ਅਧਿਕਾਰੀਆਂ ਤੋਂ ਮੰਗੀ ਤਾਂ ਉਹਨਾਂ ਸਪੱਸ਼ਟ ਜਵਾਬ ਦਿੱਤਾ ਕਿ ਉਹਨਾਂ ਨੂੰ ਅਜੇ ਤੱਕ ਇਸ ਕਿਤਾਬ ਨਾਲ ਸਬੰਧਤ ਕੋਈ ਵੀ ਰਿਕਾਰਡ ਨਹੀਂ ਮਿਲ ਰਿਹਾ। ਉਹਨਾਂ ਇਹ ਵੀ ਕਿਹਾ ਕਿ ਉਹਨਾਂ ਵੱਲੋਂ ਜਾਂਚ ਲਈ ਜਾਰੀ ਕੀਤੀ ਗਈ ਚਿੱਠੀ ਵੀ ਨਹੀਂ ਮਿਲ ਰਹੀ। ਇਸ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਮੱਕੜ ਕਾਫ਼ੀ ਖਫਾ ਨਜ਼ਰ ਆਏ । ਉਹਨਾਂ ਜਾਣਕਾਰੀ ਦਿੱਤੀ ਕਿ ਇਸ ਸਬੰਧੀ ਉਹਨਾਂ ਮੁੜ ਜਾਂਚ ਦੇ ਹੁਕਮ ਦੇ ਦਿੱਤੇ ਹਨ।

ਉਪਰੋਕਤ ਵਿਵਾਦਗ੍ਰਸਤ ਕਿਤਾਬ ਦਾ ਮੁੱਦਾ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਵੀ ਬੜੀ ਗੰਭੀਰਤਾ ਨਾਲ ਲਿਆ ਗਿਆ ਸੀ ਅਤੇ ਇਸ ਸਬੰਧੀ ਉਸ ਸਮੇਂ ਦੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਵੱਲੋਂ ਇੱਕ ਚਿੱਠੀ ਲਿਖ ਕੇ ਸ਼੍ਰੋਮਣੀ ਕਮੇਟੀ ਨੂੰ ਹਦਾਇਤ ਕੀਤੀ ਗਈ ਸੀ ਕਿ ਉਹ ਇਸਦੀ ਜਾਂਚ ਰਿਪੋਰਟ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਦੇਣ ਪਰ ਕੁਝ ਸਮੇਂ ਬਾਅਦ ਹੀ ਇਸ ਕਿਤਾਬ ਦਾ ਮਸਲਾ ਠੰਡੇ ਬਸਤੇ 'ਚ ਚਲੇ ਜਾਣ ਕਾਰਨ ਅਤੇ ਮੌਜੂਦਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਕੋਈ ਵੀ ਯਾਦ ਪੱਤਰ ਨਾ ਭੇਜੇ ਜਾਣ ਕਾਰਨ ਇਸ ਕਿਤਾਬ ਨਾਲ ਸਬੰਧਤ ਦਸਤਾਵੇਜ਼ਾਂ ਨੂੰ ਲੱਭਣ ਦੀ ਕੋਸ਼ਿਸ਼ ਨਹੀਂ ਸੀ ਕੀਤੀ ਗਈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਦੇ ਕਾਰਜਕਾਲ ਦੌਰਾਨ ਸਿੱਖ ਇਤਿਹਾਸ ਨਾਲ ਸਬੰਧਤ ਕਿਤਾਬ ਦਾ ਇੱਕ ਹੋਰ ਕਿਤਾਬ ਤੋਂ ਹਿੰਦੀ 'ਚ ਅਨੁਵਾਦ ਕੀਤਾ ਸੀ। ਇਸ ਵਿੱਚ ਸਿੱਖ ਗੁਰੂ ਸਹਿਬਾਨ ਤੇ ਸਿੱਖ ਇਤਿਹਾਸ ਬਾਰੇ ਤੱਥ ਤੋੜ ਮਰੋੜ ਕੇ ਪੇਸ਼ ਕੀਤੇ ਜਾਣ ਨੂੰ ਲੈ ਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਕਿਤਾਬ ਦੇ ਕੁੱਝ ਹਿੱਸੇ ਨੂੰ ਇਸ਼ਤਿਹਾਰ ਦੇ ਰੂਪ 'ਚ ਪ੍ਰਕਾਸ਼ਤ ਕਰਨ ਦੇ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਿੱਲੀ ਕਮੇਟੀ ਨੂੰ ਕਟਹਿਰੇ 'ਚ ਖੜ੍ਹਾ ਕਰ ਦਿੱਤਾ ਸੀ।

ਚਰਚਾ 'ਚ

ਪੰਜਾਬ ਪਾਲ

# ਸਿਆਸੀ ਮੁਹਾਜ਼ ਠੰਡਾ ; ਜਨਤਕ ਮੁਹਾਜ਼ ਗਰਮ

ਅਤਿ ਦੀ ਗਰਮੀ ਦੇ ਬਾਵਜੂਦ ਇਨ੍ਹੀਂ ਦਿਨੀਂ ਪੰਜਾਬ ਦਾ ਸਿਆਸੀ ਮੁਹਾਜ਼ ਠੰਡਾ ਹੈ। ਹਾਕਮ ਤੇ ਵਿਰੋਧੀ ਧਿਰਾਂ ਦੀ ਗਰਮਾ-ਗਰਮ ਬਿਆਨਬਾਜ਼ੀ ਸੁਣਨ ਨੂੰ ਨਹੀਂ ਮਿਲ ਰਹੀ। ਹਾਕਮ ਪਾਰਟੀ ਦਾ ਸੁਪਰੀਮੋ ਪਰਿਵਾਰ ਅਪਣੇ ਪਰਿਵਾਰਕ ਮਾਮਲਿਆਂ ਵਿੱਚ ਰੁੱਝਿਆ ਹੋਇਆ ਹੈ, ਇਸ ਲਈ ਰਾਜਨੀਤੀ ਵੀ ਇੱਕ ਪਰਿਵਾਰਕ ਮਾਮਲਾ ਹੀ ਹੈ। ਸ਼੍ਰੀਮਤੀ ਸੁਰਿੰਦਰ ਕੌਰ ਬਾਦਲ ਦਾ ਅਮਰੀਕਾ ਦੇ ਕਿਸੇ ਹਸਪਤਾਲ 'ਚ ਇਲਾਜ ਚੱਲ ਰਿਹਾ ਹੈ। ਇਸੇ ਸਿਲਸਿਲੇ 'ਚ ਛੋਟਾ ਤੇ ਵੱਡਾ ਬਾਦਲ ਆਏ ਦਿਨ ਅਮਰੀਕਾ ਫੇਰੀ 'ਤੇ ਰਹਿੰਦੇ ਹਨ। ਦੂਜੇ ਪਾਸੇ ਵਿਰੋਧੀ ਧਿਰ ਕਾਂਗਰਸ ਅਪਣੇ ਸੰਭਾਵੀ ਸੂਬਾਈ ਪ੍ਰਧਾਨ ਦੇ ਮਾਮਲੇ 'ਚ ਉਲਝੀ ਹੋਈ ਹੈ। ਇੱਕ ਵਾਰ ਫਿਰ ਕੈਪਟਨ ਅਮਰਿੰਦਰ ਸਿੰਘ ਦੇ ਖ਼ਿਲਾਫ਼ ਬਾਕੀ ਦੇ ਲੱਗਭਗ ਸਾਰੇ ਸੂਬਾਈ ਨੇਤਾ ਇੱਕਮੁੱਠਤਾ ਦਾ ਪ੍ਰਗਟਾਵਾ ਕਰ ਰਹੇ ਹਨ। ਇਸ ਸਥਿਤੀ 'ਚ ਹਾਕਮ ਤੇ ਵਿਰੋਧੀ ਧਿਰਾਂ ਫ਼ਿਲਹਾਲ ਆਪੋ-ਅਪਣੇ ਖੇਮਿਆਂ 'ਚ ਅਪਣੀ ਅੰਦਰੂਨੀ ਰਾਜਨੀਤੀ ਕਰ ਰਹੀਆਂ ਹਨ। ਆਉਂਦੇ ਸਾਲ ਤੱਕ ਸਥਿਤੀ ਸ਼ਾਇਦ ਇਵੇਂ ਬਣੀ ਰਹੇ।

ਦੂਜੇ ਪਾਸੇ ਜਨਤਕ ਮੁਹਾਜ਼ ਗਰਮ ਹੈ। ਇਸ ਮੁਹਾਜ਼ 'ਤੇ ਅਵਾਮੀ ਜੱਥੇਬੰਦੀਆਂ ਮਿਹਨਤਕਸ਼ ਵਰਗਾਂ ਦੀਆਂ ਸਮੱਸਿਆਵਾਂ ਤੇ ਮੰਗਾਂ ਨੂੰ ਲਗਾਤਾਰ ਉਭਾਰ ਰਹੀਆਂ ਹਨ। ਨੌਜਵਾਨ ਟੈਂਕੀਆਂ 'ਤੇ ਚੜ੍ਹਕੇ ਅਪਣੇ ਰੋਸ ਤੇ ਰੋਹ ਦਾ ਪ੍ਰਗਟਾਵਾ ਕਰ ਰਹੇ ਹਨ। ਜਗਰਾਉਂ ਦੀ 'ਲਲਕਾਰ ਰੈਲੀ' ਦੀ ਸਫ਼ਲਤਾ ਤੋਂ ਉਤਸ਼ਾਹਿਤ ਬਾਈ ਜਥੇਬੰਦੀਆਂ ਦੀ ਸਾਂਝੀ ਕਮੇਟੀ ਨੇ ਹੁਣ ਮੋਗੇ 'ਸੰਗਰਾਮ ਰੈਲੀ' ਕੀਤੀ ਹੈ।

ਜਨਤਕ ਮੁਹਾਜ਼ ਦੀਆਂ ਸਰਗਰਮੀਆਂ ਨਾਲ ਜਿੱਥੇ ਸਰਕਾਰ ਉੱਪਰ ਲੋਕਾਂ ਦਾ ਦਬਾਅ ਕਾਇਮ ਹੋਵੇਗਾ, ਉੱਥੇ ਪੰਜਾਬ ਨੂੰ ਨਵੀਂ ਰਾਜਸੀ ਲੀਡਰਸ਼ਿਪ ਮਿਲਣ ਦੀਆਂ ਵੀ ਸੰਭਾਵਨਾਵਾਂ ਵੀ ਬਣੀਆਂ ਹਨ।

## ਚੋਣਾਂ ਦੀਆਂ ਮਸ਼ਕਾਂ

ਸਿੱਖਾਂ ਦੀ ਮਿੰਨੀ ਪਾਰਲੀਮੈਂਟ ਅਖਵਾਉਂਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਸਬੰਧੀ ਅਨਿਸ਼ਚਿਤਤਾ ਹੌਲੀ-ਹੌਲੀ ਖ਼ਤਮ ਹੁੰਦੀ ਜਾ ਰਹੀ ਹੈ। ਉਮੀਦ ਹੈ ਇਹ ਚੋਣਾਂ ਆਉਂਦੇ ਵਰ੍ਹੇ ਕਰਵਾ ਦਿੱਤੀਆਂ ਜਾਣਗੀਆਂ। ਵੋਟਰ ਸੂਚੀਆਂ ਦੀ ਸੁਧਾਈ ਤੇ ਨਵੀਆਂ ਵੋਟਾਂ ਬਣਾਉਣ ਦਾ ਅਮਲ ਸ਼ੁਰੂ ਹੋ ਗਿਆ ਹੈ। ਗੁਰਦੁਆਰਾ ਚੋਣ ਕਮਿਸ਼ਨ ਦੇ ਹਰਕਤ ਵਿੱਚ ਆਉਣ ਨਾਲ ਹੀ, ਇਹਨਾਂ ਚੋਣਾਂ ਵਿੱਚ ਭਾਗ ਲੈਣ ਦੀਆਂ ਚਾਹਵਾਨ ਧਿਰਾਂ ਨੇ ਵੀ ਅਪਣੀ ਸਰਗਰਮੀ ਆਰੰਭ ਕਰ ਦਿੱਤੀ ਹੈ। ਇਸ ਵਾਰ ਦੀ ਚੋਣ ਵਿੱਚ ਸਹਿਜਧਾਰੀ ਵੋਟ ਦੇ ਹੱਕਦਾਰ ਨਹੀਂ ਹੋਣਗੇ। ਇਹ ਸ਼ਰਤ ਸਭ ਕੇਸਧਾਰੀ ਸਿੱਖਾਂ ਨੂੰ ਵੋਟ ਪਾਉਣ ਤੇ ਚੋਣ ਲੜਨ ਦਾ ਅਧਿਕਾਰ ਦਿੰਦੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ 'ਚ ਮੁਕਾਬਲਾ ਕਿਸ ਤਰ੍ਹਾਂ ਰਹੇਗਾ, ਇਸਦਾ ਪੂਰਵ ਅਨੁਮਾਨ ਲਗਾਉਣਾ ਜ਼ਰਾ ਔਖਾ ਹੈ, ਫਿਰ ਵੀ ਇਕ ਪਾਸੇ ਸ਼੍ਰੋਮਣੀ ਅਕਾਲੀ ਦਲ (ਬ) ਤਾਂ ਹੋਵੇਗੀ ਹੀ, ਦੂਜੇ ਪਾਸੇ ਸ਼ਾਇਦ ਕੋਈ ਮੋਰਚਾ ਗਠਿਤ ਹੋ ਜਾਵੇ। ਸਮੁੱਚੇ ਵਿਰੋਧੀਆਂ ਦਾ ਇੱਕ ਮੰਚ 'ਤੇ ਇਕੱਠੇ ਹੋਣਾ ਕੋਈ ਵੱਡੀ ਗੱਲ ਨਹੀਂ ਹੈ ਪਰ ਕੀ ਬਾਦਲ ਵਿਰੋਧ ਵਿੱਚ ਕਾਂਗਰਸ ਜਾਂ ਹੋਰ ਧਰਮ ਨਿਰਪੱਖ ਪਾਰਟੀਆਂ ਵੀ ਨਿੱਤਰਨਗੀਆਂ? ਕੁੱਝ ਵੀ ਹੋਵੇ ਕਾਂਗਰਸ ਸਮੇਤ ਲੱਗਭਗ ਸਾਰੀਆਂ ਧਰਮ ਨਿਰਪੱਖ ਪਾਰਟੀਆਂ ਚੋਣਾਂ ਤੋਂ ਦੂਰੀ ਬਣਾਕੇ ਵੀ ਅਜਿਹੇ ਯਤਨ ਜ਼ਰੂਰ ਕਰਨਗੀਆਂ, ਜਿਹਨਾਂ ਨਾਲ ਸ਼੍ਰੋਮਣੀ ਅਕਾਲੀ ਦਲ (ਬ) ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਲਾਂਭੇ ਕੀਤਾ ਜਾ ਸਕੇ। ਇਸ ਸਥਿਤੀ 'ਚ 'ਗੁਰਦਵਾਰਿਆਂ ਦੇ ਦੁਰਪ੍ਰਬੰਧ' ਦਾ ਮੁੱਦਾ ਮੁੱਖ ਚੋਣ ਮੁੱਦੇ ਵਜੋਂ ਉੱਭਰੇਗਾ ਤੇ ਸੱਤਾਧਾਰੀ ਧਿਰ ਵੱਲੋਂ ਇਹ ਮੁੱਦਾ ਉਭਾਰਨ ਵਾਲਿਆਂ ਉੱਪਰ ਕਾਂਗਰਸ ਦੇ 'ਏਜੰਟ' ਹੋਣ ਦਾ ਦੋਸ਼ ਮੜ੍ਹਿਆ ਜਾਵੇਗਾ।

## ਪਝੰਤਰ ਵਿੱਚੋਂ ਛਿਆਸੀ ਅੰਕ

ਪ੍ਰੀਖਿਆ ਤੇ ਉਹ ਵੀ ਇੱਕ ਵੱਡੇ ਸਰਕਾਰੀ ਅਦਾਰੇ 'ਪੰਜਾਬ ਸਕੂਲ ਸਿੱਖਿਆ ਬੋਰਡ' ਦੀ ਪੇਪਰ ਦੇ ਕੁੱਲ ਵੱਧ ਤੋਂ ਵੱਧ ਨਿਸ਼ਚਿਤ ਅੰਕ ਪਝੰਤਰ, ਇਸ ਵਿੱਚੋਂ ਬੋਰਡ ਦੀ ਅਪਾਰ ਕਿਰਪਾ ਸਦਕਾ ਪ੍ਰੀਖਿਆਰਥੀ ਨੂੰ ਮਿਲੇ ਪੂਰੇ ਛਿਆਸੀ ਅੰਕ। ਭਾਵ ਵੱਧ ਤੋਂ ਵੱਧ ਅੰਕਾਂ ਤੋਂ ਵੀ ਗਿਆਰਾਂ ਅੰਕ ਵੱਧ। ਪੰਜਾਬ ਸਕੂਲ ਸਿੱਖਿਆ ਬੋਰਡ ਨੇ ਇਹ ਕਾਰਨਾਮਾ ਅਪਣੀ ਬਾਰਵੀਂ ਸ਼੍ਰੇਣੀ ਦੀ ਮਾਰਚ 2010 ਦੀ ਵਾਰਸ਼ਿਕ ਪ੍ਰੀਖਿਆ ਦੇ ਨਤੀਜੇ ਘੋਸ਼ਿਤ ਕਰਨ ਸਮੇਂ ਦਿਖਾਇਆ ਹੈ। ਬੋਰਡ ਦੀ ਇਹ ਬਖ਼ਸ਼ਿਸ਼ ਜਿਸ ਪ੍ਰੀਖਿਆਰਥੀ 'ਤੇ ਹੋਈ ਹੈ ਉਹ ਵੀ ਕਿਸੇ ਆਮ ਰੈਂਕ ਜਾਂ ਮੈਰਿਟ ਦੀ ਵਿਦਿਆਰਥਣ ਨਹੀਂ, ਸਗੋਂ ਪੰਜਾਬ ਭਰ ਦੇ ਸਕੂਲਾਂ 'ਚੋਂ ਅੱਵਲ ਰਹਿਣ ਵਾਲੀ ਐਸ.ਡੀ. ਹਾਈ ਸਕੂਲ ਮੋਗਾ ਦੀ ਵਿਦਿਆਰਥਣ ਮੋਹਿਨੀ ਹੈ। ਅਵਲ ਰਹਿਣ ਵਾਲੀ ਵਿਦਿਆਰਥਣ ਦੀ ਅੰਕ-ਸੂਚੀ 'ਚ ਜੇਕਰ ਪੰਜਾਬ ਸਕੂਲ ਸਿੱਖਿਆ ਬੋਰਡ ਐਡੀ ਗੰਭੀਰ ਕੋਤਾਹੀ ਵਰਤ ਸਕਦਾ ਹੈ ਤਾਂ ਬਾਕੀ ਨਤੀਜੇ ਦਾ ਕੀ ਹਾਲ ਹੋਵੇਗਾ? ਫ਼ਿਲਹਾਲ ਮੋਹਿਨੀ ਦਾ ਨਤੀਜਾ ਬੋਰਡ ਵੱਲੋਂ ਰੋਕ ਲਿਆ ਗਿਆ ਹੈ। ਉਸਦੇ ਪੇਪਰਾਂ ਦੀ ਦੁਬਾਰਾ ਚੈਕਿੰਗ ਤੇ ਅੰਕਾਂ ਦੀ ਸੁਧਾਈ ਉਪਰੰਤ ਹੀ ਨਤੀਜਾ ਐਲਾਨਿਆ ਜਾਵੇਗਾ। ਬੋਰਡ ਅਧਿਕਾਰੀਆਂ ਨੇ ਅਪਣੀ ਸਫ਼ਾਈ 'ਚ ਇਸਨੂੰ ਕੰਪਿਊਟਰ ਅਪਰੇਟਰ ਦੀ ਗਲਤੀ ਕਿਹਾ ਹੈ, ਜਿਸ ਨੇ ਵਿਦਿਆਰਥਣ ਵੱਲੋਂ ਹਿੰਦੀ ਵਿੱਚੋਂ ਲਏ ਛਿਆਸੀ ਅੰਕਾਂ ਨੂੰ ਹੀ ਉਸਦੇ ਲਾਜ਼ਮੀ ਪੰਜਾਬੀ ਦੇ ਅੰਕਾਂ ਵਜੋਂ ਦੂਹਰਾ ਦਿੱਤਾ। ਖ਼ੈਰ, ਇਹ ਸਫ਼ਾਈ ਕੋਈ ਬਹੁਤੀ ਵਜ਼ਨਦਾਰ ਪ੍ਰਤੀਤ ਨਹੀਂ ਹੁੰਦੀ ਕਿਉਂਕਿ ਅੰਕ ਦਰਜ ਕਰਨ ਦਾ ਕੰਮ ਅੰਤਿਮ ਰੂਪ ਵਿੱਚ ਕੰਪਿਊਟਰ ਅਪਰੇਟਰ 'ਤੇ ਨਹੀਂ ਛੱਡਿਆ ਜਾਂਦਾ। ਲੋੜੀਂਦੀ ਚੈਕਿੰਗ ਤੇ ਦਰੁੱਸਤੀ ਉਪਰੰਤ ਹੀ ਅੰਤਮ ਰੂਪ ਵਿੱਚ ਨਤੀਜਾ ਕਾਰਡ ਤਿਆਰ ਹੁੰਦਾ ਹੈ। ਬੋਰਡ ਦੇ ਇਸ ਕਾਰਨਾਮੇ ਦੀ ਪ੍ਰਿੰਟ ਮੀਡੀਆ 'ਚ ਵਾਹਵਾ ਚਰਚਾ ਹੈ।

## ਨਮੂਨੇ ਫੇਲ੍ਹ

ਪੀਣ ਵਾਲੇ ਸਾਫ਼ ਪਾਣੀ ਦਾ ਸੰਕਟ ਹੁਣ ਪੂਰੇ ਪੰਜਾਬ ਦਾ ਸੰਕਟ ਬਣ ਗਿਆ ਹੈ, ਇਹ ਕਿਸੇ ਇੱਕ ਇਲਾਕੇ ਤੱਕ ਸੀਮਿਤ ਨਹੀਂ ਰਿਹਾ। ਪਹਿਲਾਂ ਇਹ ਸਮਝਿਆ ਜਾਂਦਾ ਸੀ ਕਿ ਪੰਜਾਬ ਦੇ ਕੁੱਝ ਇਲਾਕੇ ਦਾ ਪਾਣੀ ਖਾਰਾ ਹੈ ਤੇ ਕੁੱਝ ਇਲਾਕਿਆਂ ਵਿੱਚ ਪਾਣੀ ਉਪਲਬਧ ਨਹੀਂ ਹੈ। ਬਾਕੀ ਪੰਜਾਬ ਦਾ ਪਾਣੀ 'ਮਿੱਠਾ' ਹੈ ਤੇ ਯੋਗ ਮਾਤਰਾ ਵਿੱਚ ਉਪਲਬਧ ਵੀ ਹੈ ਪਰੰਤੂ ਤਾਜ਼ਾ ਰਿਪੋਰਟਾਂ ਅਨੁਸਾਰ ਪਾਣੀ ਦੀ ਪਰਖ ਦੇ ਜੋ ਨਤੀਜੇ ਸਾਹਮਣੇ ਆ ਰਹੇ ਹਨ, ਉਹਨਾਂ ਅਨੁਸਾਰ ਇਹ ਮਿੱਠਾ ਪਾਣੀ ਵੀ ਅਸ਼ੁੱਧ ਅਤੇ ਪੀਣ ਯੋਗ ਨਹੀਂ ਹੈ। ਨਿਸ਼ਚੇ ਹੀ ਪ੍ਰਦੂਸ਼ਿਤ ਜਲ ਪੰਜਾਬ ਦੀ ਇੱਕ ਵੱਡੀ ਸਮੱਸਿਆ ਬਣ ਰਿਹਾ ਹੈ। ਬੀਤੇ ਦਿਨੀਂ ਪੰਜਾਬ ਸਰਕਾਰ ਦੇ ਸਿਹਤ ਵਿਭਾਗ ਵੱਲੋਂ ਲੁਧਿਆਣਾ ਜ਼ਿਲ੍ਹੇ ਵਿੱਚ ਪੈਂਦੇ 41 ਸਰਕਾਰੀ ਹਾਈ ਸਕੂਲਾਂ ਦੇ ਪੀਣ ਵਾਲੇ ਪਾਣੀ ਦੇ ਨਮੂਨਿਆਂ ਦੀ ਪੜਤਾਲ ਕੀਤੀ ਗਈ ਤੇ ਸਾਰੇ ਹੀ ਨਮੂਨੇ ਫੇਲ੍ਹ ਹੋ ਗਏ। ਜ਼ਿਕਰਯੋਗ ਹੈ ਕਿ ਇਹਨਾਂ 41 ਨਮੂਨਿਆਂ ਵਿੱਚੋਂ 25 ਨਮੂਨੇ ਅਜਿਹੇ ਸਨ, ਜਿਹੜੇ ਸਮਰਸੀਬਲ ਪੰਪਾਂ ਦੇ ਸ੍ਰੋਤ ਤੋਂ ਲਏ ਗਏ ਸਨ। ਸਿਹਤ ਵਿਭਾਗ ਨੇ ਨਮੂਨਿਆਂ ਦੇ ਫੇਲ੍ਹ ਹੋਣ ਦਾ ਕਾਰਨ ਫ਼ਿਲਹਾਲ ਤਾਂ ਪਾਣੀ ਦੀਆਂ ਟੈਂਕੀਆਂ ਦੀ ਸਫ਼ਾਈ ਨਾ ਹੋਣ ਕਰਕੇ ਅਤੇ ਪਾਣੀ ਦੀਆਂ ਪਾਈਪਾਂ ਆਦਿ ਦੀ ਲੀਕੇਜ ਨੂੰ ਦੱਸਿਆ ਹੈ ਪਰੰਤੂ ਮਾਮਲਾ ਸ਼ਾਇਦ ਇਸ ਤੋਂ ਵੀ ਗੰਭੀਰ ਹੈ, ਕਿਉਂਕਿ ਜਿਹਨਾਂ ਸਕੂਲਾਂ 'ਚੋਂ ਲਏ ਗਏ ਪਾਣੀ ਦੇ ਨਮੂਨਿਆਂ ਦੀ ਪਰਖ ਕੀਤੀ ਗਈ ਹੈ ਉਹਨਾਂ ਵਿੱਚੋਂ ਜ਼ਿਆਦਾਤਰ ਵਿੱਚ ਪਾਣੀ ਦੀਆਂ ਟੈਂਕੀਆਂ ਹੈ ਹੀ ਨਹੀਂ ਹਨ ਤੇ ਪਾਣੀ ਸਿੱਧਾ ਹੀ ਜਲਸਰੋਤਾਂ ਤੋਂ ਪ੍ਰਾਪਤ ਕੀਤਾ ਜਾਂਦਾ ਹੈ। ਨਮੂਨੇ ਫੇਲ੍ਹ ਹੋਣ ਦਾ ਮਾਮਲਾ ਪੰਜਾਬ ਵਿੱਚ ਪਾਣੀ ਦੇ ਪ੍ਰਦੂਸ਼ਿਤ ਹੋਣ ਦੇ ਵਿਆਪਕ ਸੰਕਟ ਨਾਲ ਜੋੜ ਕੇ ਹੀ ਪੜਤਾਲਿਆ ਜਾਣਾ ਚਾਹੀਦਾ ਹੈ।

## ਛੇੜਛਾੜੀ ਗੱਲ

ਉਂਝ ਤਾਂ ਨਵੀਂ ਦੁਨੀਆ ਦੇ ਇਸ ਕਾਲਮ 'ਚ ਪਹਿਲਾਂ ਵੀ ਚਰਚਾ ਕੀਤੀ ਜਾ ਚੁੱਕੀ ਹੈ ਕਿ ਸਰਕਾਰੀ ਵਿਭਾਗਾਂ ਦਾ ਹਾਲ, ਹਾਲ ਦੀ ਘੜੀ ਬਹੁਤ ਬੁਰਾ ਹੈ। ਜੇਕਰ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਸਹੀ ਨਤੀਜਾ ਕਾਰਡ ਹੀ ਤਿਆਰ ਨਹੀਂ ਕਰ ਹੁੰਦੇ, ਸਿਹਤ ਵਿਭਾਗ ਦੀ ਤਮਾਮ ਕਾਰਗੁਜ਼ਾਰੀ ਨਮੂਨੇ ਫੇਲ੍ਹ 'ਤੇ ਜਾ ਕੇ ਹੀ ਮੁੱਕਦੀ ਹੈ ਤੇ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੀ ਥਾਂ ਡਾਕਟਰ ਭਰਤੀ ਕਰਨ ਦਾ ਕੰਮ ਪੀ.ਜੀ.ਆਈ ਨੇ ਹੀ ਕਰਨਾ ਹੈ ਤਾਂ ਫਿਰ ਸਬੰਧਿਤ ਵਿਭਾਗਾਂ ਨੇ ਕੀ ਕਰਨਾ ਹੈ? ਇਹ ਸਵਾਲ ਸਰਕਾਰ ਲਈ ਵੀ ਸੋਚਣਾ ਬਣਦਾ ਹੈ ਤੇ ਸਰਕਾਰ ਚੁਣਨ ਵਾਲੇ ਲੋਕਾਂ ਲਈ ਵੀ।

# ਖਾਲਸਾਈ ਰੰਗ 'ਚ ਰੰਗਿਆ ਗਿਆ ਐਡਮਿੰਟਨ





## ਖਰਾਬ ਮੌਸਮ ਦੇ ਬਾਵਜੂਦ ਪੰਦਰਾਂ ਹਜ਼ਾਰ ਤੋਂ ਵੱਧ ਸੰਗਤ ਨਗਰ ਕੀਰਤਨ 'ਚ ਸ਼ਾਮਲ

ਐਡਮਿੰਟਨ-ਜਰਨੈਲ ਬਸੋਤਾ

ਖਾਲਸਾ ਪੰਥ ਦੇ ਸਥਾਪਨਾ ਦਿਵਸ ਵਿਸਾਖੀ ਦੇ ਸਬੰਧ ਐਡਮਿੰਟਨ ਅਤੇ ਆਸ-ਪਾਸ ਦੇ ਖੇਤਰਾਂ ਦੀ ਸਮੂਹ ਸੰਗਤ ਵੱਲੋਂ ਵਿਸ਼ਾਲ ਨਗਰ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਖਰਾਬ ਮੌਸਮ ਦੇ ਬਾਵਜੂਦ ਪੰਦਰਾਂ ਹਜ਼ਾਰ ਤੋਂ ਵੀ ਵੱਧ ਸੰਗਤ ਸ਼ਾਮਲ ਹੋਈ। ਗੁਰਦੁਆਰਾ ਮਿਲਵੂਡਜ, ਸ੍ਰੀ ਗੁਰੂ ਨਾਨਕ ਸਿੱਖ ਗੁਰਦੁਆਰਾ ਅਤੇ ਗੁਰਦੁਆਰਾ ਸਿੰਘ ਸਭਾ ਵੱਲੋਂ ਕਰਵਾਏ ਗਏ ਇਸ ਨਗਰ ਕੀਰਤਨ 'ਚ ਕੇਸਰੀ ਰੰਗ ਦੀਆਂ ਦਸਤਾਰਾਂ ਤੇ ਦੁਪੱਟਿਆਂ ਨੂੰ ਵੇਖ ਕੇ ਇੰਝ ਲੱਗ ਰਿਹਾ ਸੀ ਜਿਵੇਂ ਸਮੁੱਚਾ ਐਡਮਿੰਟਨ ਹੀ ਖਾਲਸਾਈ ਰੰਗ 'ਚ ਰੰਗਿਆ ਗਿਆ ਹੋਵੇ। ਇਸ ਦੌਰਾਨ ਗੁਰਦੁਆਰਾ ਸਿੰਘ ਸਭਾ ਵਿਖੇ ਲਗਾਈ ਗਈ ਸਟੇਜ ਤੋਂ ਵੱਖੋ-ਵੱਖ ਬੁਲਾਰਿਆਂ ਨੇ ਵਿਸਾਖੀ ਦੇ ਸ਼ੁੱਭ ਦਿਹਾੜੇ ਤੇ ਸਮੂਹ ਸਿੱਖਾਂ ਨੂੰ ਵਧਾਈ ਦਿੱਤੀ। ਨਗਰ ਕੀਰਤਨ ਮਿਲਵੂਡਜ ਤੋਂ ਰਵਾਨਾ ਹੋਇਆ ਜਿਸ ਦੀ ਅਗਵਾਈ ਪੰਜ ਪਿਆਰੇ ਕਰ ਰਹੇ ਸਨ। ਇਸ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਸੀ। ਨਗਰ ਕੀਰਤਨ'ਚ ਜਿੱਥੇ ਗੱਤਕੇ ਦੇ ਜੌਹਰੀ ਜੌਹਰ ਵਿਖਾ ਰਹੇ ਸਨ, ਉੱਥੇ ਵੱਖ-ਵੱਖ ਸੰਸਥਾਵਾਂ ਦੀਆਂ ਖ਼ੂਬਸੂਰਤ ਝਾਕੀਆਂ ਵੀ ਵੇਖਣਯੋਗ ਸਨ। ਜਿਹਨਾਂ ਵਿੱਚ ਗੁਰਦੁਆਰਾ ਸਿੰਘ ਸਭਾ, ਸ੍ਰੀ ਗੁਰੂ ਨਾਨਕ ਸਿੱਖ ਗੁਰਦੁਆਰਾ, ਖਾਲਸਾ ਸਕੂਲ ਐਡਮਿੰਟਨ, ਹੈਡਵੇ ਸਕੂਲ, ਈ.ਟੀ.ਐਸ, ਫੂਡ ਬੈਂਕ ਸਮੇਤ ਹੋਰ ਕਈ ਫਲੋਟ ਸ਼ਾਮਲ ਸਨ। ਵੱਖ-ਵੱਖ ਥਾਵਾਂ 'ਤੇ ਢਾਡੀਆਂ ਤੇ ਕਵੀਸਰਾਂ ਦੀਆਂ ਜੋਸ਼ੀਲੀਆਂ ਵਾਰਾਂ ਨੇ ਸਮੁੱਚਾ ਮਹੌਲ ਜੋਸ਼ੀਲਾ ਬਣਾ ਦਿੱਤਾ। ਬੱਦੋਵਾਲ ਦੀਆਂ ਬੀਬੀਆਂ ਦਾ ਜਥਾ ਮੁੱਖ ਅਕਰਸ਼ਨ ਰਿਹਾ। ਇਸ ਨਗਰ ਕੀਰਤਨ 'ਚ ਗੋਰੇ ਵੀ ਕਾਫ਼ੀ ਸੰਖਿਆ 'ਚ ਸ਼ਾਮਲ ਹੋਏ।

ਗੁਰਦੁਆਰਾ ਸਿੰਘ ਸਭਾ ਵਿਖੇ ਲਗਾਈ ਗਈ ਮੁੱਖ ਸਟੇਜ ਤੋਂ ਮੇਅਰ ਸਟੀਫਨ ਮੰਡੇਲ, ਸਿਹਤ ਮੰਤਰੀ ਜੀਨ ਜਵੈਡਿਸਕੀ, ਐਮ.ਐਲ.ਏ ਪੀਟਰ ਸੰਧੂ, ਐਮ.ਐਲ.ਏ ਨਰੇਸ਼ ਭਾਰਦਵਾਜ, ਅਲਬਰਟਾ ਲਿਬਰਲ ਲੀਡਰ ਹਿਊਜ ਮੈਕਡੋਨਲ ਅਤੇ ਐਨ.ਡੀ.ਪੀ ਦੇ ਪ੍ਰਧਾਲ ਬਰੇਨ ਮੈਸੂਨ ਨੇ ਵਧਾਈ ਦਿੱਤੀ। ਕਾਉਂਸਲਰ ਮਰਜੀਤ ਸੋਹੀ ਨੇ ਆਖਿਆ ਕਿ ਐਡਮਿੰਟਨ ਦੇ ਵਿਕਾਸ 'ਚ ਪੰਜਾਬੀਆਂ ਨੇ ਵਿਸ਼ੇਸ਼ ਯੋਗਦਾਨ ਪਾਇਆ ਹੈ। ਉਹਨਾਂ ਭਵਿੱਖ 'ਚ ਵੀ ਪੰਜਾਬੀਆਂ ਤੋਂ ਇਹੀ ਉਮੀਦ ਪ੍ਰਗਟਾਈ।

ਇਹ ਨਗਰ ਕੀਰਤਨ ਗੁਰਦੁਆਰਾ ਮਿਲਵੂੱਡਜ ਪਹੁੰਚ ਕੇ ਸਫ਼ਲਤਾ ਪੂਰਵਕ ਸੰਪੰਨ ਹੋਇਆ। ਨਗਰ ਕੀਰਤਨ ਲਈ ਸਹਿਯੋਗੀ ਸੱਜਣਾਂ ਦਾ ਵੈਸਾਖੀ ਨਗਰ ਕੀਰਤਨ ਕਮੇਟੀ ਐਡਮਿੰਟਨ ਵੱਲੋਂ ਧੰਨਵਾਦ ਕੀਤਾ ਗਿਆ।

## 'ਦੀਵੇ ਜਗਾਉ ਹਨੇਰਾ ਬੜਾ ਹੈ'

### ਯਾਦਗਾਰੀ ਹੋ ਨਿਬੜੀ ਬਲਬੀਰ ਸੂਫੀ ਦੀ ਮਹਿਫਲ



**ਐਡਮਿੰਟਨ** (ਜਰਨੈਲ ਬਸੋਤਾ)- ਸਥਾਨਿਕ ਆਕਾ ਹਾਲ ਵਿਖੇ ਮਸਤੀ ਟੀ.ਵੀ. ਪ੍ਰਮੋਟਰਜ਼ ਵੱਲੋਂ ਗਾਇਕ ਬਲਬੀਰ ਸੂਫੀ ਦੀ ਮਹਿਫਲ ਦਾ ਆਯੋਜਨ ਕੀਤਾ ਗਿਆ। ਮਹਿਫਲ ਦਾ ਆਗਾਜ਼ ਬਲਬੀਰ ਸੂਫੀ ਨੇ ਇਕ ਧਾਰਮਿਕ ਗੀਤ ਤੋਂ ਕੀਤਾ। ਉਪਰੰਤ ਆਪਣੀਆਂ ਕਈ ਚਰਚਿਤ ਰਚਨਾਵਾਂ ਨਾਲ ਦਰਸ਼ਕਾਂ ਨੂੰ ਮੰਤਰਮੁਗਦ ਕੀਤਾ। 'ਸੂਫੀ' ਵੱਲੋਂ ਦਰਸ਼ਕਾਂ ਨੂੰ ਸਮਾਜਿਕ ਫਰਜ਼ਾ ਪ੍ਰਤੀ ਸੁਚੇਤ ਕਰਦਿਆਂ ਕਈ ਅਜਿਹੀਆਂ ਵਜ਼ਨਦਾਰ ਪੇਸ਼ਕਾਰੀਆਂ ਕੀਤੀਆਂ ਜਿਸ ਨਾਲ ਹਰੇਕ ਦਰਸ਼ਕ ਸੋਚਣ ਲਈ ਮਜ਼ਬੂਰ ਹੋ ਗਿਆ। ਇਥੇ ਜ਼ਿਕਰਯੋਗ ਹੈ ਕਿ ਬਲਬੀਰ ਸੂਫੀ ਵੱਲੋਂ ਇਸ ਤੋਂ ਪਹਿਲਾਂ ਕਨੇਡਾ ਦੇ ਵੱਖ ਵੱਖ ਸ਼ਹਿਰਾਂ ਵਿਚ ਆਪਣੇ ਫਨ ਦਾ ਮੁਜਾਹਰਾ ਕੀਤਾ ਜਾ ਚੁੱਕਾ ਹੈ। ਐਡਮਿੰਟਨ ਵਿਖੇ ਸੂਫੀ ਨੇ ਭਰੂਣ ਹੱਤਿਆ 'ਤੇ ਵਿਅੰਗ ਕੱਸਦਾ ਗੀਤ 'ਰੱਬਾ ਹਰੇਕ ਘਰ ਦੇਵੀਂ ਧੀ' ਨੂੰ ਦਰਸ਼ਕਾਂ ਨੇ ਕਾਫੀ ਸਲਾਹਿਆ। ਸੂਫੀ ਗਾਇਕੀ ਦੇ ਡਿੱਗ ਰਹੇ ਮਿਆਰ ਬਾਰੇ ਬਲਬੀਰ ਸੂਫੀ ਨੇ ਆਪਣੇ ਸ਼ਾਇਰਾਨਾ ਅੰਦਾਜ 'ਚ ਆਪਣਾ ਤਾਜ਼ਾ ਕਲਾਮ 'ਏਦੋਂ ਤਾਂ ਏਦਾ ਹੀ ਚੰਗੇ ਹਾਂ' ਪੇਸ਼ ਕੀਤਾ। ਆਪਣੀ ਹਰੇਕ ਪੇਸ਼ਕਾਰੀ ਰਾਹੀਂ ਸੂਫੀ ਵੱਲੋਂ ਕੋਈ ਨਾ ਕੋਈ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਗਈ। ਅਖੀਰ ਵਿਚ ਦਰਸ਼ਕਾਂ ਨੂੰ ਸਮਾਜ 'ਚ ਫੈਲ ਰਹੀਆਂ ਸਭਿਆਚਾਰਕ ਅਤੇ ਸਮਾਜਿਕ ਕੁਰੀਤੀਆਂ ਪ੍ਰਤੀ ਆਗਾਹ ਕਰਦਾ ਗੀਤ 'ਦੀਵੇ ਜਗਾਉ ਹਨੇਰਾ ਬੜਾ ਹੈ' ਰਾਹੀਂ ਮਹਿਫਿਲ ਦੀ ਸਮਾਪਤੀ ਦਾ ਐਲਾਨ ਕੀਤਾ ਗਿਆ।

## ਸ਼ਹੀਦ ਭਗਤ ਸਿੰਘ ਕਬੱਡੀ ਕਲੱਬ ਵੱਲੋਂ ਟੂਰਨਾਮੈਂਟ 17-18 ਜੁਲਾਈ

**ਐਡਮਿੰਟਨ** - (ਨ.ਦ.ਬ.)- ਸ਼ਹੀਦ ਭਗਤ ਸਿੰਘ ਕਬੱਡੀ ਕਲੱਬ ਵੱਲੋ 17-18 ਜੁਲਾਈ 2010 ਨੂੰ ਐਡਮਿੰਟਨ ਸ਼ਹਿਰ ਦੇ ਰਿੱਕ ਸੈਂਟਰ ਦੇ ਖੇਡ ਮੈਦੇਨਾਂ 'ਚ ਕਬੱਡੀ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕਲੱਬ ਦੇ ਪ੍ਰਧਾਨ ਸੁਖਜਿੰਦਰ ਧਾਲੀਵਾਲ ਨੇ ਦੱਸਿਆ ਕਿ ਇਸ ਟੂਰਨਾਮੈਂਟ 'ਚ ਅਲਬਰਟਾ ਕਬੱਡੀ ਫੈਰੇਸ਼ਨ ਦੀਆਂ ੬ ਟੀਮਾਂ ਭਾਗ ਲੈ ਰਹੀਆਂ ਹਨ। ਉਨਾਂ ਦੱਸਿਆ ਕਿ ਇਸ ਟੂਰਨਾਮੈਂਟ 'ਚ ਸੌਕਰ ਦੀਆਂ ਵੀ ਕਈ ਟੀਮਾਂ ਭਾਗ ਲੈ ਰਹੀਆਂ ਹਨ। ਉਨਾਂ ਦੱਸਿਆ ਕਿ ਇਸ ਸਬੰਧੀ ਵਧੇਰੇ ਜਾਣਕਾਰੀ ਲੈਣ ਲਈ ਉ ਨਾਂ ਨਾਲ 980-975-4050 ਅਤੇ ਸੋਨੀ ਵੜੈਚ ਨਾਲ 780-340-7300 ਸਪੰਰਕ ਕੀਤਾ ਜਾ ਸਕਦਾ ਹੈ।

## ਪਾਰਦਰਸ਼ੀ ਮੀਡੀਆ ਬੁਨਿਆਦੀ ਮਸਲਿਆਂ ਨੂੰ ਹੱਲ ਕਰਨ ਵਿਚ ਉਸਾਰੂ ਰੋਲ ਨਿਭਾਉਂਦੈ : ਰਮੇਸ਼ ਵਿਨਾਯਕ

ਐਡਮਿੰਟਨ - ਨ ਦ ਬਿਓਰੋ

ਹਿੰਦੋਸਤਾਨ ਟਾਈਮਜ਼ ਦੇ ਰੈਜੀਡੈਂਟ ਐਡੀਟਰ ਰਮੇਸ਼ ਵਿਨਾਯਕ ਨੇ ਪੰਜਾਬੀ ਮੀਡੀਆ ਐਸੋਸ਼ੀਏਸ਼ਨ ਨਾਲ ਪੱਤਰਕਾਰਤਾ ਦੇ ਦਰਪੇਸ਼ ਮਸਲਿਆਂ, ਦਿਸ਼ਾ ਤੇ ਦਸ਼ਾ ਬਾਰੇ ਵਿਚਾਰ ਵਟਾਂਦਰਾ ਕੀਤਾ। ਉਨ੍ਹਾਂ ਨੇ ਦੱਸਿਆ ਕਿ ਸੰਚਾਰ ਮੀਡੀਏ ਤੇ ਵੀ ਵਿਕਾਸਵਾਦ ਦੀ ਥਿਊਰੀ ਲਾਗੂ ਹੁੰਦੀ ਹੈ। ਅੱਜ ਕੱਲ੍ਹ ਦਾ ਭਾਰਤੀ ਅਤੇ ਵਿਦੇਸ਼ਾਂ ਵਿਚਲਾ ਭਾਰਤੀ ਮੂਲ ਨਾਲ ਸਬੰਧਤ ਮੀਡੀਆ ਵੀ ਆਏ ਦਿਨ ਵਿਕਾਸ ਵੱਲ ਵੱਧ ਰਿਹਾ ਹੈ।ਪੱਤਰਕਾਰੀ ਵੀ ਸੰਸਾਰ ਦੇ ਬਦਲਵੇਂ ਸਮੀਕਰਣਾਂ ਵਿਚ ਆਏ ਦਿਨ ਆਪਣੀ ਹੋਂਦ ਤੇ ਮਿਆਰ ਲਈ ਲੋਕਾਂ ਨਾਲ ਨਵੇ ਦ੍ਰਿਸ਼ਟੀਕੋਣਾਂ ਨਾਲ ਸੰਚਾਰ ਕਰ ਰਹੀ ਹੈ। ਇਸੇ ਤਰ੍ਹਾਂ ਹੀ ਬਹੁਤ ਵਾਰੀ ਸਮੁੱਚਾ ਮੀਡੀਆ ਆਪਣਾ ਰੋਲ ਚੰਗੀ ਤਰਾਂ ਇਮਾਨਦਾਰੀ ਨਾਲ ਨਿਭਾਉਦਾ ਹੈ ਪਰ ਮੀਡੀਆ ਕਈ ਵਾਰੀ ਮੁੱਦਿਆਂ ਨੂੰ ਓਨੀ ਪਕੜ ਨਾਲ ਨਹੀਂ ਫੜਦਾ ਜਿੰਨੀ ਨਾਲ ਫੜਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪਾਰਦਰਸ਼ੀ ਮੀਡੀਆ ਬੁਨਿਆਦੀ ਮਸਲਿਆਂ ਨੂੰ ਹੱਲ ਕਰਨ ਵਿਚ ਉਸਾਰੂ ਰੋਲ ਨਿਭਾਉਂਦਾ ਹੈ। ਮੀਡੀਆ ਵਿਰੋਧੀ ਧਿਰ ਨਾਲ ਮਿਲ ਨੇ ਸਰਕਾਰ ਨੂੰ ਜਵਾਬ-ਦੇਹ ਬਣਾਉਣ ਵਿਚ ਅਕਸਰ ਸਫਲ ਹੋ ਜਾਂਦਾ ਹੈ। ਗੱਲ ਇਹ ਹੈ ਕਿ ਮੀਡੀਆ ਕਿੰਝ ਮਸਲਿਆਂ ਨੂੰ ਬੁਨਿਆਦੀ ਤੌਰ ਤੇ ਨਿਰੀਖਣ ਕਰ ਕੇ ਉਸਦੀ ਸਹੀ ਤਸਵੀਰ ਆਮ ਲੋਕਾਂ ਸਾਹਮਣੇ ਪੇਸ਼ ਕਰਦਾ ਹੈ। ਇਸ ਤੋਂ ਇਲਾਵਾ ਰਮੇਸ਼ ਵਿਨਾਯਕ ਨੇ ਬੜੇ ਹੀ ਸੰਜੀਦਗੀ ਨਾਲ ਹਾਜ਼ਰੀਨ ਮੈਂਬਰਾਂ ਦੇ ਸਵਾਲਾਂ ਦੇ ਜੁਆਬ ਦਿੱਤੇ।

**ਸਮਕਾਲੀ ਲਿਖਦੇ ਹਨ**

### ਸਿਹਤ ਦਾ ਖ਼ਰਚ

ਕੈਨੇਡਾ ਦੇ ਔਂਟਰਿਓ ਪ੍ਰਾਂਤ ਦੇ ਲੋਕਾਂ ਨੂੰ ਜਦੋਂ ਪੁੱਛਿਆ ਗਿਆ ਕਿ ਉਹਨਾਂ ਦੀ ਨਜ਼ਰ ਵਿੱਚ ਸਭ ਤੋਂ ਮਹੱਤਵਪੂਰਣ ਚੀਜ਼ ਕੀ ਹੈ? ਤਾਂ ਉਹਨਾਂ ਦਾ ਕਹਿਣਾ ਸੀ ਕਿ ਸਿਹਤ ਦੀ ਦੇਖਭਾਲ। ਪਰ ਉਹਨਾਂ ਦੀ ਸਿਹਤ ਦਾ ਖ਼ਰਚ ਜਿੰਨੀ ਤੇਜ਼ੀ ਨਾ਼ਲ ਵੱਧ ਰਿਹਾ ਹੈ, ਉਸ ਨਾ਼ਲ ਉਹ ਟਿਕਾਊ ਨਹੀਂ ਲੱਗਦਾ। ਹੁਣ ਇਸ ਪ੍ਰਾਂਤ ਵਿੱਚ ਸਮਾਜਕ ਕਾਰਜਾਂ ਵਿੱਚ 46 ਪ੍ਰਤੀਸ਼ਤ ਸਿਹਤ ਉਪਰ ਖ਼ਰਚਾ ਕੀਤਾ ਜਾਂਦਾ ਹੈ ਪਰ ਸੰਨ 2030 ਤੱਕ ਇਹ ਬਜਟ 80 ਪ੍ਰਤੀਸ਼ਤ ਤੱਕ ਪਹੁੰਚ ਸਕਦਾ ਹੈ। ਇਸ ਨਾ਼ਲ ਜਾਂ ਤਾਂ ਸਰਕਾਰ ਦਿਵਾਲੀਆ ਹੋ ਜਾਵੇਗੀ ਜਾਂ ਸਕੂਲ ਤੋਂ ਲੈ ਕੇ ਸਬ ਬੇ ਤੱਕ ਬਾਕੀ ਸਭ ਖ਼ਰਚਿਆਂ ਵਿੱਚ ਕਟੌਤੀ ਕਰਨੀ ਹੋਵੇਗੀ। ਇਸ ਲਈ ਸਿਹਤ ਸੰਭਾਲ ਸੇਵਾ ਵਿੱਚ ਬਦਲਾਅ ਹੋਣ ਵਾਲਾ ਹੈ। ਹੁਣ ਸਵਾਲ ਇਹ ਹੈ ਕਿ ਕੀ ਸਰਕਾਰ 90 ਦੇ ਦਹਾਕੇ ਦਾ ਉਹ ਅਸਫ਼ਲ ਰਸਤਾ ਅਪਣਾਵੇਗੀ ਜਿਸਦੇ ਤਹਿਤ ਸਿਹਤ ਸੰਭਾਲ ਉਪਰ ਹੋਣ ਵਾਲਾ ਵਿਆਜ ਰੋਕ ਦਿੱਤਾ ਗਿਆ ਸੀ ਜਾਂ ਫਿਰ ਸਖਤਾਈ ਨਾ਼ਲ ਸੀਮਤ ਕਰ ਦਿੱਤਾ ਗਿਆ ਸੀ।

**ਟੋਰਾਂਟੋ ਸਟਾਰ, ਕੈਨੇਡਾ**

### ਹਿਰਦੇਹੀਣ ਰਾਜਨੀਤੀ

ਜਦੋਂ ਬੇਰੁਜ਼ਗਾਰੀ ਵੱਧ ਰਹੀ ਹੋਵੇ ਤਾਂ ਲਾਭ ਹਾਸਲ ਕਰਨ ਵਾਲੇ 'ਤੇ ਸਖ਼ਤੀ ਕਰਨਾ ਉਲਟ ਕੰਮ ਕਰਨ ਵਰਗਾ ਹੈ। ਸਾਡਾ ਮੰਨਣਾ ਇਹ ਹੈ ਕਿ ਜੋ ਕੋਈ ਵੀ ਕੰਮ ਕਰ ਸਕਦਾ ਹੈ, ਉਸਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਕੰਮ ਪ੍ਰਾਪਤ ਕਰੇ ਜਾਂ ਫਿਰ ਵਿੱਤੀ ਸਹਾਇਤਾ ਦੇ ਬਦਲੇ ਵਿੱਚ ਕੰਮ ਮੰਗੇ ਪਰ ਲਿਬਰਲ ਡੇਮੋਕਰੇਟ ਪਾਰਟੀ ਦੀ ਸਹਾਇਤਾ ਨਾਲ ਸਰਕਾਰ ਚਲਾ ਰਹੇ ਕੰਜਰਵੇਟਿਵ ਨੇ ਧਮਕੀ ਦਿੱਤੀ ਹੈ, ਕਿ ਉਹ ਨੌਕਰੀਆਂ ਦੇ ਸਬੰਧ ਵਿੱਚ ਇੱਕ ਸਖ਼ਤ ਪ੍ਰਣਾਲੀ ਲਾਗੂ ਕਰਨਗੇ। ਇਸ ਨਾ਼ਲ ਲੱਗਦਾ ਹੈ ਕਿ ਉਹ ਤੈਅ ਰੁਪਇਆਂ ਤੋਂ ਵੀ ਘੱਟ ਰੁਪਇਆ 'ਤੇ ਕੰਮ ਕਰਵਾਉਣ ਲਈ ਨਿਮਨ ਸ਼੍ਰੇਣੀ ਦਾ ਕੰਮ ਕਰਨ ਵਾਲਿਆਂ ਦੀ ਇੱਕ ਫ਼ੌਜ ਤਿਆਰ ਕਰਨਾ ਚਾਹੁੰਦੇ ਹਨ। ਇਹ ਅਜਿਹੀ ਸਰਕਾਰ ਹੈ ਜਿਹੜੀ ਨੌਕਰੀਆਂ ਦੇ ਉਸ ਕੋਸ਼ ਵਿੱਚ ਕਟੌਤੀ ਕਰਨਾ ਚਾਹੁੰਦੀ ਹੈ ਜਿਸਨੇ ਨੌਜਵਾਨ ਬੇਰੁਜ਼ਗਾਰਾਂ ਦੀ ਮੱਦਦ ਕੀਤੀ ਸੀ। ਇਸ ਤੋਂ ਇਲਾਵਾ ਇਹ ਸਰਕਾਰ ਸਰਵਜਨਕ ਖ਼ਰਚਿਆਂ ਵਿੱਚ ਕੌਟਤੀ ਕਰਕੇ ਕਈ ਹਜ਼ਾਰ ਲੋਕਾਂ ਤੋਂ ਪਿੱਛਾ ਛੁਡਾਉਣਾ ਚਾਹੁੰਦੀ ਹੈ ਜੋ ਸਰਕਾਰੀ ਇਮਦਾਦ ਉੱਤੇ ਹੈ। ਇਹ ਇੱਕ ਹਿਰਦੇਹੀਣ ਰਾਜਨੀਤੀ ਹੈ।

**ਦ ਡੇਲੀ ਮਿਰਰ, ਬ੍ਰਿਟੇਨ**



# ਪੁਸਤਕ 'ਚੋਂ ਮੁੱਦੇ

**ਰਿਕਾਰਡੋ ਐਕੁਇਨਾ**

('ਮੁੱਦੇ ਵਿਅਕਤੀਆਂ ਅਤੇ ਸੰਗਠਨਾਂ ਦਾ ਤਾਜ਼ਾ ਘਟਨਾਵਾਂ ਅਤੇ ਭਾਈਚਾਰੇ ਦੇ ਵਿਸ਼ਾਲ ਮਹੱਤਵ ਵਾਲੇ ਮੁੱਦਿਆਂ ਉੱਪਰ ਟਿੱਪਣੀਆਂ ਕਰਨ ਦਾ ਇੱਕ ਮੰਚ ਹੈ। ਜ਼ਰੂਰੀ ਨਹੀਂ ਕਿ ਉਹਨਾਂ ਦੀਆਂ ਟਿੱਪਣੀਆਂ ਉਹਨਾਂ ਸੰਗਠਨਾਂ ਜਿਹਨਾਂ ਦੀ ਪ੍ਰਤੀਨਿਧਤਾ ਕਰਦੇ ਹਨ, ਦੀ ਰਾਇ ਹੋਣ ਜਾਂ ਫਿਰ ਸਪਤਾਹਿਕ ਵਿਚਾਰ ਹੋਵੇ)

1994 ਵਿੱਚ ਰਾਲਫ ਕਲੇਨ ਦੇ ਮਿਉਂਸਿਪਲ ਮਾਮਲਿਆਂ ਦੇ ਮੰਤਰੀ ਡਾ. ਸਟੀਵ ਵੈੱਸਟ ਨੇ ਅਲਬਰਟਾ ਦੀ ਵਿਧਾਨ ਸਭਾ ਵਿੱਚ ਇਹ ਬਿਆਨ ਦਿੱਤਾ ਸੀ, ''ਮੈਂ ਇਹ ਸਭ ਤੋਂ ਦਲੇਰੀ ਭਰਿਆ ਬਿਆਨ ਦੇਵਾਂਗਾ, ਕੋਈ ਸਰਕਾਰੀ ਕਾਰਜਯੋਜਨਾ ਨਹੀਂ, ਕੋਈ ਸਰਕਾਰੀ ਕੰਮ ਨਹੀਂ, ਇੱਕ ਕਰਾਊਨ ਕਾਰਪੋਰੇਸ਼ਨ ਹੈ ਜਿਹੜੀ ਓਨੀ ਹੀ ਕੁਸ਼ਲ ਹੈ ਜਿੰਨਾ ਕਿ ਨਿੱਜੀ ਖੇਤਰ, ਸਗੋਂ ਉਹ ਤਾਂ 20-40 ਪ੍ਰਤੀਸ਼ਤ ਘੱਟ ਕੁਸ਼ਲ ਹਨ। ਤੁਹਾਨੂੰ ਅਧਿਐਨ ਕਰਨ ਦੀ ਵੀ ਲੋੜ ਨਹੀਂ। ਤੁਸੀਂ ਇਸਦੀ ਜ਼ਾਮਨੀ ਦੇ ਸਕਦੇ ਹੋ ਕਿਉਂਕਿ ਮੌਜੂਦਾ ਢਾਂਚੇ ਤਹਿਤ ਉਹ ਅਪਣੀ ਆਰਥਿਕਤਾ ਦੀ ਗੱਡੀ ਰੇੜ੍ਹ ਸਕਦੇ ਹਨ।''

ਕਈ ਤਰੀਕਿਆਂ ਨਾਲ ਇਹ ਸੰਖੇਪ ਬਿਆਨ ਸਮੁੱਚੀ ਕਲੇਨ ਸਰਕਾਰ ਦੀ ਜਨਤਕ ਸੇਵਾਵਾਂ ਪ੍ਰਤੀ ਗੰਭੀਰਤਾ ਦੇ ਰਵੱਈਏ ਨੂੰ ਦਰਸਾਉਂਦਾ। ਉਹ ਇਸਦੀ ਚਿੰਤਾ ਨਹੀਂ ਕਰਦੇ ਕਿ ਤੱਥ ਕੀ ਕਹਿੰਦੇ ਸਨ ਤੇ ਦੂਜੇ- ਅਧਿਕਾਰ ਖੇਤਰਾਂ ਅੰਦਰਲੀਆਂ ਉਦਾਹਰਣਾਂ ਕੀ ਪ੍ਰਦਰਸ਼ਿਤ ਕਰਦੀਆਂ ਸਨ, ਉਹ ਸਿਰਫ਼ ਪੂਰੇ ਦਿਲ ਨਾਲ ਵਿਸ਼ਵਾਸ ਕਰਦੇ ਸਨ ਕਿ ਨਿੱਜੀ ਖੇਤਰ ਜਨਤਕ ਖੇਤਰ ਨਾਲੋਂ ਵਧੇਰੇ ਕੁਸ਼ਲ ਸੀ ਅਤੇ ਜਿੱਥੋਂ ਤੱਕ ਉਹਨਾਂ ਦਾ ਸਬੰਧ ਸੀ ਉਹਨਾਂ ਨੇ ਇਸਨੂੰ ਅਜਿਹਾ ਬਣਾਇਆ।

ਇਹ ਇਸ ਵਿਸ਼ਵਾਸ 'ਤੇ ਅਧਾਰਿਤ ਨੀਤੀ ਨਿਰਮਾਣ ਸੀ ਕਿ ਅੰਤ ਨੂੰ ਰਾਲਫ ਦੀ ਅਗਵਾਈ ਵਾਲੀ ਸਰਕਾਰ ਨੇ 90ਵਿਆਂ ਵਿੱਚ ਹਰ ਪ੍ਰਤੱਖ ਚੀਜ਼ ਦਾ ਨਿੱਜੀਕਰਣ ਕਰਨ ਦਾ ਯਤਨ ਕੀਤਾ, ਸ਼ਰਾਬ ਦੇ ਸਟੋਰਾਂ ਤੋਂ ਲੈ ਕੇ ਹਸਪਤਾਲਾਂ ਅਤੇ ਸਰਕਾਰੀ ਸੁਵਿਧਾਵਾਂ ਦੀਆਂ ਰਜਿਸਟਰੀਆਂ ਤੱਕ। ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ ਉਹਨੀਂ ਦਿਨੀਂ ਇਡ ਸਟੇਲਮਾਖ ਨਿੱਜੀਕਰਣ ਪੱਖੀ ਤੇ ਖਰਚ-ਵਿਰੋਧੀ ਮੰਡਲੀ ਦੀ ਅਗਵਾਈ ਰੂਕੀ ਵਿਧਾਇਕਾਂ ਦੇ 'ਗੁੱਝੇ ਛੇ' ਟੋਲੇ ਦੇ ਮੈਂਬਰ ਵਜੋਂ ਕਰ ਕਰ ਰਿਹਾ ਸੀ, ਜਿਹੜਾ ਰੋਜ਼ਾਨਾਂ ਕਲੇਨ ਨੂੰ ਨਿੱਜੀਕਰਣ ਲਈ ਉਕਸਾਉਂਦਾ ਹੁੰਦਾ ਸੀ।

ਇਸ ਮੂਲਵਾਦੀ ਉਤਸ਼ਾਹ ਦੇ ਸੰਦਰਭ ਵਿੱਚ ਪ੍ਰਾਂਤਕ ਸਰਕਾਰ ਅਤੇ ਕੈਲਗਰੀ ਸਿਹਤ ਖੇਤਰ ਨੇ ਕੈਲਗਰੀ ਵਿੱਚ ਸਿਹਤ ਸੰਭਾਲ ਨੂੰ ਵਧੇਰੇ ਕੁਸ਼ਲ ਬਣਾਉਣ ਦਾ ਫੈਸਲਾ ਸ਼ਹਿਰ ਦੇ ਸੱਤ ਹਸਪਤਾਲਾਂ ਵਿੱਚ ਤਿੰਨ ਨੂੰ ਬੰਦ ਕਰਕੇ ਕੀਤਾ- ਪਹਿਲਾਂ ਹੀ ਮੌਜੂਦ ਉਡੀਕ ਸੂਚੀਆਂ ਦੇ ਬਾਵਜੂਦ ਅਤੇ ਸ਼ਹਿਰ ਵਿੱਚ ਵੱਧ ਰਹੀ ਵਸੋਂ ਦੇ ਬਾਵਜੂਦ। ਜੇਕਰ ਇਹ ਨਿੱਜੀ ਸੇਵਾਵਾਂ ਮੁਹੱਈਆ ਕਰਵਾਉਣ ਵਾਲਿਆਂ ਨੂੰ ਨਾ ਵੇਚਿਆ ਜਾ ਸਕਿਆ ਤਾਂ ਇਸਨੇ ਖ਼ਤਮ ਹੋ ਜਾਣਾ ਸੀ।

1996 ਕੈਲਗਰੀ ਗਰੇਸ ਹਸਪਤਾਲ, ਜਿਹੜਾ ਕਿ ਔਰਤਾਂ ਦੇ ਸਿਹਤ ਪ੍ਰੋਗਰਾਮਾਂ ਲਈ ਵਿਸ਼ੇਸ਼ਤਾ ਰੱਖਦਾ ਸੀ, ਹੈੱਲਥ ਰੀਸੋਰਸ ਸੈਂਟਰ (ਐਚ ਆਰ ਸੀ) ਵਜੋਂ ਕੰਮ ਕਰਦੀ ਇੱਕ ਕੰਪਨੀ ਨੂੰ ਵੇਚ ਦਿੱਤਾ ਗਿਆ, ਇੱਕ ਨਿੱਜੀ ਮੁਨਾਫ਼ਾਖੋਰ ਸਰਜੀਕਲ ਕਾਰਪੋਰੇਸ਼ਨ ਜਿਹੜੀ ਸਾਬਕਾ ਜਨਤਕ ਹਸਪਤਾਲ ਵਿੱਚ ਚੂਲੇ ਤੋਂ ਗੋਡੇ ਦੀ ਤਬਦੀਲੀ ਕਰਨ ਦੀ ਦੁਕਾਨ ਚਲਾਉਣ ਲੱਗੀ।

ਐਚ.ਆਰ.ਸੀ ਅਲਬਰਟਾ ਸਰਕਾਰ ਦੇ ਵੱਡੇ ਪ੍ਰੋਜੈਕਟਾਂ ਦੇ ਖੁੰਜੇ ਦਾ ਪੱਥਰ ਬਣਨ ਲਈ ਅੱਗੇ ਵਧੀ, ਪ੍ਰਾਂਤ ਦੇ ਪ੍ਰਮੁੱਖ ਕੇਂਦਰਾਂ ਵਿੱਚ ਚੂਲੇ ਤੇ ਗੋਡੇ ਦੀ ਤਬਦੀਲੀ ਦਾ ਉਡੀਕ ਸਮਾਂ ਘਟਾਉਣ ਲਈ (ਐਡਮਿੰਟਨ ਦੀਆਂ ਸੁਵਿਧਾਵਾਂ ਜਿਹੜੀਆਂ ਇਸ ਪ੍ਰੋਜੈਕਟ ਦਾ ਹਿੱਸਾ ਸਨ ਅਜੇ ਵੀ ਜਨਤਕ ਸਨ)। ਦਰਅਸਲ, ਪ੍ਰਾਂਤ ਚੂਲੇ ਤੇ ਗੋਡਿਆਂ ਦੀ ਤਬਦੀਲੀ ਐਚ.ਆਰ.ਸੀ ਤੋਂ ਖਰੀਦਣੀ ਸੀ ਅਤੇ ਅਲਬਰਟਾ ਵਾਸੀਆਂ ਨੂੰ ਦੇਣੀ ਸੀ, ਜਿਹਨਾਂ ਨੂੰ ਇਸਦੀ ਲੋੜ ਸੀ-ਜਨਤਾ ਦਾ ਪੈਸਾ, ਨਿੱਜੀ ਸੇਵਾ। ਇਸ ਪ੍ਰੋਗਰਾਮ ਨੇ ਉਡੀਕ ਸਮਾਂ ਘਟਾਉਣ ਪੱਖੋਂ ਸਕਾਰਾਤਮਕ ਨਤੀਜੇ ਦਿੱਤੇ, ਅਤੇ ਸਰਕਾਰ ਤੇ ਉਸਦੇ ਵਫ਼ਾਦਾਰਾਂ ਨੇ ਇਸ ਉਦਾਹਰਣ ਦਾ ਜਸ਼ਨ ਮਨਾਇਆ ਕਿ ਕਿਸ ਤਰ੍ਹਾਂ ਸਰਕਾਰ ਤੇ ਨਿੱਜੀ ਖੇਤਰ ਇਕੱਠਿਆਂ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰ ਸਕਦੇ ਸਨ। ਇਹ ਯਕੀਨੀ ਬਣਾਉਣ ਲਈ ਕਿ ਸਿਹਤ ਸੰਭਾਲ ਪ੍ਰਬੰਧ ਵਿੱਚ ਹਰ ਕੋਈ ਜੇਤੂ ਰਹਿੰਦਾ ਹੈ-ਨਿੱਜੀ ਕੰਪਨੀਆਂ ਮੁਨਾਫ਼ਾ ਕਮਾਉਂਦੀਆਂ ਹਨ, ਉਡੀਕ ਸੂਚੀਆਂ ਦਾ ਸਮਾਂ ਘੱਟਦਾ ਹੈ ਅਤੇ ਸਾਰਾ ਪ੍ਰਬੰਧ ਵਧੇਰੇ ਕੁਸ਼ਲ ਤੇ ਘੱਟ ਖਰਚੀਲਾ ਰਹਿੰਦਾ ਹੈ।

ਇਸ ਤੋਂ ਇਲਾਵਾ ਇਸਨੇ ਹੋਰ ਕੁੱਝ ਨਹੀਂ ਕੀਤਾ ਕਿਉਂਕਿ ਅਜੇ ਵੀ ਚੂਲੇ ਤੇ ਗੋਡਿਆਂ ਦੀ ਤਬਦੀਲੀ ਦੀ ਪੇਸ਼ਕਸ਼ ਵਾਲੀਆਂ ਜਨਤਕ ਸੁਵਿਧਾਵਾਂ ਮੌਜੂਦ ਸਨ, ਇਸ ਲਈ ਕਾਰਪੋਰੇਟ ਲਾਗਤਾਂ ਨੂੰ ਗੇੜ 'ਚ ਰੱਖਣਾ ਅਤੇ ਸੇਵਾਵਾਂ ਦੇ ਦੋ ਤਰੀਕਿਆਂ ਦਾ ਲਾਭ ਲੈਣਾ ਬਹੁਤ ਅਸਾਨ ਸੀ ਅਤੇ ਇਹ ਲਾਭ ਬਹੁਤ ਠੋਸ ਸਨ। ਨਿੱਜੀ ਹਸਪਤਾਲਾਂ ਦੀਆਂ ਸਰਜਰੀਆਂ ਮਹਿੰਗੀਆਂ ਸਨ, ਜਨਤਕ ਸੁਵਿਧਾਵਾਂ ਵਾਲੀਆਂ ਸਰਜਰੀਆਂ ਨਾਲੋਂ ਔਸਤ 10 ਪ੍ਰਤੀਸ਼ਤ ਮਹਿੰਗੀਆਂ ਜੇਕਰ 1994 ਤੋਂ ਬੀਮਾ ਕੰਪਨੀਆਂ ਅਤੇ ਮੰਤਰੀਮੰਡਲ ਧਿਆਨ ਮਾਰੇ ਉਹਨਾਂ ਨੂੰ ਤੁਰੰਤ ਅਹਿਸਾਸ ਹੋ ਜਾਵੇਗਾ ਕਿ ਨਿੱਜੀ ਪ੍ਰਬੰਧ ਦੀ ਕੁਸ਼ਲਤਾ ਦਾ ਮੰਤਰ ਗੰਭੀਰ ਤਰੁੱਟੀਆਂ ਵਾਲਾ ਸੀ ਅਤੇ ਇਸ ਨਿੱਜੀਕਰਣ ਨੂੰ ਪੁੱਠਾ ਗੇੜਾ ਦੇਣ ਲਈ ਕਦਮ ਉਠਾਏ ਜਾ ਸਕਦੇ ਸਨ। ਜੇਕਰ ਉਹਨਾਂ ਨੇ ਧਿਆਨ ਮਾਰਿਆ ਤਾਂ ਜੋ ਉਹ ਦੇਖਣਗੇ ਉਸ 'ਤੇ ਇਤਬਾਰ ਕਰਨੋਂ ਮੁਨਕਰ ਹੋ ਜਾਣਗੇ, ਕਿਉਂਕਿ ਸਰਕਾਰ ਨੇ ਅਨਿਸ਼ਚਿਤ ਸਫ਼ਲਤਾ ਦੇ ਹੁੰਦਿਆਂ ਐਚ.ਆਰ.ਸੀ ਨਾਲ ਅਪਣੇ ਸਬੰਧਾਂ ਦਾ ਪ੍ਰਦਰਸ਼ਨ ਜਾਰੀ ਰੱਖਿਆ ਹੋਇਆ ਹੈ ਅਤੇ ਪ੍ਰਬੰਧ ਵਿੱਚ ਜ਼ਿਆਦਾ ਤੋਂ ਜ਼ਿਆਦਾ ਨਿੱਜੀ ਸੇਵਾਵਾਂ ਮੁਹੱਈਆ ਕਰਵਾਉਣ ਵਾਲਿਆਂ ਨੂੰ ਲਿਆਉਣ ਦੇ ਢੰਗ ਤਰੀਕਿਆਂ ਦੀ ਤਲਾਸ਼ ਜਾਰੀ ਰੱਖੀ ਹੋਈ ਹੈ।



ਜੇਕਰ ਉੱਚੀਆਂ ਲਾਗਤਾਂ ਤਸੱਲੀਬਖ਼ਸ਼ ਸਬੂਤ ਨਹੀਂ ਹੈ ਕਿ ਸਿਹਤ ਸੰਭਾਲ ਦੀ ਨਿੱਜੀ ਸੇਵਾ ਵੱਧ ਮਹਿੰਗੀ ਤੇ ਘੱਟ ਕੁਸ਼ਲ ਹੈ ਤਾਂ ਛੇਤੀ ਹੀ ਅਲਬਰਟਾ ਵਾਸੀਆਂ ਨੂੰ ਅਸਲੀਅਤ ਦੀ ਇੱਕ ਹੋਰ ਖੁਰਾਕ ਮਿਲੇਗੀ ਕਿਉਂਕਿ ਅਲਬਰਟ ਸਿਹਤ ਸੇਵਾਵਾਂ ਨੇ ਜਨਤਕ ਪੱਧਰ 'ਤੇ ਘੋਸ਼ਣਾ ਕੀਤੀ ਹੈ ਕਿ ਐਚ.ਆਰ.ਸੀ ਨੂੰ ਸੇਵਾਵਾਂ ਦੇ ਨੁਕਸਾਨ ਨੂੰ ਬਚਾਉਣ ਨੂੰ ਯਕੀਨੀ ਬਣਾਉਣ ਲਈ ਕਦਮ ਉਠਾਉਣੇ ਪਏ ਸਨ।

ਸੋ, ਇਸ ਤਰ੍ਹਾਂ ਦੀ ਸਥਿਤੀ ਵਿੱਚ ਇਸ ਤਰ੍ਹਾਂ ਕਰਦੀ ਹੈ ਇੱਕ ਸਰਕਾਰ ਜਿਹੜੀ ਢੀਠਤਾਈ ਨਾਲ ਮੁਕਤ ਬਾਜ਼ਾਰ ਦੀ ਤਾਕਤ ਵਿੱਚ ਯਕੀਨ ਰੱਖਦੀ ਹੋਵੇ। ਠੀਕ ਹੈ, ਅਦਾਲਤਾਂ ਦੇ ਰਿਸੀਵਰ ਨਿਯੁਕਤ ਕਰਨ ਲਈ ਕਹਿਣ 'ਤੇ ਅਤੇ ਟੈਕਸ ਅਦਾ ਕਰਨ ਵਾਲਿਆਂ ਦੇ ਲੱਖਾਂ ਡਾਲਰਾਂ 'ਤੇ ਛੂਰੀ ਚਲਾਉਣ ਦੁਆਰਾ, ਇਹ ਯਕੀਨੀ ਬਣਾਉਣ ਲਈ ਕਿ ਵਿੱਤੀ ਦੀਵਾਲੀਆਪਣ ਨਿੱਜੀ ਹਸਪਤਾਲਾਂ ਦੀ ਅਲਬਰਟਾ ਵਾਸੀਆਂ ਦੇ ਟੁੱਟੇ ਚੂਲਿਆਂ ਤੇ ਗੋਡਿਆਂ ਤੋਂ ਕਮਾਈ ਕਰਨ ਦੀ ਯੋਗਤਾ ਨੂੰ ਨਹੀਂ ਘਟਾਉਂਦਾ। ਹੁਣ ਤੱਕ ਸਭ ਕੁੱਝ ਕਿਹਾ ਤੇ ਕੀਤਾ ਜਾ ਚੁੱਕਾ ਹੈ, ਕੇਵਲ ਰਿਸੀਵਰਸ਼ਿਪ ਤੇ ਪੀਰੀਅਡ ਦੌਰਾਨ ਸੁਵਿਧਾ ਜਾਰੀ ਰੱਖਣੀ ਅਲਬਰਟਾਵਾਸੀਆਂ ਨੂੰ ਘੱਟੋ-ਘੱਟ ਤਿੰਨ ਮਿਲੀਅਨ ਡਾਲਰ ਵਿੱਚ ਪਵੇਗੀ, ਸੰਭਵ ਹੈ ਕਿ ਇਸ ਤੋਂ ਵੀ ਜ਼ਿਆਦਾ। ਇਹ, ਨਿਰਸੰਦੇਹ, ਉਸ ਖ਼ਰਚ ਤੋਂ ਇਲਾਵਾ ਹੈ ਜਿਹੜਾ ਰਿਸੀਵਰਸ਼ਿਪ ਦੌਰਾਨ ਸਰਜਰੀਆਂ 'ਤੇ ਆਉਂਦਾ। ਜਿਹੜਾ ਕਿ ਅਜੇ ਵੀ ਸਾਨੂੰ ਜਨਤਕ ਸੁਵਿਧਾਵਾਂ ਵਾਲੀਆਂ ਸਰਜਰੀਆਂ ਤੋਂ 10 ਪ੍ਰਤੀਸ਼ਤ ਜ਼ਿਆਦਾ ਹੈ। ਚੁਣੌਤੀ ਇਹ ਹੈ ਕਿ ਕਿਉਂਕਿ ਸਰਕਾਰ ਨੇ ਕੈਲਗਿਰੀ ਵਿੱਚ 90ਵਿਆਂ ਵਿੱਚ ਹੀ ਬਹੁਤ ਸਾਰੀਆਂ ਜਨਤਕ ਸੁਵਿਧਾਵਾਂ ਤੋਂ ਛੁਟਕਾਰਾ ਪਾ ਲਿਆ ਸੀ, ਹੁਣ ਇਸਦੀ ਉਸ ਜਨਤਕ ਪ੍ਰਣਾਲੀ ਨੂੰ ਬਹਾਲ ਕਰਨ ਦੀ ਕੋਈ ਸਮਰੱਥਾ ਬਾਕੀ ਨਹੀਂ ਬਚੀ ਤੇ ਇਹ ਸਰਜਰੀਆਂ ਐਚ.ਆਰ.ਸੀ ਦੁਆਰਾ ਕੀਤੀਆਂ ਜਾ ਰਹੀਆਂ ਹਨ। ਅਲਬਰਟਾ ਸਰਕਾਰ ਕੋਲ ਕੇਵਲ ਦੋ ਵਿਕਲਪ ਹਨ ਜਾਂ ਤਾਂ ਉਹ ਕੰਪਨੀ ਨੂੰ ਪ੍ਰਾਈਵੇਟ ਸੇਵਾਵਾਂ ਲਈ ਬੇਤੁਕੀਆਂ ਅਦਾਇਗੀਆਂ ਜਾਰੀ ਰੱਖੇ ਜਾਂ ਫਿਰ ਨਵੀਆਂ ਸੁਵਿਧਾਵਾਂ ਉਸਾਰੇ ਤਾਂ ਕਿ ਇਸ ਸੇਵਾਵਾਂ ਮੁਹੱਈਆ ਕਰਵਾਉਣ ਲਈ ਜਨਤਕ ਪ੍ਰਣਾਲੀ ਵਾਪਸ ਆ ਸਕੇ।

ਰਾਲਫ ਕਲੇਨ ਅਤੇ ਸਟੀਵ ਵੈੱਸਟ ਪਾਰਕਲੈਂਡ ਵਰਗੇ ਗਰੁੱਪ ਬਣਾਉਣ ਦੇ ਸ਼ੌਕੀਨ ਸਨ, ਜਿਸਨੇ ਉਹਨਾਂ ਦੀ ਨਿੱਜੀਕਰਣ ਦੀ ਮਿੱਥ ਨੂੰ ਤੱਥਾਂ ਦੇ ਆਧਾਰ 'ਤੇ ਚੁਣੌਤੀ ਦਿੱਤੀ, ਜਿਹੜੇ ਪਰਿਵਰਤਨ ਅਤੇ ਸੁਧਾਰ ਦੇ ਵਿਰੁੱਧ ਭੈਅ ਵਪਾਰੀ ਸਨ, ਅੱਜ ਅਲਬਰਟਾ ਵਾਸੀ ਸਾਫ਼ ਤੌਰ 'ਤੇ ਸਰਕਾਰ ਦੇ ਮੂਲਵਾਦੀ ਜਨੂੰਨ ਦੀ ਕੀਮਤ ਨਿੱਜੀਕਰਣ ਨਾਲ ਤਾਰ ਰਹੇ ਹਨ ਜਦੋਂ ਕਿ ਸਾਰੇ ਹੀ ਤੱਥ ਵਿਪਰੀਤ ਹਨ। ਇਸ ਨਾਲ ਜੁੜੀਆਂ ਸਮੱਸਿਆਵਾਂ ਅਲਬਰਟਾ ਵਾਸੀਆਂ ਲਈ ਸਪੱਸ਼ਟ ਹੋਣੀਆਂ ਚਾਹੀਦੀਆਂ ਹਨ। ਹੁਣ ਅਸੀ ਕੇਵਲ ਇਹਨਾਂ ਨੂੰ ਫੈਸਲਾ ਲੈਣ ਵਾਲਿਆਂ ਤੱਕ ਪਹੁੰਚਾਉਣਾ ਹੈ।

# ਖ਼ਬਰਦਾਰ ! ਤੁਹਾਡੀ ਇੰਡੀਆ ਨੂੰ ਕੀਤੀ ਕਾਲ 911 ਵਿੱਚ ਵੀ ਬਦਲ ਸਕਦੀ ਹੈ

ਐਡਮਿੰਟਨ-ਨ ਦ ਬ

ਐਡਮਿੰਟਨ ਪੁਲਿਸ ਨੂੰ ਅੱਜਕੱਲ੍ਹ ਇੱਕ ਅਜੀਬ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਪ੍ਰੇਸ਼ਾਨੀ ਕੋਈ ਹੋਰ ਨਹੀਂ ਬਲਕਿ ਪੁਲਿਸ ਸਹਾਇਤਾ ਵਾਸਤੇ ਫੋਨ ਨੰਬਰ 911 ਨੂੰ ਗ਼ਲਤ ਡਾਇਲ ਕੀਤੇ ਜਾਣ ਦੀ ਹੈ। ਫੋਨ ਨੰਬਰ 911 ਦੀ ਗ਼ਲਤ ਡਾਇਲਿੰਗ ਕਾਰਣ ਐਡਮਿੰਟਨ ਪੁਲਿਸ ਨੂੰ ਅਪ੍ਰੈਲ ਮਹੀਨੇ ਵਿੱਚ 86 ਅਜਿਹੀਆਂ ਕਾਲਾਂ ਕਾਰਣ ਪ੍ਰੇਸ਼ਾਨੀ ਦਾ ਸਾਹਮਣਾ ਕਰਨ ਪਿਆ। ਇਹ ਗ਼ਲਤ ਦੀ ਸਮੱਸਿਆ ਕੋਈ ਜਾਣਬੁੱਝ ਕੇ ਕੀਤੀ ਗਈ ਸ਼ਰਾਰਤ ਨਹੀਂ ਬਲਕਿ ਇਸਦਾ ਸਬੰਧ ਇੰਡੀਆ ਦੇ ਕੋਡ ਨਾਲ ਹੈ। ਅਗਰ ਕੋਈ ਵੀ ਵਿਅਕਤੀ ਇੰਡੀਆ ਫੋਨ ਕਰਨ ਤੋਂ ਪਹਿਲਾਂ 011 ਡਾਇਲ ਨਹੀਂ ਕਰਦਾ ਤਾਂ ਇਸ ਨਾਲ ਪੁਲਿਸ ਦੀ ਐਮਰਜੈਂਸੀ ਕਾਲ ਡਾਇਲ ਹੋ ਜਾਂਦੀ ਹੈ। ਇੰਡੀਆ ਦਾ ਕੰਟਰੀ ਕੋਡ 91 ਹੈ। ਜਦੋਂਕਿ ਇੰਡੀਆ ਦੇ ਕਈ ਸ਼ਹਿਰਾਂ ਦੇ ਏਰੀਆ ਕੋਡ ਦਾ ਪਹਿਲਾ ਹਿੰਦਸਾ ਵੀ 1 ਹੈ। ਜਿਵੇਂ ਕਿ ਅੰਬਾਲਾ ਦਾ ਏਰੀਆ ਕੋਡ- 171, ਅੰਮ੍ਰਿਤਸਰ- 183, ਬਠਿੰਡਾ ਦਾ- 164, ਚੰਡੀਗੜ੍ਹ ਦਾ 172, ਨੋਇਡਾ ਦਾ- 191, ਸ਼ਿਮਲਾ- 177 ਅਤੇ ਸ੍ਰੀਨਗਰ- 194 ਹੈ। ਮਿਸਾਲ ਦੇ ਤੌਰ 'ਤੇ ਅਗਰ ਇੰਡੀਆ ਫੋਨ ਕਰਨ ਦਾ ਚਾਹਵਾਨ ਕੋਈ ਵਿਅਕਤੀ ਅੰਬਾਲਾ ਦਾ ਏਰੀਆ ਕੋਡ ਡਾਇਲ ਕਰਦਾ ਹੈ ਅਤੇ ਇਸਤੋਂ ਪਹਿਲਾਂ 011 ਡਾਇਲ ਨਹੀਂ ਕਰਦਾ ਤਾਂ ਇਹ ਫੋਨ ਡਾਇਲਿੰਗ ਹੋਵੇਗੀ 91 171, ਇਸ ਡਾਇਲਿੰਗ ਦੇ ਪਹਿਲੇ ਤਿੰਨ ਹਿੰਦਸੇ ਹਨ 911 ਜਿਸ ਕਾਰਣ ਐਮਰਜੈਂਸੀ ਕਾਲ ਆਟੋਮੈਟਿਕ ਐਕਟਿਵ ਹੋ ਜਾਂਦੀ ਹੈ। ਸੋ ਇਹ ਯਕੀਨੀ ਬਣਾਇਆ ਜਾਵੇ ਕਿ ਤੁਸੀਂ ਜਦ ਵੀ ਇੰਡੀਆ ਨੂੰ ਫੋਨ ਕਰਦੇ ਹੋ ਤਾਂ ਐਮਰਜੈਂਸੀ ਕਾਲ ਐਕਟੀਵੇਟ ਨਾ ਹੋਵੇ। ਇਸ ਵਾਸਤੇ ਜਦੋਂ ਵੀ ਇੰਡੀਆ ਫੋਨ ਕਰੋ, ਨੰਬਰ ਡਾਇਲ ਕਰਨ ਤੋਂ ਪਹਿਲਾਂ 011 ਜ਼ਰੂਰ ਡਾਇਲ ਕਰੋ। ਸਭ ਤੋਂ ਪਹਿਲਾਂ ਆਪਣੇ ਫੋਨ 'ਤੇ ਨੰਬਰ ਟਾਈਪ ਕਰੋ ਤੇ ਫੇਰ 'ਟਾਕ' ਦਬਾਓ। ਅਗਰ ਤੁਸੀਂ ਗਲਤੀ ਨਾਲ ਐਮਰਜੈਂਸੀ 911 ਕਾਲ ਕਰ ਬੈਠਦੇ ਹੋ ਤਾਂ ਲਾਈਨ 'ਤੇ ਬਣੇ ਰਹੋ ਤੇ 911 ਦੀ ਕਾਲ ਲੈਣ ਵਾਲੇ ਉਪਰੇਟਰ ਨੂੰ ਆਪਣੀ ਗਲਤੀ ਬਾਰੇ ਜਾਣੂ ਕਰਵਾਓ। ਅਗਰ ਤੁਸੀ ਗਲਤੀ ਨਾਲ 911 ਕਾਲ ਕਰਕੇ ਫੋਨ ਰੱਖ ਦਿੰਦੇ ਹੋ ਤਾਂ ਪੁਲਿਸ ਵਲੋਂ ਤੁਹਾਨੂੰ ਵਾਪਸੀ ਕਾਲ ਆਵੇਗੀ। ਤੁਸੀਂ ਇਹ ਫੋਨ ਹਰ ਹਾਲਤ ਵਿਚ ਅਟੈਂਡ ਕਰੋ ਤੇ ਦੱਸੋ ਕਿ ਤੁਸੀਂ ਇੰਡੀਆ ਫੋਨ ਮਿਲਾਉਣ ਦੀ ਕੋਸ਼ਿਸ਼ ਕਰ ਰਹੇ ਸੀ। ਅਗਰ ਤੁਸੀਂ ਅਜਿਹਾ ਨਹੀਂ ਕਰਦੇ ਤਾਂ ਪੁਲਿਸ ਤੁਹਾਡੇ ਘਰ ਪਹੁੰਚ ਸਕਦੀ ਹੈ ਤਾਂ ਕਿ ਤੁਹਾਡੀ ਸੁਰੱਖਿਆ ਬਾਰੇ ਪਤਾ ਚੱਲ ਸਕੇ। ਗਲਤੀ ਨਾਲ ਡਾਇਲ ਕੀਤੀ ਗਈ 911ਕਾਲ ਦੇ ਦਿਲਚਸਪ ਪਹਿਲੂ ਇਹ ਵੀ ਹਨ ਕਿ ਤੁਸੀਂ ਇਹ ਗਲਤੀ ਕਰਨ ਪਿਛੋਂ ਡਰੋ ਨਾ ਕਿਉਂਕਿ ਗਲਤੀ ਨਾਲ ਕੀਤੀ ਗਈ ਕਾਲ ਦਾ ਕੋਈ ਜੁਰਮਾਨਾ ਨਹੀਂ ਪਾਇਆ ਜਾਂਦਾ। ਸੈਲ ਫੋਨ ਜਿਸ ਵਿਚ ਬੈਲੈਂਸ ਨਹੀਂ ਹੈ ਤੇ ਜਿਸ ਵਿਚ ਸਿਮ ਕਾਰਡ ਵੀ ਨਹੀਂ ਹੈ, ਅਗਰ ਉਹ ਚਾਰਜ ਹੈ ਤਾਂ ਉਸ ਉਪਰ 911 ਕਾਲ ਕੀਤੀ ਜਾ ਸਕਦੀ ਹੈ। ਅਜਿਹੇ ਸੈਲ ਫੋਨ ਬੱਚਿਆਂ ਨੂੰ ਖੇਡਣ ਵਾਸਤੇ ਨਾ ਦਿਓ।



ਘਰ ਦੇ ਕਿਸੇ ਵੀ ਫੋਨ ਨਾਲ ਬੱਚਿਆਂ ਨੂੰ ਖੇਡਣ ਨਾ ਦਿਓ। ਅਗਰ ਤੁਸੀਂ ਗਲਤੀ ਨਾਲ ਐਮਰਜੈਂਸੀ ਕਾਲ ਡਾਇਲ ਕਰ ਚੁੱਕੇ ਹੋ ਤਾਂ ਇਸ ਦਾ ਜਵਾਬ ਜ਼ਰੂਰ ਦਿਓ। ਅਗਰ ਤੁਸੀਂ ਅੰਗਰੇਜ਼ੀ ਨਹੀਂ ਵੀ ਜਾਣਦੇ ਤਾਂ ਵੀ ਜਵਾਬ ਦਿਓ ਕਿਉਂਕਿ ਫੋਨ 'ਤੇ ਤੁਹਾਡੀ ਭਾਸ਼ਾ ਸਮਝਣ ਵਾਲਾ ਜ਼ਰੂਰ ਕੋਈ ਨਾ ਕੋਈ ਕਰਮਚਾਰੀ ਮੌਜੂਦ ਹੋਵੇਗਾ।

# ਸਵਾਲ ਹੈ ਕਿ ਸਵੈਸੇਵੀ ਬਣੀਏ ਜਾਂ ਨਾ ਬਣੀਏ...?

**ਕੋਲੀਨ ਮੈਕਲੋ-ਕਲਿੰਕ**

ਜਿਉਂ ਹੀ ਸਾਲ ਦਾ ਅੰਤ ਆਉਂਦਾ, ਮੈਂ ਪਿੱਛਲ ਝਾਤ ਮਾਰਦੀ ਹਾਂ ਕਿ ਕਿਵੇਂ ਇੱਕ ਹੋਰ ਸਾਲ ਮੇਰੇ ਕੋਲੋਂ ਖਿਸਕ ਗਿਆ ਹੈ। ਮੈਂ ਅਪਣੇ ਮੁਲੰਕਣ ਨੂੰ ਟਾਲਣਾ ਸ਼ੁਰੂ ਕਰ ਦਿੰਦੀ ਹਾਂ-ਜਿਵੇਂ ਕਿ ਸਾਲ ਦੇ ਇਸ ਸਮੇਂ ਬੱਚੇ ਕਰਦੇ ਹਨ, ਅਪਣੇ ਵਿਦਿਆਰਥੀਆਂ ਬਾਰੇ ਸੋਚਣਾ ਸ਼ੁਰੂ ਕਰਦੀ ਹਾਂ ਤੇ ਉਹਨਾਂ ਸਬੰਧਾਂ ਬਾਰੇ ਜਿਹੜੇ ਮੈਂ ਉਹਨਾਂ ਨਾਲ ਬਣਾ ਲਏ ਹਨ। ਬੀਤੇ ਦਿਨ ਤਿੰਨ ਸਾਲਾਂ ਤੋਂ ਸਾਡੇ ਸਕੂਲ ਨੇ ਸਕੂਲ ਦੇ ਅੰਦਰ, ਸਕੂਲ ਦੇ ਇਰਦ-ਗਿਰਦ ਅਤੇ ਭਾਈਚਾਰੇ ਵਿੱਚ ਸੇਵਾ ਯੋਜਨਾਵਾਂ ਨੂੰ ਉਤਸ਼ਾਹਿਤ ਕਰਨ ਉੱਪਰ ਵਿਸ਼ੇਸ਼ ਧਿਆਨ ਦਿੱਤਾ ਹੈ। ਅਸੀਂ ਇਸਨੂੰ 'ਐਗਜ਼ਿਟ' ਯੋਜਨਾ ਕਿਹਾ ਹੈ। ਸਾਡੇ 12ਵੀਂ ਗਰੇਡ ਦੇ ਸਾਰੇ ਵਿਦਿਆਰਥੀਆਂ ਨੇ ਇਸ ਯੋਜਨਾ ਅਧੀਨ ਕਿਸੇ ਨਾ ਕਿਸੇ ਢੰਗ ਨਾਲ ਸਾਡੇ ਭਾਈਚਾਰੇ ਨੂੰ ਯੋਗਦਾਨ ਦਿੱਤਾ ਹੈ- ਅਪਣੇ ਪ੍ਰਸਥਾਨ ਦੇ ਇੱਕ ਅੰਤਲੇ ਪੰਨੇ ਵਜੋਂ ਮੈਂ ਦੋ ਸਾਲ ਪਹਿਲਾਂ ਵਿਦਿਆਰਥੀਆਂ ਨੂੰ ਸ਼ਹਿਰ ਦੇ ਅੰਦਰੂਨੀ ਹਿੱਸਿਆਂ ਵਿੱਚ ਲਿਜਾਣ ਦਾ ਕਾਰਜ ਵਿੱਢਿਆ ਅਤੇ 'ਦ ਮਾਸਟਰਡ ਸੀਡ' ਤੇ ਰਾਤਰੀ ਭੋਜਨ ਵਰਤਾਇਆ। ਦੋ ਸਾਲ ਪਹਿਲਾਂ ਜਦੋਂ ਮੈਂ ਦਸੰਬਰ ਦੀ ਕਕਰੀਲੀ ਰਾਤ ਨੂੰ ਸ਼ਰਣਗਾਹ 'ਚ ਪੈਰ ਰੱਖਿਆ ਤਾਂ ਮੈਨੂੰ ਕੋਈ ਖ਼ਿਆਲ ਨਹੀਂ ਸੀ ਕਿ ਇਹ ਰਾਤ ਬਹੁਤ ਸਾਰੀਆਂ ਰਾਤਾਂ 'ਚੋਂ ਪਹਿਲੀ ਸੀ। ਕਿਸ਼ੋਰ ਹੈਰਾਨ ਸਨ- ਅਤੇ ਸੰਕੋਚੀ ਵੀ- ਜਦੋਂ ਉਹਨਾਂ ਨੂੰ ਅਹਿਸਾਸ ਹੋਇਆ ਕਿ ਅਜਿਹੀ ਜਗ੍ਹਾ ਦੀ ਵੀ ਉਹਨਾਂ ਦੇ ਸ਼ਹਿਰ ਵਿੱਚ ਹੋਂਦ ਹੈ ਅਤੇ ਇਹ ਮਿਲਵੁਡਜ਼ ਨਹੀਂ ਸੀ। ਉਹਨਾਂ ਨੇ ਸਿੱਖਿਆ ਕਿ ਉਹਨਾਂ ਦੀਆਂ ਜਵਾਨ ਜ਼ਿੰਦਗੀਆਂ ਦੂਸਰਿਆਂ ਦੀ ਸਥਿਰਤਾ 'ਤੇ ਨਿਰਭਰ ਸਨ-ਤੇ ਕਈ ਪੱਖੋਂ ਉਹ ਕਿੰਨੇ ਖ਼ੁਸ਼ਕਿਸਮਤ ਸਨ ਕਿ ਉਹਨਾਂ ਕੋਲ ਜਾਣ ਲਈ ਘਰ ਸੀ, ਮੇਜ਼ 'ਤੇ ਭੋਜਨ ਸੀ, ਨਿੱਘੇ ਬਸਤਰ ਸਨ ਅਤੇ ਸਿੱਖਿਆ ਪ੍ਰਾਪਤੀ ਦੀ ਸੁਵਿਧਾ ਸੀ, ਜਿਸ ਗੱਲ ਨੇ ਮੈਨੂੰ ਬਹੁਤ ਜ਼ਿਆਦਾ ਪ੍ਰਭਾਵਿਤ ਕੀਤਾ, ਉਹ ਸੀ ਅਗਲੇ ਦਿਨ ਸਕੂਲ ਵਿੱਚੋਂ ਮਿਲਿਆ ਹੁੰਗਾਰਾ। ਕਿਸ਼ੋਰ ਇਸ ਬਾਰੇ ਚਰਚਾ ਕਰ ਰਹੇ ਸਨ ਅਤੇ ਅੱਗੇ ਹੋਰ ਜ਼ਿਆਦਾ ਵਿਦਿਆਰਥੀ ਜਾਣਾ ਚਾਹੁੰਦੇ ਸਨ। ਸੋ, ਇਸ ਤਰ੍ਹਾਂ ਆਰੰਭ ਕੀਤਾ ਗਿਆ। ਉਹਨਾਂ ਨੇ ਮਹਿਸੂਸ ਕੀਤਾ ਕਿ ਉਹਨਾਂ ਨੇ ਛੋਟੇ ਜਿਹੇ ਯਤਨ ਨਾਲ ਸਹਾਇਤਾ ਕੀਤੀ ਸੀ। ਜਦੋਂ ਕਿ ਸੱਚ ਇਹ ਹੈ ਕਿ ਸਾਡਾ ਭਾਈਚਾਰਾ, ਸਾਡੇ ਕਿਸ਼ੋਰਾਂ ਨੂੰ ਕੁੱਝ-ਕੁੱਝ 'ਠੱਗਾਂ' ਅਤੇ 'ਮੁਸੀਬਤਾਂ ਖੜੀਆਂ ਕਰਨ' ਵਾਲਿਆਂ ਵਜੋਂ ਦੇਖਦਾ ਹੈ। ਮੈਂ ਅਪਣੇ ਵਿਦਿਆਰਥੀਆਂ ਦੇ ਚਿਹਰੇ ਸਾਡੇ ਭਵਿੱਖ ਵਾਂਗ ਦੇਖਦੀ ਹਾਂ। ਮੈਨੂੰ ਉਮੀਦ ਹੈ ਕਿ ਉਹਨਾਂ ਦਾ ਵਾਹ ਕਦੇ ਵੀ ਸ਼ਰਣਗਾਹ, ਗਰੀਬੀ ਤੇ ਨਿਰਾਸ਼ਾ ਨਾਲ ਨਹੀਂ ਪਵੇਗਾ। ਮੈਂ ਉਮੀਦ ਕਰਦੀ ਹਾਂ ਕਿ ਉਹ ਅਪਣੀ ਸੇਵਾ ਦੀ ਕੀਮਤ ਨੂੰ ਸਮਝਣਗੇ, ਇਹ ਵੀ ਉਮੀਦ ਕਰਦੀ ਹਾਂ ਕਿ ਸਾਡਾ ਭਾਈਚਾਰਾ ਸਾਡੇ ਸਕੂਲ ਨੂੰ ਵੀ ਇੱਕ ਅਜਿਹੇ ਅਨਿੱਖੜ ਅੰਗ ਵਜੋਂ ਦੇਖੇ ਜਿਹੜਾ ਨੌਜਵਾਨਾਂ ਨੂੰ ਇਸ ਤਰ੍ਹਾਂ ਦੇ ਮਨੁੱਖਾਂ ਵਿੱਚ ਬਦਲਦਾ ਹੈ, ਜਿਹੜੇ ਇੱਕ ਦਿਨ ਮਿਲਵੁਡਜ਼ ਦੇ ਭਾਈਚਾਰੇ ਨੂੰ ਆਰਥਕ ਤੇ ਸਮਾਜਕ ਯੋਗਦਾਨ ਦਿੰਦੇ ਹਨ। ਜਿਉਂ ਹੀ ਗਰਮੀ ਦੇ ਲੰਮੇ ਦਿਨ ਸਾਡੇ 'ਤੇ ਆਉਂਦੇ ਹਨ, ਤੁਸੀਂ ਅਪਣੇ-ਆਪ ਨੂੰ ਪੁੱਛਣਾ ਚਾਹੁੰਦੇ ਹੋ ਕਿ ਭਾਈਚਾਰੇ ਦੀ ਮੱਦਦ ਨਾਲ ਤੁਹਾਡਾ ਕਿਸ਼ੋਰ ਕੀ ਕਰ ਸਕਦਾ ਹੈ। ਹਰ ਤਰ੍ਹਾਂ ਦੇ ਸਵੈ ਸੇਵੀ ਲੋੜੀਂਦੇ ਹਨ। ਇਹ ਦੇਖਣਾ ਕਿੰਨਾ ਮਹਾਨ ਹੋਵੇਗਾ ਕਿ ਤੁਹਾਡੇ ਕਿਸ਼ੋਰ ਭਾਈਚਾਰੇ ਦਾ ਰਿਣ ਉਤਾਰ ਰਹੇ ਹਨ। ਜੇਕਰ ਤੁਹਾਨੂੰ ਸਪੱਸ਼ਟ ਨਹੀਂ ਕਿ ਤੁਸੀਂ ਕੀ ਕਰ ਸਕਦੇ ਹੋ- ਸਾਡੇ ਸਕੂਲ ਨਾਲ ਸੰਪਰਕ ਕਰੋ ਅਤੇ ਦੇਖੋ ਕਿ ਕਿੱਥੇ ਤੁਹਾਡਾ ਕਿਸ਼ੋਰ ਸਹਾਇਤਾ ਕਰ ਸਕਦਾ ਹੈ। ਮੈਂ ਤੁਹਾਨੂੰ ਸਭ ਨੂੰ ਗਰਮ ਰੁੱਤ ਦੀਆਂ ਸ਼ੁੱਭਕਾਮਨਾਵਾਂ ਦਿੰਦੀ ਹਾਂ- ਮੈਂ ਤੁਹਾਨੂੰ ਤੇ ਤੁਹਾਡੇ ਬੱਚਿਆਂ ਨੂੰ ਸਤੰਬਰ ਵਿੱਚ ਮਿਲਾਂਗੀ। ਖ਼ੁਸ਼ ਰਹੋ!



ਕੁਲ ਸੰਸਾਰ ਇਕ ਪਰਿਵਾਰ...

ਨਵੀਂ ਦੁਨੀਆ

## ਸੰਪਾਦਕੀ

# ਹਨੇਰ ਸਾਈਂ ਦਾ ਜਾਂ...?

ਭੋਪਾਲ ਸ਼ਹਿਰ ਘੂਕ ਨੀਂਦ ਵਿਚ ਸੀ। ਉਹ ਸੁਨਹਿਰੇ ਸੂਰਜ ਨੂੰ ਅੱਖਾਂ ਵਿਚ ਬੰਦ ਕਰਕੇ ਸੌਂ ਗਏ ਸਨ। ਰਾਤ ਰਾਣੀ ਦੀ ਗੋਦ ਵਿਚ ਪਏ ਲੋਕੀ ਸਰਘੀ ਦੇ ਸੁਪਨੇ ਬੁਣ ਰਹੇ ਸਨ। ਪੰਛੀਆਂ ਦੇ ਆਲ੍ਹਣੇ ਸ਼ਾਂਤ ਸਨ। ਬੋਟ ਮਾਵਾਂ ਦੀਆਂ ਛਾਤੀਆਂ ਵਿਚ ਸਿਰ ਲੁਕਾਈ ਊਂਘ ਰਹੇ ਸਨ। ਅਚਾਨਕ ਜ਼ਹਿਰੀਲੀ ਪੌਣ ਨੇ ਸਭ ਕੁਝ ਲੀਲ ਲਿਆ। ਸੁਪਨੇ ਸਦਾ ਲਈ ਦਫ਼ਨ ਹੋ ਗਏ। ਜਦ ਜੀਵਨ ਹੀ ਨਾ ਰਿਹਾ ਤਾਂ ਸੁਪਨੇ ਕਿਥੋਂ ਆਉਂਦੇ?

ਹਨੇਰ ਸਾਈਂ ਦਾ!

ਇਕੋ ਰਾਤ ਵਿਚ 25 ਮਨੁੱਖੀ ਜ਼ਿੰਦਗੀਆਂ ਫਨਾਹ। ਹਜ਼ਾਰਾਂ ਪਸ਼ੂ-ਪੰਛੀਆਂ ਦੀ ਜੀਵਨ ਲੀਲਾ ਸਮਾਪਤ। ਲੱਖਾਂ ਲੋਕਾਂ ਦਾ ਜੀਵਨ ਨਰਕ ਤੋਂ ਵੀ ਬਦਤਰ। ਇਹ ਕਿਵੇਂ ਹੋ ਗਿਆ? ਕੀ ਸਚਮੁੱਚ ਇਹ ਹਨੇਰ ਸਾਈਂ ਦਾ ਹੀ ਸੀ? ਕੀ ਸਾਈਂ ਏਨਾ ਜ਼ਾਲਮ ਹੈ, ਏਨਾ ਬਦਲਾਖੋਰ ਹੈ? ਫੇਰ ਉਹ ਸਾਈਂ ਕਾਹਦਾ? ਫੇਰ ਕੌਣ ਸੀ ਉਹ ਜਿਹੜਾ ਇਸ ਜ਼ਹਿਰੀਲੀ ਹਵਾ ਦਾ ਸ਼ਾਹਅਸਵਾਰ ਸੀ? ਕੀ ਅਮਰੀਕੀ ਕੰਪਨੀ ਯੂਨੀਅਨ ਕਾਰਬਾਈਡ ਦਾ ਉਸ ਵੇਲੇ ਦਾ ਮੁਖੀ ਵਾਰੇਨ ਐਂਡਰਸਨ ਸੀ ਉਹ? ਕੀ ਯੂਨੀਅਨ ਕਾਰਬਾਈਡ ਦੇ ਉਹ ਭਾਰਤੀ ਅਧਿਕਾਰੀ ਸਨ ਜਿਨ੍ਹਾਂ ਘੂਕ ਸੁੱਤੀ ਲੋਕਾਈ ਨੂੰ ਮੁੜ ਕੇ ਉਠਣ ਹੀ ਨਹੀਂ ਦਿੱਤਾ? ਹਾਂ ਇਹੀ ਸਨ ਇਹ ਲੋਕ ਜਿਨ੍ਹਾਂ ਦੁਨੀਆ ਦੇ ਸਭ ਤੋਂ ਭਿਅੰਕਰ ਸਨਅਤੀ ਜੁਰਮ ਨੂੰ ਅੰਜਾਮ ਦਿੱਤਾ ਪਰ ਕੇਵਲ ਐਂਡਰਸਨ ਜਾਂ ਉਹਦੇ ਅੱਠ-ਦਸ ਸਾਥੀਆਂ ਨੂੰ ਕਟਿਹਰੇ ਵਿਚ ਖੜਾ ਕਰਕੇ ਅਸਲ ਯਮਰਾਜ ਦੀ ਪਛਾਣ ਨਹੀਂ ਕੀਤੀ ਸਕਦੀ। ਐਂਡਰਸਨ ਤੇ ਉਹਦੇ ਸਾਥੀਆਂ ਦਾ ਜੁਰਮ ਤਾਂ ਦਿਖਾਈ ਦਿੰਦਾ ਹੈ, ਅਸਲ ਕਾਤਲ ਤਾਂ ਅਦਿੱਖ ਹਨ? ਜਿਵੇਂ ਰੱਬ ਅਦਿੱਖ ਹੈ। ਰੱਬ ਅਦਿੱਖ ਹੈ ਤੇ ਇਹਨੇ ਅਦਿੱਖ ਹੀ ਰਹਿਣਾ ਹੈ ਕਿਉਂਕਿ ਰੱਬ ਤਾਂ 'ਨਿਰ ਅਕਾਰ' ਹੈ ਪਰ ਆਪਣੀ ਲੁੱਟ ਦੇ ਡਾਇਨਾਸੌਰ ਨਾਲ ਦੁਨੀਆਂ ਦਰੜ ਦੇਣ ਵਾਲੇ ਐਂਡਰਸਨ ਦੇ ਮਾਲਕ ਨਿਰਅਕਾਰ ਨਹੀਂ, ਉਹ ਅਦਿੱਖ ਹਨ ਪਰ ਉਨ੍ਹਾਂ ਲਈ ਜਿਨ੍ਹਾਂ ਨੂੰ ਵਕਤ ਨੇ ਅੰਧਰਾਤੇ ਦੀ ਜੂਨੇ ਪਾਇਆ ਹੋਇਆ ਹੈ। ਜਿਹੜੇ ਹਰ ਚੀਜ਼ ਨੂੰ ਕਿਉਂ, ਕਿਵੇਂ ਦੇ ਨਜ਼ਰੀਏ ਨਾਲ ਦੇਖਦੇ ਹਨ, ਉਨ੍ਹਾਂ ਲਈ ਤਾਂ ਕੁਝ ਵੀ ਅਦਿੱਖ ਨਹੀਂ। ਇਸੇ ਲਈ ਅਸੀਂ ਕਹਿੰਦੇ ਹਾਂ ਕਿ ਇਹ ਹਨੇਰ ਸਾਈਂ ਦਾ ਨਹੀਂ, ਇਹ ਹਨੇਰ ਤਾਂ ਉਸ ਲੋਟੂ ਵਿਵਸਥਾ ਦਾ ਹੈ, ਜਿਹੜੀ ਮਨੁੱਖ ਨੂੰ ਮਨੁੱਖ ਹੀ ਨਹੀਂ ਸਮਝਦੀ, ਜਿਹੜੀ ਬੰਦੇ ਨੂੰ ਆਪਣੀ ਲੁੱਟ ਦੀ ਮਸ਼ੀਨ ਦਾ ਇਕ ਪੁਰਜਾ ਮਾਤਰ ਸਮਝਦੀ ਹੈ ਤੇ ਜਦੋਂ ਉਹਦੀ ਨਜ਼ਰ ਵਿਚ ਇਹ 'ਪੁਰਜਾ' ਨਕਾਰਾ ਹੋ ਜਾਂਦਾ ਹੈ ਤਾਂ ਉਹ ਇਹਨੂੰ ਵਗਾਹ ਮਾਰਦੀ ਹੈ। ਗੱਲ ਇਥੇ ਵੀ ਖ਼ਤਮ ਨਹੀਂ ਹੁੰਦੀ। ਪਿੰਡਾਂ ਤੋਂ ਲੈ ਕੇ ਸ਼ਹਿਰਾਂ ਦੇ ਸ਼ਹਿਰ ਤੱਕ ਹਜ਼ਮ ਕਰਨ ਵਾਲੀ ਇਸ ਵਿਵਸਥਾ ਦਾ ਅਫਰੇਵਾਂ ਵੱਧਦਾ ਹੀ ਤੁਰਿਆ ਜਾਂਦਾ ਹੈ।

ਹਨੇਰ ਦਰ ਹਨੇਰ ਵਾਪਰਦਾ ਹੈ। ਲੋਕ ਮਰਦੇ ਹਨ, ਜਿਹੜੇ ਬੱਚ ਜਾਂਦੇ ਹਨ, ਉਹ ਰਿੜਦੇ, ਘਿੜਦੇ, ਡਿਗਦੇ, ਢਹਿੰਦੇ, ਹੌਲੀ ਹੌਲੀ ਉਠਦੇ, ਤੁਰਦੇ ਇਨਸਾਫ ਲਈ ਬਾਹਾਂ ਉਲ੍ਹਾਰਦੇ ਹਨ। ਇਕ ਪੂਰੀ ਪੀੜੀ ਦਾ ਵਕਤ ਲੰਘ ਜਾਂਦਾ ਹੈ, ਨਵੀਂ ਪੀੜੀ ਜ਼ਹਿਰੀਲੀ ਹੋਈ ਪੌਣ ਕਾਰਨ ਅਪਾਹਜਤਾ ਦਾ ਸਰਾਪ ਲੈ ਕੇ ਜੰਮਦੀ, ਵਿਗਸਦੀ ਹੈ। 25 ਸਾਲ ਲੰਘ ਜਾਂਦੇ ਹਨ। ਇਨਸਾਫ ਦੇ ਨਾਂਅ 'ਤੇ ਦੋਸ਼ੀਆਂ ਨੂੰ 2-2 ਸਾਲ ਕੈਦ ਦੀ ਸਜ਼ਾ ਸੁਣਾਈ ਜਾਂਦੀ ਹੈ, ਇਕ ਇਕ ਲੱਖ ਜੁਰਮਾਨਾ ਲਗਦਾ ਹੈ, ਉਹ ਅਦਾਲਤਾਂ ਵਿਚੋਂ ਮੁਸਕਾਉਂਦੇ ਹੋਏ ਬਾਹਰ ਨਿਕਲਦੇ ਹਨ, ਕਿਉਂਕਿ ਸਿਰਫ 25-25 ਹਜ਼ਾਰ ਦੇ ਬਾਂਡ ਭਰ ਕੇ ਉਨ੍ਹਾਂ ਨੂੰ ਉਹੀ ਅਦਾਲਤ ਜ਼ਮਾਨਤ ਵੀ ਦੇ ਦਿੰਦੀ ਹੈ, ਜਿਹਨੇ ਉਨ੍ਹਾਂ ਨੂੰ ਸਜ਼ਾ ਸੁਣਾਈ ਹੈ। ਮੁੱਖ ਮੁਲਜ਼ਮ ਐਂਡਰਸਨ ਤਾਂ ਕਿਤੇ ਹੈ ਹੀ ਨਹੀਂ। ਉਹ ਉਸੇ ਅਮਰੀਕਾ ਦੇ ਨਿਊਯਾਰਕ ਸ਼ਹਿਰ ਵਿਚ ਮੌਜਾਂ ਮਾਣ ਰਿਹਾ ਹੈ, ਜਿਸ ਅਮਰੀਕਾ ਦੀ ਯੂਨੀਅਨ ਕਾਰਬਾਈਡ ਕੰਪਨੀ ਦਾ ਉਹ ਮੁਖੀ ਰਿਹਾ ਹੈ।

ਇਸ ਤੋਂ ਵੱਡਾ ਹਨੇਰ ਹੋਰ ਕੀ ਹੋ ਸਕਦਾ ਹੈ?

ਹਨੇਰ ਹੋਰ ਅੱਗੇ ਤੁਰਦਾ ਹੈ। ਅਦਾਲਤ ਵਿਚ ਬਿਰਖ ਹੋਏ ਬੰਦਿਆਂ ਨੂੰ ਵਿਵਸਥਾ ਆਪੋ ਆਪਣੇ ਘਰੀਂ ਜਾਣ ਲਈ ਕਹਿੰਦੀ ਹੈ, ਉਨ੍ਹਾਂ ਘਰਾਂ ਨੂੰ ਜਿਹੜੇ ਇਸੇ ਵਿਵਸਥਾ ਨੇ ਛੱਡੇ ਹੀ ਨਹੀਂ। ਹਨੇਰ ਏਥੇ ਵੀ ਨਹੀਂ ਰੁਕਦਾ। 'ਯੂਨੀਅਨ ਕਾਰਬਾਈਡ' ਦਾ ਮਾਲਕ ਅਮਰੀਕਾ ਮੁਖ ਮੁਲਜ਼ਮ ਐਂਡਰਸਨ ਨੂੰ ਭਾਰਤ ਨੂੰ ਸੌਂਪਣ ਤੋਂ ਇਨਕਾਰ ਕਰ ਦਿੰਦਾ ਹੈ। ਹਨੇਰ ਤਾਂ ਉਦੋਂ ਹੀ ਸ਼ੁਰੂ ਹੋ ਗਿਆ ਸੀ ਜਦੋਂ ਭਾਰਤ ਸਰਕਾਰ ਸੀ.ਬੀ.ਆਈ. 'ਤੇ ਐਂਡਰਸਨ ਨੂੰ ਬਚਾਉਣ ਲਈ ਦਬਾਅ ਪਾ ਰਹੀ ਸੀ। ਹੁਣ ਤਾਂ ਹਨੇਰਿਆਂ ਦੀ ਯਾਰੀ ਸਮਝ ਲੈਣੀ ਚਾਹੀਦੀ ਹੈ ਜਾਂ ਨਹੀਂ?

ਇਹ 25 ਸਾਲ ਪਹਿਲਾਂ ਦਾ ਜੁਰਮ ਹੈ, ਜਦੋਂ ਭਾਰਤ ਦੀ ਅਮਰੀਕਾ ਨਾਲ ਅੱਜ ਜਿੰਨੀ ਦੋਸਤੀ ਨਹੀਂ ਸੀ। ਉਦੋਂ ਸੋਵੀਅਤ ਯੂਨੀਅਨ ਵੀ ਹੁੰਦਾ ਸੀ। ਅੱਜ ਭਾਰਤ ਸਰਕਾਰ ਪੂਰੀ ਤਰ੍ਹਾਂ ਅਮਰੀਕਾ ਅੱਗੇ ਨਤਮਸਤਕ ਹੈ, ਏਨੀ ਨਤਮਸਤਕ ਕਿ ਪੂਰਾ ਮੁਲਕ ਹੀ ਅਮਰੀਕਾ ਅੱਗੇ ਪਰੋਸਿਆ ਜਾ ਰਿਹਾ ਹੈ। ਉਦੋਂ ਭਾਰਤ ਤੇ ਅਮਰੀਕਾ ਦਾ ਕੋਈ ਪ੍ਰਮਾਣੂ ਸਮਝੌਤਾ ਨਹੀਂ ਸੀ। ਅੱਜ ਪ੍ਰਮਾਣੂ ਸਮਝੌਤੇ ਦੀ ਇਕ ਖ਼ਤਰਨਾਕ ਮੱਦ 'ਪ੍ਰਮਾਣੂ ਦੇਣਦਾਰੀ ਬਿੱਲ' ਨੂੰ ਭਾਰਤ ਵਿਚ ਕਾਨੂੰਨ ਬਣਾਉਣ ਦੀ ਤਿਆਰੀ ਹੈ, ਜਿਹਦੇ ਮੁਤਾਬਕ ਜੇਕਰ ਕਿਸੇ ਬਹੁਕੌਮੀ ਕੰਪਨੀ ਦੇ ਪ੍ਰਮਾਣੂ ਪਲਾਂਟ ਵਿਚ ਕੋਈ ਹਾਦਸਾ ਹੁੰਦਾ ਹੈ ਤਾਂ ਮਾਲਕ ਕੰਪਨੀ ਸਿਰਫ 600 ਕਰੋੜ ਰੁਪਇਆ ਅਦਾ ਕਰਕੇ ਸਰਖ਼ਰੂ ਹੋ ਜਾਏਗੀ, ਭਾਵੇਂ ਉਸ ਹਾਦਸੇ ਵਿਚ ਲੱਖਾਂ ਹੀ ਜਾਨਾਂ ਕਿਉਂ ਨਾ ਚਲੇ ਜਾਣ। ਅੰਦਾਜ਼ਾ ਕਰੋ ਕਿ ਜੇਕਰ ਅੱਜ ਤੋਂ 25 ਸਾਲ ਪਹਿਲਾਂ ਬਿਨਾਂ ਕਿਸੇ ਸਮਝੌਤੇ ਤੋਂ ਵੀ ਹਜ਼ਾਰਾਂ ਲੋਕਾਂ ਦੀ ਜਾਨ ਦੀ ਕੀਮਤ ਸਿਰਫ 8 ਦੋਸ਼ੀਆਂ ਨੂੰ 2-2 ਸਾਲ ਦੀ ਕੈਦ ਹੈ ਤੇ ਮੁਖ ਦੋਸ਼ੀ ਖੁੱਲ੍ਹੇਆਮ ਦਨਦਨਾਉਂ ਦਾ ਫਿਰ ਰਿਹਾ ਹੈ ਤੇ ਜੇਕਰ ਪ੍ਰਮਾਣੂ ਜ਼ਿੰਮੇਵਾਰੀ ਬਿਲ, ਕਾਨੂੰਨ ਬਣ ਜਾਂਦਾ ਹੈ ਤਾਂ ਫਿਰ ਭਾਰਤ ਦੇ ਅਵਾਮ ਦਾ ਕੀ ਬਣਨ ਜਾ ਰਿਹਾ ਹੈ? ਇਹ ਹਨੇਰਿਆਂ ਦਾ ਗਠਜੋੜ ਹੈ। ਇਸ ਗਠਜੋੜ ਨੂੰ ਚੁਣੌਤੀ ਘੂਕ ਨੀਂਦ ਵਿਚ ਨਹੀਂ ਦਿੱਤੀ ਜਾ ਸਕਦੀ। ਹੁਣ ਤਾਂ ਅੱਖਾਂ ਬੰਦ ਕਰਕੇ ਵੀ ਆਰ-ਪਾਰ ਦੇਖਣ ਦੀ ਦ੍ਰਿਸ਼ਟੀ ਲੋੜੀਂਦੀ ਹੈ, ਨਹੀਂ ਤਾਂ ਕਦੋਂ, ਕਿਥੇ ਭੋਪਾਲ ਹੀ ਨਹੀਂ ਹੀ ਹੀਰੋਸ਼ੀਮਾ, ਨਾਗਾਸਾਕੀ ਵਾਪਰ ਜਾਵੇ, ਕੁਝ ਨਹੀਂ ਕਿਹਾ ਜਾ ਸਕਦਾ। ਸੋ ਹੁਣ 'ਹਨੇਰ ਸਾਈਂ ਦਾ' ਕਹਿ ਕੇ ਨਹੀਂ ਸਰਨਾ।

Editorial Board: **Navtej, Dalbir Sangione (Canada)**
**Sushil Dosanjh (India)**
Advisory Board: **Dr. Karamjit Singh (Kurukshetra)**
**Prof. Rakesh Raman (Ludhiana)**
**Sulakhan Sarhadi (Gurdaspur)**
**Jasbir Deol (Edmonton)**
**Jessie Singh (Calgary)**

**2nd Floor 3448 – 93 Street NW,**
**Edmonton T6E 6A4, Alberta (Canada)**
**Phone: 780 465 9118 Fax: 780 465 0661**
e-mail: **info@nawidunia.com**

# ਪੰਜਾਬ ਦੀਆਂ ਵੱਖ-ਵੱਖ ਜ਼ਮੀਨੀਂ ਪੱਟੀਆਂ ਦੇ ਨਵੇਂ ਨਾਮਕਰਣ



**ਪ੍ਰੋ. ਰਾਕੇਸ਼ ਰਮਨ**

ਉਂਝ ਤਾਂ ਸਮੁੱਚਾ ਭਾਰਤ ਹੀ ਖੇਤੀਬਾੜੀ ਪ੍ਰਧਾਨ ਦੇਸ਼ ਹੈ, ਪਰੰਤੂ ਪੰਜਾਬ ਇਸ ਖੇਤਰ 'ਚ ਲੰਮੇ ਸਮੇਂ ਤੋਂ ਮੋਹਰੀ ਚੱਲਿਆ ਆ ਰਿਹਾ ਹੈ। ਕੰਢੀ ਦੇ ਕੁੱਲ ਨੀਮ ਪਹਾੜੀ ਪਥਰੀਲੇ ਇਲਾਕੇ ਨੂੰ ਛੱਡ ਕੇ ਇਸਦੀ ਬਾਕੀ ਭੌਂਇ ਪੱਧਰੀ, ਉਪਜਾਊ ਤੇ ਸਿੰਚਾਈ ਦੀਆਂ ਲੋੜੀਂਦੀਆਂ ਸਹੂਲਤਾਂ ਵਾਲੀ ਹੈ। ਕਿਸਾਨ ਮਿਹਨਤੀ ਅਤੇ ਉੱਦਮੀ ਸੁਭਾਅ ਦਾ ਹੈ। ਅਪਣੇ ਇਸ ਪੁਸ਼ਤੈਨੀ ਕਿੱਤੇ ਨੂੰ ਉਹ ਵੱਖ-ਵੱਖ ਔਕੜਾਂ ਦੇ ਬਾਵਜੂਦ ਸੁਵਿਧਾਜਨਕ ਮੰਨਦਾ ਆ ਰਿਹਾ ਹੈ, ਛੋਟੀ ਕਿਸਾਨੀ ਅਪਣੀ ਆਰਥਕ ਮੰਦਹਾਲੀ ਦੀ ਝੰਬੀ ਹੋਈ ਵੀ ਇਸ ਕਿੱਤੇ ਨੂੰ ਤਿਆਗਣ ਲਈ ਤਿਆਰ ਨਹੀਂ। ਹਾਸੇ ਨਾਲ਼ ਵੀ ਕਿਹਾ ਜਾਂਦਾ ਹੈ ਕਿ ਖੇਤੀਬਾੜੀ ਪੰਜਾਬ ਦੇ ਲੋਕਾਂ ਦਾ ਕਿੱਤਾ ਨਹੀਂ, ਆਦਤ ਹੈ। ਕਿਉਂਕਿ ਕਿੱਤਾ ਤਾਂ ਘਾਟਾ ਪੈਣ ਦੀ ਸੂਰਤ ਵਿੱਚ ਤਿਆਗ ਦਿੱਤਾ ਜਾਂਦਾ ਹੈ, ਪਰੰਤੂ ਆਦਤ ਛੇਤੀ ਕੀਤਿਆਂ ਤਿਆਗੀ ਨਹੀਂ ਜਾਂਦੀ। ਖੇਤੀਬਾੜੀ ਦੀ ਇਸ ਆਦਤ ਸਦਕਾ ਹੀ ਪੰਜਾਬ ਦੇ ਕਿਸਾਨ ਨੇ ਖੇਤੀਬਾੜੀ ਦੇ ਨਾਲ਼-ਨਾਲ਼ ਕੇਵਲ ਇਸਦੇ ਸਹਾਇਕ ਧੰਦਿਆਂ ਨੂੰ ਹੀ ਤਰਜੀਹ ਦਿੱਤੀ ਹੈ। ਸਨਅਤਾਂ ਵੱਲ ਨਾਂਮਾਤਰ ਹੀ ਦਿਲਚਸਪੀ ਦਿਖਾਈ ਹੈ। ਹਾਲਾਂਕਿ ਖੇਤੀਬਾੜੀ ਖੇਤਰ ਵਿੱਚ ਆਈ ਅਜੋਕੀ ਖੜ੍ਹੋਤ ਦੇ ਸੰਕਟ ਦੇ ਕਾਰਗਰ ਸਮਾਧਾਨ ਦੇ ਰੂਪ ਵਿੱਚ ਸਨਅਤੀਕਰਣ ਨੂੰ ਦੇਖਿਆ ਜਾ ਰਿਹਾ ਸੀ, ਪਰੰਤੂ ਪੰਜਾਬ ਦਾ ਕਿਸਾਨ ਖੇਤੀਬਾੜੀ ਕਰਨ ਦੇ ਮਨੋਰਥ ਲਈ ਅਪਣੀ ਵਾਹੀਯੋਗ ਭੌਂਇ ਕਿਸੇ ਵੀ ਕੀਮਤ 'ਤੇ ਸਨਅਤੀਕਰਣ ਲਈ ਦੇਣ ਨੂੰ ਤਿਆਰ ਨਹੀਂ ਹੈ।



ਬਠਿੰਡਾ, ਮੁਕਤਸਰ ਅਤੇ ਫਾਜ਼ਿਲਕਾ ਆਦਿ ਇਲਾਕਿਆਂ ਦੀ ਇੱਕ ਪੱਟੀ ਦੀ ਪਛਾਣ ਵੀ ਫ਼ਿਲਹਾਲ ਫ਼ਸਲ ਨਾਲ਼ ਜੁੜੀ ਹੋਈ ਹੈ। ਇਹ ਨਰਮਾਂ ਜਾਂ ਕਪਾਹ ਪੱਟੀ ਵਜੋਂ ਜਾਣੀ ਜਾਂਦੀ ਹੈ। ਕਪਾਹ ਤੇ ਨਰਮੇ ਦੀ ਭਰਪੂਰ ਪੈਦਾਵਾਰ ਤੋਂ ਪਹਿਲਾਂ ਵੀ ਤੇ ਪਿੱਛੋਂ ਵੀ ਇਹ ਪੱਟੀ ਕਦੀ ਭੌਂਇ ਦੀ ਕਿਸਮ ਤੇ ਪਾਣੀ ਦੇ ਸੰਕਟਾਂ ਤੋਂ ਗ੍ਰਸਤ ਰਹੀ ਹੈ। ਇਸ ਪੱਟੀ ਦਾ ਉੱਪਰਲੀ ਸਤਿਹ ਦਾ ਜ਼ਮੀਨੀ ਪਾਣੀ ਸਿੰਚਾਈਯੋਗ ਨਹੀਂ ਹੈ ਅਤੇ ਇਸਦੀ ਭੌਂਇ ਸੇਮ ਦਾ ਸ਼ਿਕਾਰ ਰਹੀ ਹੈ (ਮੁਕਤਸਰ ਦੇ ਖੇਤਰ ਵਿੱਚ) ਸੇਮ ਨਾਲੇ ਪੁੱਟਵਾ ਕੇ ਜ਼ਮੀਨ ਨੂੰ ਵਾਹੀਯੋਗ ਬਣਾਇਆ ਗਿਆ ਤੇ ਸਿੰਚਾਈ ਲਈ ਨਹਿਰੀ ਪਾਣੀ ਦੀ ਵਿਵਸਥਾ ਕੀਤੀ ਗਈ। ਨਤੀਜਾ ਬਹੁਤ ਉਤਸ਼ਾਹਜਨਕ ਰਿਹਾ। ਲੋਕਾਂ (ਕਿਸਾਨਾਂ) ਕੋਲ ਜ਼ਮੀਨ ਦੀਆਂ ਵੱਡੀਆਂ ਢੇਰੀਆਂ ਸਨ, ਜਿਸ ਵਿੱਚ ਨਰਮਾ ਉਗਾਇਆ ਗਿਆ ਤੇ ਇਸ ਦੀ ਭਰਪੂਰ ਉੱਪਜ ਨੇ ਜ਼ਿਮੀਂਦਾਰੀ ਦੇ ਵਾਰੇ-ਨਿਆਰੇ ਕਰ ਦਿੱਤੇ। ਚਿੱਟੇ ਸੋਨੇ ਨੇ ਇੱਕ ਵਾਰ ਤਾਂ ਇੱਥੋਂ ਦੀ ਜ਼ਿਮੀਂਦਾਰੀ ਨੂੰ ਚੰਡੀਗੜ੍ਹ ਦੀ ਸਰਕਾਰੀ ਸਿਆਸਤ ਲਈ ਵਿਹਲੇ ਕਰ ਦਿੱਤਾ।

ਫ਼ਸਲ ਤੇ ਬਨਸਪਤੀ ਦੀ ਪ੍ਰਮੁੱਖਤਾ ਕਾਰਨ ਪੰਜਾਬ ਦੀਆਂ ਵੱਖ-ਵੱਖ ਪੱਟੀਆਂ ਦਾ ਨਾਮਕਰਣ ਵੀ ਉਹਨਾਂ ਪੱਟੀਆਂ 'ਚ ਉਗਾਈਆਂ ਜਾਂਦੀਆਂ ਫ਼ਸਲਾਂ ਤੋਂ ਹੀ ਕੀਤਾ ਜਾਂਦਾ ਰਿਹਾ ਹੈ। ਫ਼ਸਲੀ ਵਿਭਿੰਨਤਾ ਦੇ ਹੁੰਦਿਆਂ ਕਿਸੇ ਵੇਲੇ ਪੰਜਾਬ ਵਿੱਚ ਸਤਲੁਜ ਦਰਿਆ ਦੇ ਦੱਖਣ ਵੱਲ ਸਤਲੁਜ ਦਰਿਆ ਦੇ ਕੰਢੇ ਤੋਂ ਪੰਜ-ਸੱਤ ਕਿਲੋਮੀਟਰ ਹਟਵੀਂ ਇੱਕ ਵਿਸ਼ਾਲ ਮੂੰਗਫਲੀ ਪੱਟੀ ਹੋਇਆ ਕਰਦੀ ਸੀ ਪਰ ਇਹ ਪੱਟੀ ਝੋਨੇ ਦੀ ਫ਼ਸਲ ਨੇ ਪੂਰੀ ਦੀ ਪੂਰੀ ਹੀ ਨਿਗਲ ਲਈ ਹੈ। ਮੋਟੇ ਅਨਾਜਾਂ ਦੀਆਂ ਪੱਟੀਆਂ ਵੀ ਕਣਕ-ਝੋਨੇ ਦੇ ਫ਼ਸਲੀ ਚੱਕਰ ਨੇ ਹੜੱਪ ਲਈਆਂ। ਇਸੇ ਤਰ੍ਹਾਂ ਹੀ ਦਾਲਾਂ ਦੀ ਉੱਪਜ ਵਾਲੀਆਂ ਪੱਟੀਆਂ ਵੀ ਲੱਗਭਗ ਖ਼ਤਮ ਹੋ ਗਈਆਂ ਹਨ। ਇਹਨਾਂ ਦੀ ਥਾਂ ਕੇਂਦਰੀ ਪੰਜਾਬ ਦੀ ਇੱਕੋ-ਇੱਕ ਵਿਸ਼ਾਲ ਕਣਕ-ਝੋਨਾ ਪੱਟੀ ਰਹਿ ਗਈ ਹੈ। ਇਸ ਕਣਕ-ਝੋਨਾਂ ਫ਼ਸਲੀ ਚੱਕਰ ਨੇ ਧਰਤੀ ਹੇਠਲੇ ਪਾਣੀ ਨੂੰ ਖ਼ਤਰਨਾਕ ਹੱਦ ਤੱਕ ਘਟਾ ਦਿੱਤਾ ਹੈ। ਫ਼ਿਲਹਾਲ ਇਸ ਪੱਟੀ ਵਿੱਚ ਬਹੁਤ ਹੇਠੋਂ ਮੱਛੀ ਮੋਟਰਾਂ (ਸਮਰਸੀਬਲ ਪੰਪਾਂ) ਰਾਹੀਂ ਪਾਣੀ ਕੱਢਕੇ ਕਣਕ-ਝੋਨਾ ਫ਼ਸਲੀ ਗੇੜ ਦਾ ਡੰਗ ਸਾਰਿਆ ਜਾ ਰਿਹਾ ਹੈ। ਸੰਭਾਵਨਾ ਇਹ ਹੈ ਕਿ ਸਾਡੀਆਂ ਮੱਛੀਆਂ (ਮੋਟਰਾਂ) ਛੇਤੀ ਹੀ ਪੱਥਰਾਂ ਨੂੰ ਜਾ ਚੱਟਣਗੀਆਂ, ਪਰੰਤੂ ਉਦੋਂ ਤੱਕ ਤਾਂ ਬਹੁਤ ਦੇਰ ਹੋ ਚੁੱਕੀ ਹੋਵੇਗੀ। ਮਾਹਿਰਾਂ ਦੀਆਂ ਕਿਆਸਅਰਾਈਆਂ ਹਨ ਕਿ ਪਾਣੀ ਨੂੰ ਮੁਕਾਉਣ ਦਾ ਸਿਲਸਿਲਾ ਇਸੇ ਤਰ੍ਹਾਂ ਜਾਰੀ ਰਹੇਗਾ ਤਾਂ ਸਾਡੀ ਕਣਕ-ਝੋਨਾਂ ਪੱਟੀ ਦੇ ਲੋਕ ਪਾਣੀ ਨੂੰ ਤਰਸਣਗੇ ਤੇ ਇਹ ਪੱਟੀ ਰੇਗਿਸਤਾਨ ਬਣ ਜਾਵੇਗੀ। ਜ਼ਾਹਿਰ ਹੈ ਕਿ ਇਸ ਪੱਟੀ ਲਈ ਰੇਗਿਸਤਾਨ ਦਾ ਨਵਾਂ ਨਾਮ ਕਾਫ਼ੀ ਹੌਲਨਾਕ ਹੈ।

ਬਠਿੰਡਾ, ਮੁਕਤਸਰ ਅਤੇ ਫਾਜ਼ਿਲਕਾ ਆਦਿ ਇਲਾਕਿਆਂ ਦੀ ਇੱਕ ਪੱਟੀ ਦੀ ਪਛਾਣ ਵੀ ਫ਼ਿਲਹਾਲ ਫ਼ਸਲ ਨਾਲ਼ ਜੁੜੀ ਹੋਈ ਹੈ। ਇਹ ਨਰਮਾਂ ਜਾਂ ਕਪਾਹ ਪੱਟੀ ਵਜੋਂ ਜਾਣੀ ਜਾਂਦੀ ਹੈ। ਕਪਾਹ ਤੇ ਨਰਮੇ ਦੀ ਭਰਪੂਰ ਪੈਦਾਵਾਰ ਤੋਂ ਪਹਿਲਾਂ ਵੀ ਤੇ ਪਿੱਛੋਂ ਵੀ ਇਹ ਪੱਟੀ ਕਦੀ ਭੌਂਇ ਦੀ ਕਿਸਮ ਤੇ ਪਾਣੀ ਦੇ ਸੰਕਟਾਂ ਤੋਂ ਗ੍ਰਸਤ ਰਹੀ ਹੈ। ਇਸ ਪੱਟੀ ਦਾ ਉੱਪਰਲੀ ਸਤਿਹ ਦਾ ਜ਼ਮੀਨੀ ਪਾਣੀ ਸਿੰਚਾਈਯੋਗ ਨਹੀਂ ਹੈ ਅਤੇ ਇਸਦੀ ਭੌਂਇ ਸੇਮ ਦਾ ਸ਼ਿਕਾਰ ਰਹੀ ਹੈ (ਮੁਕਤਸਰ ਦੇ ਖੇਤਰ ਵਿੱਚ) ਸੇਮ ਨਾਲੇ ਪੁੱਟਵਾ ਕੇ ਜ਼ਮੀਨ ਨੂੰ ਵਾਹੀਯੋਗ ਬਣਾਇਆ ਗਿਆ ਤੇ ਸਿੰਚਾਈ ਲਈ ਨਹਿਰੀ ਪਾਣੀ ਦੀ ਵਿਵਸਥਾ ਕੀਤੀ ਗਈ। ਨਤੀਜਾ ਬਹੁਤ ਉਤਸ਼ਾਹਜਨਕ ਰਿਹਾ। ਲੋਕਾਂ (ਕਿਸਾਨਾਂ) ਕੋਲ ਜ਼ਮੀਨ ਦੀਆਂ ਵੱਡੀਆਂ ਢੇਰੀਆਂ ਸਨ, ਜਿਸ ਵਿੱਚ ਨਰਮਾ ਉਗਾਇਆ ਗਿਆ ਤੇ ਇਸ ਦੀ ਭਰਪੂਰ ਉੱਪਜ ਨੇ ਜ਼ਿਮੀਂਦਾਰੀ ਦੇ ਵਾਰੇ-ਨਿਆਰੇ ਕਰ ਦਿੱਤੇ। ਚਿੱਟੇ ਸੋਨੇ ਨੇ ਇੱਕ ਵਾਰ ਤਾਂ ਇੱਥੋਂ ਦੀ ਜ਼ਿਮੀਂਦਾਰੀ ਨੂੰ ਚੰਡੀਗੜ੍ਹ ਦੀ ਸਰਕਾਰੀ ਸਿਆਸਤ ਲਈ ਵਿਹਲੇ ਕਰ ਦਿੱਤਾ। ਉਹ ਸਿਆਸਤਾਂ ਸੋਚਦੇ ਰਹੇ ਤੇ ਏਧਰ ਨਰਮੇਂ ਨੂੰ ਚੁੱਪ-ਚਪੀਤੇ ਹੀ ਅਮਰੀਕਨ ਸੁੰਡੀ ਨੇ ਆ ਘੇਰਿਆ। ਅਮਰੀਕਨ ਸੁੰਡੀ ਨੇ ਬੀ.ਟੀ. ਕਾਟਨ ਦੇ ਆਉਣ ਤੱਕ ਨਰਮਾ ਪੱਟੀ ਦੇ ਕਪਾਹ ਉਤਪਾਦਕਾਂ ਦੀ ਨਾ ਕੇਵਲ ਨੀਂਦ ਹੀ ਖ਼ਰਾਬ ਕੀਤੀ ਸਗੋਂ ਉਹਨਾਂ ਨੂੰ ਆਰਥਕ ਪੱਖੋਂ ਉਸੇ ਪੱਧਰ 'ਤੇ ਲਿਆ ਪਟਕਾਇਆ ਜਿੱਥੇ ਉਹ ਨਰਮੇ ਦੀ ਕਾਸ਼ਤ ਆਰੰਭ ਹੋਣ ਤੋਂ ਪਹਿਲਾਂ ਸਨ।

ਇਹ ਪੱਟੀ ਇੱਕ ਤਰ੍ਹਾਂ ਨਾਲ਼ ਅਭਾਗੀ ਪੱਟੀ ਹੀ ਹੈ, ਬੀ.ਟੀ.ਕਾਟਨ ਦਾ ਵਿਸ਼ੈਲਾਪਣ ਤਾਂ ਪਤਾ ਨਹੀਂ ਅਜੇ ਕੀ ਰੰਗ ਲਿਆਵੇਗਾ, ਪਹਿਲਾਂ ਹੀ ਪੱਟੀ ਇੱਕ ਨਾਮੁਰਾਦ ਬਿਮਾਰੀ ਦੀ ਚਪੇਟ ਵਿੱਚ ਆ ਗਈ ਹੈ। ਇਸ ਪੱਟੀ ਵਿੱਚ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਤੇਜ਼ੀ ਨਾਲ਼ ਵੱਧ ਰਹੀ ਹੈ। ਇਸ ਬੀਮਾਰੀ ਦਾ ਕਾਰਨ ਸੂਝ ਤੋਂ ਸੱਖਣੇ ਅਤੇ ਦਿਸ਼ਾਹੀਣ ਵਿਕਾਸ ਨੂੰ ਸਮਝਿਆ ਜਾ ਰਿਹਾ ਹੈ, ਜਿਸਦੀ ਖਾਤਰ ਅਸੀਂ ਅਪਣੇ ਪ੍ਰਕ੍ਰਿਤਕ ਵਾਤਾਵਰਣ ਨੂੰ ਤਬਾਹ ਕਰ ਲਿਆ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਕੈਂਸਰ ਦੀ ਮੁੱਖ ਵਜ੍ਹਾ ਯੁਰੇਨੀਅਮ ਹੈ, ਜਿਹੜਾਂ ਬਠਿੰਡਾ ਥਰਮਲ ਪਲਾਂਟ ਦਾ ਕੋਲਾ ਬਲਣ ਨਾਲ਼ ਭਾਰੀ ਮਾਤਰਾ ਵਿੱਚ ਪੈਦਾ ਹੋ ਰਿਹਾ ਹੈ। ਕੋਲੇ ਦੀ ਰਾਖ਼ ਵਿੱਚ ਯੁਰੇਨੀਅਮ ਦੀ ਮਾਤਰਾ ਹੈ। ਇਹ ਰਾਖ਼ ਮੀਂਹ ਪੈਣ 'ਤੇ ਧਰਤੀ ਹੇਠਲੇ ਪਾਣੀ 'ਚ ਜਾ ਰਲ਼ਦੀ ਹੈ। ਹਵਾ 'ਚ ਉੱਡਦੀ ਰਾਖ ਸਾਹ ਰਾਹੀਂ ਤੇ ਮੀਂਹ 'ਚ ਧਰਤੀ ਅੰਦਰ ਚਲੀ ਗਈ ਰਾਖ਼ ਪੀਣ ਵਾਲੇ ਪਾਣੀ ਰਾਹੀਂ ਮਨੁੱਖੀ ਸਰੀਰ ਅੰਦਰ ਯੁਰੇਨੀਅਮ ਦੇ ਦਾਖ਼ਲ ਹੋਣ ਦਾ ਸਬੱਬ ਬਣਦੀ ਹੈ ਤੇ ਅੱਗੋਂ ਇਹ ਤੱਤ ਘਾਤਕ ਬਿਮਾਰੀ ਨੂੰ ਜਨਮ ਦਿੰਦਾ ਹੈ। ਥਰਮਲ ਪਲਾਂਟ ਦਾ ਬਲ਼ਦਾ ਕੋਲਾ ਬੜੀ ਭਾਰੀ ਮਾਤਰਾ ਵਿੱਚ ਕਾਰਬਨਡਾਇਕਸਾਈਡ ਵੀ ਪੈਦਾ ਕਰਦਾ ਹੈ। ਜਿਸ ਨੂੰ ਮੁੜ ਆਕਸੀਜਨ ਵਿੱਚ ਤਬਦੀਲ ਕਰਨ ਲਈ ਹਜ਼ਾਰਾਂ ਪਿੱਪਲ ਵਰਗੇ ਰੁੱਖਾਂ ਦੀ ਲੋੜ ਹੈ। ਪਰੰਤੂ ਰੁੱਖਾਂ ਦਾ ਸਫ਼ਾਇਆ ਤਾਂ ਅਸੀਂ ਇਉਂ ਕਰੀ ਜਾ ਰਹੇ ਹਾਂ ਜਿਵੇਂ ਵੈਰੀਆਂ ਦਾ ਸਫ਼ਾਇਆ ਕਰੀਦਾ ਹੈ। ਖ਼ੈਰ, ਖ਼ਤਰੇ ਦੀਆਂ ਘੰਟੀਆਂ ਇਸ ਪੱਟੀ 'ਚ ਖੜਕਦੀਆਂ ਸਾਫ਼ ਸੁਣਾਈ ਦੇ ਰਹੀਆਂ ਹਨ। ਉਂਝ ਬੜਾ ਤ੍ਰਾਸਦਿਕ ਹੈ ਚਿੱਟੇ ਸੋਨੇ ਦੀ ਪੱਟੀ ਨੂੰ ਕੈਂਸਰ ਪੱਟੀ ਦਾ ਨਵਾਂ ਨਾਮ ਮਿਲਣਾ।

ਸ਼ਿਵਾਲਿਕ ਦੀਆਂ ਪਹਾੜੀਆਂ ਦੇ ਨਾਲ਼-ਨਾਲ਼ ਚੰਡੀਗੜ੍ਹ ਤੋਂ ਗੁਰਦਾਸਪੁਰ ਤੱਕ ਜਾਂਦੀ ਹੋਈ ਇੱਕ ਹੋਰ ਪੱਟੀ ਭਾਵੇਂ ਫ਼ਸਲ-ਵੰਨਗੀ ਨਾਲ਼ ਤਾਂ ਸਬੰਧਿਤ ਨਹੀਂ ਪਰ ਪਛਾਣੀ ਇਹ ਵੀ ਬਨਸਪਤੀ ਤੋਂ ਹੀ ਜਾਂਦੀ ਹੈ। ਪਰੰਤੂ ਜਿਸ ਤਰ੍ਹਾਂ ਦੀ ਸਰਗਰਮੀ ਇਸ ਸਮੇਂ ਇਸ ਪੱਟੀ 'ਚ ਹੋ ਚੱਲ ਰਹੀ ਹੈ, ਜਿਸ ਤਰ੍ਹਾਂ ਇੱਥੋਂ ਦੇ ਰੰਗ-ਢੰਗ ਬਦਲ ਰਹੇ ਹਨ ਤਾਂ ਉਹ ਦਿਨ ਦੂਰ ਨਹੀਂ ਜਦੋਂ ਬੜੇ ਅਫ਼ਸੋਸ ਨਾਲ਼ ਕਹਿਣਾ ਪਵੇਗਾ ਕਿ ਇੱਥੇ ਇੱਕ ਹਰੀ-ਭਰੀ ਪੱਟੀ ਹੁੰਦੀ ਸੀ, ਇੱਕ ਗਰੀਨ ਬੈਲਟ। ਨੀਮ ਪਹਾੜੀ ਖੇਤਰ ਦੀ ਇਹ ਪੱਟੀ ਜ਼ੰਗਲਾਤ ਕਾਨੂੰਨ ਦੇ ਘੇਰੇ 'ਚ ਆਉਂਦੀ ਹੈ, ਜਿਸਦੇ ਤਹਿਤ ਨਾ ਤਾਂ ਇਸਨੂੰ ਵੇਚਿਆ-ਖਰੀਦਿਆ ਜਾ ਸਕਦਾ ਹੈ ਨਾ ਹੀ ਰੁੱਖਾਂ ਦੀ ਕਟਾਈ ਕੀਤੀ ਜਾ ਸਕਦੀ ਹੈ। ਪਰੰਤੂ ਜ਼ੋਰਾਵਰਾਂ (ਭੂ-ਮਾਫ਼ੀਆ-ਸਿਆਸਤਦਾਨਾਂ-ਪੁਲਿਸ) ਵੱਲੋਂ ਜੰਗਲਾਤ ਕਾਨੂੰਨ ਦੀ ਸ਼ਰੇਆਮ ਉਲੰਘਣਾ ਕੀਤੀ ਜਾ ਰਹੀ ਹੈ। ਪਹਾੜੀਆਂ ਵੇਚੀਆਂ ਤੇ ਪੱਧਰੀਆਂ ਕੀਤੀਆਂ ਜਾ ਰਹੀਆਂ ਹਨ। ਰੁੱਖਾਂ ਦੀ ਗ਼ੈਰ ਕਾਨੂੰਨੀ ਕਟਾਈ ਕੀਤੀ ਜਾ ਰਹੀ ਹੈ ਅਤੇ ਪਹਾੜੀਆਂ ਇਮਾਰਤਾਂ ਦੀ ਉਸਾਰੀ ਲਈ ਤਿਆਰ ਕੀਤੀਆਂ ਜਾ ਰਹੀਆਂ ਹਨ। ਇਹ ਪੱਟੀ, ਜਿਹੜੀ ਸਾਡੀ ਵਾਤਾਵਰਣਕ ਸੁਰੱਖਿਆ ਦੀ ਜ਼ਾਮਨ ਹੈ, ਸਵਾਰਥੀ ਤੇ ਮੂਰਖ ਲੋਕਾਂ ਦੇ ਵੱਸ ਪੈ ਗਈ ਜਾਪਦੀ ਹੈ। ਜੇ ਸਿਲਸਿਲਾ ਨਾ ਰੁਕਿਆ ਤਾਂ ਪੰਜਾਬ ਦੀ ਇਸ ਪੱਟੀ ਨੂੰ ਸ਼ਾਇਦ 'ਕੰਕਰੀਟ ਪੱਟੀ' ਦਾ ਨਵਾਂ ਨਾਮ ਮਿਲ ਜਾਵੇ।

ਉਪਰੋਕਤ ਚਰਚਾ ਦਾ ਸਾਰ ਇਹ ਹੈ ਕਿ ਇਸ ਵੇਲੇ ਪੰਜਾਬ ਵਿੱਚ ਹਰ ਥਾਂ ਵਾਤਾਵਰਣਕ ਸੰਕਟ ਦਾ ਖ਼ਤਰਾ ਮੰਡਰਾ ਰਿਹਾ ਹੈ। ਇਸਦੀ ਆਬੋਹਵਾ ਦਾ ਹਾਲ ਬਦ ਤੋਂ ਬਦਤਰ ਹੁੰਦਾ ਜਾ ਰਿਹਾ ਹੈ। ਖ਼ਤਰਿਆਂ ਨੂੰ ਵਧਾਉਣ ਵਾਲਿਆਂ ਦੀ ਚੜ੍ਹ ਮੱਚੀ ਹੋਈ ਹੈ। ਵਾਤਾਵਰਣ-ਪ੍ਰੇਮੀ ਸਮੱਸਿਆ ਦੀ ਤਹਿ ਵਿੱਚ ਜਾਣ ਦੀ ਥਾਂ, ਇਸਦੀਆਂ ਜੜ੍ਹਾਂ ਨੂੰ ਦੇਖਣ ਤੇ ਪੁੱਟਣ ਦੀ ਥਾਂ, ਕੁੱਝ ਦਿਖਾਵੇ ਦੇ ਕੰਮ ਕਰਕੇ ਨਾਮਣਾ ਖੱਟ ਰਹੇ ਹਨ। ਉਹਨਾਂ ਲਈ ਵਾਤਾਵਰਣ ਦੀ ਸੰਭਾਲ ਦਾ ਅਰਥ ਕੇਵਲ ਇਹ ਹੈ ਕਿ ਕਿਸੇ ਨਦੀ ਵਿਸ਼ੇਸ਼ ਦਾ ਪਾਣੀ ਕਾਲੇ ਦੀ ਥਾਂ ਚਿੱਟਾ ਦਿਸਣਾ ਚਾਹੀਦਾ ਹੈ। ਚਿੱਟੇ ਪਾਣੀ 'ਚ ਜੋ ਕੁੱਝ ਮਰਜ਼ੀ ਹੋਵੇ, ਇਸ ਨਾਲ਼ ਇਹਨਾਂ ਮਹਾਂਪੁਰਸ਼ਾਂ ਦਾ ਕੋਈ ਸਰੋਕਾਰ ਨਹੀਂ। ਧਰਤੀ ਉੱਪਰ ਨਹਿਰੀ ਪਾਣੀ ਦੇਖਣ ਨੂੰ ਚੰਗਾ ਲੱਗਣਾ ਚਾਹੀਦਾ ਹੈ ਤੇ ਨਹਿਰਾਂ ਦੇ ਕੰਢਿਆਂ 'ਤੇ ਲਫ਼ਾਫੇ ਉੱਡਦੇ ਨਜ਼ਰ ਨਹੀਂ ਆਉਣੇ ਚਾਹੀਦੇ, ਧਰਤੀ ਹੇਠ ਸਨਅਤਕਾਰ ਜਿਹੋ-ਜਿਹਾ ਮਰਜ਼ੀ ਪਾਣੀ ਵਗਾਈ ਜਾਂ ਵਰ੍ਹਾਈ ਜਾਣ। ਨਹਿਰਾਂ-ਨਾਲਿਆਂ ਦੀ ਗਾਰ ਸਾਫ਼ ਕਰਵਾਕੇ, ਲਫ਼ਾਫੇ ਆਦਿ ਇਕੱਠੇ ਕਰਵਾਕੇ ਇਹ ਧੰਨ ਹੋ ਜਾਂਦੇ ਹਨ, ਸੰਗਤਾਂ ਦੇ ਸਤਿਕਾਰ ਦੇ ਪਾਤਰ ਬਣ ਜਾਂਦੇ ਹਨ ਤੇ ਗੀਤਾਂ ਦੀਆਂ ਵੀਡੀਓਜ਼ ਵਿੱਚ ਦਰਸ਼ਨ ਦੇਣ ਲਈ ਜਾਂਦੇ ਹਨ ਪਰ ਸਥਿੱਤੀ ਇਹਨਾਂ ਦੀ ਸਮਝ ਵਿੱਚ ਨਹੀਂ ਹੈ। ਦਰਅਸਲ, ਅਜੋਕੀਆਂ ਵਾਤਾਵਰਣਕ ਸਮੱਸਿਆਵਾਂ ਬੇਹੱਦ ਸੂਖ਼ਮ, ਜਟਿਲ ਤੇ ਅਦਿੱਖ ਹਨ। ਇਹ ਮੰਗ ਕਰਦੀਆਂ ਹਨ ਕਿ ਵਾਤਾਵਰਣ ਦੀ ਸੂਖ਼ਮ, ਗਹਿਰੀ ਤੇ ਵਿਗਿਆਨਿਕ ਚੇਤਨਾ ਰੱਖਣ ਵਾਲੇ ਪੰਜਾਬ ਦੇ ਖ਼ੈਰ ਖਾਹ ਸੰਗਠਿਤ ਹੋ ਕੇ ਅੱਗੇ ਆਉਣ। ਹਾਲਾਂਕਿ ਪਹਿਲਾਂ ਹੀ ਕਾਫ਼ੀ ਦੇਰ ਹੋ ਚੁੱਕੀ ਹੈ।

# ਚਿਦੰਬਰਮ ਦਾ ਲੁਪਤ ਏਜੰਡਾ

**ਸੈਮ ਰਾਜੱਪਾ**

ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ 6 ਅਪ੍ਰੈਲ ਨੂੰ ਦਾਂਤੇਵਾੜਾ ਵਿਚ ਕੇਂਦਰੀ ਰਿਜ਼ਰਵ ਫੋਰਸ ਦੇ ਮਾਓਵਾਦੀਆਂ ਦੁਆਰਾ ਮਾਰੇ ਗਏ 76 ਜਵਾਨਾਂ ਦੀ ਨੈਤਿਕ ਜ਼ਿੰਮੇਵਾਰੀ ਆਪਣੇ ਸਿਰ ਲੈਣ ਲਈ ਸੁਹਿਰਦ ਸੀ। ਉਸ ਨੂੰ ਨਿਰੀ ਅਸਤੀਫੇ ਦੀ ਪੇਸ਼ਕਸ਼ ਕਰਨ ਦੀ ਥਾਂ ਅਸਤੀਫਾ ਦੇ ਹੀ ਦੇਣਾ ਚਾਹੀਦਾ ਸੀ ਅਤੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਉਸਦਾ ਅਸਤੀਫਾ ਪ੍ਰਵਾਨ ਕਰ ਲੈਣਾ ਚਾਹੀਦਾ ਸੀ। ਉਸਦਾ ਗ੍ਰਹਿ ਮੰਤਰਾਲੇ ਵਿਚ ਬਣੇ ਰਹਿਣਾ ਅਸਥਿਰ ਬਣਦਾ ਜਾ ਰਿਹਾ ਹੈ ਕਿਉਂਕਿ ਉਸਦੇ ਕਬਾਇਲੀਆਂ ਤੋਂ ਜੰਗਲ ਸਾਫ ਕਰਵਾਉਣ ਅਤੇ ਇਸ ਨੂੰ ਬਹੁਕੌਮੀ ਖਾਣ ਕੰਪਨੀਆਂ ਨੂੰ ਸੌਂਪਣ ਪਿੱਛੇ ਨਿਹਿਤ ਸਵਾਰਥ ਹੋ ਸਕਦੇ ਹਨ। ਇਨ੍ਹਾਂ ਕੰਪਨੀਆਂ ਵਿਚ ਲੰਡਨ-ਪੰਜੀਕ੍ਰਿਤ, ਸਟਰਲਾਈਟ ਵਜੋਂ ਜਾਣੇ ਜਾਂਦੇ ਅਨਿਲ ਅਗਰਵਾਲ ਦੁਆਰਾ ਪ੍ਰੋਤਸਾਹਿਤ ਵੇਦਾਤਾਂ ਰਿਸੋਰਸਜ਼ ਵੀ ਸ਼ਾਮਲ ਹੈ, ਚਿਦੰਬਰਮ ਜਿਸਦਾ ਪਹਿਲੀ ਯੂ ਪੀ ਏ ਸਰਕਾਰ ਤੋਂ ਡਾਇਰੈਕਰ ਚੱਲਿਆ ਆ ਰਿਹਾ ਸੀ, ਵੇਦਾਤਾਂ ਰਿਸੋਰਸਜ਼ ਦੀ 2004 ਦੀ ਵਾਰਸ਼ਿਕ ਰਿਪੋਰਟ ਵਿਚ, ਇਸਦੇ ਚੇਅਰਮੈਨ ਬਰੀਏਨ ਗਿਲਬਰਟਸਨ ਨੇ ਦਰਜ ਕੀਤਾ, ''20 ਮਈ 2004 ਨੂੰ ਮਿਸਟਰ ਪੀ ਚਿਦੰਬਰਮ ਨੇ ਬੋਰਡ ਤੋਂ ਅਸਤੀਫਾ ਦੇ ਦਿੱਤਾ, ਆਪਣੀ ਨਵੀਂ ਭਾਰਤੀ ਸਰਕਾਰ ਵਿਚ ਨਿਯੁਕਤੀ ਦੇ ਮੱਦੇਨਜ਼ਰ। ਉਸਦੇ ਯੋਗਦਾਨ ਲਈ ਮੈਂ ਉਸ ਦਾ ਧੰਨਵਾਦ ਕਰਨਾ ਪਸੰਦ ਕਰਾਂਗਾ ਅਤੇ ਮੈਨੂੰ ਯਕੀਨ ਹੈ ਕਿ ਉਹ ਭਾਰਤ ਦੇ ਵਿਕਾਸ ਵਿਚ ਕੇਂਦਰੀ ਭੂਮਿਕਾ ਨਿਭਾਉਂਦਾ ਰਹੇਗਾ।''

ਇਹ ਵੇਦਾਤਾਂ ਗਰੁੱਪ ਨਾਲ ਚਿਦੰਬਰਮ ਦੇ ਸਬੰਧਾਂ ਬਾਰੇ ਸਿੱਧੀ, ਭਰੋਸੇਯੋਗ ਅਤੇ ਨਿਰਪੱਖ ਸੂਚਨਾ ਹੈ। ਵੇਦਾਤਾਂ ਗਰੁੱਪ ਨੂੰ ਭਾਰਤ ਦੇ ਕਬਾਇਲੀ ਇਲਾਕੇ ਦੀ ਜਾਣਕਾਰੀ ਬਾਰੇ ਭਾਰੀ ਸੰਦੇਹ ਹੈ। ਰੋਹਿਤ ਪੌਡਰ ਦੀ 2006 ਵਿਚ ਕੈਲੀਫੋਰਨੀਆ ਵਿਚ ਪ੍ਰਕਾਸ਼ਿਤ ਵੇਦਾਤਾਂ ਦੇ ਬਿਲੀਅਨ ਡਾਲਰ ਸਿਰਲੇਖ ਵਾਲੀ ਪੁਸਤਕ ਜਿਹੜੀ ਭਾਰਤ ਵਿਚ ਵਿਕਰੀ ਲਈ ਪ੍ਰਤੀਬੰਧਿਤ ਹੈ, ਵਿਚ ਬਹੁਤ ਸਾਰੀ ਜਾਣਕਾਰੀ ਸ਼ਾਮਲ ਹੈ। ਜੇਕਰ ਚਿਦੰਬਰਮ ਨੂੰ ਗ੍ਰਹਿ ਮੰਤਰਾਲੇ ਵਿਚੋਂ ਨਾ ਹਟਾਇਆ ਗਿਆ ਤੇ ਉਸਦੀ ਥਾਂ ਹਿੱਤਾਂ ਦੇ ਅਜਿਹੇ ਵਿਰੋਧ ਤੋਂ ਮੁਕਤ ਵਿਅਕਤੀ ਨੂੰ ਨਾ ਲਾਇਆ ਗਿਆ ਅਤੇ ਜੇਕਰ ਸਰਕਾਰ ਅਪਰੇਸ਼ਨ 'ਗਰੀਨ ਹੰਟ' ਰਾਹੀਂ 'ਰੈੱਡ ਕੋਰੀਡੋਰ' ਨੂੰ 'ਕਾਰਪੋਰੇਟ ਕੋਰੀਡੋਰ' ਵਿਚ ਬਦਲਣ ਲਈ ਬਜ਼ਿੱਦ ਰਹੀ ਤਾਂ ਰਾਸ਼ਟਰ ਦੇ ਗ੍ਰਹਿ ਯੁੱਧ ਵੱਲ ਵਧਣ ਦ ਪੂਰੀ ਸੰਭਾਵਨਾ ਹੈ।

ਹਰਬਰਡ ਬਿਜ਼ਨੈੱਸ ਸਕੂਲ ਦੀ ਪੈਦਾਵਾਰ ਅਤੇ ਸਾਬਕਾ ਅਮਰੀਕੀ ਰਾਸ਼ਟਰਪਤੀ ਜਾਰਜ ਬੁਸ਼ ਦੀ 'ਆਤੰਕ ਨਾਲ ਲੜਾਈ' ਦਾ ਵੱਡਾ ਪ੍ਰਸੰਸਕ ਚਿਦੰਬਰਮ, ਬਹੁਕੌਮੀ ਖਾਣ ਕੰਪਨੀਆਂ ਲਈ ਇਲਾਕਾ ਹਾਸਲ ਕਰਨ ਦੇ ਏਜੰਡੇ ਦੀ ਪੂਰਤੀ ਲਈ ਭਾਰਤ ਦੀਆਂ ਹਥਿਆਰਬੰਦ ਸੈਨਾਵਾਂ, ਫੌਜ, ਹਵਾਈ ਫੌਜ ਦੀ ਤਾਕਤ ਨੂੰ ਵਰਤਣ ਲਈ ਕਾਹਲਾ ਹੈ। ਇਸ ਏਜੰਡੇ ਦੀ ਪੂਰਤੀ ਲਈ ਅਮਰੀਕਾ-ਪ੍ਰੇਰਿਤ ਇਲਾਕਾ ਮੱਲਣ ਦਾ ਨਿਰਦੇਸ਼ ਕਬਾਇਲੀ ਇਲਾਕੇ ਨੂੰ ਖਾਲੀ ਕਰਵਾਉਣ ਲਈ ਨੀਮ ਫੌਜੀ ਦਲਾਂ ਨੂੰ ਦਿੱਤਾ ਗਿਆ ਹੈ। ਇਹ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ ਕਿ ਮਾਓਵਾਦੀ ਇਸ ਇਲਾਕੇ ਵਿਚ ਦੁਬਾਰਾ ਦਾਖਲ ਹੋਣ ਦੇ ਯੋਗ ਨਾ ਹੋਣ ਅਤੇ ਅੰਤ ਵਿਚ ਕਾਰਪੋਰੇਟ ਘਰਾਣਿਆਂ ਦੁਆਰਾ 'ਵਿਕਾਸ' ਪ੍ਰਾਜੈਕਟਾਂ ਲਈ ਜ਼ਮੀਨ ਤਿਆਰ ਕਰ ਲਈ ਜਾਵੇ। ਮਾਓਵਾਦੀਆਂ ਨੇ ਕੋਈ ਇਲਾਕਾ ਨਹੀਂ ਖੋਹਿਆ। ਉਹ ਗਰੀਬ ਕਬਾਇਲੀਆਂ ਦੇ ਕੁਦਰਤੀ ਟਿਕਾਣਿਆਂ 'ਤੇ ਪਰਤੇ ਹਨ, ਉਹਨਾਂ ਦੇ ਹੀ ਸਮਰਥਨ ਨਾਲ, ਆਪਣੇ ਤਕੜੇ ਪ੍ਰਭਾਵ ਵਾਲੇ ਇਲਾਕਿਆਂ ਵਿਚੋਂ ਕਿਉਂਕਿ ਮੁੱਖ ਧਾਰਾ ਦੀਆਂ ਸਿਆਸੀ ਪਾਰਟੀਆਂ ਖਾਸ ਕਰਕੇ ਕਾਂਗਰਸ ਤੇ ਬੀ ਜੇ ਪੀ ਨੇ ਵਾਸਤਵ ਵਿਚ ਉਹਨਾਂ ਨੂੰ ਛੱਡ ਦਿੱਤਾ ਹੈ। ਸੀ ਆਰ ਪੀ ਐਫ ਦੀ 62ਵੀਂ ਬਟਾਲੀਅਨ ਜੇਕਰ ਗੜਬੜ ਵਿਰੋਧੀ ਅਪਰੇਸ਼ਨ ਲਈ ਥੋੜ੍ਹੀ ਬਹੁਤ ਸਾਵਧਾਨੀ ਵੀ ਵਰਤਦੀ ਤਾਂ ਦਾਂਤੇਵਾੜਾ



ਕਤਲ ਕਾਂਡ ਅਤੇ ਬਟਾਲੀਅਨ ਦੀ ਸਮੁੱਚੀ ਅਲਫਾ ਕੰਪਨੀ ਦਾ ਸਫਾਇਆ ਨਹੀਂ ਸੀ ਹੋਣਾ। ਕੁਝ ਵੀ ਹੋਵੇ ਜਵਾਨਾਂ ਦਾ ਮਾਓਵਾਦੀਆਂ ਦੁਆਰਾ ਕਤਲ ਨਿੰਦਣਯੋਗ ਹੈ। ਸਮੱਸਿਆ ਦਾ ਹੱਲ ਕਿਸੇ ਵੀ ਤਰ੍ਹਾਂ ਫੌਜ ਤੈਨਾਤ ਕਰਨ ਵਿਚ ਨਹੀਂ ਪਿਆ ਜਿਵੇਂ ਕਿ ਚਿਦੰਬਰਮ ਦੇ ਮੀਡੀਆ ਤੰਤਰ ਦੇ ਮਾਹਰ ਰੌਲਾ ਪਾ ਰਹੇ ਹਨ। ਰਾਸ਼ਟਰ ਦੇ ਚੰਗੇ ਭਾਗਾਂ ਨੂੰ, ਸੈਨਾ ਮੁਖੀ ਨੇ ਸਪੱਸ਼ਟ ਕੀਤਾ ਹੈ ਕਿ ''ਇਸ ਮਾਮਲੇ ਵਿਚ ਸਾਡਾ ਸ਼ਾਸਨ ਸਿਆਣਾ ਹੈ ਤੇ ਚਤੁਰ ਵੀ ਕਿ ਮਾਓਵਾਦੀਆਂ ਦੇ ਵਿਰੁੱਧ ਫੌਜ ਨਾ ਤੈਨਾਤ ਕੀਤੀ ਜਾਵੇ ਜਿਹੜੇ ਕਿ ਸਮਾਜ ਵਿਰੋਧੀ ਨਹੀਂ ਹਨ। ਹਵਾਈ ਫੌਜ ਮੁਖੀ ਦਾ ਵਿਚਾਰ ਵੀ ਬਰਾਬਰ ਸ਼ਲਾਘਾਯੋਗ ਹੈ ਜਿਸ ਨੇ ਕਿਹਾ, ''ਸਾਡੀ ਸਿਖਲਾਈ ਅਤੇ ਹਥਿਆਰ ਸਰਹੱਦ ਪਾਰਲੇ ਦੁਸ਼ਮਣਾਂ ਲਈ ਹਨ, ਉਹਨਾਂ ਦਾ ਵੱਧ ਤੋਂ ਵੱਧ ਜਾਨੀ ਨੁਕਸਾਨ ਕਰਨ ਲਈ। ਇਹ ਅਸੀਂ ਆਪਣੇ ਲੋਕਾਂ ਨਾਲ ਨਹੀਂ ਕਰ ਸਕਦੇ।

ਸੈਮ ਰਾਜੱਪਾ ਦਾ ਇਹ ਲੇਖ ਕਬਾਇਲੀ ਸਮੱਸਿਆ ਦੀਆਂ ਕਈ ਪਰਤਾਂ ਫਰੋਲਦਾ ਹੈ, ਵਿਸ਼ੇਸ਼ ਕਰਕੇ ਇਸਦੀਆਂ ਰਾਜਸੀ ਪਰਤਾਂ ਨੂੰ। ਕਬਾਇਲੀ ਇਲਾਕਿਆਂ ਦੀ ਮਾਓਵਾਦੀ ਸਮੱਸਿਆ ਦੀਆਂ ਜੜ੍ਹਾਂ ਨੂੰ ਸਮਝਣ ਪੱਖੋਂ ਇਹ ਲੇਖ ਬੇਹੱਦ ਮਹੱਤਵਪੂਰਣ ਹੈ। ਚਿਦੰਬਰਮ ਦਾ ਲੁਕਵਾਂ ਏਜੰਡਾ ਵਾਸਤਵ ਵਿੱਚ ਕਾਰਪੋਰੇਟ ਸੈਕਟਰ ਦਾ ਹੀ ਲੁਕਵਾਂ ਏਜੰਡਾ ਹੈ। ਸਮੱਸਿਆ ਨੂੰ ਦੇਸ਼ ਦੀਆਂ ਸ਼ਾਤਰ ਧਿਰਾਂ ਦਿਖਾ ਕੁੱਝ ਹੋਰ ਰਹੀਆਂ ਹਨ ਜਦਕਿ ਪਰਦੇ ਪਿਛਲਾ ਸੱਚ ਉਹ ਹੈ, ਜੋ ਇਸ ਲੇਖ ਵਿੱਚ ਬਿਆਨ ਕੀਤਾ ਗਿਆ ਹੈ।

ਸੰਪਾਦਕ

ਜਦੋਂ 2 ਅਪ੍ਰੈਲ ਨੂੰ ਪੱਛਮੀ ਬੰਗਾਲ ਵਿਚ ਚਿਦੰਬਰਮ ਨੇ ਲਾਲਗੜ੍ਹ ਦਾ ਦੌਰਾ ਕੀਤਾ ਉਸ ਨੇ ਮਾਓਵਾਦੀਆਂ ਨੂੰ ਜੰਗਲਾਂ ਵਿਚ ਲੁਕੇ ਹੋਏ ਕਾਇਰ ਕਿਹਾ ਅਤੇ ਕਿਹਾ ਕਿ 2013 ਤੱਕ ਮਾਓਵਾਦੀ ਖਤਰੇ ਤੋਂ ਇਲਾਕੇ ਨੂੰ ਮੁਕਤ ਕਰਵਾ ਲਿਆ ਜਾਵੇਗਾ, ਉਸ ਨੇ ਅਸਲ ਵਿਚ 76 ਅਣਸਿਖਿਅਤ ਸੀ ਪੀ ਆਰ ਪੀ ਐਫ

ਜਦੋਂ 2 ਅਪ੍ਰੈਲ ਨੂੰ ਪੱਛਮੀ ਬੰਗਾਲ ਵਿਚ ਚਿਦੰਬਰਮ ਨੇ ਲਾਲਗੜ੍ਹ ਦਾ ਦੌਰਾ ਕੀਤਾ ਉਸ ਨੇ ਮਾਓਵਾਦੀਆਂ ਨੂੰ ਜੰਗਲਾਂ ਵਿਚ ਲੁਕੇ ਹੋਏ ਕਾਇਰ ਕਿਹਾ ਅਤੇ ਕਿਹਾ ਕਿ 2013 ਤੱਕ ਮਾਓਵਾਦੀ ਖਤਰੇ ਤੋਂ ਇਲਾਕੇ ਨੂੰ ਮੁਕਤ ਕਰਵਾ ਲਿਆ ਜਾਵੇਗਾ, ਉਸ ਨੇ ਅਸਲ ਵਿਚ 76 ਅਣਸਿਖਿਅਤ ਸੀ ਪੀ ਆਰ ਪੀ ਐਫ ਜਵਾਨਾਂ ਦੀ ਮੌਤ ਦੇ ਵਾਰੰਟ ਉਪਰ ਦਸਤਖਤ ਕਰ ਦਿੱਤੇ ਸਨ, ਜਿਹੜੇ ਕਿ ਪਹਿਲਾਂ ਦਾਂਤੇਵਾੜਾ ਮੱਲਣ ਦੀ ਮੁਹਿੰਮ 'ਤੇ ਚੜ੍ਹੇ ਹੋਏ ਸਨ।



ਜਵਾਨਾਂ ਦੀ ਮੌਤ ਦੇ ਵਾਰੰਟ ਉਪਰ ਦਸਤਖਤ ਕਰ ਦਿੱਤੇ ਸਨ, ਜਿਹੜੇ ਕਿ ਪਹਿਲਾਂ ਦਾਂਤੇਵਾੜਾ ਮੱਲਣ ਦੀ ਮੁਹਿੰਮ 'ਤੇ ਚੜ੍ਹੇ ਹੋਏ ਸਨ। 48 ਤੋਂ ਵੀ ਘੱਟ ਘੰਟੇ ਦੇ ਸਮੇਂ ਵਿਚ ਮਾਓਵਾਦੀਆਂ ਨੇ ਜਵਾਬੀ ਕਾਰਵਾਈ ਕਰ ਦਿੱਤੀ। ਕਈ ਜਣੇ ਅਚਾਨਕ ਵਾਪਰੀਆਂ ਘਟਨਾਵਾਂ 'ਤੇ ਫਟਾਫਟ ਬੋਲੇ, ਚਿਦੰਬਰਮ ਨੇ ਮਾਓਵਾਦੀ ਜਾਂਗਲੀਆਂ ਨੂੰ ਜਿਹਾਦੀਆਂ ਤੋਂ ਵੀ ਖਤਰਨਾਕ ਕਿਹਾ। ਮਾਓਵਾਦੀ ਯਕੀਨ ਕਰਦੇ ਹਨ ਕਿ ਉਹ ਬਚਾਅ ਦੀ ਲੜਾਈ ਲੜ ਰਹੇ ਹਨ ਅਤੇ ਡੰਡਾਕਰਾਨੀਆਂ ਤੋਂ ਕਬਾਇਲੀਆਂ ਨੂੰ ਸੁਰੱਖਿਅਤ ਰੱਖ ਰਹੇ ਹਨ ਅਤੇ ਜ਼ਮੀਨ ਨੂੰ ਕੌਮੀ, ਬਹੁ ਕੌਮੀ ਅਤੇ ਪਾਰਕੌਮੀ ਕਾਰਪੋਰੇਸ਼ਨਾਂ ਤੋਂ ਦੂਰ ਰੱਖ ਰਹੇ ਹਨ, ਜਿਹਨਾਂ ਨਾਲ ਸਰਕਾਰ ਨੇ ਐਮ ਓ ਯੂ ਦੀ ਇਕ ਲੜੀ ਸਹੀਬੱਧ ਕੀਤੀ ਹੈ, ਜਿਸ ਵਿਚ ਕਈ ਗੁਪਤ ਸਮਝੌਤੇ ਸ਼ਾਮਲ ਹਨ।

ਡੰਡਾਕਾਰੀਆਂ ਇਕ ਵਿਸ਼ਾਲ ਜੰਗਲੀ ਇਲਾਕਾ ਹੈ ਜਿਹੜਾ ਕਿ ਆਂਧਰਾ ਪਦੇਸ਼, ਮਹਾਂਰਾਸ਼ਟਰ, ਛੱਤੀਸ਼ਗੜ੍ਹ, ਮੱਧ ਪ੍ਰਦੇਸ਼, ਝਾਰਖੰਡ, ਉੜੀਸਾ, ਬਿਹਾਰ ਅਤੇ ਪੱਛਮੀ ਬੰਗਾਲ ਦੇ ਹਿੱਸਿਆਂ ਵਿਚ ਫੈਲਿਆ ਹੋਇਆ ਹੈ।

ਕਬਾਇਲੀ ਜਿਨ੍ਹਾਂ ਦੀ ਗਿਣਤੀ ਦੇਸ਼ ਵਿਚ ਤਕਰੀਬਨ 85 ਲੱਖ ਹੈ, ਸਦੀਆਂ ਤੋਂ ਇਸ ਇਲਾਕੇ ਵਿਚ ਰਹਿੰਦੇ ਹਨ। ਉਹ ਸਮਾਜ ਦਾ ਸਭ ਤੋਂ ਵੱਧ ਗਰੀਬ ਅਤੇ ਅਣਗੌਲਿਆ ਤਬਕਾ ਹਨ। ਦਰਅਸਲ, ਉਹ ਆਪਣੇ ਹੇਠਲੀ ਧਰਤੀ ਵਿਚ ਦੱਬੇ ਕਰੋੜਾਂ ਰੁਪਏ ਦੇ ਖਣਿਜਾਂ ਉਪਰ ਬੈਠੇ ਹਨ। ਉਹਨਾਂ ਦੀ ਵੱਡੀ ਗਿਣਤੀ ਅਨਪੜ੍ਹ ਹੈ। ਕੁਝ ਕੁ ਸਕੂਲ ਜਿਹੜੇ ਉਹਨਾਂ ਦੇ ਰਾਜਾਂ ਵਿਚ ਸਰਕਾਰ ਨੇ ਬਣਾਏ ਹਨ, ਗਰੀਨ ਹੰਟ ਅਪਰੇਸ਼ਨ ਲਈ ਨੀਮ ਫੌਜੀ ਦਲਾਂ ਦੇ ਠਹਿਰਨ ਲਈ ਵਰਤੇ ਜਾ ਰਹੇ ਹਨ, ਜਿਸ ਕਾਰਨ ਮਾਓਵਾਦੀਆਂ ਨੇ ਇਨ੍ਹਾਂ ਸਕੂਲਾਂ ਦੀਆਂ ਇਮਾਰਤਾਂ ਨੂੰ ਉਡਾ ਦਿੱਤਾ ਹੈ। ਕਬਾਇਲੀ ਬੱਚਿਆਂ ਤੱਕ ਮਿਡ ਡੇ ਭੋਜਨ ਯੋਜਨਾ ਨਹੀਂ ਪਹੁੰਚੀ ਹੈ। ਸਿੱਖਿਆ ਦਾ ਅਧਿਕਾਰ ਅਤੇ ਔਰਤ ਰਾਖਵਾਂਕਰਣ ਬਿਲ ਉਨ੍ਹਾਂ ਲਈ ਕੋਈ ਅਰਥ ਨਹੀਂ ਰੱਖਦਾ। ਜਦੋਂ ਤੱਕ ਉਹਨਾਂ ਨੂੰ ਇੱਜ਼ਤ ਨਾਲ ਜੀਣ ਦੀ ਆਗਿਆ ਨਹੀਂ ਮਿਲਦੀ ਅਤੇ ਰਾਇਲਟੀ ਤੋਂ ਜਵਾਬ ਦੇਣ ਰਾਹੀਂ ਉਹਨਾਂ ਨੂੰ ਠੱਗਣਾ ਬੰਦ ਨਹੀਂ ਕੀਤਾ ਜਾਂਦਾ, ਮਾਓਵਾਦੀਆਂ ਦਾ ਉਹਨਾਂ ਉੱਪਰ ਪ੍ਰਭਾਵ ਬਣਿਆ ਰਹੇਗਾ। ਸਮੱਸਿਆ ਦੀ ਜੜ੍ਹ 100 ਕੁ ਪਰਿਵਾਰਾਂ ਦੇ ਲੋਭ ਲਈ, ਜਿਹੜੇ ਦੇਸ਼ ਦੀ ਦੌਲਤ ਦੇ 25 ਪ੍ਰਤੀਸ਼ਤ ਤੋਂ ਵੀ ਵੱਧ ਹਿੱਸੇ ਉੱਪਰ ਕਾਬਜ਼ ਹਨ, ਕਬਾਇਲੀਆਂ ਨੂੰ ਉਜਾੜਨਾ ਹੈ।

ਚਿਦੰਬਰਮ ਸਾਫ਼ ਤੌਰ 'ਤੇ ਇਹਨਾਂ 100 ਪਰਿਵਾਰਾਂ ਨਾ਼ਲ ਹੈ ਨਾ ਕਿ ਮਿਹਨਤੀ ਆਪ ਜਨਤਾ ਨਾ਼ਲ। ਜੇਕਰ ਉਹ ਕੇਵਲ ਅਪਣੀ ਕਾਨੂੰਨੀ ਸੂਝਬੂਝ ਅਤੇ ਮੁਹਾਰਤ ਨੂੰ ਕਬਾਇਲੀਆਂ ਦੇ ਹਿੱਤ ਲਈ ਵਰਤੇ ਬਜਾਏ ਉਹਨਾਂ ਉੱਪਰ ਅੱਤਿਆਚਾਰ ਕਰਨ ਦੇ, ਉਹ ਅਪਣੀ ਪਾਰਟੀ ਦੇ ਹਿੱਤ ਨੂੰ ਪੂਰੇਗਾ, ਜਿਸਨੇ ਉਸਨੂੰ ਤਾਕਤ ਤੇ ਮਾਣ ਦਿੱਤਾ ਹੈ। ਬਜਾਏ ਇਸਦੇ, ਉਸਨੇ ਅਮਰੀਕੀ ਊਰਜਾ ਕਾਰਪੋਰੇਸ਼ਨ ਐਨਰੋਨ ਦਾ ਕਾਨੂੰਨੀ ਸਲਾਹਕਾਰ ਬਣਨਾ ਚੁਣਿਆ ਜਦੋਂ ਇਸਨੇ 1990ਵਿਆਂ ਵਿੱਚ ਅਪਣੀ ਅਪਰਾਧਿਕ ਪਹੁੰਚ ਭਾਰਤ ਤੱਕ ਵਧਾਉਣ ਦਾ ਯਤਨ ਕੀਤਾ, ਅਤੇ ਵਾਤਾਵਰਣ ਨੂੰ ਲੁੱਟਣ ਤੇ ਕਬਾਇਲੀਆਂ ਨੂੰ ਤਸੀਹੇ ਦੇਣ ਵਾਲੇ ਵੇਦਾਤਾਂ ਨੂੰ ਭਾਰਤ ਦੀ 1.3 ਮਿਲੀਅਨ ਅਲਮੀਨੀਅਮ ਦੀ ਸਮਰੱਥਾ 'ਚੋਂ ਵੇਦਾਤਾਂ ਦਾ ਹਿੱਸਾ 885,00 ਟਨ ਦਾ ਰਹੇਗਾ, ਜਿਹੜਾ ਉੜੀਸਾ ਵਿੱਚ ਇਸਦੇ ਝਾਰਸਗੁੱਡਾ ਸ਼ੁੱਧੀ ਕਾਰਖਾਨੇ ਵਿਚ ਇੱਕੋਂ ਸਮੇਂ ਤਿਆਰ ਹੋਵੇਗਾ ਤੇ ਆਉਂਦੇ ਮਹੀਨਿਆਂ 'ਚ ਇਸ ਨੂੰ ਮਨਜ਼ੂਰੀ ਦਿੱਤੀ ਜਾਣੀ ਹੈ। ਉੜੀਸਾ ਨੇ ਬਕਸਾਈਟ ਤੇ ਕੋਲਾ ਭੰਡਾਰਾਂ ਦੇ ਸਭ ਤੋਂ ਵਧੀਆ ਉਪਯੋਗ ਦੀ ਮੁਹਿੰਮ ਤਹਿਤ ਦਾਂਤੇਵਾੜਾ 1.6 ਮਿਲੀਅਨ ਟਨ ਸ਼ੁੱਧੀਕਰਣ ਦੀ ਸਮਰੱਥਾ ਝਾਰਨਗੁਡਾ ਵਿਖੇ ਪੈਦਾ ਕਰ ਰਿਹਾ ਹੈ ਅਤੇ ਨਾ਼ਲ ਹੀ 5 ਲੱਖ ਟਨ ਲਾਂਜੀਗੜ੍ਹ ਵਾਲੇ ਅਲਮੀਨੀਆ ਸੁਧਾਈ ਕਾਰਖਾਨਾ ਅਤੇ 3,750 ੜ ਦਾ ਬਿਜਲੀ ਘਰ ਵੀ। ਜੇਕਰ ਵੇਦਾਤਾਂ ਅਪਣੇ ਰਾਹ ਪਿਆ ਰਿਹਾ ਤਦ ਇਸ ਦੀ ਕੁੱਲ ਸਮਰੱਥਾ 2013 ਤੱਕ ਸਬੱਬ ਨਾ਼ਲ ਮੇਲ ਖਾ ਜਾਵੇਗੀ।

ਚਿਦੰਬਰਮ ਦੇ ਏਜੰਡੇ ਨੂੰ ਸਮਝਣ ਲਈ ਉਸਦੇ ਭਾਸ਼ਣਾਂ 'ਤੇ ਨੇੜਲੀ ਨਜ਼ਰ ਮਾਰਨੀ ਚਾਹੀਦੀ ਹੈ। ਬੋਸਟਨ ਵਿੱਚ 2006 ਨੂੰ ਹਾਰਬਰਡ ਬਿਜ਼ਨਸ ਸਕੂਲ ਵਿੱਚ ਦਿੱਤੇ ਅਪਣੇ ਮਹਿੰਦਰਾ ਭਾਸ਼ਣ ਵਿੱਚ ਭਾਰਤ ਦੀ ਆਜ਼ਾਦੀ ਤੋਂ ਮਗਰਲੇ ਤਿੰਨ ਦਹਾਕਿਆਂ ਨੂੰ ਉਸਨੇ, ਜਿਹੜੇ ਨਹਿਰੂ ਪ੍ਰਧਾਨ ਮੰਤਰੀ ਕਾਰਜ ਕਾਲ ਦੇ ਸਨ, "ਗੁਆ ਲਏ ਸਾਲਾਂ ਵਜੋਂ ਵਰਣਨ ਕੀਤਾ ਜਦੋਂ ਸਰਕਾਰ ਦੁਆਰਾ ਕੌਮੀ ਆਰਥਿਕਤਾ ਨੂੰ ਸੇਧ ਦਿੱਤੀ ਜਾਂਦੀ ਸੀ ਅਤੇ ਗ਼ਹਿਰੇ ਸਿੱਟਿਆਂ ਵਾਲੇ ਬਾਹਰੀ ਸੰਸਾਰ ਲਈ ਇਸਨੂੰ ਬੰਦ ਰੱਖਿਆ ਗਿਆ।" 2007 ਵਿੱਚ ਅਮਰੀਕੀ ਵਪਾਰੀਆਂ ਨੂੰ ਸੰਬੋਧਨ ਕਰਦਿਆਂ ਚਿਦੰਬਰਮ ਨੇ ਕਿਹਾ ਕਿ ਭਾਰਤ ਤੇਜ਼ ਆਰਥਕ ਤਰੱਕੀ ਨੂੰ ਯਕੀਨੀ ਬਣਾਉਣ ਲਈ ਕੁਦਰਤੀ ਅਤੇ ਮਾਨਵੀ ਸ੍ਰੋਤਾਂ ਨੂੰ ਵੱਡੀ ਮਾਤਰਾ ਵਿੱਚ ਹਾਸਲ ਕਰਨ ਦੀ ਚੁਣੌਤੀ ਦਾ ਸਾਹਮਣਾ ਕਰ ਰਿਹਾ ਸੀ। ਪਰੰਤੂ ਸ੍ਰੋਤਾਂ ਜਿਵੇਂ ਕਿ ਕੋਲਾ, ਕੱਚਾ ਲੋਹਾ, ਬਕਸਾਈਟ, ਟੀਟਾਨੀਅਮ (ਕੱਚੀ) ਹੀਰੇ, ਕੁਦਰਤੀ ਗੈਸ ਅਤੇ ਪਟਰੋਲੀਅਮ ਦੀ ਤੇਜ਼ ਤੇ ਕੁਸ਼ਲ ਵਰਤੋਂ ਦਾ ਰਾਜ ਸਰਕਾਰਾਂ ਅਤੇ ਸਵਾਰਥੀ ਸਮੂਹਾਂ ਦਵਾਰਾ ਵਿਰੋਧ ਹੁੰਦਾ ਹੈ" ਦਿੱਗਵਿਜੈ ਸਿੰਘ ਤੇ ਮਨੀ ਸ਼ੰਕਰ ਅਈਅਰ ਵਰਗੇ ਕਾਂਗਰਸੀ ਰੰਗ ਵਿੱਚ ਰੰਗੇ ਹੋਏ ਕਾਂਗਰਸੀਆਂ ਲਈ ਚਿਦੰਬਰਮ 'ਚੋਂ ਕੋਈ ਭੈੜ ਨਾ ਲੱਭਣਾ ਕੀ ਕੋਈ ਹੈਰਾਨੀ ਵਾਲੀ ਗੱਲ ਹੈ?

ਵੇਦਾਤਾਂ ਗਰੁੱਪ ਦੀ ਇੱਕ ਕੰਪਨੀ ਸਟਰਲਾਈਟ ਕੇਂਦਰੀ ਐਕਸਾਈਜ਼ ਅਤੇ ਕਸਟਮ ਡਿਊਟੀ ਦੀ ਭਾਰੀ ਚੋਰੀ ਵਿੱਚ ਸ਼ਾਮਲ ਹੈ ਅਤੇ 2003 ਵਿੱਚ ਜਾਂਚ ਉਪਰੰਤ 249.30 ਕਰੋੜ ਰੁਪਏ ਦੀ ਅਦਾਇਗੀ ਦੇ ਇਸਨੂੰ ਹੁਕਮ ਹੋਏ। ਕੰਪਨੀ ਨੇ ਮੁਬੰਈ ਹਾਈਕੋਰਟ ਵਿੱਚ ਇਸਦੇ ਵਿਰੁੱਧ ਰਿਟ ਪਟੀਸ਼ਨ ਦਾਇਰ ਕੀਤੀ, ਚਿਦੰਬਰਮ ਇਸਦਾ ਵਕੀਲ ਸੀ ਅਤੇ ਉਸਨੇ ਵਸੂਲੀ ਰੋਕਣ ਦੇ ਸਟੇਅ ਆਰਡਰ ਹਾਸਲ ਕਰ ਲਏ। 2004 ਵਿੱਚ ਖ਼ਜ਼ਾਨਾ ਮੰਤਰੀ ਬਣਨ ਮਗਰੋਂ ਸਟਰਲਾਈਟ ਤੋਂ ਬਕਾਏ ਵਸੂਲਣ ਦੀ ਕੋਈ ਵੀ ਮਹੱਤਵਪੂਰਣ ਪਹਿਲਕਦਮੀ ਕਰਨ ਵਿੱਚ ਅਸਫ਼ਲ ਰਿਹਾ। 2003 ਵਿੱਚ ਵੇਦਾਤਾਂ ਸਟਰਲਾਈਟ ਦੀ ਸ਼ੇਅਰ ਕੀਮਤ ਵਿੱਚ 1000 ਪ੍ਰਤੀਸ਼ਤ ਤੱਕ ਦਾ ਉਛਾਲ ਆਇਆ ਜਦੋਂ ਚਿਦੰਬਰਮ ਇਸਦੇ ਡਾਇਰੈਕਟਰਾਂ ਦੇ ਬੋਰਡ ਵਿੱਚ ਸ਼ਾਮਲ ਸੀ।

ਇੰਗਲੈਂਡ ਦੀ ਚਰਚ ਦੇ ਪੈਨਸ਼ਨ ਬੋਰਡ ਨੇ 3.8 ਲੱਖ ਪੌਂਡ ਵੇਦਾਤਾਂ ਰਿਸੌਰਸਜ਼ ਕੰਪਨੀ ਦੇ ਸ਼ੇਅਰਾਂ ਵਿੱਚ ਨਿਵੇਸ਼ ਕੀਤੇ ਸਨ, ਇਹ ਵਿਸ਼ਵਾਸ ਕਰਦਿਆਂ ਕਿ ਕੰਪਨੀ ਨੈਤਿਕ ਅਸੂਲਾਂ ਅਨੁਸਾਰ ਚਲਾਈ ਜਾਵੇਗੀ। ਨੈਤਿਕ ਨਿਵੇਸ਼ ਸਲਾਹਕਾਰ ਗਰੁੱਪ ਦੀਆਂ ਸਿਫ਼ਾਰਸਾਂ 'ਤੇ, ਜਿਸਨੇ ਪਾਇਆ ਕਿ ਖਾਣਾਂ ਵਾਲੇ ਖੇਤਰਾਂ ਵਿੱਚ ਵੇਦਾਤਾਂ ਦੁਆਰਾ ਕਬਾਇਲੀ ਲੋਕਾਂ ਨਾ਼ਲ ਯੋਗ ਵਰਤਾਓ ਨਹੀਂ ਕੀਤਾ ਜਾ ਰਿਹਾ ਸੀ ਅਤੇ ਕੰਪਨੀ ਦੀ ਨਵੀਂ ਪਹੁੰਚ ਦੀ ਅਣਹੋਂਦ ਵਿੱਚ ਬੋਰਡ ਨੇ ਪਿਛਲੇ ਸਾਲ ਚਰਚ ਦੁਆਰਾ ਕੀਤਾ ਨਿਵੇਸ਼ ਵਾਪਸ ਕਢਵਾ ਲਿਆ। ਇਹ ਕੰਪਨੀ ਦੇ ਪ੍ਰਬੰਧਨ ਤੇ ਸਮਾਜਕ ਜ਼ੁੰਮੇਵਾਰੀਆਂ ਦਾ ਮੂੰਹੋਂ ਬੋਲਦਾ ਸਬੂਤ ਹੈ। ਕੀ ਵੇਦਾਤਾਂ ਨੂੰ 2013 ਤੱਕ ਵਿਸ਼ਵ ਦੀ ਸਭ ਤੋਂ ਛੋਟੀ ਧਾਤ ਤਜਾਰਤੀ ਕੰਪਨੀ ਦੀ ਲਾਲਸਾ ਪੂਰੀ ਕਰਨ ਦੀ ਸੁਵਿਧਾ ਦੇਣ ਲਈ ਰਾਸ਼ਟਰ ਨੂੰ ਜ਼ਰੂਰ ਅਪਣੇ ਵਿਚਾਰੇ ਜਵਾਨਾਂ ਦੀ ਬਲੀ ਦੇਣੀ ਪਵੇਗੀ?

**ਧੁਖ਼ਦਾ ਕਾਲਮ**

**ਸੁਸ਼ੀਲ ਦੁਸਾਂਝ**

## 'ਕਹਿੰਦੇ ਬੜਾ ਹੈ ਖ਼ਤਰਾ ਸੂਰਜ ਦੀ ਹੋਂਦ ਨੂੰ ਅੱਜ'

ਭਾਰਤ ਵਿਚ ਸੁਪਰੀਮ ਕੋਰਟ ਨੇ ਕਾਲਜਾਂ ਵਿਚ ਹੁੰਦੀ ਜਾਨਲੇਵਾ ਰੈਗਿੰਗ ਨੂੰ ਰੋਕਣ ਦੇ ਹੁਕਮ ਕਾਲਜ ਪ੍ਰਬੰਧਕ ਕਮੇਟੀਆਂ ਨੂੰ ਦਿੱਤੇ ਹੋਏ ਹਨ ਪਰ ਇਸ ਪਾਸੇ ਵੱਲ ਗੰਭੀਰ ਕੋਸ਼ਿਸ਼ਾਂ ਦੀ ਅਣਹੋਂਦ ਕਰਕੇ ਇਹ ਸਮੱਸਿਆ ਸਗੋਂ ਹੋਰ ਵੱਧ ਗਈ ਹੈ। ਰੈਗਿੰਗ ਨੂੰ ਹਰ ਕੀਮਤ 'ਤੇ ਬੰਦ ਕਰਵਾਉਣ ਲਈ ਤੁਰੰਤ ਇਕ ਸਖ਼ਤ ਕਾਨੂੰਨ ਬਣਾ ਕੇ ਇਸ ਨੂੰ ਲਾਗੂ ਕੀਤਾ ਜਾਵੇ। ਰੈਗਿੰਗ ਤੋਂ ਦੁਖੀ ਹੋ ਕੇ ਕਈ ਵਿਦਿਆਰਥੀਆਂ ਖੁਦਕੁਸ਼ੀ ਕੀਤੀ ਂ ਤੇ ਅਜਿਹੇ ਕੇਸਾਂ ਨੇ ਵਿਦਿਅਕ ਅਦਾਰਿਆਂ ਦੇ ਪ੍ਰਬੰਧਕਾਂ ਦੇ ਨਾਲ ਹੀ ਪਰਿਵਾਰਾਂ ਦੀ ਵੀ ਬਚਿੱਆਂ ਪ੍ਰਤੀ ਗੈਰ ਜ਼ਿੰਮੇਵਾਰ ਪਹੁੰਚ ਸਾਹਮਣੇ ਲਿਆਂਦੀ ਹੈ। ਇਹ ਆਮ ਵਰਤਾਰਾ ਨਾ ਹੋ ਕੇ ਸਾਡੇ ਵਿਦਿਅਕ ਅਤੇ ਸਮਾਜਕ ਪ੍ਰਬੰਧ 'ਤੇ ਇਕ ਵੱਡਾ ਸਵਾਲੀਆ ਨਿਸ਼ਾਨ ਹੈ। ਇਹ ਸਾਡੀ ਲੱਚਰ ਕਿਸਮ ਦੀ ਸਾਸ਼ਨ ਪ੍ਰਣਾਲੀ ਹੀ ਹੈ ਕਿ ਮਈ 2007 ਨੂੰ ਸੁਪਰੀਮ ਕੋਰਟ ਵੱਲੋਂ ਰੈਗਿੰਗ ਨੂੰ ਬੰਦ ਕਰਵਾਉਣ ਦੇ ਦਿਸ਼ਾ ਨਿਰਦੇਸ਼ਾਂ ਦੇ ਬਾਵਜੂਦ ਇਸ ਸਮੇਂ ਦੌਰਾਨ 60 ਤੋਂ ਜ਼ਿਆਦਾ ਵਿਦਿਆਰਥੀ ਰੈਗਿੰਗ ਕਾਰਨ ਆਪਣੀ ਜਾਨ ਗਵਾ ਚੁੱਕੇ ਹਨ।

ਇਨ੍ਹਾਂ ਹਾਲਤਾਂ ਵਿਚ ਸਭ ਤੋਂ ਜ਼ਰੂਰੀ ਲੋੜ ਮੁਲਕ ਵਿਚ ਇਕ ਰੈਗਿੰਗ ਵਿਰੋਧੀ ਕਨੂੰਨ ਦੀ ਹੈ। ਇਹ ਤਾਂ ਹੁਣ ਸਰਕਾਰ ਦੀ ਅਗਵਾਈ ਵਿਚ ਹੀ ਹੋ ਸਕੇਗਾ ਪਰ ਸਰਕਾਰਾਂ ਤੋਂ ਬਿਨਾਂ ਵਿਦਿਅਕ ਅਦਾਰਿਆ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਵਿਦਿਆਰਥੀ ਜਥੇਬੰਦੀਆਂ ਵੀ ਸਾਂਝੀਆ ਕੋਸ਼ਿਸ਼ਾਂ ਨਾਲ ਰੈਗਿੰਗ ਦੀ ਲਗਾਤਾਰ ਗੰਭੀਰ ਹੁੰਦੀ ਜਾ ਰਹੀ ਸਮੱਸਿਆ ਨੂੰ ਕਾਫੀ ਹੱਦ ਤੱਕ ਕਾਬੂ ਕੀਤਾ ਜਾ ਸਕਦਾ ਹੈ।

ਇਹ ਠੀਕ ਹੈ ਕਿ ਪਿਛਲੇ 15 ਕੁ ਸਾਲਾਂ ਵਿਚ ਵਿਸ਼ਵੀਕਰਨ ਦੀਆਂ ਤਾਕਤਾਂ ਦੇ ਲਗਾਤਾਰ ਦਬਾਅ ਕਾਰਨ ਆਪਣੇ ਮੂਲਕ ਦੀਆਂ ਹਰ ਖੇਤਰ ਵਿਚ ਉਨ੍ਹਾਂ ਮੁਤਾਬਕ ਬਦਲ ਰਹੀਆਂ ਨੀਤੀਆਂ ਨੇ ਵਿਦਿਅਕ ਖੇਤਰ ਨੂੰ ਵੀ ਬੁਰੀ ਤਰ੍ਹਾਂ ਪ੍ਰਭਾਵਤ ਕੀਤਾ ਹੈ। ਇਸ ਕਰਕੇ ਹੀ ਵਿਦਿਅਕ ਮਾਹੌਲ ਵੀ ਬੁਰੀ ਤਰ੍ਹਾਂ ਤਹਿਸ-ਨਹਿਸ ਹੋ ਕੇ ਰਹਿ ਗਿਆ ਹੈ। ਇਹਦੇ ਬਾਵਜੂਦ ਪ੍ਰਬੰਧਕ ਕਮੇਟੀਆਂ ਅਤੇ ਵਿਦਿਅਕ ਅਦਾਰਿਆਂ ਦੇ ਸਮੂਹ ਸਟਾਫ ਦੇ ਸਹਿਯੋਗ ਨਾਲ ਹਾਲੇ ਵੀ ਬਹੁਤ ਕੁਝ ਬਚਾਇਆ ਜਾ ਸਕਦਾ ਹੈ। ਇਹਦੇ ਨਾਲ ਹੀ ਜੇਕਰ ਵਿਦਿਆਰਥੀ ਜਥੇਬੰਦੀਆਂ ਵੀ ਵਿਦਿਅਕ ਮਾਹੌਲ ਨੂੰ ਸਾਜਗਾਰ ਬਣਾਉਣ ਵਿਚ ਅੱਗੇ ਆਉਣ ਤਾਂ ਪੂਰਾ ਦ੍ਰਿਸ਼ ਹੀ ਬਦਲਿਆ ਜਾ ਸਕਦਾ ਹੈ। ਜਦੋਂ ਅਸੀਂ ਕਾਲਜਾਂ ਵਿਚ ਵਿਚਰਦੇ ਸਾਂ; ਉਦੋਂ ਵਿਦਿਆਰਥੀ ਜਥੇਬੰਦੀਆਂ ਦਾ ਇਹ ਪ੍ਰੋਗਰਾਮ ਹੁੰਦਾ ਸੀ ਕਿ ਨਵੇਂ ਸੈਸ਼ਨ ਵਿਚ ਵਿਦਿਆਰਥੀਆਂ ਨੂੰ ਦਾਖਲਿਆਂ ਵੇਲੇ ਆਉਂਦੀਆਂ ਮੁਸ਼ਕਲਾਂ ਨੂੰ ਹਰ ਕੋਸ਼ਿਸ਼ ਕਰਕੇ ਹੱਲ ਕਰਵਾਉਣਾ ਹੈ। ਵਿਦਿਆਰਥੀ ਆਗੂ ਖੁਦ ਉਨ੍ਹਾਂ ਦੇ ਦਾਖਲਾ ਫਾਰਮ ਭਰਿਆ ਕਰਦੇ ਸਨ ਅਤੇ ਹਰ ਔਕੜ ਵੇਲੇ ਉਹ ਨਵੇਂ ਵਿਦਿਆਰਥੀ ਕੋਲ ਆ ਬਹੁੜਦੇ ਸਨ। ਸਾਧਾਰਨ ਘਰਾਂ ਵਿਚੋਂ ਕਾਲਜਾਂ ਵਿਚ ਆਉਣ ਵਾਲੇ ਵਿਦਿਆਰਥੀਆਂ ਦੀਆਂ ਫੀਸਾਂ ਫੰਡਾਂ ਵਿਚ ਰਿਆਇਤਾਂ ਦਿਵਾਉਣਾ ਵੀ ਉਚੇਚਾ ਕਾਰਜ ਹੋਇਆ ਕਰਦਾ ਸੀ। ਹੁਣ ਸਭ ਕੁਝ ਉਲਟ-ਪੁਲਟ ਰਿਹਾ ਹੈ; ਸਹਾਇਤਾ ਕੈਂਪਾਂ ਦੀ ਥਾਂ ਰੈਗਿੰਗ ਦੇ ਯਾਤਨਾ ਕੈਂਪ ਨਵੇਂ ਵਿਦਿਆਰਥੀਆਂ ਦੀ ਉਡੀਕ ਕਰਦੇ ਹਨ। ਦੇਸ਼ ਪੱਧਰ ਤੇ ਬਝੱਵੀਂ ਵਿਦਿਆਰਥੀ ਲਹਿਰ ਦੀ ਅਣਹੋਂਦ ਇਹਦਾ ਮੂਲ ਕਾਰਣ ਹੈ।

ਇਕ ਬਹੁਤ ਹੀ ਅਹਿਮ ਲੋੜ ਮਾਪਿਆਂ ਦੇ ਨਜ਼ਰੀਏ ਦੀ ਹੈ। ਬਦਲਾਅ ਦੀ ਤੇਜ਼ ਗਤੀ ਨੇ ਮਾਪਿਆਂ ਅਤੇ ਬਚਿਆਂ ਵਿਚਾਲੇ ਦੂਰੀਆਂ ਬੀਜ ਦਿੱਤੀਆਂ ਹਨ।ਇਸ ਮਾਮਲੇ ਵਿਚ ਮਾਪਿਆਂ ਦੀ ਹੀ ਵੱਡੀ ਜ਼ੁੰਮੇਵਾਰੀ ਹੈ ਕਿ ਉਹ ਆਪਣੇ ਬਚਿਆਂ ਨੂੰ ਸਮਝਣ ਅਤੇ ਉਨ੍ਹਾਂ ਦੀ ਹਰ ਮੁਸ਼ਕਲ ਵਿਚ ਆਪਣੇ ਸਾਰੇ ਪਿਆਰ ਸਣੇ ਉਨ੍ਹਾਂ ਦੇ ਅੰਗ-ਸੰਗ ਰਹਿਣ। ਇਹ ਸਭ ਦੇ ਸਾਂਝੇ ਕਾਰਜ ਹਨ। ਇਹੀ ਆਪੋ-ਆਪਣੇ ਬੱਚਿਆਂ ਨੂੰ ਬਚਾਉਣ ਦਾ ਫੌਰੀ ਤਰੀਕਾ ਹੈ। ਅਖੀਰ ਚ ਮੇਰੀ ਗ਼ਜ਼ਲ ਦਾ ਇਹ ਸ਼ਿਅਰ ਮੁਲਾਹਜਾ ਫਰਮਾਓ-

*'ਕਹਿੰਦੇ ਬੜਾ ਹੈ ਖ਼ਤਰਾ ਸੂਰਜ ਦੀ ਹੋਂਦ ਨੂੰ ਅੱਜ*

*ਆਪਣੇ ਦਰਾਂ ਦੇ ਮੂਹਰੇ ਦੀਵੇ ਜਗਾ ਕੇ ਰੱਖੋ'*

## ਗੈਸ ਤ੍ਰਾਸਦੀ ਦੇ 25 ਸਾਲ ਬਾਅਦ

# 15274 ਮੌਤਾਂ ਲਈ ਸਿਰਫ਼ ਦੋ ਸਾਲ ਦੀ ਸਜ਼ਾ

ਅਮਰਪਾਲ ਸਿੰਘ ਬੈਂਸ

ਦੇਰ ਵੀ ਹਨੇਰ ਵੀ-ਇਕ ਦੋਸ਼ੀ ਪਹਿਲਾਂ ਹੀ ਮਰ ਚੁੱਕਾ ਹੈ ਅਤੇ ਸੱਤ ਨੂੰ 25 ਹਜ਼ਾਰ ਵਿਚ ਮਿਲੀ ਜ਼ਮਾਨਤ। 15000 ਤੋਂ ਵਧ ਲੋਕਾਂ ਦੀ ਜਾਨ ਲੈਣ ਵਾਲੀ ਦੁਨੀਆ ਦੀ ਸਭ ਤੋਂ ਵੱਡੀ ਤਬਾਹੀ ਜਿਸ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਵਿਚ ਅਦਾਲਤ ਨੇ ਲਗਭਗ ਚੌਥਾਈ ਸਦੀ ਦਾ ਵਕਤ ਲਗਾ ਦਿੱਤਾ। ਤ੍ਰਾਸਦੀ ਦੇ ਜ਼ਿੰਮੇਵਾਰਾਂ ਨੂੰ ਦੋ ਸਾਲ ਕੈਦ ਅਤੇ ਕੁਝ ਹਜ਼ਾਰ ਰੁਪਏ ਜ਼ੁਰਮਾਨੇ ਦੀ ਸਜ਼ਾ ਮਿਲੀ। ਹਥੋਂ ਹੱਥ ਜ਼ਮਾਨਤ ਤੋਂ ਬਾਅਦ ਇਹ ਫੇਰ ਉਪਰ ਦੀ ਅਦਾਲਤ ਵਿਚ ਅਪੀਲ ਲਈ ਤਿਆਰ ਹਨ। ਇਹ ਇਸ ਕੇਸ ਦੀ ਤ੍ਰਾਸਦੀ ਹੈ..

ਵਿਸ਼ਵ ਦੀ ਭਿਆਨਕ ਭੋਪਾਲ ਗੈਸ ਤ੍ਰਾਸਦੀ ਵਿਚ ਅਦਾਲਤ ਨੇ 23 ਸਾਲ ਦੀ ਸੁਣਵਾਈ ਤੋਂ ਬਾਅਦ ਸੱਤ ਲੋਕਾਂ ਨੂੰ ਦੋਸ਼ੀ ਕਰਾਰ ਦਿੱਤਾ ਹੈ। ਇਨ੍ਹਾਂ ਨੂੰ ਦੋ-ਦੋ ਸਾਲ ਦੀ ਕੈਦ ਅਤੇ ਇਕ ਲੱਖ ਰੁਪਏ ਤੋਂ ਵੱਧ ਦੇ ਜ਼ੁਰਮਾਨੇ ਦੀ ਸਜ਼ਾ ਸੁਣਾਈ ਗਈ। ਪਰ ਸਜ਼ਾ ਸੁਣਾਉਣ ਤੋਂ ਬਾਅਦ ਸਾਰੇ ਦੋਸ਼ੀਆਂ ਨੂੰ 25-25 ਹਜ਼ਾਰ ਰੁਪਏ ਦੀ ਜ਼ਮਾਨਤ 'ਤੇ ਛੱਡ ਦਿੱਤਾ ਗਿਆ। ਦੋਸ਼ੀਆਂ ਵਿਚ ਯੂਨੀਅਨ ਕਾਰਬਾਈਡ ਇੰਡੀਆ ਲਿਮਿਟਿਡ (ਯੂ.ਸੀ.ਆਈ.ਐਲ) ਦਾ ਸਾਬਕਾ ਮੁਖੀ ਕੇਸ਼ਵ ਮਹਿੰਦਰਾ ਵੀ ਸ਼ਾਮਲ ਹੈ, ਜਦਕਿ ਮਾਮਲੇ ਦੇ ਮੁਖ ਦੋਸ਼ੀ ਯੂਨੀਅਨ ਕਾਰਬਾਈਡ ਕਾਰਪੋਰੇਸ਼ਨ ਦੇ ਤੱਤਕਾਲੀਨ ਮੁਖੀ ਵਾਰੇਨ ਐਂਡਰਸਨ ਨੂੰ ਫਰਾਰ ਐਲਾਨ ਕੇ ਉਸ ਦਾ ਨਾਮ ਫੈਸਲੇ ਵਿਚ ਸ਼ਾਮਲ ਹੀ ਨਹੀਂ ਕੀਤਾ ਗਿਆ।

ਮੁਖ ਜੱਜ ਮੈਜਿਸਟਰੇਟ ਮੋਹਨ ਪੀ. ਤਿਵਾੜੀ ਨੇ ਖਚਾਖਚ ਭਰੀ ਅਦਾਲਤ ਵਿਚ ਇਹ ਫੈਸਲਾ ਸੁਣਾਇਆ। ਸਾਰੇ ਦੋਸ਼ੀਆਂ ਨੂੰ ਧਾਰਾ 304 ਏ ਤਹਿਤ ਸਜ਼ਾ ਸੁਣਾਈ ਗਈ ਹੈ। ਦੋਸ਼ੀ ਕਰਾਰ ਦਿੱਤਾ ਗਿਆ 85 ਸਾਲਾ ਕੇਸ਼ਵ ਮਹਿੰਦਰਾ ਫਿਲਹਾਲ ਮਹਿੰਦਰਾ ਐਂਡ ਮਹਿੰਦਰਾ ਲਿਮਿਟਿਡ ਦਾ ਚੇਅਰਮੈਨ ਹੈ। ਵਿਜੇ ਗੋਖਲੇ ਯੂ.ਸੀ.ਆਈ.ਐਲ ਦਾ ਮੈਨੇਜਿੰਗ ਡਾਇਰੈਕਟਰ ਰਹਿ ਚੁੱਕਾ ਹੈ। ਇਸ ਤੋਂ ਇਲਾਵਾ ਇਸ ਕੰਪਨੀ ਨਾਲ ਜੁੜੇ ਰਹੇ ਐਸ.ਪੀ. ਚੌਧਰੀ, ਕਿਸ਼ੋਰ ਕਾਮਦਾਰ, ਜੇ. ਮੁਕੰਦ, ਕੇ.ਵੀ. ਸ਼ੈਟੀ ਅਤੇ ਸ਼ਕੀਲ ਅਹਿਮਦ ਕੁਰੈਸ਼ੀ ਨੂੰ ਵੀ ਦੋਸ਼ੀ ਕਰਾਰ ਦਿੱਤਾ ਗਿਆ ਹੈ। ਮੁੱਕਦਮੇ ਦੀ ਸੁਣਵਾਈ ਦੌਰਾਨ ਇਕ ਹੋਰ ਦੋਸ਼ੀ ਆਰ.ਬੀ.ਚੌਧਰੀ ਦੀ ਮੌਤ ਹੋ ਗਈ ਸੀ। ਕੁਰੈਸ਼ੀ ਫੈਸਲੇ ਵਕਤ ਅਦਾਲਤ ਵਿਚ ਹਾਜ਼ਰ ਨਹੀਂ ਸੀ।

### ਫੈਸਲੇ ਦਾ ਵਿਰੋਧ-

ਪੁਲੀਸ ਦੇ ਸਖਤ ਬੰਦੋਬਸਤ ਦੌਰਾਨ ਇਸ ਫੈਸਲੇ 'ਤੇ ਮਨੁੱਖੀ ਅਧਿਕਾਰ ਸੰਗਠਨਾਂ ਅਤੇ ਗੈਸ ਪੀੜਤਾਂ ਨੇ ਅਫਸੋਸ ਪ੍ਰਗਟਾਇਆ ਹੈ। ਭੋਪਾਲ ਗਰੁੱਪ ਆਫ ਇਨਫਰਮੇਸ਼ਨ ਐਂਡ ਐਕਸ਼ਨ ਦੇ ਵਰਕਰ ਸਤੀਨਾਥ ਸ਼ੜੰਗੀ ਮੁਤਾਬਕ ਇਸ ਫੈਸਲੇ ਨਾਲ ਪੀੜਤਾਂ ਨੂੰ ਲਗਦਾ ਹੈ ਕਿ ਦੁਨੀਆ ਦੀ ਸਭ ਤੋਂ ਵੱਡੀ ਤਬਾਹੀ ਕਿਸੇ ਸੜਕ ਹਾਦਸੇ ਵਿਚ ਬਦਲ ਗਈ ਹੈ। ਫੈਸਲਾ ਸੁਣਨ ਲਈ ਇਥੇ ਵੱਡੀ ਸੰਖਿਆ ਵਿਚ ਗੈਸ ਪੀੜਤ ਔਰਤਾਂ ਅਤੇ ਸੰਗਠਨਾਂ ਦੇ ਲੋਕ ਪੁੱਜੇ ਸਨ, ਪਰ ਪੁਲੀਸ ਨੇ ਕਿਸੇ ਨੂੰ ਵੀ ਅਦਾਲਤ ਵਿਚ ਨਹੀਂ ਜਾਣ ਦਿੱਤਾ। ਇਕ ਸੰਗਠਨ ਦੇ ਮੁਖੀ ਐਨ.ਡੀ. ਜੈ ਪ੍ਰਕਾਸ਼ ਨਾਲ ਪੁਲੀਸ ਵਾਲਿਆਂ ਨੇ ਧੱਕਾ-ਮੁੱਕੀ ਵੀ ਕੀਤੀ। ਗੈਸ ਪੀੜਤਾਂ ਦਾ ਕਹਿਣਾ ਸੀ ਕਿ 25 ਸਾਲ ਤੋਂ ਹੱਕ ਦੀ ਲੜਾਈ ਲੜਦੇ ਲੜਦੇ ਡਾਗਾਂ ਖਾਧੀਆਂ ਹਨ। ਅੱਜ ਫੈਸਲੇ ਦੇ ਦਿਨ ਵੀ ਇਸ ਦਾ ਸ਼ਿਕਾਰ ਹੋਣਾ ਪਿਆ।

ਹਾਦਸੇ ਦੀ ਸੁਣਵਾਈ ਤੱਕ-ਭੋਪਾਲ ਵਿਚ 2-3 ਦਸੰਬਰ 1984 ਨੂੰ ਜ਼ਹਿਰੀਲੀ ਗੈਸ ਮਿਕ ਦੇ ਰਿਸਣ ਤੋਂ ਬਾਅਦ 15, 274 ਲੋਕਾਂ ਦੀ ਮੌਤ ਹੋ ਗਈ ਸੀ। ਸੀ.ਬੀ.ਆਈ. ਨੇ ਇਸ ਮਾਮਲੇ ਵਿਚ ਜਾਂਚ ਤੋਂ ਬਾਅਦ 1 ਦਸੰਬਰ 1987 ਨੂੰ ਚਾਰਜਸ਼ੀਟ ਪੇਸ਼ ਕੀਤੀ ਸੀ। ਮੁਕਦਮੇ ਦੌਰਾਨ 178 ਗਵਾਹਾਂ ਨਾਲ ਜਿਰ੍ਹਾ ਹੋਈ ਅਤੇ ਅਦਾਲਤ ਵਿਚ 3008 ਦਸਤਾਵੇਜ਼ ਪੇਸ਼ ਕੀਤੇ ਗਏ।

### ਨਿਊਯਾਰਕ ਵਿਚ ਰਹਿੰਦਾ ਹੈ ਪਰ ਫਰਾਰ ਹੈ

ਨਵੀਂ ਦਿੱਲੀ-ਉਹ ਅਜਿਹਾ ਸ਼ਖ਼ਸ ਹੈ ਜੋ ਗ੍ਰਿਫਤ ਵਿਚ ਆਉਣ ਦੇ ਬਾਵਜੂਦ ਬਚ ਨਿਕਲਿਆ। ਗੱਲ ਹੋ ਰਹੀ ਹੈ ਯੂਨੀਅਨ ਕਾਰਬਾਈਡ ਕਾਰਪੋਰੇਸ਼ਨ ਦੇ ਤੱਤਕਾਲੀਨ ਮੁਖੀ ਵਾਰੇਨ ਐਂਡਰਸਨ ਦੀ। ਭੋਪਾਲ ਗੈਸ ਤ੍ਰਾਸਦੀ ਦੀ ਸੁਣਵਾਈ ਦੌਰਾਨ ਉਹ ਦੇਸ਼ ਵਿਚ ਆਇਆ। ਨਵੀਂ ਦਿੱਲੀ ਵਿਚ ਉਤਰਿਆ। ਪੁਲੀਸ ਨੇ ਗ੍ਰਿਫਤਾਰ ਵੀ ਕੀਤਾ। ਤਿੰਨ ਦਿਨ ਵਿਚ ਹੀ ਜ਼ਮਾਨਤ ਮਿਲ ਗਈ। ਫੇਰ ਉਹ 7ਦਸੰਬਰ 1984 ਨੂੰ ਇਥੋਂ ਉਡ ਗਿਆ। ਉਸ ਤੋਂ ਬਾਅਦ ਉਸ ਦੇਸ਼ ਵਿਚ ਫੇਰ ਕਦੇ ਨਹੀਂ ਦੇਖਿਆ ਗਿਆ। ਐਂਡਰਸਨ ਦੇ ਦੇਸ਼ ਤੋਂ ਫਰਾਰ ਹੋ ਜਾਣ ਤੋਂ ਬਾਅਦ ਵਿਵਾਦ ਖੜਾ ਹੋ ਗਿਆ। ਸਰਕਾਰ ਨੂੰ ਉਸ ਦੀ ਜ਼ਮਾਨਤ ਦਾ ਵਿਰੋਧ ਨਾ ਕਰਨ 'ਤੇ ਸ਼ਰਮਿੰਦਗੀ ਝੱਲਣੀ ਪਈ। ਆਖਰਕਾਰ ਫਰਵਰੀ 1992 ਵਿਚ ਉਸ ਨੂੰ ਭਗੌੜਾ ਐਲਾਨ ਦਿੱਤਾ। ਵਾਰ ਵਾਰ ਸੰਮਨ ਭੇਜਣ ਤੋਂ ਬਾਅਦ ਵੀ ਐਂਡਰਸਨ ਅਦਾਲਤ ਵਿਚ ਹਾਜ਼ਰ ਨਹੀਂ ਹੋਇਆ। ਅਦਾਲਤ ਨੇ 31 ਜੁਲਾਈ 2009 ਨੂੰ ਗ੍ਰਿਫਤਾਰੀ ਦਾ ਵਰੰਟ ਜਾਰੀ ਕੀਤਾ।





ਓਧਰ ਅਮਰੀਕੀ ਸਰਕਾਰ ਨੇ ਉਸ ਦੀ ਹਵਾਲਗੀ ਲਈ ਕਦਮ ਨਹੀਂ ਚੁੱਕੇ। ਇਧਰ ਭਾਰਤ ਸਰਕਾਰ ਨੇ ਇਸ 'ਤੇ ਜ਼ੋਰ ਵੀ ਨਹੀਂ ਦਿੱਤਾ। ਸਰਕਾਰ ਨੇ ਅਦਾਲਤ ਨੂੰ ਦੱਸਿਆ ਕਿ ਉਸ ਨੂੰ ਐਂਡਰਸਨ ਦੇ ਟਿਕਾਣੇ ਬਾਰੇ ਪਤਾ ਨਹੀਂ ਹੈ। ਇਹ ਗੱਲ ਵੱਖਰੀ ਹੈ ਕਿ ਉਦੋਂ ਤੱਕ ਟੀ.ਵੀ. ਚੈਨਲ ਨੇ ਦਿਖਾਇਆ ਸੀ ਕਿ ਐਂਡਰਸਨ ਨਿਊਯਾਰਕ ਦੇ ਬਾਹਰੀ ਇਲਾਕੇ ਵਿਚ ਆਪਣੀ ਪਤਨੀ ਲਿਲੀਅਨ ਨਾਲ ਰਹਿ ਰਿਹਾ ਹੈ।

''ਇਸ ਮਾਮਲੇ ਵਿਚ ਨਿਆਂ ਵਿਚ ਦੇਰੀ ਹੋਈ। ਮੈਂ ਕਹਿਣਾ ਚਾਹਾਂਗਾ ਕਿ ਨਿਆਂ ਦਫਨ ਕਰ ਦਿੱਤਾ ਗਿਆ ਹੈ।'' ਐਮ. ਵੀਰੱਪਾ ਮੋਇਲੀ (ਕੇਂਦਰੀ ਕਾਨੂੰਨ ਮੰਤਰੀ)

''ਇਹ ਨਿਆਂਪਾਲਿਕਾ ਦਾ ਕੰਮ ਹੈ ਕਿ ਲੋਕਾਂ ਨੂੰ ਨਿਆਂ ਮਿਲੇ। ਮੰਦਭਾਗੀਂ ਇਸ ਮਾਮਲੇ ਵਿਚ ਉਨ੍ਹਾਂ ਨੂੰ ਨਿਆਂ ਨਹੀਂ ਮਿਲਿਆ।'' ਕੇ.ਟੀ.ਐਸ ਤੁਲਸੀ (ਵਕੀਲ)

### ਫੈਸਲੇ ਤੱਕ ਦਾ ਸਫ਼ਰ

2-3 ਦਸੰਬਰ 1984-ਯੂਨੀਅਨ ਕਾਰਬਾਈਡ ਇੰਡੀਆ ਲਿਮਟਿਡ ਦੇ ਕਾਰਖਾਨੇ ਵਿਚੋਂ ਜ਼ਹਿਰੀਲੀ ਮਿਕ ਗੈਸ ਦਾ ਰਿਸਣਾ। 15,274 ਮਰੇ, 5,74,000 ਪੀੜਤ।

4 ਦਸੰਬਰ-ਯੂਨੀਅਨ ਕਾਰਬਾਈਡ ਦੇ ਮੁਖੀ ਵਾਰੇਨ ਐਂਡਰਸਨ ਸਮੇਤ ਨੌ ਲੋਕ ਗ੍ਰਿਫਤਾਰ। ਐਂਡਰਸਨ ਜ਼ਮਾਨਤ 'ਤੇ ਰਿਹਾਅ।

ਫਰਵਰੀ 1985-ਭਾਰਤ ਨੇ ਅਮਰੀਕੀ ਕੋਰਟ ਵਿਚ ਪੇਸ਼ ਕੀਤਾ 3.3 ਅਰਬ ਡਾਲਰ ਮੁਆਵਜ਼ੇ ਦਾ ਦਾਅਵਾ।

ਦਸੰਬਰ 1987-ਐਂਡਰਸਨ ਤੇ ਹੋਰਨਾਂ ਦੋਸ਼ੀਆਂ ਖਿਲਾਫ ਚਾਰਜਸ਼ੀਟ ਦਾਇਰ।

ਫਰਵਰੀ 1989- ਯੂਨੀਅਨ ਕਾਰਬਾਈਡ ਅਤੇ ਭਾਰਤ ਸਰਕਾਰ ਵਿਚਾਲੇ ਕੋਰਟ ਦੇ ਬਾਹਰ ਸਮਝੌਤਾ। ਕਾਰਬਾਈਡ ਨੇ ਬਤੌਰ ਮੁਆਵਜ਼ਾ ਦਿੱਤੇ 47 ਕਰੋੜ ਡਾਲਰ। ਪੀੜਤਾਂ ਨੇ ਕੀਤਾ ਸਮਝੌਤੇ ਦਾ ਵਿਰੋਧ।

1992- ਕਾਰਬਾਈਡ ਤੋਂ ਮਿਲੀ ਮੁਆਵਜ਼ੇ ਦੀ ਰਕਮ ਦਾ ਕੁਝ ਹਿੱਸਾ ਪੀੜਤਾਂ ਵਿਚ ਵੰਡਿਆ।

ਫਰਵਰੀ 1992-ਐਂਡਰਸਨ ਭਗੌੜਾ ਕਰਾਰ।

19 ਜੁਲਾਈ 2004-ਸੁਪਰੀਮ ਕੋਰਟ ਨੇ ਪੀੜਤਾਂ ਨੂੰ 15 ਅਰਬ ਤੋਂ ਵੱਧ ਮੁਆਵਜ਼ੇ ਦਾ ਆਦੇਸ਼ ਦਿੱਤਾ।

26 ਅਕਤੂਬਰ- ਯੂਨੀਅਨ ਕਾਰਬਾਈਡ ਤੋਂ ਮਿਲੀ ਮੁਆਵਜ਼ੇ ਦੀ ਬਕਾਇਆ ਰਕਮ ਵੰਡਣ ਦਾ ਹੁਕਮ ਸੁਪਰੀਮ ਕੋਰਟ ਵਲੋਂ ਜਾਰੀ।

7 ਜੂਨ 2010-ਭੋਪਾਲ ਦੀ ਇਕ ਅਦਾਲਤ ਨੇ 8 ਲੋਕਾਂ ਨੂੰ ਦੋਸ਼ੀ ਕਰਾਰ ਦਿੱਤਾ।

### ਸਰਕਾਰ, ਸੀ.ਬੀ.ਆਈ. ਅਤੇ ਅਦਾਲਤ ਨੇ ਮਿਲ ਕੇ ਕਮਜ਼ੋਰ ਕੀਤਾ ਮਾਮਲਾ

ਸੁਪਰੀਮ ਕੋਰਟ ਨੇ ਧਾਰਾ ਬਦਲ ਕੇ ਕੀਤਾ ਕਮਜ਼ੋਰ ਕੇਸ-ਸੰਵਿਧਾਨ ਮਾਹਰ ਰਾਜੀਵ ਧਵਨ ਅਨੁਸਾਰ ਪੂਰੇ ਮਾਮਲੇ ਵਿਚ ਸਿਰਫ ਸੁਪਰੀਮ ਕੋਰਟ ਹੀ ਜ਼ਿੰਮੇਵਾਰ ਹੈ। ਉਸ ਨੇ 1996 ਵਿਚ ਗੈਰ ਇਰਾਦਾ ਹੱਤਿਆ ਦੇ ਮਾਮਲੇ ਨੂੰ ਲਾਪ੍ਰਵਾਹੀ ਨਾਲ ਹੋਈ ਮੌਤ ਦਾ ਦਰਜਾ ਦੇ ਕੇ ਦੋਸ਼ੀਆਂ ਨੂੰ ਛੋਟ ਦਿੱਤੀ। ਜੇਕਰ ਕਮਜ਼ੋਰ ਧਾਰਾ ਵਿਚ ਮੁਕਦਾ ਦਰਜ ਨਾ ਹੁੰਦਾ ਤਾਂ ਦੋਸ਼ੀਆਂ ਨੂੰ ਘੱਟੋ-ਘੱਟ ਦਸ ਸਾਲ ਦੀ ਸਜ਼ਾ ਹੁੰਦੀ।

ਉਸ ਸਮੇਂ ਦੇ ਐਡੀਸ਼ਨਲ ਸਾਲੀਸਿਟਰ ਜਨਰਲ ਅਲਤਾਫ ਅਹਿਮਦ ਨੇ 1996 ਵਿਚ ਸੁਪਰੀਮ ਕੋਰਟ ਦੇ ਮੁਖ ਜੱਜ ਜਸਟਿਸ ਐਸ.ਬੀ. ਮਜੂਮਦਾਰ ਦੇ ਬੈਂਚ ਅੱਗੇ ਸੀ.ਬੀ.ਆਈ. ਦਾ ਪੱਖ ਰੱਖਿਆ। ਉਨ੍ਹਾਂ ਕਿਹਾ ਕਿ ਸੀ.ਬੀ.ਆਈ. ਕੋਲ ਯੂਨੀਅਨ ਕਾਰਬਾਈਡ ਦੇ ਅਧਿਕਾਰੀਆਂ ਖਿਲਾਫ ਕਈ ਸਬੂਤ ਹਨ। ਸਾਇੰਟਿਫਿਕ ਅਤੇ ਇੰਡਸਟਰੀਅਲ ਰਿਸਰਚ ਤੋਂ ਮਿਲੇ ਸਬੂਤ ਦੱਸਦੇ ਹਨ ਕਿ ਫੈਕਟਰੀ ਦੇ ਵੱਡੇ ਅਫਸਰਾਂ ਨੂੰ ਕਈ ਮਹੀਨੇ ਪਹਿਲਾਂ ਤੋਂ ਹੀ ਖਤਰੇ ਬਾਰੇ ਪਤਾ ਸੀ ਅਤੇ ਉਨ੍ਹਾਂ ਨੇ ਬਚਾਅ ਦੇ ਜ਼ਰੂਰੀ ਕਦਮ ਨਹੀਂ ਚੁੱਕੇ। ਅਜਿਹੇ ਸਮੇਂ ਇਹ ਉਨ੍ਹਾਂ ਦੀ ਲਾਪ੍ਰਵਾਹੀ ਨਹੀਂ ਬਲਕਿ ਇਕ ਸ਼ਹਿਰ ਦੀ ਪੂਰੀ ਆਬਾਦੀ ਨੂੰ ਜਾਣ ਬੁੱਝ ਕੇ ਮੌਤ ਦੇ ਮੂੰਹ ਧੱਕਣ ਵਰਗਾ ਹੈ। ਕੇਸ਼ਵ ਮਹਿੰਦਰਾ ਇਸ ਮਾਮਲੇ ਨੂੰ ਸੁਪਰੀਮ ਕੋਰਟ ਨੇ ਉਨ੍ਹਾਂ ਖਿਲਾਫ ਗੈਰ ਇਰਾਦਾ ਹੱਤਿਆ ਦਾ ਮਾਮਲਾ ਗਲਤ ਤਰੀਕੇ ਨਾਲ ਸ਼ੁਰੂ ਕੀਤਾ ਹੈ। ਸੁਪਰੀਮ ਕੋਰਟ ਨੇ ਸੀ.ਬੀ.ਆਈ. ਦੇ ਸਬੂਤਾਂ ਨੂੰ ਨਾਕਾਫੀ ਦੱਸਦੇ ਹੋਏ ਇਸ ਮਾਮਲੇ ਨੂੰ ਲਾਪ੍ਰਵਾਹੀ ਨਾਲ ਹੋਈਆਂ ਮੌਤਾਂ ਕਰਾਰ ਦੇ ਕੇ ਧਾਰਾ 304-ਏ ਦੇ ਇਕ ਹਿੱਸੇ ਤਹਿਤ ਚਲਾਉਣ ਦੇ ਹੁਕਮ ਦਿੱਤੇ। ਇਸ ਧਾਰਾ ਵਿਚ ਵੱਧ ਤੋਂ ਵਧ ਸਜ਼ਾ ਦੋ ਸਾਲ ਦੀ ਹੀ ਹੋ ਸਕਦੀ ਹੈ।

ਸਰਕਾਰ ਨਹੀਂ ਸੀ ਗੰਭੀਰ-ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਪ੍ਰਸ਼ਾਂਤ ਭੂਸ਼ਣ ਦਾ ਕਹਿਣਾ ਹੈ ਕਿ ਇਸ ਮਾਮਲੇ ਨੂੰ ਕਮਜ਼ੋਰ ਕਰਨ ਲਈ ਸਰਕਾਰ, ਕਾਨੂੰਨ ਅਤੇ ਅਦਾਲਤ ਤਿੰਨੋਂ ਹੀ ਬਰਾਬਰ ਦੀਆਂ ਜ਼ਿੰਮੇਵਾਰ ਹਨ। ਵਰਨਾ ਐਂਡਰਸਨ ਨੂੰ ਅਮਰੀਕਾ ਭੱਜਣ ਨਾ ਦਿੱਤਾ ਜਾਂਦਾ। ਉਸ ਨੂੰ ਵਾਪਸ ਲਿਆਉਣ ਦੀ ਕੋਸ਼ਿਸ਼ ਹੀ ਨਹੀਂ ਹੋਈ। ਸਰਕਾਰ ਡਰ ਰਹੀ ਸੀ ਕਿ ਦੋਸ਼ੀਆਂ 'ਤੇ ਸਖਤੀ ਕਰਨ ਨਾਲ ਮਲਟੀਨੈਸ਼ਨਲ ਕੰਪਨੀਆਂ ਭਾਰਤ ਨਹੀਂ ਆਉਣਗੀਆਂ। ਯੂਨੀਅਨ ਕਾਰਬਾਈਡ ਖਿਲਾਫ ਸਖਤ ਕਾਰਵਾਈ ਨਾ ਕਰਨ ਦਾ ਅਮਰੀਕਾ ਦਾ ਵੀ ਸਪਸ਼ਟ ਦਬਾਅ ਸੀ। ਇਸੇ ਕਾਰਨ ਸਰਕਾਰ ਨੇ ਯੂਨੀਅਨ ਕਾਰਬਾਈਡ ਨਾਲ ਸਮਝੌਤਾ ਕਰ ਲਿਆ।

ਸਰਕਾਰ ਦੇ ਸਖਤ ਨਾ ਹੋਣ ਕਾਰਨ ਪੀੜਤਾਂ ਦਾ ਪੱਖ ਵੀ ਕਮਜ਼ੋਰ ਰਿਹਾ। ਗੈਰ ਇਰਾਦਾ ਹੱਤਿਆ ਦੇ ਮਾਮਲੇ ਨੂੰ ਲਾਪ੍ਰਵਾਹੀ ਨਾਲ ਹੋਈ ਹੱਤਿਆ ਦੇ ਮਾਮਲੇ ਵਿਚ ਬਦਲ ਦਿੱਤਾ ਗਿਆ। ਅਦਾਲਤ ਨੇ ਮੁਲਜ਼ਮ ਧਿਰ ਦੀ ਹਾਂ ਵਿਚ ਹਾਂ ਮਿਲਾ ਦਿੱਤੀ। ਉਹ ਨਾ ਚਾਹੁੰਦੀ ਤਾਂ ਇਹ ਗੈਰ ਇਰਾਦਾ ਹੱਤਿਆ ਦਾ ਮਾਮਲਾ ਬਣਦਾ ਅਤੇ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਜਾਂਦੀ। ਹੁਣ ਲਾਪ੍ਰਵਾਹੀ ਨਾਲ ਹੋਈ ਮੌਤ ਦਾ ਮਾਮਲਾ ਭਾਵੇਂ ਸੜਕ ਹਾਦਸੇ ਦਾ ਹੋਵੇ ਜਾਂ ਯੂਨੀਅਨ ਕਾਰਬਾਈਡ ਵਰਗੀ ਵੱਡੇ ਉਦਯੋਗਿਕ ਹਾਦਸੇ ਦਾ-ਵੱਧ ਤੋਂ ਵੱਧ ਸਜ਼ਾ ਦੋਹਾਂ ਮਾਮਲਿਆਂ ਵਿਚ ਦੋ ਸਾਲ ਦੀ ਹੀ ਹੈ। ਕਿਉਂਕਿ ਇਸ ਮਾਮਲੇ ਵਿਚ ਧਾਰਾਵਾਂ ਬਦਲਣ 'ਤੇ ਸੁਪਰੀਮ ਕੋਰਟ ਦੀ ਮੋਹਰ ਲਗ ਚੁੱਕੀ ਹੈ ਇਸ ਲਈ ਹੁਣ ਉਨ੍ਹਾਂ ਨੂੰ ਇਸ ਤੋਂ ਵਧ ਸਜ਼ਾ ਨਹੀਂ ਮਿਲ ਸਕੇਗੀ। ਹਾਈ ਕੋਰਟ ਵਿਚ ਅਪੀਲ ਬੇਕਾਰ ਹੋਵੇਗੀ।

ਬਦਲੇ ਲਾਪ੍ਰਵਾਹੀ ਨਾਲ ਹੋਈ ਮੌਤ ਦਾ ਕਾਨੂੰਨ-ਭਾਰਤ

## ਹਾਦਸੇ ਜਿਨ੍ਹਾਂ ਤੋਂ ਸਿਖਿਆ ਨਹੀਂ ਦੁਨੀਆ ਨੇ

ਦੁਨੀਆ ਵਿਚ ਉਦਯੋਗਿਕ ਕ੍ਰਾਂਤੀ ਦੇ ਇਤਿਹਾਸ ਵਿਚ ਵੱਡੇ ਉਦਯੋਗਿਕ ਹਾਦਸਿਆਂ ਦੇ ਵੀ ਅਧਿਆਇ ਹਨ। ਹਾਦਸੇ, ਜਿਸ ਵਿਚ ਲੱਖਾਂ ਜਾਨਾਂ ਗਈਆਂ। ਪਰ ਭੋਪਾਲ ਗੈਸ ਕਾਂਡ ਅੱਜ ਵੀ ਦੁਨੀਆ ਦਾ ਸਭ ਤੋਂ ਵੱਡਾ ਉਦਯੋਗਿਕ ਹਾਦਸਾ ਹੈ, ਜਿਸ ਵਿਚ ਇਕ ਰਸਾਇਣਕ ਹਾਦਸਾ ਕਰੀਬ 25 ਹਜ਼ਾਰ ਲੋਕਾਂ ਦੀ ਮੌਤ ਦਾ ਕਾਰਨ ਬਣਿਆ। ਨਜ਼ਰ ਮਾਰੋ, ਦੁਨੀਆ ਦੀਆਂ ਕੁਝ ਮਹੱਤਵਪੂਰਨ ਉਦਯੋਗਿਕ ਘਟਨਾਵਾਂ 'ਤੇ ਜਿਨ੍ਹਾਂ ਦਾ ਸਬੰਧ ਗੈਸ ਰਿਸਣ, ਗੈਸ ਜਾਂ ਰਸਾਇਣਕ ਵਿਸਫੋਟ ਨਾਲ ਸੀ। ਇਨ੍ਹਾਂ ਤੋਂ ਪਤਾ ਚੱਲਦਾ ਹੈ ਕਿ ਦੁਨੀਆ ਨੇ ਅਤੀਤ ਦੇ ਹਾਦਸਿਆਂ ਤੋਂ ਕਦੇ ਕੋਈ ਸੇਧ ਨਹੀਂ ਲਈ।

21 ਸਤੰਬਰ 1921-ਓਪਾਊ ਵਿਸਫੋਟ, ਜਰਮਨੀ

ਕਿਵੇਂ-ਓਪਾਊ ਦੇ ਪਲਾਂਟ ਦੇ ਭੰਡਾਰ ਘਰ ਵਿਚ ਅਮੋਨੀਆ ਸਲਫੇਟ ਅਤੇ ਅਮੋਨੀਅਮ ਨਾਈਟਰੇਟ ਦੇ ਸਾਢੇ ਚਾਰ ਹਜ਼ਾਰ ਟਨ ਦੇ ਮਿਸ਼ਰਣ ਵਿਚ ਵਿਸਫੋਟ

ਮ੍ਰਿਤਕਾਂ ਦੀ ਸੰਖਿਆ-500-600 ਲੋਕ ਮਰੇ, ਦੋ ਹਜ਼ਾਰ ਜ਼ਖਮੀ

1932-68-ਮਿਨਾਮਾਟਾ ਹਾਦਸਾ, ਜਪਾਨ

ਕਿਵੇਂ-ਜਪਾਨ ਦੇ ਚਿਸਸੋ ਕਾਰਪੋਰੇਸ਼ਨ, ਜੋ ਪਹਿਲਾਂ ਖਾਦ ਅਤੇ ਫੇਰ ਪੈਟਰੋਰਸਾਇਣ ਬਣਾਉਂਦੀ ਸੀ ਇਸ ਹਾਦਸੇ ਦਾ ਕਾਰਨ ਬਣੀ। ਕੰਪਨੀ ਪਾਰੇ ਦੇ ਤੱਤਾਂ ਨੂੰ ਮਿਨਾਮਾਟਾ ਝੀਲ ਵਿਚ ਸੁੱਟਦੀ ਰਹੀ। 37 ਸਾਲ ਤੱਕ ਇਹ ਚੱਲਿਆ।

ਮ੍ਰਿਤਕਾਂ ਦੀ ਸੰਖਿਆ-ਤਿੰਨ ਹਜ਼ਾਰ ਤੋਂ ਵੱਧ ਲੋਕ ਅਪਾਹਜ ਹੋ ਗਏ ਅਤੇ ਇਕ ਅਣਪਛਾਤੀ ਬਿਮਾਰੀ ਤੋਂ ਪੀੜਤ ਹੋ ਕੇ ਮਰ ਗਏ। ਵਿਗਿਆਨੀਆਂ ਨੇ ਇਸ ਬਿਮਾਰੀ ਨੂੰ 'ਮਿਨਾਮਾਟਾ ਡਿਜ਼ੀਜ਼' ਦਾ ਨਾਂ ਦਿੱਤਾ।

16 ਅਪਰੈਲ, 1947-ਟੈਕਸਾਸ ਸਿਟੀ ਹਾਦਸਾ, ਅਮਰੀਕਾ

ਕਿਵੇਂ-ਸਵੇਰ ਦੇ ਸਵਾ ਨੌ ਵਜੇ ਗ੍ਰਾਂਡਕੈਂਪ ਨਾਮ ਦੇ ਪਾਣੀ ਦੇ ਜਹਾਜ਼ ਵਿਚ ਵਿਸਫੋਟ। ਜਹਾਜ਼ ਵਿਚ 32 ਸੌ ਟਨ ਅਮੋਨੀਅਮ ਨਾਈਟਰੇਟ ਫਰਟੀਲਾਈਜ਼ਰ ਵਿਚ ਇਹ ਵਿਸਫੋਟ ਹੋਇਆ। ਅਮਰੀਕਾ ਦਾ ਸਭ ਤੋਂ ਭਿਆਨਕ ਉਦਯੋਗਿਕ ਹਾਦਸਾ। ਵਿਸਫੋਟ ਏਨਾ ਭਿਆਨਕ ਕਿ ਸਟੀਲ ਦੇ ਵੱਡੇ ਵੱਡੇ ਟੁਕੜੇ 40 ਕਿਲੋਮੀਟਰ ਦੂਰ ਤੱਕ ਜਾ ਡਿੱਗੇ।

ਮ੍ਰਿਤਕਾਂ ਦੀ ਸੰਖਿਆ-578 ਲੋਕ ਮਰੇ, ਸਾੜੇ ਤਿੰਨ ਹਜ਼ਾਰ ਜ਼ਖਮੀ

1948-ਲੁਦਵਿਗਸ਼ਾਫੇਨ, ਜਰਮਨੀ

ਕਿਵੇਂ-ਲੁਦਵਿਗਸ਼ਾਫੇਨ ਵਿਚ ਕੈਮੀਕਲ ਲਿਜਾ ਰਹੇ ਦੁਨੀਆ ਦੇ ਸਭ ਤੋਂ ਵੱਡੀ ਕੈਮੀਕਲ ਕੰਪਨੀ ਬੀ.ਐਸ.ਐਫ ਦੇ ਇਕ ਟੈਂਕ ਵੈਗਨ ਵਿਚ ਵਿਸਫੋਟ।

ਮ੍ਰਿਤਕਾਂ ਦੀ ਸੰਖਿਆ-207 ਮਰੇ

1 ਜੂਨ 1974-ਫਲਿਕਸਬਰਗ ਹਾਦਸਾ, ਇੰਗਲੈਂਡ

ਕਿਵੇਂ- ਫਲਿਕਸਬਰਗ ਪਿੰਡ ਨੇੜੇ ਇਕ ਕੈਮੀਕਲ ਪਲਾਂਟ ਵਿਚ ਵਿਸਫੋਟ

ਮ੍ਰਿਤਕਾਂ ਦੀ ਸੰਖਿਆ-28 ਮਰੇ, 38 ਜ਼ਖਮੀ

10 ਜੁਲਾਈ,1976-ਸੇਵੇਸ ਹਾਦਸਾ, ਇਟਲੀ

ਕਿਵੇਂ-ਕੈਮੀਕਲ ਬਣਾਉਣ ਵਾਲੇ ਇਕ ਛੋਟੇ ਜਿਹੇ ਪਲਾਂਟ ਵਿਚ ਡਾਈਆਕਸਿਨ ਗੈਸ ਦੇ ਰਿਸਣ ਨਾਲ ਤਿੰਨ ਹਜ਼ਾਰ ਜਾਨਵਰ ਮਾਰੇ ਗਏ।

ਸਰਕਾਰ ਦੇ ਸਾਬਕਾ ਸਾਲੀਸਿਟਰ ਜਨਰਲ, ਕੇ.ਕੇ. ਸੂਦ ਦਾ ਕਹਿਣਾ ਹੈ ਕਿ ਸਾਰਾ ਮਾਮਲਾ ਸਹੀ ਧਾਰਾ ਵਿਚ ਕੇਸ ਨਾ ਚਲਾਉਣ ਕਾਰਨ ਹੈ। ਧਾਰਾ 304 ਏ ਦੇ ਦੋ ਹਿੱਸੇ ਹਨ-ਪਹਿਲੇ ਵਿਚ ਲਾਪ੍ਰਵਾਹੀ ਨਾਲ ਹੋਈ ਮੌਤ ਦਾ ਮਾਮਲਾ ਦਰਜ ਹੁੰਦਾ ਹੈ ਅਤੇ ਦੂਸਰੀ ਵਿਚ ਗੈਰ ਇਰਾਦਾ ਹੱਤਿਆ ਦਾ। ਹੁਣ ਜੇਕਰ ਪਹਿਲੇ ਹਿੱਸੇ ਵਿਚ ਭਾਵ ਲਾਪ੍ਰਵਾਹੀ ਨਾਲ ਹੋਈ ਮੌਤ ਦਾ ਮਾਮਲਾ ਦਰਜ ਹੈ ਤਾਂ ਉਸ ਵਿਚ ਵੱਧ ਤੋਂ ਵੱਧ ਸਜ਼ਾ ਦੋ ਸਾਲ ਹੀ ਹੈ। ਕਾਨੂੰਨ ਇਸ ਵਿਚ ਫਰਕ ਨਹੀਂ ਕਰਦਾ ਕਿ ਲਾਪ੍ਰਵਾਹੀ ਨਾਲ ਇਕ ਆਦਮੀ ਮਰਿਆ ਹੈ ਜਾਂ ਵੀਹ ਹਜ਼ਾਰ। ਹਾਦਸੇ ਵਕਤ ਮੇਰਾ ਚਚੇਰਾ ਭਰਾ ਭੋਪਾਲ ਵਿਚ ਬਤੌਰ ਬ੍ਰਿਗੇਡੀਅਰ ਤਾਇਨਾਤ ਸੀ। ਗੈਸ ਦੇ ਅਸਰ ਨਾਲ ਉਹ ਜ਼ਿੰਦਗੀ ਭਰ ਲਈ ਅਪਾਹਜ ਹੋ ਗਿਆ। ਮੇਰਾ ਮੰਨਣਾ ਹੈ ਕਿ ਸਰਕਾਰ ਨੂੰ 304-ਏ ਸੋਧਣੀ ਚਾਹੀਦੀ ਹੈ ਕਿਉਂਕਿ ਇਹ ਕਾਨੂੰਨ ਸਨ 1860 ਵਿਚ ਬਣੇ ਸਨ ਜਦ ਨਾ ਯੂਨੀਅਨ ਕਾਰਬਾਈਡ ਵਰਗੀਆਂ ਖਤਰਨਾਕ ਫੈਕਟਰੀਆਂ ਸਨ ਅਤੇ ਨਾ ਹੀ ਬੀ.ਐਮ.ਡਬਲਯੂ ਵਰਗੀਆਂ ਤੇਜ਼ ਕਾਰਾਂ ਜੋ ਇਕ ਵਾਰ 8-10 ਲੋਕਾਂ ਦੀ ਜਾਨ ਲੈ ਲੈਂਦੀਆਂ ਹਨ। ਵੈਸੇ ਹਾਲੇ ਵੀ ਸੀ.ਆਰ.ਪੀ.ਸੀ. ਦੀ ਧਾਰਾ 172 ਏ ਤਹਿਤ ਸਜ਼ਾ ਵਧਾਉਣ ਦੀ ਅਪੀਲ ਦਾਇਰ ਹੋ ਸਕਦੀ ਹੈ।

ਹਿਲਿਆ ਪੂਰਾ ਦੇਸ਼-ਜਬਲਪੁਰ ਹਾਈ ਕੋਰਟ ਦੇ ਸਾਬਕਾ ਜੱਜ ਜਸਟਿਸ ਫਖਰੂਦੀਨ ਕਹਿੰਦੇ ਹਨ ਕਿ ਐਂਡਰਸਨ ਦੀ ਜ਼ਮਾਨਤ ਦੀ ਅਰਜ਼ੀ ਜਦੋਂ ਜਬਲਪੁਰ ਹਾਈ ਕੋਰਟ ਵਿਚ ਲੱਗੀ ਤਾਂ ਮੈਂ ਉਥੇ ਵਕਾਲਤ ਕਰਦਾ ਸੀ। ਬਾਅਦ ਵਿਚ ਹਾਈ ਕੋਰਟ ਜੱਜ ਬਣਿਆ ਉਨ੍ਹਾਂ ਕਿਹਾ ਕਿ ਜਿਨ੍ਹਾਂ ਧਾਰਾਵਾਂ ਵਿਚ ਮਾਮਲਾ ਚੱਲਿਆ, ਉਸ ਵਿਚ ਇਸ ਤੋਂ ਵੱਧ ਸਜ਼ਾ ਦੀ ਗੁੰਜਾਇਸ਼ ਹੀ ਨਹੀਂ ਸੀ। ਇਸ ਮਾਮਲੇ ਵਿਚ ਦੂਸਰੀਆਂ ਧਾਰਾਵਾਂ ਲੱਗਣੀਆਂ ਸਨ। ਇਥੋਂ ਹੀ ਮਾਮਲਾ ਗਲਤ ਦਿਸ਼ਾ ਵਿਚ ਮੋੜ ਦਿੱਤਾ ਗਿਆ। ਇਸ ਤੋਂ ਇਲਾਵਾ ਐਂਡਰਸਨ ਹਰ ਹਾਲ ਵਿਚ ਭਾਰਤ ਲਿਆਂਦਾ ਜਾਣਾ ਚਾਹੀਦਾ ਸੀ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਐਂਡਰਸਨ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਤਾਂ ਸਭ ਨੂੰ ਉਸ ਦੀ ਜ਼ਮਾਨਤ ਦੀ ਜਲਦੀ ਸੀ। ਅਜਿਹਾ ਮਹਿਸੂਸ ਹੋ ਰਿਹਾ ਸੀ ਜਿਵੇਂ ਹਿੰਦੂਸਤਾਨ ਹਿਲ ਗਿਆ ਹੈ। ਅਸੀਂ ਇਸ 'ਤੇ ਇਤਰਾਜ਼ ਵੀ ਦਰਜ ਕਰਵਾਇਆ ਸੀ ਕਿ ਅਪਰਾਧ ਦੀ ਗੰਭੀਰਤਾ ਨੂੰ ਦੇਖਦੇ ਹੋਏ ਜ਼ਮਾਨਤ ਵਿਚ ਜਲਦਬਾਜ਼ੀ ਨਾ ਵਰਤੀ ਜਾਏ। ਉਦੋਂ ਸਾਫ ਲਗ ਰਿਹਾ ਸੀ ਕਿ ਸਰਕਾਰੀ ਵਕੀਲ ਢੰਗ ਨਾਲ ਪੈਰਵੀ ਨਹੀਂ ਕਰ ਪਾਉਣਗੇ। ਅਜਿਹਾ ਲਗ ਰਿਹਾ ਸੀ ਕਿ ਜੇਕਰ ਉਸ ਨੂੰ ਜ਼ਮਾਨਤ ਨਾ ਮਿਲੀ ਤਾਂ ਅਮਰੀਕਾ ਖਾ ਜਾਵੇਗਾ। ਉਸ ਨੂੰ ਬਿਨਾਂ ਸ਼ਰਤ ਛੱਡ ਦਿੱਤਾ ਗਿਆ ਅਤੇ ਅਮਰੀਕਾ ਜਾਣ ਦਿੱਤਾ ਗਿਆ। ਅਸੀਂ ਸੁਪਰੀਮ ਕੋਰਟ ਤੱਕ ਅਰਜ਼ੀ ਲਾਈ, ਪਰ ਉਹ ਵੀ ਖਾਰਜ ਹੋ ਗਈ।

ਸਰਕਾਰ ਚਾਹੁੰਦੀ ਸੀ ਕਿ ਐਂਡਰਸਨ ਨੂੰ ਨਾ ਲਿਆਂਦਾ ਜਾਵੇ-ਮਾਮਲੇ ਦੀ ਜਾਂਚ ਕਰਨ ਵਾਲੇ ਸੀ.ਬੀ.ਆਈ. ਦੇ ਜਾਇੰਟ ਡਾਇਰੈਕਟਰ (ਸੇਵਾ ਮੁਕਤ) ਬੀ.ਆਰ. ਲਾਲ ਦਾਅਵਾ ਕਰਦੇ ਹਨ ਕਿ ਜਾਂਚ ਦਲ ਨੂੰ ਕੇਂਦਰ ਸਰਕਾਰ ਵਲੋਂ ਸਾਫ ਨਿਰਦੇਸ਼ ਸਨ ਕਿ ਐਂਡਰਸਨ ਨੂੰ ਅਮਰੀਕਾ ਤੋਂ ਭਾਰਤ ਲਿਆਉਣ ਦੀ ਕੋਸ਼ਿਸ਼ ਨਾ ਕੀਤੀ ਜਾਵੇ। ਜੇਕਰ ਐਂਡਰਸਨ ਨੂੰ ਲਿਆਂਦਾ ਜਾਂਦਾ ਤਾਂ ਮਾਮਲਾ ਵਖਰੀ ਹੀ ਸ਼ਕਲ ਦਾ ਹੁੰਦਾ। ਉਸ ਨੂੰ ਨਾ ਬਲਾਉਣ ਨਾਲ ਹੀ ਇਹ ਮਾਮਲਾ ਕਮਜ਼ੋਰ ਹੋ ਗਿਆ। ਅਜਿਹੇ ਮਾਮਲਿਆਂ ਵਿਚ ਸਰਕਾਰ ਦਾ ਦਖ਼ਲ ਹੁੰਦਾ ਹੈ ਅਤੇ ਸੀ.ਬੀ.ਆਈ. ਦਾ ਆਜ਼ਾਦ ਤੌਰ 'ਤੇ ਕੰਮ ਕਰਨਾ ਮੁਸ਼ਕਲ ਹੁੰਦਾ ਹੈ। ਜਾਂਚ ਬਿਲਕੁਲ ਨਿਰਪੱਖ ਹੋਵੇ, ਸਰਕਾਰ ਦੀ ਦਖ਼ਲਅੰਦਾਜ਼ੀ ਨਾ ਹੋਵੇ, ਅਤੇ ਅਸੀਂ ਅਦਾਲਤ 'ਤੇ ਭਰੋਸਾ ਕਰੀਏ।

# ਹੁਣ ਚੁੱਪ ਕਿਉਂ ਹੈ ਓਬਾਮਾ?

**ਦੁਨੀਆ** ਦੇ ਸਭ ਤੋਂ ਵੱਡੇ ਸਨਅਤੀ ਜੁਰਮ ਭੋਪਾਲ ਗੈਸ ਤ੍ਰਾਸਦੀ ਉੱਤੇ ਅਦਾਲਤ ਦੁਆਰਾ ਸੁਣਾਏ ਗਏ ਹਲਕੇ ਫੈਸਲੇ ਨੂੰ ਦੁਨੀਆ ਭਰ ਦੇ ਅਖਬਾਰਾਂ ਨੇ ਅਹਿਮ ਸੁਰਖੀਆਂ 'ਚ ਪ੍ਰਕਾਸ਼ਿਤ ਕੀਤਾ ਹੈ ਪਰ ਅਮਰੀਕਾ ਦੇ ਸਾਰੇ ਪ੍ਰਮੁੱਖ ਅਖਬਾਰ ਨਿਊਯਾਰਕ ਟਾਈਮਜ਼, ਵਾਸ਼ਿੰਗਟਨ ਪੋਸਟ ਅਤੇ ਵਾਸ਼ਿੰਗਟਨ ਟਾਈਮਜ਼ ਆਦਿ ਨੇ ਅਦਾਲਤੀ ਫੈਸਲੇ ਤੋਂ ਇਲਾਵਾ ਇਸ ਤ੍ਰਾਸਦੀ ਦੇ ਸਬੰਧ ਵਿੱਚ ਨਾ ਤਾਂ ਕੋਈ ਰੋਸ ਪ੍ਰਗਟਾਇਆ ਹੈ ਅਤੇ ਨਾ ਹੀ ਕੋਈ ਸਵਾਲ ਉਠਾਇਆ ਹੈ। ਨਿਊਯਾਰਕ ਟਾਈਮਜ਼ ਦੇ ਇੱਕ ਪਾਠਕ ਨੇ ਲਿਖਿਆ, 'ਮੈਂ ਭੋਪਾਲ ਗੈਸ ਤ੍ਰਾਸਦੀ ਦੇ ਬਾਰੇ ਜਾਨਣ ਲਈ ਨਿਊਯਾਰਕ ਟਾਈਮਜ਼ ਦੀ ਵੈੱਬਸਾਈਟ ਖੋਲ੍ਹੀ ਪਰੰਤੂ ਇਸ ਤ੍ਰਾਸਦੀ ਦੇ ਸਬੰਧ ਵਿੱਚ ਕੁੱਝ ਵੀ ਨਹੀਂ ਮਿਲਿਆ। ਲੱਗਦਾ ਹੈ ਇਹਨਾਂ ਅਖਬਾਰਾਂ ਕੋਲ ਇਸ ਮਾਮਲੇ ਸਬੰਧੀ ਕਹਿਣ ਲਈ ਕੁੱਝ ਹੈ ਹੀ ਨਹੀਂ। ਇਹਨਾਂ ਲਈ ਅੱਜ ਵੀ ਗਲਫ ਵਿੱਚ ਹੋਈ ਤੇਲ ਲੀਕ ਦੀ ਘਟਨਾ ਹੀ ਸਭ ਤੋਂ ਵੱਡੀ ਘਟਨਾ ਹੈ, ਜਿਸ ਵਿੱਚ ਸਿਰਫ਼ 11ਲੋਕ ਅਤੇ ਸੈਂਕੜੇ ਪੰਛੀ ਪ੍ਰਭਾਵਿਤ ਹੋਏ ਹਨ, ਉਸੇ ਨੂੰ ਪ੍ਰਮੁੱਖਤਾ ਨਾ.ਲ ਪ੍ਰਕਾਸ਼ਿਤ ਕੀਤਾ ਗਿਆ ਪਰੰਤੂ ਭੋਪਾਲ ਵਿੱਚ 25 ਹਜ਼ਾਰ ਲੋਕਾਂ ਦੀ ਮੌਤ ਹੋਈ ਸੀ ਅਤੇ ਛੇ ਲੱਖ ਤੋਂ ਜ਼ਿਆਦਾ ਲੋਕ ਪ੍ਰਭਾਵਿਤ ਹੋਏ ਸਨ। ਕਿੰਨੇ ਪੰਛੀਆਂ ਦੀ ਮੌਤ ਹੋਈ ਇਸਦਾ ਕੋਈ ਅੰਕੜਾ ਹੀ ਉਪਲੱਬਧ ਨਹੀਂ ਹੈ। ਇੰਨੀ ਵੱਡੀ ਤ੍ਰਾਸਦੀ ਹੋਣ ਦੇ ਬਾਵਜੂਦ ਅਮਰੀਕੀ ਅਖਬਾਰਾਂ ਦੀ ਕਲਮ ਚੁੱਪ ਰਹੀ। ਲੰਡਨ ਦੇ ਪ੍ਰਮੁੱਖ ਦੈਨਿਕ 'ਦ ਟੇਲੀਗ੍ਰਾਫ' ਨੇ ਇਸ ਮਸਲੇ ਉੱਤੇ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਸਵਾਲ ਪੁੱਛਿਆ ਹੈ ਕਿ 'ਉਹ ਭੋਪਾਲ ਗੈਸ ਤ੍ਰਾਸਦੀ ਬਾਰੇ ਕੀ ਸੋਚਦੇ ਹਨ?' ਤੇਲ ਲੀਕ ਦੇ ਲਈ ਬ੍ਰਿਟਿਸ਼ ਪੈਟਰੋਲੀਅਮ ਨੂੰ ਸਖ਼ਤੀ ਨਾ.ਲ ਲੈਣ ਵਾਲੇ ਓਬਾਮਾ ਇਸ ਮਾਮਲੇ ਵਿੱਚ ਕੀ ਕਰਨਗੇ। ਇੱਥੇ ਇੱਕ ਅਮਰੀਕੀ ਕੰਪਨੀ ਦੀ ਗ.ਲ਼ਤੀ ਦੀ ਕਾਰਨ ਹਜ਼ਾਰਾਂ ਜ਼ਿੰਦਗੀਆਂ ਖ਼ਤਮ ਹੋ ਗਈਆ ਅਤੇ ਲੱਖਾਂ ਹੀ ਪ੍ਰਭਾਵਿਤ ਹੋਈਆਂ ਹਨ।

'ਦ ਗਾਰਜੀਅਨ' ਨੇ ਭੋਪਾਲ ਤ੍ਰਾਸਦੀ ਨੂੰ 'ਦੁਨੀਆ ਦੀ ਸਭ ਤੋਂ ਖ਼ਤਰਨਾਕ ਸਨਅਤੀ ਤਬਾਹੀ' ਕਰਾਰ ਦਿੰਦਿਆਂ ਮੈਕਸੀਕੋ ਦੀ ਖਾੜੀ ਵਿੱਚ ਹੋਏ ਤੇਲ ਲੀਕ ਨਾ.ਲ ਇਸਦੀ ਤੁਲਨਾ ਕੀਤੀ ਹੈ। ਜਿਸਨੂੰ ਅਮਰੀਕੀ ਇਤਿਹਾਸ ਵਿੱਚ ਸਭ ਤੋਂ ਵੱਡੇ ਤੇਲ ਪ੍ਰਦੂਸ਼ਣ ਦਾ ਨਾਂ ਦਿੱਤਾ ਗਿਆ ਹੈ। ਅਖਬਾਰ ਨੇ ਸਵਾਲ ਉਠਾਇਆ ਹੈ ਕਿ 'ਜੇਕਰ ਤੇਲ ਪਲਾਂਟ ਵਿੱਚ ਹੋਏ ਵਿਸਫੋਟ ਵਿੱਚ ਸਿਰਫ਼ 11 ਲੋਕਾਂ ਦੀ ਬਜਾਏ, ਭੋਪਾਲ ਦੀ ਤਰ੍ਹਾਂ ਹਜ਼ਾਰਾਂ ਲੋਕ ਮਾਰੇ ਜਾਂਦੇ, ਕੀ ਤਾਂ ਵੀ ਪੀੜਤਾਂ ਨੂੰ ਇਹੀ ਇਨਾਮ ਮਿਲਣਾ ਸੀ?' ਅਖਬਾਰ ਨੇ ਕਿਹਾ ਹੈ ਕਿ ਜੇਕਰ ਇਹੀ ਤ੍ਰਾਸਦੀ ਅਮਰੀਕਾ ਵਿੱਚ ਵਾਪਰੀ ਹੁੰਦੀ ਤਾਂ , ਤਾਂ ਅੱਜ ਸਥਿੱਤੀ ਕੁੱਝ ਹੋਰ ਹੋਣੀ ਸੀ। ਗਾਰਜੀਅਨ ਨੇ ਭਾਰਤ ਦੀ ਕੇਂਦਰ ਅਤੇ ਰਾਜ ਸਰਕਾਰਾਂ ਦੀ ਖਿਚਾਈ ਕਰਦੇ ਹੋਏ ਕਿਹਾ ਕਿ ਰਾਜਨੀਤੀ ਦੇ ਚੱਲਦੇ ਡੋਅ ਕੈਮੀਕਲਜ਼ ਦੇ ਭਾਰਤ ਵਿੱਚ ਕੀਤੇ ਗਏ ਅਨੇਕਾਂ ਨਿਵੇਸ਼ਾਂ ਨੂੰ ਨਜ਼ਰਅੰਦਾਜ਼ ਕੀਤਾ।






# ਸਾਡੇ ਸਮਿਆਂ ਦੀ ਭਰਿਸ਼ਟ ਰਾਜਨੀਤੀ
# ਬੁੱਧੀਜੀਵੀ ਅਤੇ ਪੰਜਾਬ ਦਾ ਭਵਿੱਖ

ਪ੍ਰੋ ਬਾਵਾ ਸਿੰਘ

ਸਮੁੱਚੇ ਮਨੁੱਖੀ ਸਮਾਜਕ ਜੀਵਨ ਵਿੱਚ ਚਾਰ ਖੇਤਰ ਬੜੇ ਅਹਿਮ ਰਹੇ ਹਨ। ਰਾਜਨੀਤਕ ਖੇਤਰ, ਆਰਥਿਕ ਖੇਤਰ, ਧਾਰਮਿਕ ਅਤੇ ਸੱਭਿਆਚਾਰਕ ਖੇਤਰ। ਇਹਨਾਂ ਦੀ ਅਹਿਮੀਅਤ ਮੁੱਦਤਾਂ ਤੋਂ ਹੀ ਕਾਇਮ ਰਹੀ ਹੈ ਪਰ ਪ੍ਰਾਥਮਿਕਤਾ ਦੇ ਆਧਾਰ 'ਤੇ ਇਹਨਾਂ 'ਚੋਂ ਰਾਜਨੀਤਿਕ ਖੇਤਰ ਸਦਾ ਹੀ ਵੱਧ ਅਹਿਮ ਰਿਹਾ ਹੈ, ਕਿਉਂਕਿ ਸਮਾਜ ਦਾ ਸਮੁੱਚਾ ਪ੍ਰਬੰਧ/ ਬੰਦੋਬਸਤ ਸਦਾ ਰਾਜਨੀਤੀ ਦੇ ਹੱਥ ਹੀ ਹੁੰਦਾ ਹੈ। ਜੀਵਨ ਦੇ ਬਾਕੀ ਦੇ ਸਭ ਖੇਤਰ/ਅੰਗ ਵੀ ਰਾਜਨੀਤੀ ਨੇ ਅਪਣੇ ਅਨੁਸਾਰ ਢਾਲ ਲੈਣੇ ਹੁੰਦੇ ਹਨ ਜਾਂ ਢਾਲ ਲੈਣ ਦੀ ਲਗਾਤਾਰ ਕੋਸ਼ਿਸ਼ ਕਰਨੀ ਹੁੰਦੀ ਹੈ।

ਸ਼ਬਦ ਰਾਜਨੀਤੀ (Politics) Greek ਸ਼ਬਦ Polis ਤੋਂ ਲਿਆ ਗਿਆ ਹੈ ਜਿਸਦਾ ਅਰਥ ਹੈ ਰਾਜ ਜਾਂ ਨਗਰ। ਅਰਸਤੂ ਦੀ ਪੁਸਤਕ ਜਿਸ ਵਿੱਚ ਉਸਨੇ ਰਾਜ ਦਾ ਅਧਿਐਨ ਕੀਤਾ ਹੈ ਦਾ ਨਾਮ ਵੀ Politics ਹੀ ਹੈ। ਉਂਝ ਸਧਾਰਨ ਸ਼ਬਦਾਂ ਵਿੱਚ ਰਾਜਨੀਤੀ ਨੂੰ ਮਨੁੱਖ ਦੀਆਂ ਰਾਜਨੀਤਕ ਆਦਤਾਂ ਅਤੇ ਰਾਜਨੀਤਕ ਗਤੀਵਿਧੀਆਂ ਵੀ ਕਹਿ ਸਕਦੇ ਹਾਂ ਜਾਂ ਕੁੱਝ ਹੋਰ ਗੁੰਝਲਦਾਰ ਵਿਸਥਾਰਤ ਸ਼ਬਦਾਂ ਵਿੱਚ ਰਾਜਨੀਤੀ ਦੇ ਤਾਣੇ-ਬਾਣੇ ਵਿੱਚ ਰਾਜ, ਸਰਕਾਰ ਅਤੇ ਉਹ ਸਾਰੀਆਂ ਸੰਸਥਾਵਾਂ ਸ਼ਾਮਿਲ ਹਨ ਜੋ ਇਸ ਰਾਜਸੀ ਬਣਤਰ ਦਾ ਹਿੱਸਾ ਹਨ।

ਮਨੁੱਖ ਦੇ ਇੱਕ ਸਮਾਜਿਕ ਪ੍ਰਾਣੀ ਹੋਣ ਦੇ ਨਾਤੇ ਸਮਾਜ ਵਿੱਚ ਰਹਿਣਾ ਉਸਦੇ ਲਈ ਕੁਦਰਤੀ ਅਤੇ ਜ਼ਰੂਰੀ ਵੀ ਹੈ। ਅਰਸਤੂ ਅਨੁਸਾਰ ''ਸਮਾਜ ਦੁਆਰਾ ਸਿਖਿਅਤ ਮਨੁੱਖ ਸਭ ਜੀਵਾਂ ਤੋਂ ਉੱਤਮ ਹੁੰਦਾ ਹੈ। ਉਹ ਜਦੋਂ ਕਾਨੂੰਨ ਅਤੇ ਨਿਆਂ ਦੇ ਬਿਨਾਂ ਜੀਵਨ ਬਿਤਾਉਂਦਾ ਹੈ ਤਾਂ ਉਹ ਸਭ ਤੋਂ ਜ਼ਿਆਦਾ ਖ਼ਤਰਨਾਕ ਹੁੰਦਾ ਹੈ''।

''For man when perfected is the best of animals, but when separated from law and justice, he is the worest of all''

ਭਾਵ ਕਿ ਮਨੁੱਖ ਦਾ ਦੂਜਿਆਂ ਦੇ ਨਾਲ਼ ਮਿਲ ਕੇ ਰਹਿਣਾ ਇੱਕ ਸੁਭਾਅ ਦੇ ਨਤੀਜੇ ਵਜੋਂ ਹੈ। ਸਮਾਜਕ ਸਬੰਧਾਂ ਦਾ ਇਹੀ ਸਿਧਾਂਤ ਸਮਾਜ ਦਾ ਨੀਂਹ-ਪੱਥਰ ਹੈ। ਸਮਾਜਿਕ ਸਗੰਠਨ ਨੂੰ ਸੁਰੱਖਿਅਤ ਰੱਖਣ ਲਈ ਕਾਨੂੰਨ, ਰਾਜ ਸਰਕਾਰ ਦੀ ਉਤਪਤੀ ਹੋਈ ਸਮਝੀ ਜਾਂਦੀ ਹੈ। ਇਸ ਰਾਜਨੀਤਕ ਸੰਗਠਨ ਦਾ ਇਤਿਹਾਸ ਹਜ਼ਾਰਾਂ ਸਾਲ ਪੁਰਾਣਾ ਹੈ।

ਬਹੁਤ ਸਾਰੇ ਮਤਭੇਦਾਂ ਦੇ ਬਾਵਜੂਦ ਇੱਕ ਤੱਥ ਸਾਰੇ ਮੰਨਦੇ ਹਨ ਕਿ ਰਾਜ ਇੱਕ ਜ਼ਰੂਰੀ ਸੰਸਥਾ ਹੈ ਅਤੇ ਇਸ ਦੇ ਬਿਨਾਂ ਮਨੁੱਖ ਦਾ ਸਮਾਜਿਕ ਜੀਵਨ ਸੰਭਵ ਨਹੀਂ। ਇਹ ਕਿਸੇ ਜ਼ਰੂਰੀ ਬੁਰਾਈ ਵਰਗੀ ਕੋਈ ਚੀਜ਼ ਹੈ।

ਪੁਰਾਣੇ ਯੂਨਾਨੀ ਲੇਖਕਾਂ ਨੇ ਰਾਜ ਨੂੰ ਇੱਕ ਸਭ ਤੋਂ ਵੱਡੇ ਨੈਤਕ ਸੰਗਠਨ ਦੇ ਰੂਪ ਵਿੱਚ ਵੇਖਿਆ ਅਤੇ ਇਸ ਨੂੰ ਸਭ ਤੋਂ ਉੱਚੇ ਆਦਰਸ਼ਾਂ ਦਾ ਨਿਸ਼ਾਨਾ ਮੰਨਿਆ। ਇਹਨਾਂ ਵਿਚਾਰਕਾਂ ਨੇ ਇਸ ਮੱਤ ਨੂੰ ਪ੍ਰਮਾਣਿਤ ਕੀਤਾ ਕਿ ਮਨੁੱਖਾਂ ਲਈ ਰਾਜ ਇੱਕ ਕੁਦਰਤੀ ਸੰਸਥਾ ਹੈ ਅਤੇ ਇਸ ਦੇ ਬਗੈਰ ਅਤੇ ਇਸ ਤੋਂ ਬਾਹਰ ਉਸਦੀ ਕੋਈ ਹੋਂਦ ਨਹੀਂ। ਮਨੁੱਖ ਦੀਆਂ ਸਭ ਇੱਛਾਵਾਂ ਅਤੇ ਲਾਲਸਾਵਾਂ ਰਾਜ ਰਾਹੀਂ ਹੀ ਪੂਰੀਆਂ ਹੋ ਸਕਦੀਆਂ ਹਨ। ਯੂਨਾਨੀ ਦਾਰਸ਼ਨਿਕਾਂ ਨੇ ਰਾਜ ਅਤੇ ਸਮਾਜ ਵਿੱਚ ਕੋਈ ਫ਼ਰਕ ਨਹੀਂ ਕੀਤਾ। ਇਸੇ ਤਰ੍ਹਾਂ ਹੀ ਉਹਨਾਂ ਨੇ Politics ਅਤੇ ਓਟਹਚਿਸ ਵਿੱਚ ਕੋਈ ਭੇਦ ਨਹੀਂ ਕੀਤਾ। ਉਹਨਾਂ ਅਨੁਸਾਰ ਓਟਹਚਿਸ ਅਤੇ Politics ਇੱਕੋ ਸੰਕਲਪ ਦੇ ਦੋ ਹਿੱਸੇ ਮੰਨੇ ਗਏ ਹਨ। ਅਰਸਤੂ ਦੇ ਅਨੁਸਾਰ ''Politics is a moral agent to change ; to educate ; to make laws. It provides practical wisdom to achieve virtues''. ਅਰਸਤੂ ਆਦਰਸ਼ਕ ਰਾਜਨੀਤੀ ਦੀ ਵਕਾਲਤ ਕਰਦਾ ਹੋਇਆ ਲਿਖਦਾ ਹੈ ਕਿ ਮਨੁੱਖ ਦੇ ਸਾਰੇ ਕੰਮ/ਗਤੀਵਿਧੀਆਂ ਕਿਸੇ ਇੱਕ ਉੱਚੇ ਉਦੇਸ਼ ਲਈ ਹੁੰਦੀਆਂ ਹਨ ਅਤੇ ਇਹ ਉਦੇਸ਼ ਹੈ ''ਖ਼ੁਸ਼ੀ ਦੀ ਪ੍ਰਾਪਤੀ''। ਅਰਸਤੂ ਅਨੁਸਾਰ ਰਾਜਨੀਤਿਕ ਵਿਅਕਤੀ ਦਾ ਕੰਮ ਇਸ ਮਨੁੱਖੀ ਖ਼ੁਸ਼ੀ ਅਤੇ ਭਲਾਈ ਨੂੰ ਬਣਾਈ ਰੱਖਣਾ ਹੈ ਅਤੇ ਇਸਨੂੰ ਲਗਾਤਾਰ ਹੋਰ ਵਿਸ਼ਾਲ ਕਰਦੇ ਰਹਿਣਾ ਹੈ। ਉਹ ਹੋਰ ਵੀ ਅੱਗੇ ਲਿਖਦਾ ਹੈ ਕਿ ''Young generations are to be subjected to a systematic moral training by the politician. '' ਯੂਨਾਨੀ ਦਾਰਸ਼ਨਿਕਾਂ ਦਾ ਭਾਵ ਕੁੱਲ ਮਿਲਾ ਕੇ ਕੁੱਝ ਇਸ ਤਰ੍ਹਾਂ ਦਾ ਸੀ ਕਿ ਰਾਜ ਇੱਕ ਅਜਿਹੀ ਸੰਸਥਾ ਹੈ ਜਿੱਥੇ ਮਨੁੱਖ ਦਾ ਵਿਕਾਸ ਅਤੇ ਉਸਦੀ ਲੋੜਾਂ ਦੀ ਪੂਰਤੀ ਹੁੰਦੀ ਹੈ। ਇਸ ਲਈ ਰਾਜ ਦਾ ਆਖ਼ਰੀ ਉਦੇਸ਼ ਜੀਵਨ ਨੂੰ ਸੁੱਖ-ਸਾਂਦ ਅਤੇ ਹਰ ਪੱਖ ਤੋਂ ਸਰਵ ਉੱਚ ਬਣਾਉਣਾ ਹੈ।

ਪ੍ਰਸਿੱਧ ਲੇਖਕ joz Joad Cem ਵੀ ਇਹੋ ਦਲੀਲ ਰੱਖਦਾ ਹੈ ''ਕਿ ਮਨੁੱਖ ਦੀਆਂ ਸਾਰੀਆਂ ਸਮਾਜਕ ਇੱਛਾਵਾਂ ਰਾਜ ਨੇ ਹੀ ਪੂਰੀਆਂ ਕਰਨੀਆਂ ਹੁੰਦੀਆਂ ਹਨ। ਰਾਜ ਮਨੁੱਖੀ ਸਮਾਜ ਦੀ ਭਲਾਈ ਲਈ ਇੱਕ ਵਸੀਲਾ ਹੈ।''

ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਰਾਜ ਦੀ ਉਤਪੱਤੀ ਮਨੁੱਖ ਦੇ ਇੱਕ ਵਿਸ਼ੇਸ਼ ਆਖ਼ਰੀ ਉਦੇਸ਼ ਦੀ ਪੂਰਤੀ ਲਈ ਹੋਈ। ਇਹ ਮਹਿਜ਼ ਧਨ ਇਕੱਠਾ ਕਰਨ, ਲੰਮਾ ਚੌੜਾ ਸਾਮਰਾਜ ਕਾਇਮ ਕਰਨ ਜਾਂ ਅਪਣੀ ਪ੍ਰਭੂਸੱਤਾ ਜਮਾਉਣ ਲਈ ਨਹੀਂ (ਜਿਵੇਂ ਕੀ ਅੱਜਕੱਲ੍ਹ ਹੋ ਰਿਹਾ ਹੈ)। ਇਸਦਾ ਪਹਿਲਾ ਤੇ ਆਖ਼ਰੀ ਉਦੇਸ਼ ਮਨੁੱਖ ਨੂੰ ਇੱਕ ਚੰਗਾ ਇਨਸਾਨ ਬਣਾਉਣਾ ਹੈ। ਉਸ ਵਿੱਚ ਅਜਿਹੇ ਗੁਣ ਭਰਨੇ ਹਨ ਜਿਹਨਾਂ ਨਾਲ ਉਹ ਜੀਵਨ ਦੇ ਹਰੇਕ ਖੇਤਰ ਵਿੱਚ ਸਮਾਜ ਲਈ ਕੁੱਝ ਨਵੇਂ ਆਦਰਸ਼ ਕਾਇਮ ਕਰ ਸਕੇ। ਇਹ ਤੱਦ ਹੀ ਸੰਭਵ ਹੋ ਸਕਦਾ ਹੈ ਜੇਕਰ ਰਾਜ ਅਪਣੇ ਕਰਤੱਵ ਨੂੰ ਪਛਾਣਦਾ ਹੋਇਆ ਮਨੁੱਖ ਨੂੰ ਅਕਲ ਅਤੇ ਆਚਰਣ ਦੀਆਂ ਸਰਵ-ਉੱਚ ਵਿਸ਼ੇਸ਼ਤਾਵਾਂ ਦਿੰਦਾ ਹੈ। ਇਸ ਰਾਜ ਦੀ ਸਿੱਖਿਆ, ਕਾਨੂੰਨ ਅਤੇ ਸੰਸਥਾਵਾਂ ਅਜਿਹੀਆਂ ਹੁੰਦੀਆਂ ਹਨ ਜਿਹੜੀਆਂ ਮਨੁੱਖ ਦੇ ਨਿੱਜੀ ਵਿਕਾਸ ਵਿੱਚ ਉਸਨੂੰ ਪ੍ਰੇਰਿਤ ਕਰਦੀਆਂ ਹਨ। ਰਾਜ ਦਾ ਉਦੇਸ਼ ਜੀਵਨ ਨੂੰ ਸੁਖ ਭਰਪੂਰ ਬਣਾਉਣਾ ਅਤੇ ਸਰਬ-ਉੱਚ ਬਣਾਉਣਾ ਹੁੰਦਾ ਹੈ।

ਇਹਨਾਂ ਮੁੱਢਲੇ ਜਿਹੇ ਮਾਪਦੰਡਾਂ ਅਨੁਸਾਰ ਜਦੋਂ ਅਸੀਂ ਅਪਣੇ ਦੇਸ਼/ਪ੍ਰਾਂਤ ਦੀ ਵਰਤਮਾਨ ਰਾਜ ਅਤੇ ਰਾਜਨੀਤੀ ਵੱਲ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਮਾਯੂਸੀ ਦਾ ਕਾਫ਼ੀ ਅਹਿਸਾਸ ਹੁੰਦਾ ਹੈ। ਆਜ਼ਾਦ ਹੋਣ ਤੋਂ ਬਾਅਦ ਬਹੁਤ ਸਾਲ ਗੁਜ਼ਰ ਜਾਣ 'ਤੇ ਵੀ ਅਸੀਂ ਕੋਈ ਆਹਲਾ ਦਰਜੇ ਦਾ ਰਾਜ ਪ੍ਰਬੰਧ ਨਹੀਂ ਉਸਾਰ ਸਕੇ, ਜਿਸ ਵਿੱਚ ਸਮਾਜਕ ਨਿਆਂ, ਆਰਥਕ ਬਰਾਬਰੀ ਅਤੇ ਧਾਰਮਿਕ ਸਹਿਨਸ਼ੀਲਤਾ ਦਾ ਮਾਹੌਲ ਸਿਰਜ ਸਕਦੇ। ਦਫ਼ਤਰੀ ਕਾਰਜਕੁਸ਼ਲਤਾ ਅਤੇ ਇੰਤਜਾਮੀਆ ਬੰਦੋਬਸਤ ਪੂਰੀ ਤਰ੍ਹਾਂ ਨਾਕਾਮ ਹੋ ਚੁੱਕਾ ਹੈ। ਸਮਾਜ/ਰਾਜ ਦੀਆਂ ਤਮਾਮ ਸੰਸਥਾਵਾਂ ਭ੍ਰਿਸ਼ਟਾਚਾਰ ਦੀ ਬਲੀ ਚੜ੍ਹ ਚੁੱਕੀਆਂ ਹਨ। ਸਮੁੱਚੀ ਰਾਜਨੀਤੀ ਆਦਰਸ਼ ਰਹਿਤ ਹੋ ਚੁੱਕੀ ਹੈ।

ਕਿਉਂਕਿ ਹਰ ਸਮਾਜਕ ਵਰਤਾਰੇ ਦੇ ਪਿੱਛੇ ਮੁੱਖ ਨਾਇਕ ਵਿਅਕਤੀ ਹੁੰਦਾ ਹੈ। ਇਸ ਲਈ ਬਹੁਤਾ ਕੁੱਝ ਵਿਅਕਤੀ ਦੇ ਚਰਿੱਤਰ 'ਤੇ ਹੀ ਨਿਰਭਰ ਕਰਦਾ ਹੈ। ਸਾਡੀ ਵਰਤਮਾਨ ਰਾਜਨੀਤੀ ਅਤੇ ਸਮਾਜ ਵਿੱਚ ਹਰ ਤਰ੍ਹਾਂ ਦੇ ਭ੍ਰਿਸ਼ਟਾਚਾਰ ਦਾ ਵੱਡਾ ਕਾਰਣ ਸਾਡੇ ਸ਼ਹਿਰੀਆਂ ਵਿੱਚ ਆਦਰਸ਼ ਆਚਰਣ ਨਿਰਮਾਣ ਦੀ ਅਣਹੋਂਦ ਹੀ ਹੈ। "ਸੱਚ ਉਰੈ ਸਭ ਕੋ.....ਉਪਰ ਸੱਚ ਆਚਾਰੁ"॥ ਜੇਕਰ ਆਚਰਣ ਨਹੀਂ ਤਾਂ ਸਮਝੋ ਕੁੱਝ ਵੀ ਨਹੀਂ। ਸਾਡੇ ਦੇਸ਼/ਪ੍ਰਾਂਤ ਦੀ ਸਿਆਸਤ ਹਰ ਤਰ੍ਹਾਂ ਦੇ ਭ੍ਰਿਸ਼ਟਾਚਾਰ ਦੀ ਇੱਕ ਮਾਡਲ ਬਣ ਚੁੱਕੀ ਹੈ। ਸਾਡੀ ਰਾਜਨੀਤੀ ਲੰਮੇ ਸਮੇਂ ਵਿੱਚ ਵੀ ਉੱਚੇ-ਸੁੱਚੇ ਇਮਾਨਦਾਰ ਆਚਰਣ ਵਾਲਾ ਮਨੁੱਖ ਪੈਦਾ ਨਹੀਂ ਕਰ ਸਕੀ। ਸਾਡੇ ਸਮਾਜ ਦਾ ਸਭ ਤੋਂ ਛੋਟਾ ਸੰਕਟ ਇਸੇ ਤੱਥ ਵਿੱਚ ਲੁਕਿਆ ਹੋਇਆ ਹੈ। ਨਾ ਜਨਤਾ ਦਾ ਕੋਈ ਆਚਰਣ ਹੈ ਨਾ ਲੀਡਰਾਂ/ਸਿਆਸੀ ਚੌਧਰੀਆਂ ਦਾ ਕੋਈ ਆਚਰਣ ਹੈ। ਲੀਡਰ ਖਰੀਦਦਾਰ ਹਨ, ਲੋਕ ਵਿਕਣਦਾਰ ਹਨ। ਅੱਜ ਸਾਡਾ ਦੇਸ਼/ਪ੍ਰਾਂਤ ਉਹਨਾਂ ਅਤੀ ਭ੍ਰਿਸ਼ਟ ਅਤੇ ਬਦਨਾਮ ਹੋ ਚੁੱਕੇ ਰਾਜਸੀ ਪ੍ਰਬੰਧਾਂ ਵਿੱਚੋਂ ਇੱਕ ਹੈ ਜਿੱਥੇ ਦੀਆਂ ਸਰਕਾਰਾਂ ਭ੍ਰਿਸ਼ਟਾਚਾਰ ਦੀ ਦਲਦਲ ਵਿੱਚ ਪੂਰੀ ਤਰ੍ਹਾਂ ਖੁੱਭ ਚੁੱਕੀਆਂ ਹਨ। ਰਾਜਨੀਤੀ ਵਿੱਚ ਮੁੱਖ ਰੂਪ ਵਿੱਚ ਤਿੰਨ ਤਰ੍ਹਾਂ ਦਾ ਭ੍ਰਿਸ਼ਟਾਚਾਰ ਪੂਰੇ ਜ਼ੋਰਾਂ 'ਤੇ ਚੱਲ ਰਿਹਾ ਹੈ। 1. ਧਨ-ਦੌਲਤ ਦਾ ਭ੍ਰਿਸ਼ਟਾਚਾਰ 2. ਇਖ਼ਲਾਕੀ/ਨੈਤਿਕ ਕੀਮਤਾਂ ਤੋਂ ਡਿੱਗਿਆ ਹੋਇਆ ਭ੍ਰਿਸ਼ਟਾਚਾਰ ਅਤੇ 3. ਤਾਕਤ ਦੀ ਦੁਰਵਰਤੋਂ/ਮਾਫੀਆ ਕਲਚਰ। ਇਹ ਸਾਰੇ ਕਿਸਮ ਦਾ ਭ੍ਰਿਸ਼ਟਾਚਾਰ ਸਾਡੇ ਅਪਣੇ ਸੂਬੇ ਪੰਜਾਬ ਦੀ ਰਾਜਨੀਤੀ ਵਿੱਚ ਕਾਫ਼ੀ ਵੱਧ ਚੁੱਕਾ ਹੈ। ਪੰਜਾਬ ਦੀ ਹਰ ਸਿਆਸੀ ਪਾਰਟੀ, ਮੁੱਖ ਰੂਪ ਵਿੱਚ ਕਾਂਗਰਸ ਅਤੇ ਅਕਾਲੀ ਦਲ ਦਾ ਕੋਈ ਵੀ ਪ੍ਰਮੁੱਖ ਨੇਤਾ ਧਨ-ਦੌਲਤ ਇਕੱਠੀ ਕਰਨ ਦੇ ਮਨਸ਼ੇ ਨਾਲ ਹੀ ਸਿਆਸਤ ਕਰ ਰਿਹਾ ਹੈ। ਧਨ ਦੌਲਤ ਵੀ ਸਿਰਫ਼ ਅਪਣੇ ਲਈ ਹੀ ਨਹੀਂ ਸਗੋਂ ਆਉਣ ਵਾਲੀਆਂ ਕਈ ਪੀੜੀਆਂ ਲਈ ਜੋੜ ਕੇ ਮਰਨਾ ਚਾਹੁੰਦਾ ਹੈ। ਪਿਛਲੇ ਕਰੀਬ ਵੀਹ ਸਾਲਾਂ ਤੋਂ ਇਸ ਕਿਸਮ ਦੇ ਲਾਲਚੀ ਸੁਭਾਅ ਵਾਲੇ ਅਤੇ ਅਪਰਾਧੀ ਵਿਰਤੀ ਵਾਲੇ ਨਵੇਂ ਸਿਆਸੀ ਕਾਰਕੁਨਾਂ ਦੀ ਗਿਣਤੀ ਵਿੱਚ ਅਥਾਹ ਵਾਧਾ ਹੋਇਆ ਹੈ। ਅੱਜ ਦੇ ਰਾਜਨੀਤਿਕ ਨੇਤਾਵਾਂ ਦੀਆਂ ਜਾਇਦਾਦਾਂ /ਮਿਲਖਾਂ ਕੁੱਝ ਇੱਕ ਨੂੰ ਛੱਡ ਕੇ ਗਿਣਤੀ-ਮਿਣਤੀ ਦੇ ਵੇਰਵਿਆਂ ਤੋਂ ਬਾਹਰ ਹਨ। ਐਮ.ਐਲ.ਏ / ਐਮ.ਪੀਜ਼/ਮਿਨੀਸਟਰ, ਇਹਨਾਂ ਦੇ ਅਹਿਲਕਾਰ ਅਤੇ ਅਫ਼ਸਰ ਸਭ ਦੇ ਸਭ ਵੀ.ਆਈ.ਪੀਜ਼ ਹਨ, ਸਭ ਦੇ ਸਭ ਕਰੋੜਪਤੀ ਹਨ। ਦੁਨੀਆ ਦੇ ਸਾਰੇ ਸੁੱਖ-ਆਰਾਮ ਇਹਨਾਂ ਨੇ ਅਪਣੇ ਪਰਿਵਾਰਾਂ ਦੇ ਨਾਂ ਕੀਤੇ ਹੋਏ ਹਨ। ਮਹਿਲਾਂ ਵਰਗੀਆਂ ਰਹਾਇਸ਼ਗਾਰਾਂ, ਦੇਸ਼/ਵਿਦੇਸ਼ਾਂ ਦੇ ਅਤੀ ਸੁੰਦਰ ਸ਼ਹਿਰਾਂ ਵਿੱਚ ਇਹਨਾਂ ਦੇ ਕਾਰੋਬਾਰ, ਵਿਦੇਸ਼ੀ ਬੈਂਕਾਂ ਵਿੱਚ ਇਹਨਾਂ ਦਾ ਜਮ੍ਹਾਂ ਕਰੋੜਾਂ ਰੁਪਇਆ, ਇਹਨਾਂ ਵੱਲੋਂ ਕੀਤੀ ਆਰਥਕ ਲੁੱਟ ਅਤੇ ਲੋਭੀ ਭੁੱਖ ਦਾ ਸਬੂਤ ਹਨ। ਅੱਜ ਦੇ ਸਾਡੇ ਰਾਜਸੀ ਨੇਤਾ ਦਾ ਸਿਰਫ਼ ਅਤੇ ਸਿਰਫ਼ ਇੱਕੋ ਉਦੇਸ਼ ਹੈ ਰਾਜਸੀ ਤਾਕਤ ਅਤੇ ਪੈਸਾ। ਇਹਨਾਂ ਦਾ ਉਦੇਸ਼ ਦੇਸ਼ਭਗਤੀ ਜਾਂ ਲੋਕ ਸੇਵਾ ਨਹੀਂ। ਵੋਟਰ ਨੂੰ ਬੁੱਧੂ ਬਣਾਉਣਾ ਇਹਨਾਂ ਦੀ ਕਲਾ ਹੈ, ਇਹਨਾਂ ਦਾ ਫਨ ਹੈ। ਪਬਲਿਕ ਦਾ ਧਨ ਲੁੱਟਣਾ ਇਹਨਾਂ ਦਾ ਸ਼ੌਕ ਹੈ।

ਇਹਨਾਂ ਲੋਕਾਂ ਨੇ ਬੜੀ ਚਲਾਕੀ ਅਤੇ ਸਫ਼ਾਈ ਨਾਲ ਰਾਜਨੀਤੀ ਨੂੰ ਆਮ ਇਮਾਨਦਾਰ ਲੋਕਾਂ ਤੋਂ ਦੂਰ ਕਰ ਦਿੱਤਾ ਹੈ। ਸਿਆਸਤ ਦੇ ਖੇਤਰ ਨੂੰ/ਸਿਆਸਤ ਦੀ ਖੇਡ ਨੂੰ ਇਤਨਾ ਮਹਿੰਗਾ ਬਣਾ ਦਿੱਤਾ ਗਿਆ ਹੈ ਕਿ ਆਮ ਵਿਅਕਤੀ ਇਸ ਵਿੱਚ ਦਾਖਿਲ ਨਹੀਂ ਹੋ ਸਕਦਾ। ਅੱਜ ਦੀ ਸਿਆਸਤ ਅਤੀ ਅਮੀਰ ਲੋਕਾਂ ਦੀ ਰਖੇਲ ਬਣ ਚੁੱਕੀ ਹੈ। ਉਹ ਇਸਨੂੰ ਖਰੀਦਦੇ ਅਤੇ ਵੇਚਦੇ ਹਨ। ਇਸ ਨੂੰ ਸੱਟੇ 'ਤੇ ਲਗਾਉਂਦੇ ਹਨ, ਇਸ ਨੂੰ ਮੁਨਾਫ਼ੇ ਵਾਲਾ ਕਾਰੋਬਾਰ ਬਣਾਉਂਦੇ ਹਨ। ਇਸ ਨੂੰ ਇੱਕ ਸੱਨਅਤ ਵਾਂਗ ਚਲਾਉਂਦੇ ਹਨ। ਆਮ ਵਿਅਕਤੀ ਮਹਿਜ਼ ਇੱਕ ਵੋਟਰ ਹੈ, ਮਹਿਜ਼ ਇੱਕ ਅੰਕੜਾ। ਉਹ ਇੱਕ Non-entity ਬਣ ਚੁੱਕਾ ਹੈ। ਵੋਟਰ ਦੀ ਵੋਟ ਕੁਰੱਪਟ ਰਾਜਨੀਤਕ ਪਾਰਟੀਆਂ ਖੋਹਣਾ ਜਾਣਦੀਆਂ ਹਨ। ਕਦੇ ਡਰਾ ਕੇ, ਕਦੇ ਭਰਮਾ ਕੇ ਅਤੇ ਕਦੇ ਉਸਨੂੰ ਲਲਚਾ ਕੇ। ਚੋਣਾਂ ਭਾਵੇਂ ਵਿਧਾਨ ਸਭਾ ਦੀਆਂ ਹੋਣ, ਭਾਵੇਂ ਦੇਸ਼ ਦੀ ਸੰਸਦ ਦੀਆਂ ਹੋਣ, ਭਾਵੇਂ ਪੰਚਾਇਤਾਂ, ਜ਼ਿਲ੍ਹਾ ਪਰਿਸ਼ਦਾਂ, ਸਹਿਕਾਰੀ ਬੈਂਕਾਂ ਦੀਆਂ ਹੋਣ ਅਤੇ ਭਾਵੇਂ ਧਾਰਮਿਕ ਅਤੇ ਸਿੱਖਿਆ-ਅਦਾਰਿਆਂ ਦੀਆਂ। ਵੋਟਾਂ ਲੈਣ ਲਈ ਵਰਤੇ ਜਾਂਦੇ ਹੱਥਕੰਡੇ ਸਭ ਥਾਵਾਂ 'ਤੇ ਇੱਕੋ-ਜਿਹੇ ਹੀ ਹਨ। ਅੱਜ ਦੀ ਰਾਜਨੀਤੀ ਸਿਰ ਤੋਂ ਪੈਰਾਂ ਤੱਕ ਕੁਰੱਪਟ ਹੈ। ਇਸਦੀ ਅਫ਼ਸਰਸ਼ਾਹੀ ਕੁਰੱਪਟ ਹੈ। ਇਸਦੀ ਹਰ ਸੰਸਥਾ ਕੁਰੱਪਟ ਹੈ। ਅੱਜ ਦੀ ਰਾਜਨੀਤੀ "ਰਾਜੇ ਸੀਹ ਮੁਕਦਮ-ਕੁੱਤਿਆਂ" ਦਾ ਗੱਠਜੋੜ ਹੈ। ਅੱਜ ਦੀ ਰਾਜਨੀਤੀ ਨੇਤਾਵਾਂ, ਅਫ਼ਸਰਾਂ ਅਤੇ ਕਈ ਤਰ੍ਹਾਂ ਦੇ ਧਾਰਮਿਕ ਮਹਾਂ-ਪ੍ਰਭੂਆਂ ਦਾ ਨਾਪਾਕ ਗੱਠਜੋੜ ਹੈ। ਇਹ ਸਮਗਲਰਾਂ ਦਾ ਇੱਕ ਮਾਫ਼ੀਆ ਹੈ। ਰਾਜਨੀਤੀ ਇੱਕ ਖਾਨਦਾਨੀ ਕਿੱਤਾ ਬਣਾ ਦਿੱਤੀ ਗਈ ਹੈ।

ਵਰਤਮਾਨ ਰਾਜਨੀਤੀ ਦਾ ਆਧਾਰ ਕੋਈ ਵਿਚਾਰਕਧਾਰਕ ਆਧਾਰ ਨਹੀਂ। ਇਹ ਵਿਚਾਰਧਾਰਾ ਤੋਂ ਰਹਿਤ ਨੀਤੀ ਹੈ। It has absolutely no philosophy, no agenda. ਸਭ ਪਾਰਟੀਆਂ ਦਾ ਮਨੋਰਥ ਵੀ ਇੱਕੋ ਹੀ ਹੈ। ਪਹਿਲਾਂ ਫ਼ਰਕ ਜ਼ਰੂਰ ਹੁੰਦਾ ਸੀ ਪਰ ਹੁਣ ਨਹੀਂ। ਉਹੋ ਲੁੱਟ, ਉਹੋ ਝੂਠ, ਫਰੇਬ, ਲਾਰੇ, ਵਾਅਦੇ, ਧੜੇਬੰਦੀਆਂ ਅਤੇ ਸਭ ਕੁੱਝ। ਭ੍ਰਿਸ਼ਟਾਚਾਰ ਦੇ ਤੌਰ ਤਰੀਕੇ ਵੀ ਇੱਕੋ ਜਿਹੇ ਹਨ ਅਤੇ ਸਾਂਝੇ ਵੀ ਹਨ। ਅਫ਼ਸਰਸ਼ਾਹੀ ਦੀ ਦੁਰਵਰਤੋਂ ਇੱਕੋ ਜਿਹੀ ਹੈ। ਧਨ ਇਕੱਠਾ ਕਰਨ ਦੀ ਲਾਲਸਾ ਅਤੇ ਵਿਧਾ ਵੀ ਇੱਕੋ ਜਿਹੀ ਹੈ।

ਪਰ ਦੁੱਖ ਇਹ ਹੈ ਕਿ ਸਾਡੇ ਪ੍ਰਬੰਧ ਨੇ ਬਹੁਤ ਬਾਰੀਕ ਬੀਨੀ ਨਾਲ ਇਹ ਸਾਰਾ ਕੁੱਝ ਨਾ-ਇਤਰਾਜ਼ ਯੋਗ ਬਣਾ ਦਿੱਤਾ ਹੈ। ਇਸਨੂੰ ਜੀਵਨ ਸ਼ੈਲੀ ਦਾ ਇੱਕ ਹਿੱਸਾ ਬਣਾ ਦਿੱਤਾ ਗਿਆ ਹੈ। ਲੋਕਾਂ ਦੀ ਸੋਚ ਨੂੰ 'ਸਿਧਾ ਕੇ' ਭ੍ਰਿਸ਼ਟਾਚਾਰ ਨੂੰ ਆਮ ਪਬਲਿਕ ਦੀ ਪ੍ਰਵਾਨਗੀ ਦਿਵਾ ਦਿੱਤੀ ਗਈ ਹੈ। ਭ੍ਰਿਸ਼ਟਾਚਾਰ ਅਪਰਾਧ ਨਾ ਹੋ ਕੇ ਇੱਕ 'ਲੋੜ' ਵੱਜੋਂ ਸਥਾਪਿਤ ਕਰਵਾ ਲਿਆ ਹੈ। ਇਸ ਨੂੰ non-issue ਬਣਾ ਦਿੱਤਾ ਗਿਆ ਹੈ। ਸੱਭ ਤੋਂ ਖ਼ਤਰਨਾਕ ਰੁਝਾਨ ਇਹ ਹੈ ਕਿ corruption charges ਨੂੰ ਇੱਕ ਨਮੋਸ਼ੀ ਵਜੋਂ ਨਹੀਂ ਸਗੋਂ ਨਾਇਕ ਬਣਨ ਲਈ ਵਰਤਿਆ ਜਾ ਰਿਹਾ ਹੈ। ਇਹ ਭ੍ਰਿਸ਼ਟ ਰਾਜਨੀਤੀ ਦੀ ਇੰਤਹਾ ਹੈ। ਸਾਨੂੰ ਅਫ਼ਸੋਸ ਹੈ ਕਿ ਇਹ ਸਾਰਾ ਕੁੱਝ ਸਾਡੇ ਹੀ ਸਮਿਆਂ ਵਿੱਚ ਕਿਉਂ ਹੋਣਾ ਸੀ।

2.

ਪਰ ਇਸ ਸਾਰੇ ਕੁੱਝ ਦਾ ਮਤਲਬ ਇਹ ਨਹੀਂ ਕਿ ਸਮੁੱਚਾ ਸਮਾਜ ਹੀ ਗਰਕ ਹੁੰਦਾ ਜਾ ਰਿਹਾ ਹੈ। ਹਰ ਸਮਾਜ ਵਿੱਚ ਕੁੱਝ ਕੁ ਵਿਅਕਤੀ ਐਸੇ ਵੀ ਹੁੰਦੇ ਹਨ ਜੋ ਨਾਸਾਜ਼ਗਾਰ ਹਾਲਤਾਂ ਵਿੱਚ ਵੀ ਹਵਾ ਦੇ ਰੁੱਖ ਨੂੰ ਬਦਲਣ ਦੇ ਲਈ ਯਤਨਸ਼ੀਲ ਰਹਿੰਦੇ ਹਨ। ਇਸ ਵੱਡੇ ਕਾਰਜ ਦੀ ਜ਼ਿੰਮੇਵਾਰੀ ਨਿਭਾਉਣ ਵਾਲੇ ਲੋਕਾਂ ਨੂੰ ਬੁੱਧੀਜੀਵੀ ਵਰਗ ਕਿਹਾ ਜਾਂਦਾ ਹੈ। ਸਮਾਜਕ/ਰਾਜਨੀਤਕ ਤਬਦੀਲੀਆਂ ਵਿੱਚ ਇਸ ਵਰਗ ਦਾ ਬੜਾ ਅਹਿਮ ਰੋਲ ਹੁੰਦਾ ਹੈ। ਕਈ ਵਾਰ ਇੱਕ ਤਾਕਤਵਰ ਲੀਵਰ ਵਰਗਾ ਰੋਲ ਹੁੰਦਾ ਹੈ। ਇਟਲੀ ਦਾ ਪ੍ਰਸਿੱਧ ਦਾਰਸ਼ਨਿਕ ਗ੍ਰਾਮਸੀ ਬੁੱਧੀਜੀਵੀਆਂ ਦੇ ਰੋਲ ਨੂੰ ਬਹੁਤ ਅਹਿਮ ਸਥਾਨ ਦਿੰਦਾ ਹੈ। ਇਸ ਤਾਰਕਿਕ ਚਿੰਤਨਸ਼ੀਲ ਜਮਾਤ ਵਿੱਚ ਪੱਤਰਕਾਰ, ਅਧਿਆਪਕ, ਡਾਕਟਰ, ਵਕੀਲ, ਇੰਜੀਨੀਅਰ ਅਤੇ ਪੜ੍ਹੇ-ਲਿਖੇ ਚੇਤਨ ਲੋਕ ਸ਼ਾਮਲ ਹਨ। ਇਸ ਵਰਗ ਦਾ ਮੁੱਖ ਕੰਮ ਪਹਿਰੇਦਾਰਾਂ ਵਰਗਾ ਹੁੰਦਾ ਹੈ। ਲੋਕ ਹਿੱਤਾਂ ਦੀ ਰਾਖੀ ਕਰਨਾ। ਲੋਕ ਹਿੱਤਾਂ ਦੀ ਬਾਜ-ਅੱਖ ਨਾਲ ਰਾਖੀ ਕਰਨੀ। ਇਸ ਜਮਾਤ ਦੀ ਮੁੱਖ ਭੂਮਿਕਾ ਜਨਤਕ ਹਿੱਤਾਂ ਨੂੰ ਮੁੱਖ ਰੱਖ ਕੇ ਲੋਕ ਰਾਏ ਦਾ ਨਿਰਮਾਣ ਕਰਨਾ ਹੁੰਦੀ ਹੈ। ਬੁੱਧੀਜੀਵੀ ਵਰਗ, ਮੀਡੀਏ ਦੀ ਮੱਦਦ ਨਾਲ ; ਕਲਮ ਦੀ ਮੱਦਦ ਨਾਲ, ਕਲਾ ਜਾਂ ਕਿਸੇ ਵੀ ਫਨ ਦੀ ਮੱਦਦ ਨਾਲ਼ ਲੋਕ ਰਾਏ ਨੂੰ ਕੋਈ ਸਾਰਥਕ ਸਰੂਪ ਪ੍ਰਦਾਨ ਕਰਨ ਦੇ ਸਮਰੱਥ ਹੁੰਦਾ ਹੈ।

ਪਰ ਅਫ਼ਸੋਸ ਇਹ ਹੈ ਕਿ ਇਹ ਵਰਗ ਵੀ ਬਹੁਤ ਸਾਰੀਆਂ ਸੀਮਾਵਾਂ ਵਿੱਚ ਬੱਝਿਆ ਰਹਿੰਦਾ ਹੈ। ਆਮੂਮਨ ਹੀ ਇਹ ਵਰਗ ਚੰਗਾ ਖਾਂਦਾ-ਪੀਂਦਾ ਹੋਣ ਕਰਕੇ ਬਹੁਤੀ ਵਾਰ ਕਿਸੇ 'ਵਾਧੂ ਚੱਕ' ਵਿੱਚ ਨਹੀਂ ਪੈਣਾ ਚਾਹੁੰਦਾ। ਵਰਤਮਾਨ ਰਾਜਨੀਤੀ ਇਸ ਵਰਗ ਨੂੰ ਚੁੱਪ ਕਰਾਉਣ ਵਿਚ ਕਾਫ਼ੀ ਮਾਹਿਰ ਹੈ। ਸਮੁੱਚਾ ਜੀਵਨ ਸਟਾਇਲ ਕੁੱਝ ਇਸ ਤਰ੍ਹਾਂ ਦਾ ਬਣਾ ਦਿੱਤਾ ਗਿਆ ਹੈ ਕਿ ਅਪਣੇ-ਅਪਣੇ ਛੋਟੇ-ਛੋਟੇ ਸੁਆਰਥਾਂ ਦੀ ਪੂਰਤੀ ਲਈ, ਆਮ ਲੋਕਾਂ ਵਾਂਗ ਬੁੱਧੀਜੀਵੀ ਪ੍ਰਾਣੀ ਵੀ ਰਾਜਨੀਤਕ ਸਿਆਸੀ ਲੀਡਰਾਂ ਦੇ ਪਿੱਛੇ-ਪਿੱਛੇ ਚਾਪਲੂਸੀ ਕਰਦਾ ਫਿਰਦਾ ਹੈ। ਅੱਜ ਸਾਡੇ ਸਮਾਜ ਦੇ ਬੁੱਧੀਜੀਵੀ ਵਰਗ ਦਾ ਵੱਡਾ ਹਿੱਸਾ ਮੱਧ ਵਰਗੀ ਜੀਵਨ 'ਚੋਂ ਆਇਆ ਹੋਣ ਕਰਕੇ ਆਰਾਮ ਦਾਇਕ ਜ਼ਿੰਦਗੀ ਜਿਊਣ ਲਈ ਅਤੇ ਕਈ ਵਾਰ ਧਨ ਦੌਲਤ ਅਤੇ ਲਾਲਚ ਦੇ ਵੱਸ ਹੋ ਕੇ ਬੜੇ ਗੰਭੀਰ ਮੁੱਦਿਆਂ 'ਤੇ ਵੀ ਮੋਨ ਧਾਰ ਲੈਂਦਾ ਹੈ। ਕਰੱਪਟ ਪਾਰਟੀਆਂ ਦੀ ਹਮਾਇਤ ਜਾਂ ਫਿਰ ਉਹਨਾਂ ਦੇ ਕਿਰਦਾਰ ਬਾਰੇ ਚੁੱਪ ਹੋ ਜਾਣਾ ਇਹਨਾਂ ਦੇ ਸੁਭਾਅ ਦਾ ਅੰਗ ਬਣਦਾ ਜਾ ਰਿਹਾ ਹੈ। ਕਈ ਵੱਡੇ ਅਖ਼ਬਾਰ ਵੀ ਅਜਿਹੀ ਹੀ ਭੂਮਿਕਾ ਨਿਭਾ ਰਹੇ ਹਨ। ਬੁੱਧੀਜੀਵੀਆਂ ਨੇ ਮੀਡੀਏ ਦੀ ਮੱਦਦ ਨਾਲ ਸਮਾਜ ਨੂੰ ਸੇਧ ਦੇਣੀ ਹੁੰਦੀ ਹੈ। ਇਹ ਵਰਗ ਕਿਸੇ ਵੀ ਪਾਰਟੀ ਦਾ/ਸਰਕਾਰ ਦਾ/ਰਾਜਨੀਤੀ ਦਾ ਮੁਥਾਜੀ ਨਹੀਂ ਹੋਣਾ ਚਾਹੀਦਾ। ਮੀਡੀਆ/ਬੁੱਧੀਜੀਵੀ, ਪਾਰਟੀਆਂ ਤੋਂ ਉੱਪਰ ਹੋਣੇ ਚਾਹੀਦੇ ਹਨ। ਉਹਨਾਂ ਦਾ ਸਥਾਨ ਰਾਜਨੀਤਕ ਵਿਅਕਤੀਆਂ ਨਾਲੋਂ ਵੱਡਾ ਹੁੰਦਾ ਹੈ। ਉਹਨਾਂ ਨੇ ਤਾਂ ਸਰਕਾਰਾਂ/ਪਾਰਟੀਆਂ/ ਸੰਸਥਾਵਾਂ ਦੇ ਕੰਮ ਕਾਜ 'ਤੇ ਲਗਾਤਾਰ ਨਿੰਗਰ ਟਿੱਪਣੀ ਦੇਣੀ ਹੁੰਦੀ ਹੈ। ਉਹ ਭੈਅ ਮੁਕਤ/ਲੋਭ ਮੁਕਤ ਹੋਣੇ ਚਾਹੀਦੇ ਹਨ ਅਤੇ ਕਈ ਵਾਰ ਬਲੀਦਾਨ ਦੇਣ ਲਈ ਤਿਆਰ-ਬਰ-ਤਿਆਰ। ਉਹਨਾਂ ਨੂੰ ਸਮਾਜ ਵਿੱਚੋਂ ਛੇਕੇ ਜਾਣ ਦਾ ਡਰ ਨਹੀਂ ਹੋਣਾ ਚਾਹੀਦਾ ਅਤੇ ਨਿਵਾਜ਼ੇ ਜਾਣ ਦਾ ਲੋਭ ਵੀ ਨਹੀਂ ਹੋਣਾ ਚਾਹੀਦਾ।

ਪਰ ਪੰਜਾਬ ਵਿੱਚ ਹਾਲੇ ਇਸ ਤਰ੍ਹਾਂ ਦਾ ਸਵੱਛ ਅਤੇ ਨਿਡਰ ਸੱਭਿਆਚਾਰ ਬੁੱਧੀਜੀਵੀਆਂ ਵਿੱਚ ਪੂਰੀ ਤਰ੍ਹਾਂ ਵਿਕਸਤ ਨਹੀਂ ਹੋ ਸਕਿਆ। ਐਸੀਆਂ ਬਹੁਤ ਸਾਰੀਆਂ ਉਦਾਹਰਨਾਂ ਹਨ ਜਦੋਂ ਬੁੱਧੀਜੀਵੀ ਲੋਕ ਕੋਈ ਵੀ ਨੁਕਸਾਨ ਹੋਣ ਦੇ ਡਰੋਂ ਮਕਤਲ ਦੀਆਂ ਸਰਦਲਾਂ ਤੋਂ ਵਾਪਸ ਮੁੜ ਆਏ। ਬਹੁਤ ਉਦਾਹਰਨਾਂ ਹਨ, ਜਦੋਂ ਸਰਕਾਰ ਤੋਂ ਡਰੇ ਵੀ ਅਤੇ ਲਾਲਚ ਵੱਸ ਵਿਕੇ ਵੀ। ਪੂਰੇ ਦੇ ਪੂਰੇ ਅਖ਼ਬਾਰ/ਰਸਾਲੇ ਅਪਣੇ ਨਿੱਜੀ ਮੁਫ਼ਾਦਾਂ ਲਈ ਰਾਜਨੀਤਕ ਵਿਅਕਤੀਆਂ ਦੇ ਚਰਨਾਂ ਵਿੱਚ ਵਿਛ ਗਏ। ਸਾਡੇ ਵਰਤਮਾਨ ਸਮਾਜ ਨੇ ਅਜੇ ਜਾਂਬਾਜ਼ ਬੁੱਧੀਜੀਵੀ ਪੈਦਾ ਕਰਨੇ ਹਨ। ਅਸੀਂ ਅਜੇ ਬਰੂਨੋ ਅਤੇ ਗਲੈਲੀਓ ਪੈਦਾ ਕਰਨੇ ਹਨ। ਨੌਕਰੀਆਂ ਖੁੱਸ ਜਾਣ ਦਾ ਡਰ, ਬਦਲੀਆਂ/ ਤਬਾਦਲਿਆਂ ਦਾ ਡਰ, ਬੱਚਿਆਂ-ਬੀਵੀਆਂ ਨੂੰ ਚੰਗੀਆਂ ਨੌਕਰੀਆਂ 'ਤੇ ਸੈੱਟ ਕਰਾਉਣ ਦਾ ਲੋਭ ਆਦਿ ਕਮਜ਼ੋਰੀਆਂ ਨੇ ਪੰਜਾਬੀ ਬੁੱਧੀਜੀਵੀਆਂ ਦੀ ਰੀੜ ਦੀ ਹੱਡੀ ਅਜੇ ਕਮਜ਼ੋਰ ਕਰ ਰੱਖੀ ਹੈ। ਅਜੇ ਇਹਨਾਂ ਦੀ ਕਹਿਣੀ ਅਤੇ ਕਰਨੀ ਵਿੱਚ ਬਹੁਤ ਫ਼ਰਕ ਹੋਣ ਕਰਕੇ ਆਮ ਜਨਤਾ ਵਿੱਚ ਉਹਨਾਂ ਦੀ ਕਿਸੇ ਗੱਲ ਦਾ ਕੋਈ ਅਸਰ ਨਹੀਂ ਹੋ ਰਿਹਾ।

3.

ਜੇਕਰ ਰਾਜਨੀਤਕ ਅਤੇ ਬੌਧਿਕ ਫਿਜ਼ਾ ਇਹੋ ਰਹੀ ਤਾਂ ਪੰਜਾਬ ਦਾ ਭਵਿੱਖ ਕੋਈ ਬਹੁਤਾ ਉਤਸ਼ਾਹਜਨਕ ਨਹੀਂ ਹੋ ਸਕਦਾ। ਆਉਣ ਵਾਲੇ ਸਮਿਆਂ ਵਿੱਚ ਪੰਜਾਬ ਨੂੰ ਜੋ ਮੁੱਖ ਚੁਣੌਤੀਆਂ ਦਰਪੇਸ਼ ਹੋ ਸਕਦੀਆਂ ਹਨ ਅਤੇ ਜਿਹਨਾਂ ਵੱਲ ਸਾਡੀਆਂ ਰਾਜਨੀਤਕ ਪਾਰਟੀਆਂ ਦੇ ਨੇਤਾਵਾਂ ਅਜੇ ਪੰਜਾਬ ਦੇ ਬੁੱਧੀਜੀਵੀਆਂ ਦਾ ਧਿਆਨ ਹੋਣਾ ਚਾਹੀਦਾ ਹੈ......ਹੇਠ ਲਿਖੀਆ ਹਨ-

(ੳ) ਸਭ ਤੋਂ ਵੱਡੀ ਸਮੱਸਿਆ ਜੋ ਅੱਜ ਹੀ ਸਾਡੀਆਂ ਰਾਜਨੀਤਕ ਪਾਰਟੀਆਂ ਅਤੇ ਬੁੱਧੀਜੀਵੀਆਂ ਦਾ ਧਿਆਨ ਮੰਗਦੀ ਹੈ.....ਉਹ ਹੈ, ਪੰਜਾਬ ਦੀ ਕਿਸਾਨੀ ਦਾ ਸੰਕਟ। ਪੰਜਾਬ-ਕਿਸਾਨੀ ਦਾ ਸੰਕਟ ਬੜਾ ਬਹੁ-ਦਿਸ਼ਾਵੀ ਅਤੇ ਵਿਕਰਾਲ ਰੂਪ ਧਾਰਨ ਕਰ ਚੁੱਕਾ ਹੈ। ਇਸ ਸੰਕਟ ਨਾਲ ਬਹੁਤ ਸਾਰੇ ਸਬੰਧਤ ਮੁੱਦੇ/ਸਮੱਸਿਆਵਾਂ ਦਿਨੋਂ-ਦਿਨ ਹੋਰ ਪੇਚੀਦਾ ਅਤੇ ਨਾਜ਼ੁਕ ਹੁੰਦੇ ਜਾ ਰਹੇ ਹਨ। ਹਜ਼ਾਰਾਂ ਹੀ ਕਿਸਾਨਾਂ ਵੱਲੋਂ ਪਿਛਲੇ ਵੀਹ ਸਾਲਾਂ 'ਚ ਖ਼ੁਦਕਸ਼ੀਆਂ, ਵਾਤਾਵਰਣ ਪ੍ਰਦੂਸ਼ਣ ਦੇ ਮੁੱਦੇ ; ਖੇਤੀ ਤੇ ਸਮਾਂਤਾਰ ਵੱਧ ਰਹੀਆਂ ਲਾਗਤਾਂ, ਕੀਟਨਾਸ਼ਕ ਦੁਆਈਆਂ, ਪੈਸਟੀਸਾਈਡਜ਼ ਦੀ ਹੱਦੋਂ ਵੱਧ ਵਰਤੋਂ ਨਾਲ ਪੈਦਾ ਹੋ ਰਹੀਆਂ ਬੀਮਾਰੀਆਂ (ਖ਼ਾਸ ਕਰਕੇ ਕੈਂਸਰ) ਪੰਜਾਬ 'ਚ ਧਰਤੀ ਹੇਠਲੇ ਪਾਣੀ ਦਾ ਲਗਾਤਾਰ ਡਿੱਗ ਰਿਹਾ ਪੱਧਰ, ਫਸਲੀ ਚੱਕਰ ਦੇ ਮੁੱਦੇ ਤੇ ਸਿਰਾਂ 'ਤੇ ਵੱਧ ਰਹੇ ਕਰਜ਼ੇ ਦਾ ਲਗਾਤਾਰ ਭਾਰ......ਵਰਗੇ ਕਿੰਨੇ ਹੀ ਮੁੱਦੇ ਹਨ, ਜਿਹਨਾਂ ਨੂੰ ਮੁਖ਼ਾਤਬ ਹੋਏ ਬਗੈਰ ਭਵਿੱਖ ਦੇ ਭਵਸਾਗਰ 'ਚੋਂ ਬਚ ਕੇ ਨਿਕਲ ਸਕਣਾ ਸੰਭਵ ਨਹੀਂ। ਪੰਜਾਬ ਵਿੱਚ ਕਿਸਾਨੀ ਸੰਕਟ ਅਤੇ ਪਾਣੀ ਸੰਕਟ ; ਦੋਵੇਂ ਮੁੱਦੇ ਆਪੋ ਵਿੱਚ ਨੇੜਿਓਂ ਜੁੜੇ ਹੋਏ ਹਨ।

(ਅ) — ਭਵਿੱਖ ਵਿੱਚ ਪੰਜਾਬ ਦੀ ਦੂਜੀ ਵੱਡੀ ਸਮੱਸਿਆ ਸਨਅੱਤੀ ਸੈਕਟਰ ਦੀ ਸਮੱਸਿਆ ਹੈ। ਪੰਜਾਬ ਦੀ ਸਨਅਤ ਨੂੰ ਸਭ ਤੋਂ ਵੱਡਾ ਪਹਿਲਾ ਧੱਕਾ ਪੰਜਾਬ ਵਿੱਚ ਚੱਲੀ ਖ਼ਾਲਿਸਤਾਨੀ ਲਹਿਰ ਵੇਲੇ ਲੱਗਾ ਸੀ ਜਦੋਂ ਕਿ ਕਾਫ਼ੀ ਸਾਰੀ ਸਨਅਤ ਖ਼ਾਸ ਕਰਕੇ ਬਾਰਡਰ ਇਲਾਕੇ 'ਚੋਂ (ਅੰਮ੍ਰਿਤਸਰ, ਬਟਾਲਾ, ਗੁਰਦਾਸਪੁਰ ਆਦਿ) ਹਿਜਰਤ ਕਰ ਹਰਿਆਣਾ, ਹਿਮਾਚਲ, ਦਿੱਲੀ ਆਦਿ ਚਲੀ ਗਈ ਸੀ ਪਰ ਉਸ ਲਹਿਰ ਤੋਂ ਮਗਰੋਂ ਵੀ ਪੰਜਾਬ ਸਰਕਾਰ/ਕੇਂਦਰ ਸਰਕਾਰ ਦੀਆਂ ਪਾਲਿਸੀਆਂ ਕੁੱਝ ਇਸ ਤਰ੍ਹਾਂ ਦੀਆਂ ਰਹੀਆਂ ਹਨ ਅਤੇ ਹੁਣ ਵੀ ਹਨ; ਕਿ ਅਜੇ ਵੀ ਪੰਜਾਬੀ ਸਨਅਤ ਲਗਾਤਾਰ ਗੁਆਂਢੀ ਰਾਜਾਂ (ਹੁਣ ਖ਼ਾਸ ਕਰਕੇ ਹਿਮਾਚਲ) ਵੱਲ ਸ਼ਿਫਟ ਕਰਦੀ ਜਾ ਰਹੀ ਹੈ। ਜੇਕਰ ਇਸ ਹਿਜਰਤ ਨੂੰ ਰੋਕਣ ਦੇ ਗੰਭੀਰ ਯਤਨ ਨਾ ਹੋਏ ਅਤੇ ਨਵੀਂ ਕਿਸਮ ਦੀ ਸਨਅਤ ਸ਼ੁਰੂ ਕਰਨ ਦੇ ਉਪਰਾਲੇ ਨਾ ਹੋਏ ਤਾਂ .....ਪਹਿਲਾਂ ਹੀ ਬੀਮਾਰ ਪਈ ਪੰਜਾਬ ਦੀ ਆਰਥਿਕਤਾ ਭਵਿੱਖ ਵਿੱਚ ਤਰਸਮਈ ਹਾਲਤ ਵਿੱਚ ਪਹੁੰਚ ਜਾਵੇਗੀ।

# ਪੁਲਿਸ ਗੁਨਾਹਗਾਰਾਂ ਦੇ ਕਟਹਿਰੇ ਵਿੱਚ ਕਿਉਂ?

ਗੁਰਨਾਮ ਅਕੀਦਾ

....ਅਖੇ ਗੁੰਡਿਆਂ-ਬਦਮਾਸ਼ਾਂ ਤੋਂ ਬਚਦੀ-ਬਚਾਉਂਦੀ ਹੋਈ ਇੱਕ ਖੂਬਸੂਰਤ ਕੁੜੀ ਅਪਣੇ ਬਚਾਅ ਲਈ ਪੁਲਿਸ ਥਾਣੇ ਵਿੱਚ ਪਹੁੰਚ ਗਈ......ਇਹ ਉਸਦੀ ਬਹੁਤ ਵੱਡੀ ਗ਼ਲਤੀ ਸੀ.....' ਕਦੇ ਇਸ ਮਿੰਨੀ ਕਹਾਣੀ ਦੀ ਬਹੁਤ ਚਰਚਾ ਹੋਈ ਸੀ। ਮਿੰਨੀ ਕਹਾਣੀ ਦਰਸਾਉਂਦੀ ਹੈ ਕਿ ਪੁਲਿਸ ਗੁੰਡਿਆਂ-ਬਦਮਾਸ਼ਾਂ ਤੋਂ ਵੀ ਜ਼ਿਆਦਾ ਖ਼ਤਰਨਾਕ ਹੈ। ਪੁਲਿਸ ਦਾ ਰੁਤਬਾ ਆਮ ਆਦਮੀ ਦੀ ਨਿਗ੍ਹਾ ਵਿੱਚ ਬੜਾ ਹੀ ਖ਼ਤਰਨਾਕ ਬਣਿਆ ਹੋਇਆ ਹੈ ਜਿਸ ਬਾਰੇ ਇੱਕ ਪੁਲਿਸ ਅਧਿਕਾਰੀ ਨੇ ਕਿਹਾ ਸੀ ਕਿ ਪੁਲਿਸ ਦਾ ਰੁਤਬਾ ਆਮ ਆਦਮੀ ਦੀ ਨਜ਼ਰ ਵਿੱਚ ਖ਼ਤਰਨਾਕ ਬਣਨਾ ਹੀ ਚਾਹੀਦਾ ਹੈ। ਇੱਕ ਪਾਸੇ ਪੁਲਿਸ ਦੇ ਮੁਖੀ ਪੁਲਿਸ ਨੂੰ ਲੋਕਾਂ ਦੀ ਹਮਦਰਦ ਕਹਾਉਣ ਲਈ ਕਾਹਲੇ ਹਨ ਪਰ ਦੂਜੇ ਪਾਸੇ ਪੁਲਿਸ ਅਧਿਕਾਰੀ ਅਪਣੇ ਆਪ ਨੂੰ ਖ਼ਤਰਨਾਕ ਦਿਖਾਉਣ ਦੀ ਗੱਲ ਵੀ ਆਮ ਆਦਮੀ ਦੇ ਸਾਹਮਣੇ ਰੱਖਦੇ ਹਨ। ਪੁਲਿਸ ਦਾ ਕਿਰਦਾਰ ਆਮ ਆਦਮੀ ਦੀ ਨਿਗ੍ਹਾ ਵਿੱਚ ਇੰਨਾ ਖ਼ਤਰਨਾਕ ਅਤੇ ਬੇਇਨਸਾਫ਼ੀ ਕਰਨ ਵਾਲਾ ਬਣ ਚੁੱਕਿਆ ਹੈ ਜਿਸ ਪ੍ਰਤੀ ਪੁਲਿਸ ਨੂੰ ਕੋਈ ਫ਼ਿਕਰ ਨਹੀਂ ਉਹ ਸਗੋਂ ਸਿਫ਼ਾਰਸ਼ ਤੋਂ ਬਿਨਾ ਜਾਂ ਪੈਸੇ ਤੋਂ ਬਿਨਾਂ ਗੱਲ ਕਰਨ ਵਾਲੇ ਆਮ ਆਦਮੀ ਨਾਲ ਅਪਰਾਧੀਆਂ ਵਾਲਾ ਹੀ ਵਤੀਰਾ ਕਰਦੇ ਹਨ।

ਸਵਾਲ ਇਹ ਉੱਠਦਾ ਹੈ ਕਿ ਪੁਲਿਸ ਨੂੰ ਲੋਕਾਂ ਦੀ ਹਮਦਰਦ, ਲੋਕਾਂ ਦੇ ਕੰਮ ਆਉਣ ਵਾਲੀ, ਬੇਇਨਸਾਫ਼ੀਆਂ ਵਿਰੁੱਧ ਲੜਨ ਵਾਲੀ, ਬੇਗੁਨਾਹ ਵਿਅਕਤੀ ਨੂੰ ਇਨਸਾਫ਼ ਦਿਵਾਉਣ ਵਾਲੀ ਆਦਿ ਆਦਿ ਕਿਉਂ ਨਹੀਂ ਬਣਨ ਦਿੱਤਾ ਜਾ ਰਿਹਾ। ਆਮ ਤੌਰ 'ਤੇ ਕੁੱਝ ਅਫ਼ਸਰ ਇਹ ਕਹਿੰਦੇ ਹਨ ਕਿ ਪੁਲਿਸ ਮਾੜੀ ਨਹੀਂ, ਪੁਲਿਸ ਤਾਂ ਅਮਨ ਕਾਨੂੰਨ ਦੀ ਵਿਵਸਥਾ ਨੂੰ ਸਹੀ ਕਰਨ ਵਾਸਤੇ ਬਥੇਰਾ ਜ਼ੋਰ ਲਗਾਉਂਦੀ ਹੈ ਪਰ ਕੀ ਕਰੀਏ ਸਰਕਾਰ ਉੱਤੇ ਕਾਬਜ਼ ਸੱਤਾਧਾਰੀ ਧਿਰ ਨਹੀਂ ਚਾਹੁੰਦੀ ਕਿ ਉਸ ਦੇ ਵਰਕਰਾਂ, ਉਸਦੇ ਲੀਡਰਾਂ ਨਾਲ ਪੁਲਿਸ ਮਾੜੇ ਵਤੀਰੇ ਨਾਲ ਪੇਸ਼ ਆਵੇ। ਕਿਉਂਕਿ ਪੁਲਿਸ ਅਸਲ ਵਿੱਚ ਸਰਕਾਰ ਦੀ ਏਜੰਸੀ ਹੈ ਜੋ ਕਿ ਸਰਕਾਰ ਦੇ ਕਹਿਣ ਅਨੁਸਾਰ ਕੰਮ ਕਰਦੀ ਹੈ। ਇੱਥੇ ਹੀ ਬਹੁਤ ਸਾਰੇ ਸਵਾਲ ਹੋਰ ਜਨਮ ਲੈਂਦੇ ਹਨ ਕਿ ਜੇਕਰ ਪੁਲਿਸ ਸਰਕਾਰ ਦੀ ਏਜੰਸੀ ਹੈ ਤਾਂ ਫਿਰ ਆਮ ਆਦਮੀਆਂ ਨੂੰ ਇਨਸਾਫ਼ ਕਿਵੇਂ ਮਿਲੇਗਾ। ਕਿਉਂਕਿ ਇਹ ਚਿੱਟੇ ਦਿਨ ਵਾਂਗ ਸਾਫ਼ ਹੈ ਕਿ ਸਰਕਾਰ ਕਦੇ ਨਹੀਂ ਚਾਹੁੰਦੀ ਕਿ ਉਸਦੀ ਮੱਦਦ ਕਰਨ ਵਾਲੇ, ਉਸਨੂੰ ਵੋਟਾਂ ਪਵਾਉਣ ਵਾਲੇ ਲੋਕ ਕਿਸੇ ਵੀ ਦੁੱਖ ਸੰਕਟ ਵਿੱਚ ਆਉਣ। ਇਹ ਚਰਚਾ ਕਈ ਵਾਰੀ ਹੋ ਚੁੱਕੀ ਹੈ ਕਿ ਉਹੀ ਪੁਲਿਸ ਸੀ ਜੋ ਬਾਦਲ ਦੇ ਬਾਲਾਸਾਰ ਫਾਰਮ ਵਿੱਚ ਔਰਤਾਂ ਦੇ ਕੱਪੜੇ ਮੀਡੀਆ ਸਾਹਮਣੇ ਲਹਿਰਾ ਕੇ ਦਿਖਾਉਂਦੀ ਸੀ, ਉਹੀ ਪੁਲਿਸ ਸੀ ਜੋ ਬਾਦਲ ਰਾਜ ਆਉਣ ਤੋਂ ਬਾਅਦ ਅਮਰਿੰਦਰ ਵਿਰੁੱਧ ਡਟ ਕੇ ਭੜਾਸ ਕੱਢਦੀ ਸੀ। ਉਹੀ ਗਵਾਹ ਸਨ ਜੋ ਕਿ ਬਾਦਲ ਦੇ ਵਿਰੁੱਧ ਖੜ੍ਹੇ ਸਨ, ਸਰਕਾਰ ਆਉਣ ਤੋਂ ਬਾਅਦ ਉਹੀ ਗਵਾਹ ਸਨ ਜੋ ਮੁਕਰਨ ਲੱਗ ਪਏ ਸਨ। ਇਸ ਦਾ ਮਤਲਬ ਇਹ ਹੋਇਆ ਕਿ ਹੁਣ ਭਾਰਤ ਵਿੱਚ ਪੁਲਿਸ ਆਮ ਆਦਮੀ ਨੂੰ ਇਨਸਾਫ਼ ਨਹੀਂ ਦੇਵੇਗੀ? ਜੇਕਰ ਇਨਸਾਫ਼ ਨਹੀਂ ਦੇ ਸਕਦੀ ਤਾਂ ਪੁਲਿਸ ਨੂੰ ਇਹ ਅਧਿਕਾਰ ਕਿਉਂ ਦਿੱਤਾ ਜਾਵੇ ਕਿ ਉਹ ਕਿਸੇ ਵੀ ਵਿਅਕਤੀ ਵਿਰੁੱਧ ਕੇਸ ਦਰਜ ਕਰੇ, ਉਸ ਉੱਤੇ ਕੋਈ ਵੀ ਧਾਰਾ ਲਗਾਵੇ, ਉਸ ਨੂੰ ਕਾਤਲ, ਤਸਕਰ, ਨਜਾਇਜ਼ ਅਸਲਾ ਰੱਖਣ ਵਾਲਾ ਆਦਿ ਧਾਰਾਵਾਂ ਲਗਾ ਕੇ ਜੇਲ੍ਹ ਵਿੱਚ ਸੁੱਟ ਦੇਵੇ। ਕੀ ਇਹ ਸਾਰਾ ਕੁੱਝ ਪੁਲਿਸ ਹੀ ਕਰ ਰਹੀ ਹੈ। ਜੇਕਰ ਇਹ ਸਾਰਾ ਕੁੱਝ ਪੁਲਿਸ ਹੀ ਕਰ ਰਹੀ ਹੈ ਤਾਂ ਫਿਰ ਕੀ ਸੰਵਿਧਾਨ ਅਨੁਸਾਰ ਭਾਰਤ ਦੀਆਂ ਸਰਕਾਰਾਂ ਆਮ ਆਦਮੀ ਦੀਆਂ ਰੱਖਿਅਕ ਹਨ? ਜੇ ਨਹੀਂ ਹਨ ਤਾਂ ਫਿਰ ਇਹੋ ਜਿਹੇ ਭ੍ਰਿਸ਼ਟ ਨਿਜਾਮ ਨੂੰ ਜੜ੍ਹੋਂ ਪੁੱਟ ਦੇਣਾ ਚਾਹੀਦਾ ਹੈ।



ਜੇ ਜੜ੍ਹੋਂ ਨਹੀਂ ਪੁੱਟ ਸਕਦੇ ਤਾਂ ਫਿਰ ਇਹੋ ਜਿਹੇ ਭ੍ਰਿਸ਼ਟ ਨਿਜਾਮ ਵਿਰੁੱਧ ਇੱਕਮਤ ਹੋਣਾ ਚਾਹੀਦਾ ਹੈ। ਕੀ ਪੁਲਿਸ ਸਰਕਾਰਾਂ ਦੀ ਏਜੰਸੀ ਬਣ ਕੇ ਕੰਮ ਕਰੇ? ਕੀ ਪੁਲਿਸ ਸਰਕਾਰਾਂ ਦੀ ਏਜੰਸੀ ਬਣ ਕੇ ਕੰਮ ਕਰਦੀ ਹੋਈ ਅਪਣੇ ਨਿੱਜੀ ਕੰਮ ਨਹੀਂ ਕਰ ਰਹੀ ਹੋਵੇਗੀ? ਕੀ ਪੁਲਿਸ ਮਨਮਰਜ਼ੀ ਨਾਲ਼ ਕਿਸੇ ਵੀ ਵਿਅਕਤੀ 'ਤੇ ਝੂਠਾ ਕੇਸ ਪਾ ਕੇ ਉਸ ਨੂੰ ਸ਼ਰੀਫ਼ ਤੋਂ ਜ਼ਾਲਮ ਬਣਾਉਣ ਲਈ ਰੋਲ ਨਹੀਂ ਅਦਾ ਕਰ ਰਹੀ ਹੋਵੇਗੀ? ਬਹੁਤ ਸਾਰੇ ਮਾਮਲੇ ਸਾਹਮਣੇ ਵੀ ਆ ਚੁੱਕੇ ਹਨ। ਜਿਹਨਾਂ ਵਿੱਚ ਖਾਲੜਾ ਕਾਂਡ ਦੀ ਚਰਚਾ ਕੀਤੀ ਜਾ ਸਕਦੀ ਹੈ। ਜਿਹਨਾਂ ਵਿੱਚ ਦਲੇਰ ਮਹਿੰਦੀ ਕਾਂਡ ਦੀ ਚਰਚਾ ਕੀਤੀ ਜਾ ਸਕਦੀ ਹੈ। ਜਿਹਨਾਂ ਵਿੱਚ ਡੀ. ਜੀ. ਪੀ. ਰਾਠੌਰ ਦੇ ਕੇਸ ਦੀ ਚਰਚਾ ਕੀਤੀ ਜਾ ਸਕਦੀ ਹੈ। ਹਜ਼ਾਰਾਂ ਨਹੀਂ ਸਗੋਂ ਲੱਖਾਂ ਅਜਿਹੇ ਕੇਸ ਹਨ ਜੋ ਕਿ ਭਾਰਤ ਦੀ ਪੁਲਿਸ ਨੇ ਬੇਗੁਨਾਹਾਂ ਨੂੰ ਫਸਾਉਣ ਲਈ ਤਿਆਰ ਕੀਤੇ ਜਾਂ ਫਿਰ ਗੁਨਾਹਗਾਰ ਨੂੰ ਬਚਾਉਣ ਲਈ ਤਿਆਰ ਕੀਤੇ।

ਕਤਲ ਹੋ ਗਿਆ, ਕਤਲ ਸਾਹਮਣੇ ਹੈ, ਗਵਾਹ ਵੀ ਸਾਹਮਣੇ ਹਨ, ਹਾਲਾਤ ਵੀ ਸਾਹਮਣੇ ਹਨ, ਪੁਲਿਸ ਵੀ ਚਾਹੁੰਦੀ ਹੈ ਕਿ ਕਾਤਲ ਨੂੰ ਫੜ੍ਹ ਕੇ ਉਸ ਨੂੰ ਸਜ਼ਾ ਦਿੱਤੀ ਜਾਵੇ ਪਰ ਅਚਾਨਕ ਲੋਕਾਂ ਵੱਲੋਂ ਚੁਣ ਕੇ ਸੱਤਾ ਉੱਤੇ ਕਾਬਜ਼ ਕੀਤੇ ਵਿਅਕਤੀ ਦਾ ਪੁਲਿਸ ਨੂੰ ਫੋਨ ਆਉਂਦਾ ਹੈ ਕਿ ਬੇਸ਼ੱਕ ਉਸ ਨੇ ਕਤਲ ਵੀ ਕੀਤਾ ਹੈ, ਇਸ ਦੇ ਵਿਰੁੱਧ ਕੇਸ ਨਹੀਂ ਪਾਉਣਾ ਤਾਂ ਪੁਲਿਸ ਚਾਹੁੰਦੀ ਹੋਈ ਵੀ ਕਾਤਲ ਨੂੰ ਫੜ੍ਹ ਨਹੀਂ ਸਕਦੀ। ਲੋਕਾਂ ਵਿੱਚ ਹਾਲ ਦੁਹਾਈ ਹੁੰਦੀ ਹੈ। ਮੀਡੀਆ ਕਈ ਵਾਰ ਖ਼ਬਰਾਂ ਵੀ ਲਗਾਉਂਦਾ ਹੈ ਪਰ ਹਨੇਰ ਸਾਈਂ ਦਾ ਕਿ ਕਾਤਲ ਬਚ ਜਾਂਦਾ ਹੈ। ਕਤਲ ਕਿਸੇ ਹੋਰ ਬੇਗੁਨਾਹ ਦੇ ਗਲ ਪਾ ਦਿੱਤਾ ਜਾਂਦਾ ਹੈ। ਕੀ ਪੁਲਿਸ ਦਾ ਕਿਰਦਾਰ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ? ਕੀ ਹੁਣ ਫਿਰ ਪੁਲਿਸ ਨੂੰ ਅਜ਼ਾਦ ਤੌਰ 'ਤੇ ਕੰਮ ਨਹੀਂ ਕਰਨਾ ਚਾਹੀਦਾ ਜੋ ਕਿ ਸਰਕਾਰ ਦੇ ਅਧੀਨ ਨਾ ਹੋਵੇ ਸਗੋਂ ਇੱਕ ਵੱਖਰੀ ਏਜੰਸੀ ਦੇ ਤੌਰ 'ਤੇ ਕੰਮ ਕਰੇ ਜਿਸ 'ਤੇ ਰਾਜ ਸਰਕਾਰ ਦਾ ਕੋਈ ਦਬਾਅ ਨਾ ਹੋਵੇ। ਹਾਂ ਇਸੇ ਤਰ੍ਹਾਂ ਹੀ ਹੋਣਾ ਬਣਦਾ ਹੈ ਜੇਕਰ ਆਮ ਆਦਮੀ ਨੂੰ ਇਨਸਾਫ਼ ਦਿਵਾਉਣ ਦੀ ਗੱਲ ਕਰਨੀ ਹੈ ਅਤੇ ਗੁੰਡਿਆਂ, ਬਦਮਾਸ਼ਾਂ ਨੂੰ ਜ਼ੇਲ੍ਹਾਂ ਵਿੱਚ ਡੱਟਣਾ ਹੈ। ਅਗਰ ਕਾਨੂੰਨ ਵਿਵਸਥਾ ਨੂੰ ਸਹੀ ਰੱਖਣਾ ਹੈ ਤਾਂ ਸੱਚੀ ਮੁੱਚੀ ਪੁਲਿਸ ਨੂੰ ਰਾਜ ਸਰਕਾਰਾਂ ਦੇ ਕਬਜ਼ੇ ਚੋਂ ਕੱਢ ਕੇ ਆਜ਼ਾਦ ਏਜੰਸੀ ਬਣਾਉਣੀ ਚਾਹੀਦੀ ਹੈ, ਜਿਸ 'ਤੇ ਸਿੱਧੀ ਕਮਾਂਡ ਸਟੇਟ ਦੀ ਕੋਈ ਅਜਿਹੀ ਸੰਸਥਾ ਕਰੇ ਜਿਸ 'ਤੇ ਸਿਆਸਤ ਦਾ ਕੋਈ ਦਬਾਅ ਨਾ ਹੋਵੇ।




Ace Immigration Services

Bring your relatives to Canada in 6-12 months*

*Nurses, College & Polytechnic Teachers, Restaurant Managers and many more occupations eligible*

**Competent Services • Reasonable Fee**

**Avail our services for:**
Family Sponsorship • Work Permit
Point System • Business & Investor Class
Provincial Nominee • Study Permit • Nanny

Shamsher Buttar
Certified Canadian Immigration Consultant
Member CSIC

Edmonton 780-465-6900
Toronto 1-416-740-3186
Email: ss_buttar@yahoo.com

*some conditions apply

# ਭਾਸ਼ਾ ਤੇ ਰਾਜਨੀਤੀ : ਭਾਰਤੀ ਪਰਿਪੇਖ

**ਡਾ. ਪਰਮਜੀਤ ਢੀਂਗਰਾ**

ਭਾਸ਼ਾ ਨੇ ਜਦੋਂ ਰਾਜਨੀਤੀ ਸ਼ਬਦ ਘੜਿਆ ਤਾਂ ਇਸਦਾ ਸਿੱਧਾ ਸਾਦਾ ਅਰਥ ਸੀ ਰਾਜ ਨੂੰ ਚਲਾਉਣ ਦੀ ਪ੍ਰਕਿਰਿਆ। ਪਰ ਸਮੇਂ ਦੇ ਬਦਲਦੇ ਮਿਜਾਜ਼ ਨਾਲ ਇਹ ਸ਼ਬਦ ਏਨੀ ਤਾਕਤ ਗ੍ਰਹਿਣ ਕਰ ਗਿਆ ਕਿ ਅੱਜ ਦੁਨੀਆ ਦੇ ਇਤਿਹਾਸ ਵਿਚ ਇਹ ਸਭ ਤੋਂ ਤਾਕਤਵਰ ਹਸਤੀ ਦੇ ਰੂਪ ਵਿਚ ਹਰ ਪਾਸੇ ਛਾਇਆ ਹੋਇਆ ਹੈ। ਇਸਨੇ ਮਨੁੱਖ ਦੇ ਸਾਰੇ ਕਿਰਿਆ ਕਲਾਪਾਂ 'ਤੇ ਏਕਾਧਿਕਾਰ ਜਮਾ ਲਿਆ ਹੈ। ਅੱਜ ਸੂਖ਼ਮ ਤੋਂ ਸੂਖ਼ਮ ਤੇ ਸਥੂਲ ਤੋਂ ਸਥੂਲ ਮਨੁੱਖੀ ਵਰਤਾਰਿਆਂ ਵਿਚ ਇਸ ਦੀ ਮਹਿਮਾ ਅਪਰੰਪਾਰ ਹੈ। ਏਸੇ ਕਰਕੇ ਭਾਸ਼ਾ 'ਤੇ ਵੀ ਏਹਨੇ ਅਪਣੀ ਧੌਂਸ ਜਮਾਕੇ ਭਾਸ਼ਾਈ ਝਗੜਿਆਂ ਵਿਚ ਅਨੇਕਾਂ ਖ਼ੂਨ ਖਰਾਬੇ ਕੀਤੇ ਤੇ ਕਿੰਨੀਆਂ ਹੀ ਮਨੁੱਖੀ ਜਾਨਾਂ ਨੂੰ ਇਸ ਝਗੜੇ ਵਿਚ ਅਪਣੀ ਆਹੂਤੀ ਦੇਣੀ ਪਈ।

ਜੀ.ਐਸ.ਹਲੱਪਾ ਦਾ ਇਹ ਕਥਨ ਬੜਾ ਦਰੁਸਤ ਹੈ ਕਿ ਆਜ਼ਾਦੀ ਤੋਂ ਪਹਿਲਾਂ ਭਾਰਤੀ ਰਾਜਨੀਤੀ 'ਤੇ ਧਾਰਮਿਕਤਾ ਅਤੇ ਸੰਪਰਦਾਇਕਤਾ ਦੇ ਤਨਾਓ ਦਾ ਪ੍ਰਭੂਤਵ ਸੀ ਪਰ ਆਜ਼ਾਦੀ ਪ੍ਰਾਪਤੀ ਤੋਂ ਬਾਅਦ ਲੱਗਦਾ ਹੈ ਕਿ ਭਾਸ਼ਾਈ ਝਗੜਿਆਂ ਦਾ ਭਾਰਤੀ ਰਾਜਨੀਤੀ 'ਤੇ ਪ੍ਰਭੂਤਵ ਹੈ।

ਜੇਕਰ ਭਾਰਤ ਵਿਚ ਭਾਸ਼ਾਈ ਝਗੜਿਆਂ ਦੀ ਖੋਜਬੀਨ ਕੀਤੀ ਜਾਵੇ ਤਾਂ ਇਹਦੀਆਂ ਜੜ੍ਹਾਂ ਬਸਤੀਵਾਦੀ ਦੌਰ ਤੋਂ ਲੱਭਦੀਆਂ ਹਨ ਕਿਉਂਕਿ ਮੱਧਕਾਲ ਭਾਰਤੀ ਭਾਸ਼ਾਵਾਂ ਦੇ ਸਮਿਨਵੈਦੀ ਆਦਰਸ਼ਕ ਉਦਹਾਰਣ ਪੇਸ਼ ਕਰਦਾ ਹੈ। ਓਥੇ ਭਾਸ਼ਾਵਾਂ ਬਿਨਾਂ ਕਿਸੇ ਰਾਜਨੀਤਕ ਵੈਰ ਵਿਰੋਧ ਦੇ ਇਕ ਦੂਜੇ ਨਾਲ ਸੰਬਾਦਕ ਰਿਸ਼ਤਾ ਸਥਾਪਤ ਕਰਦੀਆਂ ਨਜ਼ਰ ਆਉਂਦੀਆਂ ਹਨ। ਇਹੀ ਕਾਰਨ ਹੈ ਕਿ ਮੱਧਕਾਲ ਵਿਚ ਭਾਸ਼ਾਈ ਝਗੜੇ ਤੇ ਸੰਪਰਦਾਈ ਤਨਾਓ ਨਜ਼ਰ ਨਹੀਂ ਆਉਂਦੇ। ਪਰ ਬਸਤੀਵਾਦੀ ਦੌਰ ਨੇ ਭਾਸ਼ਾਵਾਂ ਦੇ ਨਾਲ ਨਾਲ ਸਥਾਨਕ ਪਛਾਣਾਂ ਨੂੰ ਵੀ ਉਭਾਰਿਆ ਜਿਸਦੇ ਨਤੀਜੇ ਵਜੋਂ ਭਾਸ਼ਾਵਾਂ ਜਾਤਾਂ, ਧਰਮਾਂ ਤੇ ਕੌਮਾਂ ਵਿਚ ਵੰਡੀਆਂ ਗਈਆਂ। ਏਥੋਂ ਹੀ ਭਾਸ਼ਾਈ ਝਗੜੇ ਫਿਰਕੂ ਤੇ ਸੰਪਰਦਾਈ ਦੰਗਿਆਂ ਦੇ ਰੂਪ ਵਿਚ ਇਤਿਹਾਸ ਸਿਰਜਦੇ ਹਨ।

ਭਾਸ਼ਾਈ ਝਗੜੇ ਸਭ ਤੋਂ ਪਹਿਲਾਂ ਬਸਤੀਵਾਦੀ ਦੌਰ ਵਿਚ ਵੱਖ ਵੱਖ ਪ੍ਰੈਜੀਡੈਂਸੀਆਂ ਵਿਚ ਪੈਦਾ ਹੁੰਦੇ ਹਨ। ਅੰਗਰੇਜ਼ ਹਾਕਮਾਂ ਨੇ ਪ੍ਰਸ਼ਾਸਨ ਨੂੰ ਚਲਾਉਣ ਲਈ ਵੱਖ-ਵੱਖ ਰਾਜਾਂ ਨੂੰ ਪ੍ਰੈਜੀਡੈਂਸੀਆਂ ਵਿਚ ਸ਼ਾਮਲ ਕੀਤਾ। ਬੰਗਾਲ ਤੇ ਮਦਰਾਸ ਤੇ ਇਸ ਤੋਂ ਬਾਅਦ ਬੰਬੇ ਪ੍ਰੈਜੀਡੈਂਸੀ ਵਿਚ ਅਜਿਹੇ ਝਗੜੇ ਪੈਦਾ ਹੋਏ।

ਬਿਹਾਰ ਕਿਸੇ ਸਮੇਂ ਬੰਗਾਲ ਪ੍ਰੈਜੀਡੈਂਸੀ ਦਾ ਹਿੱਸਾ ਰਿਹਾ ਹੈ, ਸਿਰਫ਼ ਬਿਹਾਰ ਹੀ ਨਹੀਂ ਸਗੋਂ ਉੜੀਸਾ ਤੇ ਅਸਾਮ ਵੀ ਇਸ ਵਿਚ ਸ਼ਾਮਲ ਸਨ। ਉਸ ਸਮੇਂ ਉੱਚ ਪਦਾਂ ਅਤੇ ਵਣਜ-ਵਪਾਰ ਦੇ ਖੇਤਰ ਵਿਚ ਬੰਗਾਲੀਆਂ ਦਾ ਦਬਦਬਾ ਸੀ। ਆਰਥਕ ਸਾਧਨਾਂ ਉੱਤੇ ਕਬਜ਼ੇ ਕਾਰਨ ਉਹ ਦੂਸਰਿਆਂ ਨੂੰ ਅਪਣੇ ਨਾਲੋਂ ਵਿਯੋਗੇ ਅਥਵਾ ਬਾਹਰ ਦੇ ਸਮਝਦੇ ਸਨ। ਇਸ ਪ੍ਰਾਵਿਰਤੀ ਵਿਚੋਂ ਪੈਦਾ ਹੋਏ ਵਿਦਰੋਹਾਂ ਨੂੰ ਦੂਸਸਿਰਆਂ ਅਥਵਾ ਬਾਹਰਲਿਆਂ ਨੂੰ ਵੱਖਰੇ ਭਾਸ਼ਾਈ ਦੇਸ਼ ਬਣਾਉਣ ਲਈ ਪਰੇਰਿਆ। ਇਸ ਵਿਚੋਂ ਹੀ ਇਹ ਨਾਅਰੇ ਜਨਮੇ 'ਬਿਹਾਰ ਬਿਹਾਰੀਆਂ ਦਾ' 'ਅਸਾਮ ਅਸਾਮੀਆਂ ਦਾ'। ਮਾਇਆਧਾਰ ਮਾਨ ਸਿੰਘ ਲਿਖਦੇ ਹਨ ਕਿ ਉਹਨਾਂ ਮਨਹੂਸ ਦਿਨਾਂ ਵਿਚ ਜਦੋਂ ਉੜੀਸਾ ਬੰਗਾਲ ਪ੍ਰੈਜੀਡੈਂਸੀ ਦਾ ਪ੍ਰਸ਼ਾਸਨਿਕ ਅੰਗ ਸੀ, ਕੁਝ ਬੰਗਾਲੀ ਅਧਿਕਾਰੀਆਂ ਨੇ ਉੜੀਸਾ ਵਿਚ ਉੜੀਆ ਦੇ ਨਾਲ ਧੱਕੇ ਨਾਲ ਬੰਗਾਲੀ ਨੂੰ ਸਥਾਪਤ ਕਰਨ ਦਾ ਜਤਨ ਕੀਤਾ। ਬੰਗਾਲੀਆਂ ਦਾ ਦਾਅਵਾ ਸੀ ਕਿ ਉੜੀਆ ਮਹਿਜ਼ ਬੰਗਾਲੀ ਦੀ ਇਕ ਬੋਲੀ ਮਾਤਰ ਹੈ ਜਦਕਿ ਉੜੀਆ ਵਾਲਿਆਂ ਦਾ ਦਾਅਵਾ ਸੀ ਕਿ ਜਦੋਂ ਉੜੀਆ ਜਨਮੀ ਉਦੋਂ ਬੰਗਾਲੀ ਦਾ ਕਿਤੇ ਨਾਂ ਨਿਸ਼ਾਨ ਵੀ ਨਹੀਂ ਸੀ। ਅਜਿਹੀਆਂ ਪ੍ਰਵਿਰਤੀਆਂ ਨੇ ਲੋਕਾਂ ਵਿਚ ਅਪਣੀ ਮਾਤ ਭਾਸ਼ਵਾਂ ਦੇ ਗੌਰਵ ਦੀ ਚੇਤਨਾ ਦੇ ਨਾਲ-ਨਾਲ ਵੱਖ-ਵੱਖ ਭਾਸ਼ਾਈ ਰਾਜ ਸਥਾਪਤ ਕਰਨ ਦੀ ਲੋੜ ਨੂੰ ਉਭਾਰਿਆ।

ਮਦਰਾਸ ਪ੍ਰੈਜੀਡੈਂਸੀ ਵਿਚ ਅਜਿਹੇ ਅੰਤਰ ਵਿਰੋਧ ਮਿਲਦੇ ਸਨ। ਤੇਲਗੂ ਭਾਸ਼ੀ ਸੰਖਿਆ ਵਿਚ ਤਾਮਿਲ ਭਾਸ਼ੀਆਂ ਨਾਲੋਂ ਜ਼ਿਆਦਾ ਸਨ ਪਰ ਸਿਖਿਆ ਦੀ ਦ੍ਰਿਸ਼ਟੀ ਤੋਂ ਤਾਮਿਲ ਤੈਲਗੂਆਂ ਨਾਲੋਂ ਕਿਤੇ ਅੱਗੇ ਸਨ। ਇਸ ਲਈ ਉੱਚ ਸਰਕਾਰੀ ਨੌਕਰੀਆਂ ਵਿਚ ਤਾਮਿਲ ਬ੍ਰਾਹਮਣਾ ਦਾ ਬੜਾ ਬੋਲ ਬਾਲਾ ਸੀ, ਜਿਸਨੇ ਈਰਖਾ ਭਰੇ ਭਾਸ਼ਾਈ ਵਾਤਾਵਰਣ ਨੂੰ ਜਨਮ ਦਿੱਤਾ।

ਗੋਆ ਕਿਸੇ ਵੇਲੇ ਬੰਬੇ ਪ੍ਰੈਜੀਡੈਂਸੀ ਦਾ ਅੰਗ ਸੀ। ਏਥੋਂ ਦੀ ਭਾਸ਼ਾ ਕੌਂਕਣੀ ਨੂੰ ਪਹਿਲਾਂ ਮਰਾਠੀ ਦੀ ਇਕ ਭਾਸ਼ਾ ਅਥਵਾ ਬੋਲੀ ਵਜੋਂ ਪਰਚਾਰਿਆ ਜਾਂਦਾ ਸੀ। ਗੋਆ ਨੂੰ ਜਦੋਂ ਪੁਰਤਗਾਲੀ ਹਾਕਮਾਂ ਦੇ ਬਸਤੀਵਾਦੀ ਚੁੰਗਲ ਵਿਚੋਂ ਆਜ਼ਾਦ ਕਰਵਾਇਆ ਗਿਆ ਤਾਂ ਇਹਦੇ ਪ੍ਰਸ਼ਾਸਨਿਕ ਪ੍ਰਬੰਧ ਲਈ ਮਹਾਂਰਾਸ਼ਟਰ ਅਤੇ ਕਰਨਾਟਕਾ ਦੋਹਾਂ ਨੇ ਦਾਅਵਾ ਪੇਸ਼ ਕੀਤਾ। ਪਰ ਜਨਵਰੀ 1967 ਵਿਚ ਭਾਰਤੀ ਪਾਰਲੀਮੈਂਟ ਨੇ ਗੋਆ ਵਾਸੀਆਂ ਨੂੰ ਮਹਾਂਰਾਸ਼ਟਰ ਵਿਚ ਸ਼ਾਮਲ ਹੋਣ ਜਾਂ ਫਿਰ ਸੰਘ ਰਾਜ ਖੇਤਰ ਵਿਚ ਬਣੇ ਰਹਿਣ ਦਾ ਵਿਕਲਪ ਦੇ ਕੇ ਜਨਮਤ ਕਰਵਾਇਆ। ਇਸ ਵਿਚ ਕੁੱਲ 82 ਪ੍ਰਤੀਸ਼ਤ ਗੋਆ ਵਾਸੀਆਂ ਨੇ ਹਿੱਸਾ ਲਿਆ ਤੇ 34000 ਵੋਟਾਂ ਦੇ ਬਹੁਮਤ ਨਾਲ ਮਹਾਂਰਾਸ਼ਟਰ ਵਿਚ ਸ਼ਾਮਲ ਹੋਣ ਨੂੰ ਰੱਦ ਕਰ ਦਿੱਤਾ। ਇਸਦੇ ਨਾਲ ਹੀ ਬਾਰਵ੍ਹੀ ਸਦੀ ਦੇ ਕੌਂਕਣੀ ਸ਼ਿਲਾਲੇਖਾਂ ਦੇ ਆਧਾਰ 'ਤੇ ਇਹ ਦਾਅਵਾ ਪੇਸ਼ ਕੀਤਾ ਕਿ ਕੌਂਕਣੀ ਮਰਾਠੀ ਦੀ ਬੋਲੀ ਨਹੀਂ ਸਗੋਂ ਉਸਤੋਂ ਵੀ ਪੁਰਾਣੀ ਭਾਸ਼ਾ ਹੈ ਤੇ ਇਸਦਾ ਸੰਬੰਧ ਮਰਾਠੀ ਨਾਲ ਨਹੀਂ ਸਗੋਂ ਪਰਾਕਿਰਤ ਭਾਸ਼ਾ ਨਾਲ ਹੈ। ਸੋਲ੍ਹਵੀ ਸਦੀ ਵਿਚ ਈਸਾਈ ਮਿਸ਼ਨਰੀਆਂ ਨੇ ਕੌਂਕਣੀ ਨੂੰ ਅਪਣੇ ਪ੍ਰਚਾਰ ਲਈ ਵੱਡੀ ਮਾਤਰਾ ਵਿਚ ਵਰਤਿਆ ਸੀ। ਇਸ ਆਧਾਰ 'ਤੇ ਕੌਂਕਣੀ ਨੂੰ ਭਾਸ਼ਾ ਵਜੋਂ ਵੱਖਰਾ ਖਿੱਤਾ ਤੇ ਸੰਵਿਧਾਨਕ ਮਾਨਤਾ ਮਿਲੀ।

ਬਰਤਾਨਵੀ ਹਾਕਮਾਂ ਨੇ ਇਕ ਸੁਚੇਤ ਬਸਤੀਵਾਦੀ ਨੀਤੀ ਤਹਿਤ ਭਾਰਤ ਨੂੰ ਅਪਣੇ ਬਸਤੀਵਾਦੀ ਸਾਮਰਾਜ ਦੇ ਢਾਂਚੇ ਵਿਚ ਸੂਤਰਬਧ ਕੀਤਾ। ਪਰ ਨਾਲ ਹੀ ਉਹਨਾਂ ਨੇ ਭਾਰਤੀ ਸਮਾਜ ਦੇ ਅੰਦਰੂਨੀ ਵਿਖੰਡਨ ਵਿਚ ਇਸ ਹੱਦ ਤੱਕ ਦਖ਼ਲ ਦਿੱਤਾ ਕਿ ਹੁਣ ਤੱਕ ਦੇ ਜੇਤੂ ਹਮਲਾਵਰਾਂ ਵਿਚੋਂ ਕੋਈ ਨਹੀਂ ਦੇ ਸਕਿਆ ਕਿਉਂਕਿ ਬਰਤਾਨਵੀ-ਹਾਕਮਾਂ ਦੇ ਉਲਟ ਦੂਸਰੀਆਂ ਜਰਵਾਣੀਆਂ ਕੌਮਾਂ ਦੇ ਕਾਰਜਾਂ ਦਾ ਅੰਤ ਆਮ ਤੌਰ 'ਤੇ ਭਾਰਤੀ ਸਮਾਜ ਵਿਚ ਆਤਮਸਾਤ ਦੇ ਰੂਪ ਵਿਚ ਹੋਇਆ ਜਦ ਕਿ ਬਰਤਾਨਵੀਆਂ ਨੇ ਭਾਰਤੀ ਸਮਾਜ ਨੂੰ ਜਾਤਾਂ, ਕੌਮਾਂ, ਭਾਸ਼ਾਵਾਂ ਦੇ ਖਾਨਿਆਂ ਵਿਚ ਵੰਡ ਕੇ ਇਹਨਾਂ ਦੇ ਆਪਸੀ ਵਿਰੋਧਾਂ ਨੂੰ ਤਿੱਖਿਆਂ ਕੀਤਾ।

ਅਜਿਹਾ ਹੀ ਯਤਨ ਉਹਨਾਂ ਨੇ ਅਣਵੰਡੇ ਪੰਜਾਬੀ ਖੇਤਰ ਵਿਚ ਕੀਤਾ। ਉਹਨਾਂ ਨੇ ਉਰਦੂ ਨੂੰ ਮੁਸਲਮਾਨਾਂ ਦੀ ਭਾਸ਼ਾ, ਹਿੰਦੀ ਨੂੰ ਹਿੰਦੂਆਂ ਦੀ ਭਾਸ਼ਾ ਤੇ ਪੰਜਾਬੀ ਨੂੰ ਸਿੱਖਾਂ ਨਾਲ ਜੋੜ ਕੇ ਪੰਜਾਬੀ ਕੌਮੀਅਤ ਦੇ ਸਮਨਵੀ ਸੁਭਾਅ ਨੂੰ ਤ੍ਰੋੜ ਦਿੱਤਾ। ਇਸਦੇ ਨਤੀਜੇ ਵਜੋਂ ਮੁਸਲਮਾਨਾਂ ਦੇ ਉਰਦੂ ਬਚਾਓ ਦੇ ਨਾਅਰੇ ਨੇ ਪਾਕਿਸਤਾਨ ਵਰਗੇ ਮੁਲਕ ਦੀ ਬੁਨਿਆਦ ਰੱਖੀ। ਏਸੇ ਤਰ੍ਹਾਂ ਹਿੰਦੂ ਮਹਾਂ ਸਭਾ ਅਤੇ ਬਾਅਦ ਵਿਚ ਜਨ ਸੰਘ ਨੇ ਹਿੰਦੀ ਦੇ ਰਖਵਾਲਿਆਂ ਦੇ ਰੂਪ ਵਿਚ ਜਾਤੀਗਤ ਪਛਾਣ ਨੂੰ ਭਾਰਤੀ ਪਛਾਣ ਦੇ ਰੂਪ ਵਿਚ ਬਦਲ ਕੇ ਰਾਜਨੀਤੀ ਕਰ ਦਿੱਤਾ।

ਇਕ ਵਿਵੇਚਨ ਅਨੁਸਾਰ ਉਰਦੂ ਤੇ ਹਿੰਦੀ ਵਿਚ ਰੂਪਾਤਮਕ ਦ੍ਰਿਸ਼ਟੀ ਤੋਂ ਕੋਈ ਅੰਤਰ ਨਜ਼ਰ ਨਹੀਂ ਆਉਂਦਾ। ਅੰਤਰ ਸਿਰਫ਼ ਉਦੋਂ ਪੈਦਾ ਹੁੰਦੇ ਹਨ ਜਦੋਂ ਹਿੰਦੀ ਨੂੰ ਸੰਸਕ੍ਰਿਤ ਤੇ ਉਰਦੂ ਨੂੰ ਅਰਬੀ-ਫਾਰਸੀ ਸ਼ਬਦਾਵਲੀ ਨਾਲ ਤੁੰਨ ਦਿੱਤਾ ਜਾਂਦਾ ਹੈ। ਜੇਕਰ ਹਿੰਦੀ ਵਿਚੋਂ ਸੰਸਕ੍ਰਿਤ ਸ਼ਬਦ ਤੇ ਉਰਦੂ ਵਿਚੋਂ ਅਰਬੀ-ਫਾਰਸੀ ਸ਼ਬਦਾਵਲੀ ਕੱਢ ਦਿੱਤੀ ਜਾਵੇ ਤਾਂ ਹਿੰਦੀ-ਉਰਦੂ ਇਕ ਭਾਸ਼ਾ ਬਣ ਜਾਏਗੀ, ਜਿਸਦੀ ਸ਼ੈਲੀ ਨੂੰ 'ਹਿਰਦੂ' ਨਾਂ ਦਿੱਤਾ ਜਾਂਦਾ ਹੈ।

1926 ਵਿਚ ਭਾਰਤੀ ਰਾਸ਼ਟਰੀ ਕਾਂਗਰਸ ਦੇ ਕਾਨਪੁਰ ਵਿਚ ਹੋਏ ਸਲਾਨਾ ਸੰਮੇਲਨ ਅੰਦੋਲਨ ਦੌਰਾਨ ਇਕ ਮਤਾ ਪਾਸ ਕੀਤਾ ਗਿਆ, ਜਿਸ ਵਿਚ ਕਿਹਾ ਗਿਆ ਸੀ ਕਿ ਅਜ਼ਾਦ ਭਾਰਤ ਦੀ ਭਾਸ਼ਾ ਅੰਗਰੇਜ਼ੀ ਨਹੀਂ ਸਗੋਂ ਹਿੰਦੋਸਤਾਨੀ ਹੋਣੀ ਚਾਹੀਦੀ ਹੈ। ਮਹਾਤਮਾ ਗਾਂਧੀ, ਜੋ ਕਿ ਇਸਦੇ ਸਭ ਤੋਂ ਵੱਡੇ ਸਮਰਥਕ ਮੰਨੇ ਜਾਂਦੇ ਸਨ, ਉਹਨਾਂ ਦਾ ਮਤ ਸੀ ਕਿ ਹਿੰਦੋਸਤਾਨੀ ਸਾਂਝੀ ਜ਼ੁਬਾਨ ਹੈ, ਜਿਸਨੂੰ ਭਾਰਤੀ ਮੁਸਲਮਾਨ ਤੇ ਹਿੰਦੂ ਸਾਰੇ ਬੋਲਦੇ ਹਨ। ਗਾਂਧੀ ਦੁਆਰਾ ਪ੍ਰਕਾਸ਼ਤ ਅਖ਼ਬਾਰ ਵਿਚ ਹਿੰਦੋਸਤਾਨੀ ਸ਼ਬਦਾਂ ਦੀਆਂ ਕਈ ਸੂਚੀਆਂ ਛਾਪੀਆਂ ਗਈਆਂ ਸਨ ਤਾਂ ਕਿ ਹਿੰਦੋਸਤਾਨੀ ਦੇ ਹੱਕ ਵਿਚ ਲੋਕਾਂ ਵਿਚ ਸਾਂਝੀ ਭਾਸ਼ਾ ਦੇ ਮਹੱਤਵ ਨੂੰ ਉਜਾਗਰ ਕੀਤਾ ਜਾ ਸਕੇ।

ਭਾਰਤ ਦੀ ਅਜ਼ਾਦੀ ਤੋਂ ਬਾਅਦ ਜਾਤੀਗਤ ਅਤੇ ਭਾਸ਼ਾਈ ਸੁਆਲਾਂ ਨਾਲ ਜੁੜੀਆਂ ਜਨ ਭਾਵਨਾਵਾਂ ਨੂੰ ਕੈਸ਼ ਕਰਾਉਣ ਲਈ ਰਾਜਨੀਤਕ ਦਲਾਂ ਅਤੇ ਵਰਕਰਾਂ ਨੇ ਸੁਤੰਤਰ ਵਿਚਾਰਾਂ ਦੇ ਪ੍ਰਗਟਾਵੇ ਅਤੇ ਨਵੇਂ ਰਾਜਾਂ ਦੀ ਸਥਾਪਤੀ ਲਈ ਇਹਨਾਂ ਨੂੰ ਭੜਕਵੇਂ ਤਰੀਕੇ ਨਾਲ ਤੀਬਰ ਕੀਤਾ, ਜਿਸ ਨਾਲ ਅੰਤਰ ਰਾਜੀ ਸੰਬੰਧਾਂ ਵਿਚ ਕੁੜੱਤਣ ਭਰ ਗਈ ਤੇ ਇਸਦੇ ਨਤੀਜਿਆਂ ਨੇ ਖ਼ੂਨ ਖਰਾਬੇ ਤੇ ਵੈਰ ਵਿਰੋਧ ਨੂੰ ਭਾਸ਼ਾਵਾਂ ਦੀ ਦੁਸ਼ਮਣੀ ਵਿਚ ਬਦਲ ਦਿੱਤਾ। ਉਸ ਵੇਲੇ ਦੇ ਭਾਰਤੀ ਨੇਤਾਵਾਂ ਨੇ ਨਿੰਜੀ ਸੁਆਰਥੀ ਹਿੱਤ ਵੀ ਅਜਿਹੇ ਝਗੜਿਆਂ ਨੂੰ ਫਿਰਕੂ ਰੂਪ ਦੇਣ ਵਿਚ ਰੋਲ ਅਦਾ ਕੀਤਾ ਤੇ ਕਈ ਰਾਜਾਂ ਨੂੰ ਬਣਦਾ ਭਾਸ਼ਾਈ ਹੱਕ ਦੇਣ ਤੋਂ ਜਿੱਥੇ ਗੁਰੇਜ਼ ਕੀਤਾ ਓਥੇ ਰਾਜ ਦੀ ਸਥਾਪਤੀ ਲਈ ਚੁਣੌਤੀ ਭਰੀ ਨਵੀਂ ਵੰਗਾਰ ਨੂੰ ਵੀ ਜਨਮ ਦਿੱਤਾ, ਜਿਸਦੀ ਮਿਸਾਲ ਪੰਜਾਬੀ ਸੂਬਾ ਹੈ।

ਮਦਰਾਸ ਸਟੇਟ, ਜੋ ਅੱਜਕੱਲ੍ਹ ਤਾਮਿਲਨਾਡੂ ਹੈ, ਇਸ ਵਿਚ ਦਰਾਵੜ ਮੁਨੇਤਰ ਕੜਗਮ ਖੁੱਲ੍ਹੇ ਰੂਪ ਵਿਚ ਦਰਾਵੜ ਦੱਖਣ ਬਨਾਮ ਉਤਰ ਦੀ ਬੁਨਿਆਦ 'ਤੇ ਸੁਤੰਤਰ 'ਦਰਾਵੜਸਤਾਨ' ਦੀ ਮੰਗ ਕਰਦੀ ਰਹੀ ਹੈ। ਜਿਸ ਵਿਚ ਦੱਖਣੀ ਭਾਰਤ ਦੇ ਸਾਰੇ ਰਾਜਾਂ ਨੂੰ ਸ਼ਾਮਲ ਕੀਤਾ ਜਾਣਾ ਸੀ ਜਿਹਨਾਂ ਦੀ ਆਬਾਦੀ ਦਰਾਵੜ ਮੂਲ ਦੀ ਹੈ ਤੇ ਜੋ ਦਰਾਵੜੀ ਭਾਸ਼ਾਵਾਂ ਬੋਲਦੇ ਹਨ।

1956 ਵਿਚ ਪ੍ਰਸ਼ਾਸਨਿਕ ਸੁਧਾਰਾਂ ਦੇ ਮੱਦੇ ਨਜ਼ਰ ਅਤੇ ਭਾਸ਼ਾਈ ਆਧਾਰ 'ਤੇ ਰਾਜਾਂ ਨੇ ਨਵ-ਨਿਰਮਾਣ ਤੋਂ ਬਾਅਦ ਦੇ ਦੱਖਣ ਵਿਚ ਸਥਿਤੀ ਬਦਲ ਗਈ। ਕੇਰਲ, ਕਰਨਾਟਕਾ ਅਤੇ ਆਂਧਰਾ ਪ੍ਰਦੇਸ਼ ਦਰਾਵੜ ਰਾਜਾਂ ਦੇ ਬਣਨ ਤੇ ਵਿਕਾਸ ਦੇ ਨਤੀਜੇ ਵਜੋਂ ਤਮਿਲ ਰਾਸ਼ਟਰਵਾਦੀ ਨੇਤਾਵਾਂ ਦਾ ਵਿਰੋਧ ਸਾਹਮਣੇ ਆਇਆ। ਹੁਣ ਦਰਾਵੜਸਤਾਨ ਦੇ ਨਾਅਰੇ ਨੂੰ ਕਾਰਜ ਸੂਚੀ ਵਿਚੋਂ ਛੇਕ ਦਿੱਤਾ ਗਿਆ। ਇਹੀ ਨਹੀਂ ਹੁਣ ਇਹ ਵਿਵਾਦ ਤਾਮਿਲਾਂ ਤੇ ਮਲਿਆਲੀਆਂ, ਤਾਮਿਲਾਂ ਤੇ ਕੰਨੜਾਂ ਵਿਚ ਸ਼ੁਰੂ ਹੋ ਗਿਆ ਜੋ ਕਿ ਪਹਿਲਾਂ ਦੱਖਣ ਵਾਲੇ ਬਨਾਮ ਉਤਰ ਵਾਲਿਆਂ ਨਾਲ ਸੀ।

ਇਸ ਤੋਂ ਬਾਅਦ ਦਰਾਵੜ ਮੁਨੇਤਰ ਕੜਗਮ ਵਿਚ ਵੀ ਫੁੱਟ ਪੈ ਗਈ। ਨਤੀਜੇ ਵਜੋਂ ਅੰਨਾ ਦਮੁਕ ਨਾਂ ਦੀ ਨਵੀਂ ਪਾਰਟੀ ਹੋਂਦ ਵਿਚ ਆ ਗਈ। ਦੋਹਾਂ ਨੇ ਰਾਜਨੀਤੀ ਲਈ ਤਾਮਿਲ ਭਾਵਨਾਵਾਂ ਨੂੰ ਭੜਕਾਇਆ। ਦੋਹਾਂ ਨੇ ਮਿਲਕੇ ਤਾਮਿਲ ਭਾਸ਼ਾ ਦੀ ਰੱਖਿਆ ਲਈ ਪ੍ਰਸੰਸਾਤਮਕ ਕਾਰਜ ਕੀਤੇ। ਇਹ ਭਾਸ਼ਾਂ ਨੂੰ ਹਰ ਪੱਧਰ 'ਤੇ ਸਿੱਖਿਆ ਦਾ ਮਾਧਿਅਮ ਬਣਾਉਣ ਲਈ ਸਖ਼ਤ ਕਦਮਾਂ ਦੀ ਵਕਾਲਤ ਕੀਤੀ ਪਰ ਤਾਮਿਲ ਨੌਜਵਾਨਾਂ ਵਲੋਂ ਇਸ ਸਖ਼ਤੀ ਦਾ ਵਿਰੋਧ ਕੀਤਾ ਗਿਆ ਕਿਉਂਕਿ ਇਕ ਭਾਸ਼ਾ ਨਾਲ ਉਹ ਭਾਰਤੀ ਪੱਧਰ 'ਤੇ ਕੈਰੀਅਰ ਨਹੀਂ ਸਨ ਬਣਾ ਸਕਦੇ।

ਤਾਮਿਲਨਾਡੂ ਵਿਚ ਰਹਿਣ ਵਾਲੇ 9 ਪ੍ਰਤੀਸ਼ਤ ਤੇਲਗੂ ਕਈ ਪੀੜ੍ਹੀਆਂ ਤੋਂ ਰਾਜਧਾਨੀ ਮਦਰਾਸ ਵਿਚ ਰਹਿ ਰਹੇ ਹਨ। ਜਦੋਂ ਵੀਹਵੀਂ ਸਦੀ ਦੇ ਪੰਜਵੇਂ ਦਹਾਕੇ ਵਿਚ ਆਂਧਰਾ ਪ੍ਰਦੇਸ਼ ਦਾ ਨਿਰਮਾਣ ਕੀਤਾ ਜਾ ਰਿਹਾ ਸੀ ਤਾਂ ਆਂਧਰਾ ਦੇ ਕੁਝ ਸੰਗਠਨਾਂ ਨੇ ਮੰਗ ਕੀਤੀ ਕਿ ਮਦਰਾਸ ਨੂੰ ਉਹਨਾਂ ਦੇ ਰਾਜ ਵਿਚ ਸ਼ਾਮਲ ਕੀਤਾ ਜਾਵੇ ਕਿਉਂਕਿ ਵੱਡੀ ਗਿਣਤੀ ਤੇਲਗੂ ਭਾਸ਼ਾਈ ਓਥੇ ਵਸਦੇ ਹਨ। ਅਜਿਹੇ ਯਤਨ ਇਕ ਤਰ੍ਹਾਂ ਦੀ ਅੰਤਰਰਾਸ਼ਟਰਵਾਦੀ ਸੋਚ ਦੇ ਲਖਾਇਕ ਹਨ।

ਪ੍ਰਸਿੱਧ ਸ਼ਾਸਤਰੀ ਵੀ.ਕੇ. ਗੋਕਾਕ ਨੇ 1981 ਵਿਚ ਸਥਾਪਤ ਹੋਏ ਇਕ ਗ਼ੈਰ ਸਰਕਾਰੀ ਕਮਿਸ਼ਨ ਦੇ ਮੁਖੀ ਵਜੋਂ ਕਰਨਾਟਕ ਸਰਕਾਰ ਨੂੰ ਸੁਝਾਅ ਦਿੱਤਾ ਸੀ ਕਿ ਕੰਨੜ ਨੂੰ ਰਾਜ ਦੇ ਸਾਰੇ ਖੇਤਰਾਂ ਵਿਚ ਸੁਮੇਤ ਮੁੱਢਲੀਆਂ ਜਮਾਤਾਂ ਤੋਂ ਉੱਚ ਸਿੱਖਿਆ ਤੱਕ ਲਾਗੂ ਕਰ ਦੇਣਾ ਚਾਹੀਦਾ ਹੈ। ਕਰਨਾਟਕ ਦੇ ਉਸ ਵੇਲੇ ਦੇ ਮੁੱਖ ਮੰਤਰੀ ਨੇ ਜਨਤਕ ਤੌਰ 'ਤੇ ਇਸ ਦਾ ਐਲਾਨ ਕਰ ਦਿੱਤਾ ਕਿ ਕੰਨੜ ਹਰ ਖੇਤਰ ਵਿਚ ਲਾਗੂ ਹੋਵੇਗੀ ਤੇ ਸਰਕਾਰ ਦੀ ਮੁੱਖ ਭਾਸ਼ਾ ਵਜੋਂ ਕਾਰਜ ਕਰੇਗੀ। ਪਰ ਨਾਲ ਹੀ ਘੱਟ ਗਿਣਤੀਆਂ ਦੇ ਪ੍ਰਤੀਕਰਮ ਵਜੋਂ ਸਰਕਾਰ ਨੇ ਕੰਨੜ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਵਿਚ ਕੋਈ ਜਲਦਬਾਜ਼ੀ ਨਾ ਕੀਤੀ। ਸਿੱਖਿਆ ਦੇ ਖੇਤਰ ਵਿਚ ਕੰਨੜ ਦੇ ਨਾਲ ਘੱਟ ਗਿਣਤੀ ਭਾਸ਼ਾਵਾਂ ਤਾਮਿਲ ਤੇ ਉਰਦੂ ਨੂੰ ਵਰਤਣ ਦਾ ਫੈਸਲਾ ਵੀ ਕੀਤਾ ਗਿਆ। ਇਸ ਫੈਸਲੇ ਦਾ ਕੰਨੜ ਅਵਾਮ ਨੇ ਜ਼ੋਰਦਾਰ ਵਿਰੋਧ ਕੀਤਾ ਤੇ ਇਸਨੂੰ ਘੱਟ ਗਿਣਤੀਆਂ ਦੇ ਤੁਸ਼ਟੀਕਰਨ ਦੀ ਸੰਗਿਆ ਦਿੱਤੀ। ਨਾਲ ਹੀ ਕੰਨੜ ਅੰਦੋਲਨ ਨੇ ਸਰਕਾਰ 'ਤੇ ਦਬਾਅ ਪਾਉਣ ਲਈ ਭਿਅੰਕਰ ਰੂਪ ਧਾਰ ਲਿਆ, ਜਿਸਦਾ ਨਤੀਜਾ ਬੇਅਥਾਹ ਸੰਪਤੀ ਦੀ ਬਰਬਾਦੀ ਅਤੇ ਅਨੇਕਾਂ ਜਾਨਾਂ ਦੇ ਖ਼ੂਨ ਖਰਾਬੇ ਵਿਚ ਨਿਕਲਿਆ।

60 ਵਿਆਂ ਦੇ ਦਹਾਕੇ ਵਿਚ ਕੀਤੇ ਗਏ ਪ੍ਰਸ਼ਾਸਨਿਕ ਸੁਧਾਰਾਂ ਤੋਂ ਬਾਅਦ ਭਾਰਤ ਵਿਚ ਉਭਰੇ ਨਵੇਂ ਰਾਜਾਂ ਨੇ ਇਕ ਨਵੀਂ ਪ੍ਰਭਾਵਸ਼ਾਲੀ ਇਲੀਟ ਜਮਾਤ ਨੂੰ ਜਨਮ ਦਿੱਤਾ ਜਿਸਨੇ ਰਾਜਨੀਤਕ, ਆਰਥਿਕ, ਸਮਾਜਕ, ਨੌਕਰਸ਼ਾਹੀ ਤੇ ਸਾਂਸਕ੍ਰਿਤਕ ਪੱਧਰ 'ਤੇ ਅਪਣੇ ਆਪ ਨੂੰ ਤਾਕਤਵਰ ਬਣਾਕੇ ਅਪਣੀ ਜਾਤੀ ਪਛਾਣ ਨਾਲ ਭਾਸ਼ਾਈ ਪਛਾਣ ਜੋੜਕੇ ਨਾਜ਼ੀਵਾਦੀ ਸੋਚ ਨੂੰ ਜਨਮ ਦਿੱਤਾ, ਜਿਹਨਾਂ ਦਾ ਨਾਅਰਾ ਸੀ ਕਿ ਜਿਸ ਭੂਮੀ ਦੇ ਉਹ ਪੁੱਤਰ ਹਨ, ਉਸ 'ਤੇ ਉਹਨਾਂ ਦਾ ਏਕਾਧਿਕਾਰ ਹੋਣਾ ਚਾਹੀਦਾ ਹੈ। ਜਿਸਦਾ ਅਰਥ ਸੀ ਗ਼ੈਰਾਂ ਲਈ ਉਸ ਰਾਜ ਵਿਚ ਕੋਈ ਥਾਂ ਨਹੀਂ। ਇਸ ਦੇ ਨਤੀਜੇ ਵਜੋਂ 1964 ਵਿਚ ਮੇਘਾਲਿਆ ਵਿਧਾਨ ਸਭਾ ਨੇ ਇਕ ਐਕਟ ਪਾਸ ਕੀਤਾ, ਜਿਸ ਅਨੁਸਾਰ ਰਾਜ ਪ੍ਰਸ਼ਾਸਨ ਦੇ ਸਾਰੇ ਅਹੁਦਿਆਂ ਅਤੇ ਰਾਜ ਵਿਚ ਸਾਰੀਆਂ ਉਦਯੋਗਿਕ ਇਕਾਈਆਂ ਤੇ ਹੋਰ ਖੇਤਰਾਂ ਵਿਚ ਨਿਯੁਕਤੀਆਂ ਇਸ ਪ੍ਰਕਾਰ ਹੋਣੀਆਂ ਚਾਹੀਦੀਆਂ ਹਨ 45 ਪ੍ਰਤੀਸ਼ਤ ਖ਼ਾਸੀ ਜਿਅੰਤੀਆਂ, 45 ਪ੍ਰਤੀਸ਼ਤ ਗਾਰੋ ਜਾਤੀ ਸਮੂਹਾਂ ਦੀਆਂ 5 ਪ੍ਰਤੀਸ਼ਤ ਰਾਭਾ, ਬੜ ਕਚਾਰੀ ਅਤੇ ਕੋਚ ਜਨਜਾਤੀਆਂ ਦੀਆਂ ਅਤੇ ਬਾਕੀ 5 ਪ੍ਰਤੀਸ਼ਤ ਵੀ ਕੇਵਲ ਉਹਨਾਂ ਬਾਹਰ ਵਾਲਿਆਂ ਨੂੰ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ, ਜਿਹਨਾਂ ਕੋਲ ਰੈਜ਼ੀਡੈਂਸ਼ੀਅਲ ਪਰਮਿਟ ਹੋਣ।

ਕਰਨਾਟਕ ਵਿਚ ਅਜਿਹੀਆਂ ਭਾਸ਼ਾਈ ਝਗੜਿਆਂ ਵਾਲੀਆਂ ਘਟਨਾਵਾਂ ਨੂੰ ਦੇਖਦੇ ਹੋਏ ਰਾਜ ਵਿਧਾਨ ਸਭਾ ਦੇ ਮੈਂਬਰ ਡਾ. ਸਰੋਜਿਨੀ ਮਹਿਸ਼ੀ ਦੀ ਪ੍ਰਧਾਨਗੀ ਹੇਠ ਇਕ ਕਮਿਸ਼ਨ ਸਥਾਪਤ ਕੀਤਾ ਸੀ ਜਿਸਨੇ ਰਾਜ ਦੇ ਪ੍ਰਸ਼ਾਸਨਿਕ ਤੰਤਰ 'ਤੇ ਸਰਕਾਰੀ ਮਹਿਕਮਿਆਂ ਵਿਚ 80 ਪ੍ਰਤੀਸ਼ਤ ਨੌਕਰੀਆਂ 'ਦੇਸ਼ਜ ਕੰਨਡੀਗਾ' ਅਰਥਾਤ ਕੰਨੜ ਭਾਸ਼ੀਆਂ ਲਈ ਰਿਜ਼ਰਵ ਕਰਨ ਅਤੇ ਭਵਿੱਖ ਵਿਚ ਦੂਸਰਿਆਂ ਲਈ ਕੰਨੜ ਭਾਸ਼ਾ ਦਾ ਗਿਆਨ ਇੱਛਤ ਨਹੀਂ ਸਗੋਂ ਲਾਜ਼ਮੀ ਬਣਾਉਣ ਦਾ ਸੁਝਾਅ ਦਿੱਤਾ ਗਿਆ। ਇਸ ਤਰ੍ਹਾਂ ਭਾਸ਼ਾਈ ਸਮੱਸਿਆਵਾਂ ਅੰਤਮ ਤੌਰ 'ਤੇ ਸਮਾਜਕ-ਆਰਥਕ ਸਮੱਸਿਆਵਾਂ ਦਾ ਰੂਪ ਧਾਰਨ ਕਰ ਗਈਆਂ।

ਕਈ ਰਾਜਾਂ ਵਿਚ ਸਿੱਖਿਆ ਦੇ ਖੇਤਰ ਵਿਚ ਇਕ ਭਾਸ਼ਾ ਨੂੰ ਲਾਗੂ ਕਰਨ ਨਾਲ ਦੂਜੀਆਂ ਭਾਸ਼ਾਵਾਂ ਨੇ ਬਖੇੜਾ ਖੜਾ ਕਰ ਦਿੱਤਾ। 25 ਜੂਨ 1972 ਵਿਚ ਅਸਾਮ ਵਿਚ ਵਿਦਿਆਰਥੀਆਂ ਦੀਆਂ ਯੂਨੀਅਨਾਂ ਦੇ ਦਬਾਅ ਕਾਰਨ ਗੁਹਾਟੀ ਯੂਨੀਵਰਸਿਟੀ ਦੀ ਵਿੱਦਿਆ ਪਰਿਸ਼ਦ ਨੇ ਯੂਨੀਵਰਸਿਟੀ ਨਾਲ ਸੰਬੰਧਿਤ ਸਾਰੇ ਕਾਲਜਾਂ ਵਿਚ ਅਸਾਮੀ ਨੂੰ ਲਾਗੂ ਕਰ ਦਿੱਤਾ ਤੇ ਮਾਧਿਅਮ ਪਰਿਵਰਤਨ ਤੋਂ ਛੋਟ ਵੀ ਰੱਦ ਕਰ ਦਿੱਤੀ। ਸਿਰਫ਼ ਅੰਗਰੇਜ਼ੀ ਨੂੰ 10 ਵਰ੍ਹਿਆਂ ਤੱਕ ਦੂਸਰੀ ਭਾਸ਼ਾ ਦੇ ਰੂਪ ਵਿਚ ਲਾਗੂ ਕਰ ਦਿੱਤਾ ਗਿਆ। ਬੰਗਾਲੀ ਤੇ ਹਿੰਦੀ ਵਿਚ ਸਿੱਖਿਆ ਦੇਣ 'ਤੇ ਰੋਕ ਲਗਾ ਦਿੱਤੀ ਗਈ। ਇਹ ਫੈਸਲੇ ਨਾਲ ਕਛਾਰ ਜ਼ਿਲ੍ਹੇ ਵਿਚ ਵਸਦੀ ਬੰਗਾਲੀ ਅਬਾਦੀ ਨੇ ਭਰਵਾਂ ਵਿਰੋਧ ਕੀਤਾ। ਉਥੋਂ ਦੇ ਕਾਲਜਾਂ ਵਿਚ ਬੰਗਾਲੀ ਵਿਦਿਆਰਥੀਆਂ ਦੀ ਬਹੁਗਿਣਤੀ ਸੀ ਉਹਨਾਂ ਨੇ ਸੁਪਰੀਮ ਕੋਰਟ ਵਿਚ ਰਿਟ ਲਾ ਦਿੱਤੀ। ਕੋਰਟ ਨੇ ਯੂਨੀਵਰਸਿਟੀ ਦੇ ਫੈਸਲੇ 'ਤੇ ਰੋਕ ਲਗਾ ਦਿੱਤੀ। ਭਾਸ਼ਾਈ ਝਗੜਿਆਂ ਨੂੰ ਰੋਕਣ ਲਈ ਅਸਾਮ ਸਰਕਾਰ ਨੇ 1972 ਵਿਚ ਵਿਧਾਨ ਸਭਾ ਵਿਚ ਇਕ ਮਤਾ ਪਾਸ ਕਰਕੇ ਗੁਹਾਟੀ ਤੇ ਡਿਬਰੂਗੜ੍ਹ ਵਿਚ ਅਸਾਮੀ ਨੂੰ ਜਾਰੀ ਰੱਖਣ ਤੇ ਕਛਾਰ ਵਿਚ ਨਵੀਂ ਯੂਨੀਵਰਸਿਟੀ ਬਣਾਉਣ ਦਾ ਫੈਸਲਾ ਕੀਤਾ, ਜਿਸ ਵਿਚ ਬੰਗਾਲੀ ਭਾਸ਼ਾ ਨੂੰ ਪੜ੍ਹਾਈ ਦਾ ਮਾਧਿਅਮ ਸਵੀਕਾਰ ਕੀਤਾ ਗਿਆ। ਘਾਟੀ ਵਿਚ ਅਸਾਮੀ ਵਿਦਿਆਰਥੀਆਂ ਨੇ ਕਛਾਰ ਯੂਨੀਵਰਸਿਟੀ ਦਾ ਟਕਰਾਵਾਂ ਵਿਰੋਧ ਕੀਤਾ, ਜਿਸ ਦੇ ਨਤੀਜੇ ਵਜੋਂ ਸਾਰੇ ਖੇਤਰ ਵਿਚ ਦੰਗੇ ਫੈਲ ਗਏ ਤੇ ਬਹੁਤ ਸਾਰੇ ਬੰਗਾਲੀ ਪਰਿਵਾਰ ਕਛਾਰ 'ਚੋਂ ਹਿਜਰਤ ਕਰਕੇ ਬੰਗਾਲ ਚਲੇ ਗਏ। ਇਹਨਾਂ ਦੰਗਿਆਂ ਵਿਚ 32 ਜਾਨਾਂ ਗਈਆਂ।

ਭਾਰਤੀ ਰਾਜਾਂ ਦੇ ਭਾਸ਼ਾਈ ਆਧਾਰ 'ਤੇ ਪੁਨਰਗਠਨ ਤੋਂ ਠੀਕ ਪਹਿਲਾਂ ਬਿਹਾਰ ਵਿਚ ਬੜੀ ਦਿਲਚਸਪ ਸਥਿਤੀ ਬਣ ਗਈ। ਬਿਹਾਰ ਤੇ ਪੱਛਮੀ ਬੰਗਾਲ ਦੀਆਂ ਸਰਕਾਰਾਂ ਨੇ ਪੂਰਨੀਆਂ ਜ਼ਿਲ੍ਹੇ ਦੇ ਪੂਰਬੀ ਹਿੱਸੇ 'ਤੇ ਅਪਣਾ ਅਪਣਾ ਦਾਅਵਾ ਪੇਸ਼ ਕੀਤਾ। ਬੰਗਾਲੀ ਅਧਿਕਾਰੀਆਂ ਨੇ ਜਾਰਜ ਅਬਰਾਹਿਮ ਗ੍ਰੀਅਰਸਨ ਦੇ ਭਾਸ਼ਾਈ ਸਰਵੇਖਣ ਦੇ ਆਧਾਰ 'ਤੇ ਇਸ ਜ਼ਿਲ੍ਹੇ ਦੀ ਬੋਲੀ ਨੂੰ ਬੰਗਾਲੀ ਦੀ ਇਕ ਉਤਰੀ ਬੋਲੀ ਵਜੋਂ ਪੇਸ਼ ਕੀਤਾ। ਬਿਹਾਰ ਸਰਕਾਰ ਨੇ ਇਸ ਨੂੰ ਰੱਦ ਕਰਕੇ 1901 ਦੀ ਮਰਦਮਸ਼ੁਮਾਰੀ ਦੇ ਆਧਾਰ 'ਤੇ ਕਮਿਸ਼ਨਰ ਈ.ਏ.ਗੇਟ ਦੀ ਰਿਪੋਰਟ ਦਾ ਹਵਾਲਾ ਦੇ ਕੇ ਦੱਸਿਆ ਕਿ ਇਥੋਂ ਦੀ ਆਬਾਦੀ ਹਿੰਦੀ ਬੋਲੀ ਦਾ ਪ੍ਰਯੋਗ ਕਰਦੀ ਹੈ। ਰਾਜ ਪੁਨਰਗਠਨ ਕਮਿਸ਼ਨ ਨੇ ਅਪਣੀ ਰਿਪੋਰਟ ਵਿਚ ਕਿਹਾ ਕਿ ਇਕ ਪਾਸੇ ਪੂਰਨੀਆਂ ਜ਼ਿਲ੍ਹੇ ਦੇ ਧੁਰ ਪੂਰਬ ਵਿਚ ਬੋਲੀ ਜਾਣ ਵਾਲੀ ਕਿਸ਼ਨ ਗੰਜੀ ਅਥਵਾ ਸਿਰਪੁਰੀਆ ਤੇ ਦੂਸਰੇ ਪਾਸੇ ਬੰਗਾਲ ਨਾਲ ਇਸਦੇ ਗੂੜ੍ਹੇ ਸੰਬੰਧ ਨਜ਼ਰ ਆਉਂਦੇ ਹਨ, ਪਰ ਇਹ ਬੋਲੀਆਂ ਕੈਥੀ ਵਿਚ ਲਿਖੀਆਂ ਜਾਂਦੀਆਂ ਹਨ ਜੋ ਹਿੰਦੀ ਨਾਲ ਸੰਬੰਧਤ ਹੈ ਤੇ ਪੱਛਮ ਵੱਲ ਜਾਣ ਦੇ ਨਾਲ ਉਹਨਾਂ ਦੇ ਮੈਥਿਲੀ ਅਤੇ ਹਿੰਦੀ ਨਾਲ ਸੰਬੰਧ ਜ਼ਿਆਦਾ ਤੋਂ ਜ਼ਿਆਦਾ ਸਪੱਸ਼ਟ ਹੁੰਦੇ ਜਾਂਦੇ ਹਨ।

ਉਧਰ ਮੈਥਿਲੀ ਭਾਸ਼ੀ ਉਤਰੀ ਬਿਹਾਰ ਵਿਚ ਵੱਖਰਾ ਮਿਥਲਾ ਪ੍ਰਦੇਸ਼ ਸਥਾਪਤ ਕਰਨ ਲਈ ਲਛਮਣ ਝਾਅ ਦੀ ਅਗਵਾਈ ਵਿਚ ਲਾਮਬੰਦ ਹੋਏ। ਜਨਤਾ ਦੀ ਨਜ਼ਰ ਵਿਚ ਦਰਭੰਗਾ ਦੇ ਮੈਥਿਲ ਬ੍ਰਾਹਮਣਾਂ ਦੀ ਬਿਹਾਰ ਦੀ ਰਾਜਨੀਤੀ ਵਿਚ ਰਾਜਪੂਤਾਂ ਅਤੇ ਕਿਸਾਨਾਂ ਦੇ ਰਾਜਨੀਤਕ ਏਕਾਧਿਕਾਰ ਤੋਂ ਬਿਲਕੁਲ ਵੱਖ ਸੱਤਾ ਖੇਤਰ ਨੂੰ ਬਣਾਉਣ ਇਹ ਅੰਦੋਲਨ ਕੀਤਾ ਜਾ ਰਿਹਾ ਹੈ। ਵਾਰਾਨਸੀ ਵਿਚ ਕੁੱਲ ਭਾਰਤੀ ਭੋਜਪੁਰੀ ਮੰਡਲ ਦੇ ਉਪ ਪ੍ਰਧਾਨ ਈਸ਼ਵਰ ਚੰਦਰ ਸਿਨਹਾ ਨੇ ਇਹ ਕਹਿੰਦਿਆਂ ਕਿ ਉਤਰ ਪ੍ਰਦੇਸ਼ ਦੇ ਢਾਈ ਕਰੋੜ ਭੋਜਪੁਰੀ ਭਾਸ਼ੀਆਂ ਲਈ ਵੱਖਰਾ ਭੋਜਪੁਰੀ ਪ੍ਰਦੇਸ਼ ਹੋਣਾ ਚਾਹੀਦਾ ਹੈ। ਝਾਰਖੰਡ ਦੀ ਸਥਾਪਤੀ ਤੋਂ ਪਹਿਲਾਂ ਸੰਥਾਲੀ ਭਾਸ਼ਾ ਦੇ ਆਧਾਰ 'ਤੇ ਸੰਥਾਲੀਸਤਾਨ ਦੀ ਮੰਗ ਛੋਟਾ ਨਾਗਪੁਰ (ਬਿਹਾਰ) ਦੇ ਇਲਾਕੇ ਵਿਚੋਂ ਉਠੀ ਸੀ, ਜਿਸਦਾ ਮਕਸਦ ਸੰਥਾਲਾਂ ਦੀ ਭਾਸ਼ਾਈ ਤੇ ਜਾਤੀਗਤ ਪਛਾਣ ਨੂੰ ਦ੍ਰਿੜ ਕਰਨਾ ਸੀ। ਡਾ. ਫਰੀਦੀ ਨੇ ਉਰਦੂ ਭਾਸ਼ੀਆਂ ਲਈ ਉਰਦੂਸਤਾਨ ਵੀ ਏਸੇ ਨਜ਼ਰੀਏ ਤੋਂ ਮੰਗਿਆ ਸੀ।

ਗੋਰਖਾ ਲੈਂਡ ਦੀ ਸਮੱਸਿਆ ਵੀ ਏਸੇ ਪ੍ਰਕਾਰ ਦੀ ਹੈ। ਨੇਪਾਲੀ ਜ਼ਿਆਦਾਤਰ ਹਿਮਾਲਾ ਦੀ ਤਰਾਈ ਤੇ ਹੇਠਲੇ ਪਹਾੜਾਂ 'ਤੇ ਵਸੇ ਹੋਏ ਹਨ ਤੇ ਇਹ ਵਧੇਰੇ ਕਰਕੇ ਪੱਛਮੀ ਬੰਗਾਲ ਦੇ ਦਾਰਜੀਲਿੰਗ ਤੇ ਸਿੱਕਮ ਰਾਜ ਦੇ ਖੇਤਰ ਹਨ। ਪੱਛਮੀ ਬੰਗਾਲ ਵਿਧਾਨ ਸਭਾ ਨੇ 21 ਸਤੰਬਰ 1964 ਨੂੰ ਇਕ ਐਕਟ ਪਾਸ ਕੀਤਾ। ਜਿਸ ਅਨੁਸਾਰ ਦਾਰਜੀਲਿੰਗ ਵਿਚ ਨੇਪਾਲੀ ਨੂੰ ਇਕ ਹੋਰ ਰਾਜ ਭਾਸ਼ਾ ਦਾ ਦਰਜਾ ਦਿੱਤਾ ਗਿਆ। ਲਿਊਦਵਿਗ ਕਰੇਨੇਕ ਅਨੁਸਾਰ ਹਿਮਾਲਾਵਾਸੀ ਪਹਾੜੀਆਂ ਅਤੇ ਤਰਾਈ ਵਿਚ ਨਿਵਾਸ ਕਰਨ ਵਾਲੀਆਂ ਜਾਤੀਆਂ ਵਿਚ ਲੰਬੇ ਸਮੇਂ ਤੋਂ ਵੈਰ ਵਿਰੋਧ ਰਿਹਾ ਹੈ। ਪਹਾੜੀਆਂ ਦੀ ਨਿਸਬਤ ਬੰਗਾਲੀ ਵਧੇਰੇ ਚਲਾਕ ਚਤੁਰ ਅਤੇ ਉੱਚ ਪਦਾਂ 'ਤੇ ਕਾਬਜ਼ ਹਨ। ਨੇਪਾਲੀ ਅਤੇ ਦਾਰਜੀਲਿੰਗ ਵਿਚ ਰਹਿਣ ਵਾਲੀਆਂ ਦੂਸਰੀਆਂ ਜਾਤੀਆਂ ਦੇ ਲੋਕ ਸਾਰੇ ਖੇਤਰਾਂ ਵਿਚ ਅਪਣੇ ਆਪ ਨੂੰ ਗ਼ੈਰ ਤੇ ਬੇਕਦਰੇ ਮਹਿਸੂਸਦੇ ਹਨ। ਉਹਨਾਂ ਵਿਚ ਜ਼ਿਆਦਾ ਗੋਰਖਾਲੀਗ ਨਾਮੀ ਇਕ ਰਾਜਨੀਤਕ ਪਾਰਟੀ ਦੇ ਹੱਕ ਵਿਚ ਹਨ। ਜਿਸਦਾ ਉਦੇਸ਼ ਨੇਪਾਲੀ ਭਾਸ਼ਾ ਤੇ ਪਛਾਣ ਵਾਲਾ ਇਕ ਵੱਡਾ ਰਾਜ ਬਣਾਉਣਾ ਹੈ, ਜਿਹੜਾ ਪੱਛਮੀ ਨੇਪਾਲ ਤੋਂ ਲੈ ਕੇ ਪੂਰਬੀ ਭੂਟਾਨ ਤੱਕ ਫੈਲਿਆ ਹੋਵੇਗਾ ਤੇ ਜਿਸਦੀ ਰਾਜਧਾਨੀ ਦਾਰਜੀਲਿੰਗ ਹੋਵੇਗੀ।

ਇਸ ਤਰ੍ਹਾਂ ਭਾਸ਼ਾਈ ਪਛਾਣਾਂ ਤੇ ਜਾਤੀਗਤ ਪਛਾਣਾਂ ਨੇ ਬਸਤੀਵਾਦੀ ਦੌਰ ਤੋਂ ਲੈ ਕੇ ਆਜ਼ਾਦ ਭਾਰਤ ਤੱਕ ਅਪਣਾ ਇਤਿਹਾਸ ਸਿਰਜਿਆ ਹੈ। ਰਾਜਾਂ ਦੇ ਭਾਸ਼ਾਈ ਪੁਨਰਗਠਨ ਤੋਂ ਬਾਅਦ ਵੀ ਇਹ ਝਗੜੇ ਘਟੇ ਨਹੀਂ ਸਗੋਂ ਭੂਮੀ ਪੁੱਤਰ ਭਾਰਤ ਨੂੰ ਵੱਖੋ-ਵੱਖ ਟੋਟਿਆਂ ਵਿਚ ਵੰਡਣ ਦੇ ਕਮਰਕੱਸੇ ਕਸਦੇ ਨਜ਼ਰ ਆਉਂਦੇ ਹਨ। ਮਹਾਂਰਾਸ਼ਟਰ ਵਿਚ ਰਾਜ ਠਾਕਰੇ ਦੀ ਪਾਰਟੀ ਨੇ ਪੂਰਬੀ ਬਨਾਮ ਮਰਾਠੀ ਰਾਹੀਂ ਜਿਹੜਾ ਤੂਫ਼ਾਨ ਮਚਾਇਆ ਹੈ ਇਸ ਦਾ ਅਸਰ ਬਿਹਾਰ ਤੇ ਉਤਰ ਪ੍ਰਦੇਸ਼ ਵਿਚ ਭਰਵੇਂ ਰੂਪ ਵਿਚ ਹੋਇਆ ਹੈ ਤੇ ਉਥੇ ਮਰਾਠੀਆਂ ਉਪਰ ਹੋਏ ਹਮਲਿਆਂ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਭਾਰਤ ਵਿਚੋਂ ਭਾਸ਼ਾਈ ਸਹਿਨਸ਼ੀਲਤਾ ਖ਼ਤਮ ਹੋ ਚੁੱਕੀ ਹੈ। ਬਸਤੀਵਾਦੀ ਹਕੂਮਤਾ ਦਾ ਇਹ ਤੋਹਫਾ ਵੱਡਾ ਰੁੱਖ ਬਣ ਚੁੱਕਾ ਹੈ। ਇਸਦੇ ਨਵੇਂ ਬੀਜ ਕਿਹੋ ਜਿਹੇ ਭਾਸ਼ਾਈ ਦੰਗੇ ਫਸਾਦ ਕਰਾਉਂਦੇ ਨੇ ਇਹਦੀਆਂ ਅਲਾਮਤਾਂ ਵੱਖ-ਵੱਖ ਰਾਜਾਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਪਨਪਦੀਆਂ ਹੀ ਰਹਿੰਦੀਆਂ ਹਨ।

# A-WIN Insurance

## ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ








## For Friendly Service and Quick Quotes

- ਕਾਰ ਮੋਟਰਸਾਈਕਲ ਇੰਸ਼ੋਰੈਂਸ
- ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

- Car, Motorcycle
- Home, Condominium
- Tenant Package, Rental Dwellings
- Trucks: Long Haul & Gravel
- Commercial & Business Insurance
- Travel & Medical Insurance

**Discounts up to 60%**

**Payment options available**

## ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲਬਾਤ ਕਰ ਸਕਦੇ ਹਾਂ

**We Provide Service In English, Punjabi, Hindi & Urdu.**

## ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

ਐਡਮਿੰਟਨ: 780-465-6900
ਰਾਜੀਵ ਜੌਲੀ, ਜੈਸ ਬਦੇਸ਼ਾ, ਸ਼ਾਲੂ ਬਦੇਸ਼ਾ,
ਮੈਡੀ ਹਿਜ਼ਮਾਨ, ਨਵਤੇਜ ਬੈਂਸ, ਸੋਨਮ ਦਿਉਲ
ਅਤੇ ਜਸਵੀਰ ਦਿਉਲ।

ਕੈਲਗਰੀ: 403-775-2100
ਰੂਪੀ ਚੇਰਾ, ਡੈਨਾ ਨਮਿਥ, ਸੁਭਾਸ਼
ਤਰਨਪ੍ਰੀਤ ਮੈਹਦਵਾਨ ਅਤੇ ਜੈਸੀ ਸਿੰਘ


Shaheed Bhagat Singh Sports Tournament
(Dedicated to Shaheed Bhagat Singh and his co-patriots Raj Guru and Sukhdev)
Progressive Peoples Foundation & Punjab United Club
Organize
3rd Soccer Tournament
To provide a platform for our youth to play Soccer with a mission
to strengthen community participation and infuse leadership spirit among them
At
Pollard Meadows School
1751 48 Street
Edmonton AB
On
Saturday & Sunday,
July 03 & 04, 2010
ਤੀਜਾ ਸ਼ਹੀਦ ਭਗਤ ਸਿੰਘ ਸੌਕਰ ਟੂਰਨਾਮੈਂਟ
ਇਸ ਟੂਰਨਾਮੈਂਟ ਵਿਚ ਛੇ ਸਾਲ ਤੋਂ ਘੱਟ ਉਮਰ ਵਰਗ ਦੇ ਬੱਚੇ, ਬੱਚੀਆਂ
ਤੋਂ ਲੈ ਕੇ ਬਾਲਗਾਂ ਤੱਕ ਦੇ ਮੁਕਾਬਲੇ ਕਰਵਾਏ ਜਾਣਗੇ।
ਰਜਿਸਟਰੇਸ਼ਨ ਫੀਸ $20/ਖਿਡਾਰੀ, ਬਾਲਗ ਟੀਮਾਂ $200 ਵਾਪਸੀ ਯੋਗ ਫੀਸ ਪ੍ਰਤੀ ਟੀਮ।
Registration Fee: $20 per Child, Refundable Security: $ 200 per Adult Team
ਹੋਰ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਤੇ ਫੋਨ ਕਰੋ:
For registration or more information:
Dr. P. R. Kalia: 780-440-2766; Gurcharan Brar:780-265-3752
Navtej Bains:780-465-6900; Mohinder Banga: 780 913-1820
Dalbir Sangione: 780-995-5475 ;Joginder Randhawa:780-266-1757
Bakhsh Sangha: 780-278-7520; Sonny Gill: 780-497-8801
Raju Virk: 780-298-4499; Gursewak Mann: 780-982-3132


Join us at the
pharmacy on
Thursday, June 24th
and enjoy
complimentary Snacks
& refreshments
Enjoy 10$ OFF*
Your purchase of $20 or more
*Some conditions apply. See in-store for details. OFFER VALID Thursday, June 24th, 2010
The Medicine Shoppe
PHARMACY
127 Millbourne Road East
Edmonton, AB
Ph (780) 461-8648
Jasbir Bhui
B.Sc. Pharm
Pharmacist/Owner
Proud Supporter of the
Alzheimer Society
Ask about The Medicine Shoppe's
Alzheimers Care Giver
Support Program today


Guaranteed Paid up Life Insurance
Get your money back if you don't develop any critical illness
Life Insurance
ਲਾਈਫ ਇੰਸ਼ੋਰੈਂਸ
Retirement Savings Plans
ਰਿਟਾਇਰਮੈਂਟ ਸੇਵਿੰਗਜ਼ ਪਲੈਨਜ਼
Mortgage Insurance
ਮੋਰਟਗੇਜ ਇੰਸ਼ੋਰੈਂਸ
Critical Illness Plans
ਕਰਿਟੀਕਲ ਇਲਨੈਸ ਇੰਸ਼ੋਰੈਂਸ
Health Plans
ਹੈਲਥ ਪਲੈਨਜ਼
Disability Insurance
ਡਿਸਏਬਿਲਟੀ ਇੰਸ਼ੋਰੈਂਸ
Travel Insurance
ਟਰੈਵਲ ਇੰਸ਼ੋਰੈਂਸ
For More Information Please Contact :
Jasvir Deol
Phone: 780-465-6900
Cell: 780-906-4497
DEOL
Insurance & Financial Planning

# Gurkeerat Holding Ltd.



- We Build New Houses
- We Build Basements
- We do Renovations
- Kitchen Cabinets

ਨਵੇਂ ਘਰ, ਨਵੀਆਂ ਬੇਸਮੈਂਟਾਂ ਬਣਵਾਉਣ, ਹਰੇਕ ਤਰ੍ਹਾਂ ਦੀ ਰੈਨੋਵੇਸ਼ਨ ਕਰਵਾਉਣ, ਵਧੀਆ ਕਿਚਨ ਕੈਬਨਿਟਾਂ ਘੱਟ ਕੀਮਤ ਅਤੇ ਤਸ਼ਲੀਬਖਸ਼ ਢੰਗ ਨਾਲ ਕਰਵਾਉਣ ਵਾਸਤੇ ਸਾਨੂੰ ਕਾਲ ਕਰੋ

Ph. 780-996-2873

Millbourne Road

# Medical Clinic

WALK-INS WELCOME



Dr. B. Jassar

Dr. Vijay Thapar (M.D., CCFP)*
Family Physician
By Appointment Only

Dr. B. Jassar (M.D., Ph. D, CCFP)*
Family Physician
Cell: 780-918-0516



Dr. Vijay Thapar

131 Millbourne Road East, Lee Ridge Plaza Edmonton, AB. T6K 1P6

Tel: 780-462-4229 Fax: 780-462-3315 *Professional Corporation

Welcome to

# Maharaja

Banquet Facility & Sultan Banquet Hall

The Maharaja Banquet Facility and The Sultan Banquet Hall. We Can accomodate all your functions, whether they are small or big. We can accomodate upto 1,000 People.

* Reception,* Birthday Parties,
* Special Occasions,* Christmas Parties,
* Catering Service,* Great Music System,
* Big Dance Floor,* Excellent Bridal Chair




For reservation please contact us at:
9257-34A Ave. Edmonton, AB (Maharaja Banquet Facility)
Call: (780) 485 8585
9241-34A Avenue, Edmonton (Sultan Banquet Hall)
Ph. 780 496-9696, (780) 695-7200
www.sultanhall.com

WESTFORK Interiors

# Specializing in Cabinets & Counter tops

Kitchen & Vanities, Custom Cabinets, Staining & Spraying Doors

Endless Options

- On site full custom designing and manufacturing.
- Consultation for Kitchens, Bathrooms, Offices, Dens, Storage etc.
- Quality installation and delivery.
- One Location - Multiple Considerations
- Complete Range of Counter tops including laminate.

Custom Cabinetry
Exceptional Quality Customised Solutions
Premium Construction at Competitive Price.

**ਕੈਬਨਿਟ ਅਤੇ ਕਾਊਂਟਰ ਟੌਪ ਬਨਾਉਣ ਦੇ ਮਾਹਿਰ**

ਆਪਣੇ ਦਫ਼ਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ **ਵੈਸਟਫੋਰਕ ਇੰਟੀਰੀਅਰਜ਼**



Westfork Interiors, 8307 Argyll Road, Edmonton T6C 4B2
Tel: 780-462-5325
Fax: 780-462-2672
www.westforkinteriors.com
info@westforkinteriors.com

Gurmail Matharu : 780-990-9349
Ranjit Matharu : 780-907-9889

# Fancy Doors & Mouldings

Interior & Exterior, Prehung Unit, Locks & Hardware, French Doors, Bi-Folds, Mouldinghs & Accessories



## French Doors

Cascade with Zinc Bars
Deco Frosted Clear
Heritage V-Groove Fully Sandblasted
Heritage V-Groove Clear
Montana Clear Slab
Pantry Slab

## Interior Doors

2-Panel Curved Top
3-Panel MDF Shaker-Slab
3-Panel Shaker-Mission
6-Panel Oak-Slab
Stratos-Slab



## Fibreglass Exterior Door



Ask about our finishing packages!

* Interior and Exterior
* Prehung Units
* Locks and Hardware
* French Doors
* Bi-folds
* Mouldings
* MDF Sheet: Oak & Maple
* Plywood
* Bullnose Shelf
* Adhesives
* DAP
* Shims
* Brad Nails
* Fireplace Mantels
* Accessories

We Supply and install Building Materials!

ALEXANDRIA Moulding

## Moulding

Available in MDF, Oak & Maple

**Baseboards**
- 094 Base 5/8" x 4" MDF Primed BDL-6
- 095 Base 5/8" x 5" MDF Primed BDL-6
- 238 Base 1/2" x 5" MDF Primed BDL-1
- 387 Casing 9/16" x 3-1/4" MDF Primed BDL-6
- 405 Base 1/2" x 4" MDF Primed BDL-10
- 412 Base 5/8" x 4-1/4" MDF Primed BDL-6
- 425 Base 1/2" x 4" MDF Primed BDL-10
- 545 Base 9/16" x 5" Ultralite Primed BDL - 5 5/8 x 5" MDF Primed BDL-4
- 3140 Base 3/8" x 3-1/4" MDF Primed BDL-10
- 356 Casing MDF, 356 Casing Oak, 356 Casing Maple

**Casings**
- 092 Casing 5/8" x 2-1/2" MDF Primed BDL-6
- 093 Casing 5/8" x 3-1/4" MDF Primed BDL-6
- 338 Casing 5/8" x 3" MDF Primed BDL-6
- 386 Base 9/16" x 3-1/4" MDF Primed BDL-6
- 403 Casing 5/8" x 3" MDF Primed BDL-6
- 411 Casing 11/16" x 3" MDF Primed BDL-6
- 423 Casing 5/8" x 3" MDF Primed BDL-6
- 535 Casing 1/16" x 3-1/2" Ultralite BDL - 5 11/16"x3-1/2" MDF Primed BDL-6
- 8263 Base 9/16" x 6-1/2" Ultralite BDL-4
- 908 Casing 9/16" x 3-1/4" Ultralite BDL-7
- 8063 Casing 11/16" x 3-1/4" Ultralite BDL-8

**Crowns**
- 47 Crown 9/16" x 4-1/4" MDF Primed BDL-6
- 47D Crown 9/16" x 4-3/16" Ultralite BDL-8
- 51 Crown 5/8" x 3-1/4" MDF Primed BDL-6
- 512 Crown 9/16" x 5-1/4" MDF Primed BDL-4
- 712 Crown 11/16" x 4-1/2" Ultralite, BDL - 4 11/16" x 4-1/2" MDF Primed BDL - 4

**Chair Rails**
- 297 Chair Rail 11/16" x 3" MDF Primed BDL-5

**Architrave**
- 5010 Architrave 1-1/4" x 4-3/16" MDF Primed BDL-4

New Stock!



24" White Medallion

24" Coloured Medallion

Bath Fixtures



Pearl
Lux
Ax--------------
A--------------

Door Locks

WEISER LOCK

Alberta Location: 9129-35 Avenue, Edmonton, AB T6E 5Y1
Phone: 780-432-7700 Fax: 780-432-7710
www.fancy-doors.com

**ADVANCED**
**Roofing Systems Ltd.**

RESIDENTIAL
COMMERCIAL

- Residential/Commercial Insurance Claims
- Asphalt & Specialty Shingles
- Siding, Soffits,Fascia
- 2 Ply Membranes (SBS)
- Cedar Shakes
- New & Re-Roof Specialists
- Condominums Welcome
- Steep Roofs Welcome
- Licaenced & Insured
- Pine Shake Replacement
- Roof Top Snow removel
- FREE Estimates

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
**(780) 463-6320, Fax : (780) 450-0365**



GILL Olson
(MANAGER)

**HARRY'S EXCAVATING**
Ph 780-918-2252

Specialist in : Digging Basements
& All Kind of Services

ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ, ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ,
ਜਾਂ ਫਿਰ ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਕੰਮ ਹੋਵੇ ਸਾਡੇ ਨਾਲ ਸੰਪਰਕ ਕਰੋ



**C.J. Auto**
**& Transmission Repair Ltd.**
**& Body Shop**

Specialize in Propane Repair & Body Shop
**Nindy Rao** (Manager)



Tel.: 780-434-9912 Fax: 780-434-6706
9504-62 Avenue Edmonton, AB. T6E 0C9
* Import & Domestic Repairs * Insurance Claims

**KOPY CENTRE & PRINTING**
"On Time ~ Every Time"
Digital Printing & Photo Copy

• Business Cards • Letter Heads • Invoices (NCR) • Flyers
• Brochures • Invitation Cards • Tickets
• Binders • PDF Files • Scanning • Lamination
• Internet Service • Fax Service • Computer Service etc...

We do Art Work as well...
Tel: (780) **437-0200**
Fax: (780) 437-0227 • kopycent@telus.net
9126B - 51 Ave. Edmonton, AB T6E 5L8

**Sidhu Stucco Ltd.**
Residential & Commercial
ਕਿਸੇ ਵੀ ਤਰ੍ਹਾਂ ਦੀ ਵਧੀਆ ਸਟੱਕੋ ਲਈ ਇਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ ।

Stucco is a versatile, beautiful,
durable and fire resistant cladding.



Harinder Dhaliwal
All kind of Stucco
Acrylic & Rain Screen **(780) 297-9165**

**Advance Driving School**
Learn to be Collision Free



**Misha Sooch** DRIVER EDUCATION COUNCILLOR

* Lady Instructor Available * Defensive Training Classes
* Available to Restore Demerits * Free Pick up & Drop off Service

ਵਧੀਆ ਡਰਾਈਵਿੰਗ ਟ੍ਰੇਨਿੰਗ
ਲਈ ਹਮੇਸ਼ਾ ਯਾਦ ਰੱਖੋ

**ਐਡਵਾਂਸ ਡਰਾਈਵਿੰਗ ਸਕੂਲ**

| | | |
|---|---|---|
| #202-3456 91 St. South Side, Edmonton | 16105-Stony Plain Rd.West End, Edmonton | 10211-100 Ave Fort Saskatchewan |

**Contact: (780) 660 4090**
Sherwood Park, AB, Canada, T8C1H3 www.advancedrivingschool.ca

**Advance Limos Ltd.**
Phone: 780 236 5000, Fax: 780 922 2705
www.advancelimos.ca

The Services we Provide
- Airport Service-Flat Rate
- Weddings Ceremony
- Anniversaries
- Birthday Parties
- Dinner & Theatre Ceremony
- Night On The Town
- Graduation Ceremonies
- Concerts & Sports Events
- Promos & Religious Programs
- & Other Functions

Contact **Aman Sooch**
Book Your LIMO Now & Enjoy the Luxurious Ride
**(780) 236 5000**



# ਅਵਤਾਰ ਜੰਡਿਆਲਵੀ ਅਤੇ ਸੁਸ਼ੀਲ ਦੁਸਾਂਝ ਦੀਆਂ ਗੁਰਸ਼ਰਨ ਸਿੰਘ ਨਾਲ ਗੱਲਾਂ

*ਜੀਵਨ ਵਿੱਚ ਨਾਟਕ ਦੀ ਏਨੀ ਮਹੱਤਤਾ ਹੋਣ ਦੇ ਬਾਵਜੂਦ ਪੰਜਾਬ ਵਿਚ ਨਾਟਕ ਲਈ ਜ਼ਮੀਨ ਸਦਾ ਹੀ ਉਖੜੀ ਪੁੱਖੜੀ ਰਹੀ। ਆਧੁਨਿਕ ਰੂਪ ਵਿਚ ਤਾਂ ਇਹਦੀ ਉਮਰ ਦੇ ਦਹਾਕੇ ਉਂਗਲਾਂ 'ਤੇ ਹੀ ਗਿਣੇ ਜਾ ਸਕਦੇ ਹਨ। ਫੇਰ ਵੀ ਪੰਜਾਬ ਦੀਆਂ ਜਿਨ੍ਹਾਂ ਸ਼ਖ਼ਸ਼ੀਅਤਾਂ ਨੇ ਅਪਣਾ ਸਾਰਾ ਆਪਾ ਰੰਗ ਮੰਚ ਨੂੰ ਹੀ ਅਰਪ ਦਿੱਤਾ ਉਨ੍ਹਾਂ ਦੀ ਸਿਖਰ 'ਤੇ ਆਉਂਦਾ ਹੈ ਗੁਰਸ਼ਰਨ ਸਿੰਘ ਜੀ ਦਾ ਨਾਮ। ਪਿੰਡਾਂ ਵਿਚ, ਸ਼ਹਿਰਾਂ ਵਿਚ ਨਾਟਕ ਦਾ ਨਾਂ ਲਓ ਤਾਂ ਹਰ ਬੱਚੇ ਬੁੱਢੇ ਦੀ ਜ਼ਬਾਨ ਬੋਲਦੀ ਹੈ 'ਮੰਨਾ ਸਿੰਘ', 'ਭਾਅ ਜੀ' ਤੇ ਅੱਖਾਂ ਵਿਚ ਤਸਵੀਰ ਲਟਕ ਜਾਂਦੀ ਹੈ ਇੱਕ ਸਾਊ, ਬਚਨਬੱਧ ਮਨੁੱਖ ਦੀ ਜਿਹਨੇ ਨਾਟਕ ਰਾਹੀਂ ਸਾਰੇ ਸੰਸਾਰ ਨੂੰ ਉਜਲਾ ਸੰਦੇਸ਼ ਦੇਣ ਦਾ ਬੀੜਾ ਚੁੱਕਿਆ ਹੋਇਆ ਹੋਵੇ। ਗੁਰਸ਼ਰਨ ਸਿੰਘ ਜੀ ਦਾ ਜਨਮ 1929 ਵਿਚ ਮੁਲਤਾਨ ਵਿਚ ਹੋਇਆ ਸੀ। ਥੋੜ੍ਹੇ ਚਿਰ ਦੀ ਸਰਕਾਰੀ ਨੌਕਰੀ ਤੋਂ ਬਾਅਦ ਉਹ ਲੋਕ ਘੋਲਾਂ ਵਿਚ ਕੁੱਦ ਪਏ। ਅਗਾਂਹ ਵਧੂ ਲਹਿਰਾਂ ਨਾਲ ਸਹਾਨਭੂਤੀ ਹੋਣ ਕਰਕੇ ਜੇਲ੍ਹ ਦੀ ਹਵਾ ਵੀ ਖਾਣੀ ਪਈ ਪਰ ਪੈਰ ਕਦੇ ਵੀ ਨਾ ਥਿੜ੍ਹਕੇ। ਨਾਟਕ ਨੂੰ ਕਿਤਾਬਾਂ ਦੇ ਬੇਜਾਨ ਪੰਨਿਆਂ ਵਿਚੋਂ ਕੱਢਕੇ ਆਮ ਲੋਕਾਂ ਦੀਆਂ ਅੱਖਾਂ, ਕੰਨਾਂ ਤੱਕ ਪਹੁੰਚਾਉਣ ਅਤੇ ਕਲਾ ਨੂੰ ਸਮਾਜ ਦੀ ਤਬਦੀਲੀ ਲਈ ਪੂਰੇ ਵੇਗ ਨਾਲ ਜੋੜਨ ਦਾ ਸਿਹਰਾ ਜਾਂਦਾ ਹੈ ਗੁਰਸ਼ਰਨ ਸਿੰਘ ਜੀ ਨੂੰ। ਉਨ੍ਹਾਂ ਨੇ ਖੁਦ ਨਾਟਕ ਲਿਖੇ, ਖੁਦ ਹੀ ਖੇਲ੍ਹੇ। ਪੰਜਾਬ ਦੇ ਨੌਜਵਾਨਾਂ ਦੀ ਇੱਕ ਪੂਰੀ ਪੀੜ੍ਹੀ ਨੂੰ ਇਸ ਪਾਸੇ ਪ੍ਰੇਰਿਤ ਕੀਤਾ। ਅੱਜ ਉਹ ਇੱਕ ਵਿਅਕਤੀ ਨਹੀਂ ਰਹੇ, ਲੋਕਨਾਇਕ ਹੋ ਗਏ ਹਨ।*



ਗੁਰਸ਼ਰਨ ਸਿੰਘ ਪਤਨੀ ਨਾਲ

# ਭਾਈ ਲਾਲੋਆਂ ਨੂੰ ਸੰਬੋਧਿਤ

**ਗੁਰਸ਼ਰਨ ਸਿੰਘ**

### ਨਾਟਕ ਚੇਟਕ

ਨਾਟਕ ਚੇਟਕ ਕੀਏ ਕੁਕਾਜਾ
ਪ੍ਰਭ ਲੋਗਨ ਕਉ ਆਵਤ ਲਾਜਾ
(ਦਸਮ ਗ੍ਰੰਥ-ਬਚਿੱਤ੍ਰ ਨਾਟਕ)

? ਗੁਰਸ਼ਰਨ ਸਿੰਘ ਜੀ ਤੁਹਾਡੇ ਵਰਗੇ ਰੰਗਕਰਮੀ ਗੁਰਬਾਣੀ ਦੀ ਇਸ ਪੰਗਤੀ ਦਾ ਅਰਥ ਕੀ ਲੈਂਦੇ ਨੇ?

- ਨਾਟਕ ਸ਼ਬਦ ਇਕ ਵਿਖਾਵੇ ਦਾ ਵੀ ਸ਼ਬਦ ਹੈ। ਤੁਸੀਂ ਅਪਣੇ ਆਪ ਨੂੰ ਉਸ ਰੂਪ ਵਿਚ ਪੇਸ਼ ਕਰੋ, ਜੋ ਤੁਸੀਂ ਅਸਲ ਵਿਚ ਨਹੀਂ ਹੋ, ਤਾਂ ਕਿਹਾ ਜਾਵੇਗਾ ਕਿ ਤੁਸੀਂ ਨਾਟਕ ਕਰ ਰਹੇ ਹੋ। ਜਿਸ ਤਰ੍ਹਾਂ ਡੇਰੇ ਦਾ ਬਾਬਾ ਆਪਣੇ ਚੇਲਿਆਂ ਨਾਲ ਗੱਲਾਂ ਕਰ ਰਿਹਾ ਹੈ ਪਰ ਕਿਸੇ ਸ਼ਰਧਾਲੂ ਨੂੰ ਦੇਖ ਕੇ ਇਕਦਮ ਸਮਾਧੀ ਲਾ ਲੈਂਦਾ ਹੈ ਤਾਂ ਇਹ ਐਕਸ਼ਨ ਨਾਟਕ ਹੈ। ਮੇਰੇ ਖ਼ਿਆਲ ਵਿਚ ਏਥੇ ਏਸੇ ਗੱਲ ਨੂੰ ਨਾਟਕ ਕਿਹਾ ਗਿਆ ਹੈ। ਔਰ ਏਸੇ ਨੂੰ ਕੁਕਾਜ ਕਿਹਾ ਗਿਆ ਹੈ। ਮੈਂ ਇਸ ਤੁਕ ਨੂੰ ਰੰਗਮੰਚ ਨਾਲ ਜੋੜਕੇ ਨਹੀਂ ਦੇਖਦਾ।

? ਕੀ ਨਾਟਕ ਵੱਲ ਸਿੱਖ ਸਮਾਜ ਦੀ ਖੁਲ੍ਹੀ ਬੇਰੁਖੀ ਨੇ ਏਡੇ ਵੱਡੇ ਸ਼ਕਤੀਸ਼ਾਲੀ ਮਾਧਿਅਮ ਨੂੰ ਕਮਜ਼ੋਰ ਨਹੀਂ ਕੀਤਾ?

- ਕਈ ਲਿਹਾਜ਼ ਨਾਲ ਕਮਜ਼ੋਰ ਕੀਤਾ ਹੈ। ਇਹਦੇ ਬਾਰੇ ਸਾਨੂੰ ਚੇਤਨ ਹੋਣ ਦੀ ਲੋੜ ਹੈ।

? ਰਾਮ ਲੀਲ੍ਹਾ ਵਰਗੇ ਲੋਕ ਨਾਟਕਾਂ ਵਿਚ ਆਦਰਸ਼ਕ ਤੇ ਪਵਿਤਰ ਅਵਤਾਰਾਂ ਦਾ ਰੋਲ ਵੀ ਆਮ ਵਿਅਕਤੀ ਕਰਦੇ ਹਨ। ਸਿੱਖ ਸਮਾਜ ਇਹਦੇ ਵਿਰੁੱਧ ਕਿਉਂ ਉਠ ਖਲੋਂਦਾ ਹੈ?

- ਇਹ ਇਸਲਾਮੀ ਸਭਿਅਤਾ ਦਾ ਪ੍ਰਭਾਵ ਹੈ, ਜਿੱਥੇ ਬੁੱਤ ਪ੍ਰਸਤੀ ਨੂੰ ਗਲਤ ਸਮਝਿਆ ਜਾਂਦਾ ਹੈ। ਅਗਲੀ ਗੱਲ ਇਹ ਹੈ ਕਿ ਗੁਰੂ ਸਾਹਿਬਾਨ ਦਾ ਸਥਾਨ ਸਾਡੇ ਸਮਾਜ ਵਿਚ ਬਹੁਤ ਸਤਿਕਾਰਯੋਗ ਹੈ। ਜੇ ਗੁਰੂ ਸਾਹਿਬ ਦੇ ਸਵਾਂਗ ਬਣਾਉਣ ਨਾਲ ਲੋਕਾਂ ਦੇ ਜਜ਼ਬਾਤ ਨੂੰ ਠੇਸ ਪੁੱਜਦੀ ਹੈ ਤਾਂ ਕੋਈ ਲੋੜ ਨਹੀਂ ਬਣਾਉਣ ਦੀ। ਜੇ ਅਸੀਂ ਗੁਰੂ ਦੀ ਬਾਣੀ ਰਾਹੀਂ ਗੱਲ ਸਿਰਜ ਸਕਦੇ ਹਾਂ, ਇਹੋ ਠੀਕ ਹੈ। ਕੁਝ ਇਹੋ ਜਿਹੇ ਪਾਤਰ ਲਿਆ ਕੇ ਜੇ ਅਸੀਂ ਗੱਲ ਦਰਸ਼ਕ ਤੱਕ ਪੁੱਜਦੀ ਕਰ ਸਕੀਏ ਤਾਂ ਬੜਾ ਸਫ਼ਲ ਨਾਟਕ ਬਣ ਜਾਂਦਾ ਹੈ। 'ਜਿਨੁ ਸਚਿ ਪਲੈ ਹੋਇ', 'ਇਹ ਲਹੂ ਕਿਸਦਾ ਹੈ', 'ਨਿਓਟਿਆਂ ਦੀ ਓਟ' ਆਦਿ ਨਾਟਕ ਮੈਂ ਨਹੀਂ ਖੇਡੇ? 'ਤੱਤੀ ਤਵੀ ਤੇ' ਦੇ ਨਾਇਕ ਗੁਰੂ ਅਰਜਨ ਦੇਵ ਹਨ। ਨਾਇਕ ਨੂੰ ਲਿਆਉਣ ਦੀ ਗੱਲ ਏਨੀ ਨਹੀਂ'। ਅਸਲ ਗੱਲ ਤਾਂ ਉਹਨਾਂ ਦੇ ਉਦੇਸ਼ ਦੀ ਹੈ ਜਾਂ ਸੰਦੇਸ਼ ਦੀ, ਜਿਹੜਾ ਦੇ ਕੇ ਉਹ ਅਪਣੇ ਮਿਸ਼ਨ ਵਿਚ ਸਫ਼ਲ ਹੋ ਜਾਂਦੇ ਨੇ।

? ਤੁਹਾਨੂੰ ਨਾਟਕ ਕਰਨ ਕਰਾਉਣ ਦੀ ਚੇਟਕ ਕਿਉਂ ਤੇ ਕਿੱਥੋਂ ਲੱਗੀ ਸੀ?

- ਮੈਂ ਬਚਪਨ ਤੋਂ ਸਾਹਿਤ ਨਾਲ ਜੁੜਿਆ ਹੋਇਆ ਹਾਂ। ਸਰਦਾਰ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦਾ ਮੇਰੇ ਉੱਤੇ ਬਹੁਤ ਪ੍ਰਭਾਵ ਸੀ। ਬਚਪਨ ਵਿਚ ਮੈਂ ਈਸ਼ਵਰ ਚੰਦਰ ਨੰਦਾ ਦਾ ਨਾਟਕ 'ਸੁਭੱਦਰਾ' ਵੇਖਿਆ, ਮੁਲਤਾਨ ਜੇਲ੍ਹ ਵਿਚ ਕੈਦੀਆਂ ਨੇ ਕੀਤਾ ਸੀ ਇਹ। ਮੁੰਡਿਆਂ ਨੇ ਹੀ ਕੁੜੀਆਂ ਦਾ ਰੋਲ ਵੀ ਕੀਤਾ। ਇਹ 1937 ਦੀ ਗੱਲ ਹੈ। ਸੱਤ-ਅੱਠ
ਸਾਲ ਦੀ ਉਮਰ ਸੀ ਮੇਰੀ ਉਸ ਵਕਤ। ਮੈਂ ਉਹਦੇ ਤੋਂ ਬਹੁਤ ਪ੍ਰਭਾਵਤ ਹੋਇਆ। ਇਹਦਾ ਗੀਤ ਸੰਗੀਤ ਵੀ ਕੈਦੀਆਂ ਨੇ ਹੀ ਕੰਪੋਜ਼ ਕੀਤਾ ਸੀ। ਸ਼ਾਇਦ ਮੈਨੂੰ ਨਾਟਕ ਚੇਟਕ ਏਥੋਂ ਹੀ ਲੱਗੀ।

? ਲੋਕਾਂ ਨਾਲ ਸਾਂਝ ਪੈਦਾ ਕਰਨ ਲਈ ਜਾਂ ਆਪਣੇ ਵਿਸ਼ਵਾਸ਼ਾਂ ਦਾ ਪ੍ਰਗਟਾਵਾ ਕਰਨ ਲਈ ਤੁਸੀਂ ਨਾਟਕ ਨੂੰ ਹੀ ਕਿਉਂ ਚੁਣਿਆ ਜਦੋਂ ਕਿ ਹੋਰ ਬੜੀਆਂ ਵਿਧਾਵਾਂ ਸਨ?

- ਮੈਂ ਇਹਦਾ ਕੋਈ ਖਾਸ ਕਾਰਨ ਤਾਂ ਨਹੀਂ ਦੱਸ ਸਕਦਾ ਪਰ ਮੈਂ ਏਨਾ ਜਾਣਦਾ ਹਾਂ ਕਿ ਸਾਹਿਤ ਸਿਰਫ਼ ਪੜ੍ਹਨ ਵਾਲੇ ਲੋਕਾਂ ਤੱਕ ਸੀਮਤ ਰਹਿੰਦਾ ਪਰ ਨਾਟਕ ਵਿਸ਼ਾਲ ਲੋਕਾਈ ਤੱਕ ਪਹੁੰਚਦਾ ਹੈ।

ਹਾਂ ਇਕ ਗੱਲ ਦੱਸਦਾਂ। ਸਾਰਿਆਂ ਨਾਲੋਂ ਪਹਿਲੀ ਜਿਹੜੀ ਕਿਤਾਬ ਮੈਨੂੰ ਯਾਦ ਆਉਂਦੀ ਹੈ , ਉਹਦਾ ਨਾਂ ਸੀ 'ਹਾਸੇ ਦੀ ਬਰਖ਼ਾ'। ਉਹ ਐਸ.ਐਸ. ਚਰਨ ਸਿੰਘ ਨੇ ਛਾਪੀ ਸੀ। ਉਹਦੇ ਵਿਚ ਵੱਖ ਵੱਖ ਚੁਟਕਲੇ ਸਨ। ਅਸਲ ਵਿਚ ਉਹ ਚੁਸਤ ਨਾਟਕੀ ਵਾਰਤਾਲਾਪ ਸਨ ਜਿਵੇਂ ਬਰਨਾਡ ਸ਼ਾਅ ਦੇ ਨਾਟਕਾਂ ਵਿਚ ਹੁੰਦੇ ਹਨ। ਮਿਸਾਲ ਦੇ ਤੌਰ 'ਤੇ ਇਕ ਕੰਜੂਸ ਬੰਦੇ ਦੇ ਘਰ ਮਹਿਮਾਨ ਆ ਜਾਂਦੈ। ਉਹ ਆਪਣੀ ਵਹੁਟੀ ਨਾਲ ਸਲਾਹ ਕਰਦੈ ਕਿ ਉਹਨੂੰ ਕਿਵੇਂ ਨਠਾਇਆ ਜਾਵੇ। ਉਹ ਸਕੀਮ ਬਣਾਂਦੇ ਹਨ ਕਿ ਉਹ ਆਪਸ ਵਿਚ ਝੂਠੀ ਮੂਠੀ ਲੜ ਪੈਣਗੇ ਤੇ ਮਹਿਮਾਨ ਉਨ੍ਹਾਂ ਦੀ ਲੜਾਈ ਦੇਖਕੇ ਨੱਠ ਜਾਵੇਗਾ। ਉਹ ਲੜਨ ਦਾ ਨਾਟਕ ਕਰਦੇ ਨੇ ਤੇ ਸਮਝਦੇ ਨੇ ਮਹਿਮਾਨ ਚਲਾ ਗਿਆ ਹੈ, ਫੇਰ ਹੇਠ ਲਿਖੀ ਵਾਰਤਾਲਾਪ ਹੁੰਦੀ ਹੈ-

ਘਰਵਾਲਾ- ਦੇਖ ਯਾਰ ਦੀਆਂ ਬਾਤਾਂ, ਮਾਰੀਆਂ ਖੰਭੀ ਨੂੰ ਛਾਂਟਾ, ਮਾਰਿਆ ਮੈਂ ਵੀ ਨਹੀਂ।

ਘਰਵਾਲੀ- 'ਦੇਖ ਮੇਰੀ ਚਤੁਰਾਈ, ਸੁੱਕੇ ਸੰਘ ਅੜਾਈ, ਰੋਈ ਮੈਂ ਵੀ ਨਹੀਂ।'ਤਾਂ ਮਹਿਮਾਨ ਦੀ ਆਵਾਜ਼ ਆਂਦੀ ਹੈ-

'ਵੇਖ ਯਾਰ ਦਾ ਬੁੱਤਾ, ਰਿਹਾ ਖੁਰਲੀ ਵਿਚ ਸੁੱਤਾ, ਗਿਆ ਮੈਂ ਵੀ ਨਹੀਂ।

ਇਸ ਤਰ੍ਹਾਂ ਦਾ ਇਕ ਹੋਰ -

ਮੋਟਾ ਬੰਦਾ ਪਤਲੇ ਨੂੰ-ਓਏ ਤੈਨੂੰ ਦੇਖਕੇ ਇੰਜ ਲਗਦੈ ਜਿਵੇਂ ਤੂੰ ਕਾਲ ਦਾ ਮਾਰਿਆ ਹੋਵੇਂ।

ਪਤਲਾ ਬੰਦਾ- ਤੇ ਤੁਹਾਨੂੰ ਦੇਖਕੇ ਇੰਜ ਲਗਦੈ ਕਿ ਸਭ ਕੁਝ ਖਾ ਕੇ, ਕਾਲ ਤੁਸੀਂ ਹੀ ਪਾਇਆ ਹੈ।

ਇਹ ਕਿਤਾਬ ਮੈਂ 7-8 ਸਾਲ ਦੀ ਉਮਰ ਵਿਚ ਪੜ੍ਹੀ ਸੀ। ਇਸ ਤਰ੍ਹਾਂ ਸ਼ੁਰੂ ਤੋਂ ਹੀ ਮੈਂ ਮਹਿਸੂਸ ਕੀਤਾ ਕਿ ਆਪਣੀ ਗੱਲ ਕਹਿਣ ਲਈ ਨਾਟਕ ਇਕ ਦਿਲਚਸਪ ਵਿਧਾ ਹੈ, ਸ਼ਾਇਦ ਇਹ ਸੋਚ ਮੈਨੂੰ ਉਥੋਂ ਆਈ।

### ਪਹਿਲੀ ਬਗਾਵਤ

? ਆਪਣੇ ਹਾਣੀਆਂ ਮਿੱਤਰਾਂ ਨਾਲ ਤੁਹਾਡੀ ਕਿਵੇਂ ਨਿਭਦੀ ਸੀ?

- ਬਹੁਤ ਚੰਗੀ ਨਿਭਦੀ ਸੀ। ਅਸਲ ਵਿਚ ਮੇਰੇ ਮਿੱਤਰ ਵੀ ਮੇਰੇ ਵਰਗੇ ਹੀ ਸਨ। ਮੇਰੀ ਸੋਚ ਬਨਾਉਣ ਵਿਚ ਮੇਰੇ ਮਿੱਤਰਾਂ ਦੀ ਖਾਸੀ ਭੂਮਿਕਾ ਰਹੀ ਹੈ।

ਸਕੂਲੀ ਜੀਵਨ ਵਿਚ ਹੀ ਜ਼ਿੰਦਗੀ ਦੇ ਸਫ਼ਰ ਵਿਚ ਅਸੀਂ ਕੁਝ ਮਿੱਤਰਾਂ ਨੇ ਪਹਿਲੀ ਬਗਾਵਤ ਕੀਤੀ। ਇਹ 1944, 7 ਨਵੰਬਰ ਦਾ ਦਿਨ ਸੀ। ਖਾਲਸਾ ਸਕੂਲ ਅੰਮ੍ਰਿਤਸਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਪੂਰਬ ਮਨਾਇਆ ਜਾ ਰਿਹਾ ਸੀ। ਦੀਵਾਨ ਸਮਾਪਤ ਹੋਇਆ। ਲੰਗਰ ਲਈ ਕਤਾਰਾਂ ਲੱਗ ਗਈਆਂ ਪਰ ਖਾਲਸਾ ਕਾਲਜ ਦੇ ਸਫਾਈ ਕਰਮਚਾਰੀਆਂ ਅਤੇ ਵਿਹੜਿਆਂ 'ਚੋਂ ਪੜ੍ਹਨ ਆਉਂਦੇ ਬੱਚਿਆਂ ਲਈ ਵੱਖਰੀ ਪੰਗਤ ਬਣਾਈ ਗਈ। ਸਾਡੀ ਹਾਕੀ ਟੀਮ ਦੇ ਦੋ ਖਿਡਾਰੀਆਂ ਸ਼ਿੰਗਾਰੇ ਤੇ ਕੈਲੇ ਨੇ ਵੱਖਰੀ ਪੰਗਤ ਵਿਚ ਬੈਠਣ ਤੋਂ ਇਨਕਾਰ ਕਰ ਦਿੱਤਾ। ਮੈਂ ਤੇ ਮੇਰੇ ਹੋਰ ਕੁਝ ਸਾਥੀਆਂ ਨੇ ਸ਼ਿੰਗਾਰੇ ਤੇ ਕੈਲੇ ਦੀ ਹਮਾਇਤ ਕੀਤੀ। ਅਸੀਂ ਸ਼ਾਮ ਨੂੰ ਇਨ੍ਹਾਂ ਸਾਥੀਆਂ ਦੇ ਵਿਹੜੇ (ਠੱਠੀਆਂ) ਵਿਚ ਜਾ ਕੇ ਲੰਗਰ ਛਕਿਆ। ਇਹ ਸਪਿਰਟ ਸਾਡੇ ਵਿਚ ਖੇਡ ਦੇ ਮੈਦਾਨ ਵਿਚ ਇਕਠਿਆਂ ਵਿਚਰਦਿਆਂ ਪੈਦਾ ਹੋਈ ਸੀ।

ਇੱਕਠੇ ਖੇਡਣਾ, ਇੱਕਠੇ ਖਾਣਾ ਪੀਣਾ ਅਤੇ ਹਰ ਕੰਮ ਵਿਚ ਇੱਕਠੇ ਰਹਿਣਾ ਇਹ ਸਾਨੂੰ ਖੇਡਾਂ ਨੇ ਸਿਖਾਇਆ। ਖੇਡ ਦੇ ਮੈਦਾਨ ਵਿਚ ਹਿੰਦੂ, ਮੁਸਲਿਮ, ਸਿੱਖ ਤੇ ਵੱਖ ਵੱਖ ਜਾਤਾਂ ਦੇ ਬੱਚੇ ਜਿਵੇਂ ਆਪੋ ਵਿਚ ਮਿਲ ਕੇ ਖੇਡਦੇ ਸਨ ਇਹ ਸਾਡੇ ਲਈ ਬੜੀ ਵੱਡੀ ਪ੍ਰੇਰਣਾ ਸੀ। ਸੈਕੂਲਰਿਜ਼ਮ ਲਈ ਖੇਡ ਦਾ ਮੈਦਾਨ ਬਹੁਤ ਵੱਡਾ ਸਬਕ ਸੀ। ਪੰਜਾਬ 'ਚ ਨਾਟਕ ਦੇ ਖੇਤਰ ਵਿਚ ਕੰਮ ਕਰ ਰਹੀਆਂ ਟੀਮਾਂ ਵਿਚਾਲੇ ਆਪਸੀ ਸਾਂਝ ਬਨਾਉਣ ਦੀ ਮੇਰੀ ਸੋਚ ਦੀ ਜ਼ਮੀਨ ਖੇਡ ਦੇ ਮੈਦਾਨ ਦੀ ਹੀ ਦੇਣ ਹੈ। ਅੱਜ ਦੀ ਜੇ ਗੱਲ ਕਰਨੀ ਹੋਵੇ ਤਾਂ ਨੌਜਵਾਨਾਂ ਵਿਚ ਨਸ਼ਿਆਂ ਦੇ ਰੁਝਾਨ ਨੂੰ ਰੋਕਣ ਲਈ ਖੇਡ ਦਾ ਮੈਦਾਨ ਹੀ ਸਭ ਤੋਂ ਵੱਡਾ ਇਲਾਜ ਹੈ।

ਮੈਂ ਸਦਾ ਹੀ ਆਪਣੇ ਇਨ੍ਹਾਂ ਮਿੱਤਰਾਂ ਨੂੰ ਮੁਹੱਬਤ ਅਤੇ ਦੋਸਤੀ ਦਾ ਗਹਿਰਾ ਅਹਿਸਾਸ ਦਿੰਦਾ ਰਿਹਾ। ਸਾਰਿਆਂ ਨੂੰ ਇਕ ਨਜ਼ਰ ਨਾਲ ਦੇਖਣ ਦੀ ਦ੍ਰਿਸ਼ਟੀ ਸਾਡੇ ਪ੍ਰੋ. ਸਾਹਿਬ ਸਿੰਘ ਹੋਰਾਂ ਦੀ ਦੇਣ ਸੀ। ਪ੍ਰੋ. ਸਾਹਿਬ ਸਿੰਘ ਦੇ ਬਰਾਬਰੀ ਵਾਲੇ ਨਜ਼ਰੀਏ ਨੂੰ ਮੈਂ ਅੱਗੋਂ ਅਪਣੇ ਮਿੱਤਰਾਂ ਵਿਚ ਵਿਚਾਰਦਾ। ਖਾਲਸਾ ਕਾਲਜ ਵਿਚ ਸਿੱਖੀ ਦੀਆਂ ਧਾਰਾਵਾਂ ਉਤੇ ਬਹਿਸ ਚੱਲਦੀ ਸੀ, ਇਕ ਸੀ ਪ੍ਰਿੰਸੀਪਲ ਜੋਧ ਸਿੰਘ ਦੀ, ਜਿਨ੍ਹਾਂ ਦਾ ਵਿਚਾਰ ਸੀ ਕਿ ਧਰਮ ਸ਼ਰਧਾ ਉਤੇ ਟਿਕਿਆ ਹੁੰਦਾ ਹੈ ਜਦਕਿ ਪ੍ਰੋ. ਸਾਹਿਬ ਸਿੰਘ ਮੰਨਦੇ ਸਨ ਕਿ ਧਰਮ ਰੀਜ਼ਨ ਉਤੇ ਚੱਲਦਾ ਹੈ। ਉਹ ਬਾਬਾ ਨਾਨਕ ਨੂੰ ਇਕ ਮਿਸ਼ਨਰੀ ਸਮਝਦੇ ਸਨ। ਅੱਜ ਮੈਂ ਸੋਚਦਾ ਹਾਂ ਕਿ ਮੇਰੇ ਨਾਟਕ 'ਨਵਾਂ ਜਨਮ' 'ਦਾਸਤਾਨ ਦਿੱਤੂ ਸਿੰਘ' ਤੇ 'ਸਰਪੰਚਣੀ' ਇਸੇ ਸੋਚ ਵਿਚੋਂ ਨਿਕਲੇ ਹਨ ਕਿ ਅਸੀਂ ਸਭ ਬਰਾਬਰ ਹਾਂ। ਜਾਤ-ਪਾਤ ਦਾ ਕੋਈ ਮਤਲਬ ਨਹੀਂ। ਇਹ ਸਾਰਾ ਕੁਝ ਮੈਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੋਂ ਸਿੱਖਦਾ ਹਾਂ। ਖਾਲਸਾ ਸਕੂਲ ਕਾਲਜ 'ਚ ਪੜ੍ਹਦਿਆਂ ਧਾਰਮਕ ਪੀਰੀਅਡ ਲਾਉਂਦਿਆਂ ਇਹ ਚੇਤਨਾ ਜਾਗੀ ਕਿ ਗੁਰੂ ਨਾਨਕ ਦੀ ਵਿਚਾਰਧਾਰਾ ਨੂੰ ਅੱਗੇ ਤੋਰਦਿਆਂ ਗੁਰੂ ਗੋਬਿੰਦ ਸਿੰਘ ਨੇ ਊਚ ਨੀਚ ਦਾ ਫਰਕ ਖਤਮ ਕਰ ਦਿੱਤਾ। ਇਹ ਸ਼ਾਇਦ ਉਸ ਸਾਖੀ ਦਾ ਅਸਰ ਹੈ ਜਿਸ ਵਿਚ ਇਕੋ ਪਿਆਲੇ 'ਚੋਂ ਅੰਮ੍ਰਿਤ ਛਕਣ ਦੀ ਗੱਲ ਆਉਂਦੀ ਹੈ।

ਮੇਰੀ ਮਾਰਕਸਵਾਦ ਵੱਲ ਵਚਨਬੱਧਤਾ ਵੀ ਖਾਲਸਾ ਕਾਲਜ ਦੇ ਗੁਰਦੁਆਰਾ ਸਾਹਿਬ ਵਿਚ ਪ੍ਰੋ. ਸਾਹਿਬ ਸਿੰਘ ਹੋਰਾਂ ਵੱਲੋਂ ਗੁਰਬਾਣੀ ਦੀਆਂ ਤੁਕਾਂ ਦੀ ਵਿਆਖਿਆ ਵਿਚੋਂ ਹੀ ਜਨਮ ਲੈਂਦੀ ਹੈ। ਗੁਰੂ ਨਾਨਕ ਜਿਵੇਂ ਭਾਈ ਲਾਲੋ ਨੂੰ ਮੁਖਾਤਬ ਹੁੰਦੇ ਨੇ ਮੈਂ ਵੀ ਸਾਰੀ ਉਮਰ ਭਾਈ ਲਾਲੋਆਂ ਨੂੰ ਹੀ ਸੰਬੋਧਤ ਰਿਹਾ ਹਾਂ। ਮੇਰੀ ਸਿਆਸੀ ਪ੍ਰਤੀਬੱਧਤਾ ਵਿਚ ਵਿਗਿਆਨ ਮਾਰਕਸਵਾਦ ਵੱਲੋਂ ਆਈ ਹੈ ਪਰ ਪ੍ਰੇਰਣਾ ਮੈਨੂੰ ਗੁਰੂ ਨਾਨਕ ਤੋਂ ਹੀ ਮਿਲੀ ਹੈ। ਦਰਅਸਲ, ਮੇਰੇ ਕਿਰਦਾਰ ਵਿਚ ਇਕ ਵਿਸ਼ੇਸ਼ਤਾ ਹੈ ਜਿਹਦੇ ਉਤੇ ਮੈਨੂੰ ਨਿਮਾਣਾ ਜਿਹਾ ਮਾਣ ਵੀ ਹੈ ਕਿ ਮੈਂ ਕਦੇ ਸੁਆਰਥ ਦੀ ਗੱਲ ਨਹੀਂ ਕੀਤੀ। ਮਤਲਬ ਆਪਣੇ ਫਾਇਦੇ ਲਈ ਕਿਸੇ ਦਾ ਨੁਕਸਾਨ ਨਹੀਂ ਕੀਤਾ। ਇਸੇ ਲਈ ਮੇਰੀ ਮੇਰੇ ਮਿੱਤਰਾਂ ਹਾਣੀਆਂ ਨਾਲ ਹੁਣ ਤੱਕ ਚੰਗੀ ਨਿਭਦੀ ਆਈ ਹੈ।

### ਬਾਲ ਵਰੇਸੇ

? ਪੜ੍ਹਨ ਵਿਚ ਕਿਹੋ ਜਹੇ ਸੀ ਤੁਸੀਂ। ਕਿਹੜੀਆਂ ਕਿਤਾਬਾਂ ਨਾਲ ਬੇਹੱਦ ਪਿਆਰ ਹੁੰਦਾ ਸੀ?

- ਮੈਂ ਪੜ੍ਹਨ ਵਿਚ ਹੁਸ਼ਿਆਰ ਸਾਂ। ਜਮਾਤ ਵਿਚ ਪੁਜੀਸ਼ਨ ਲੈਂਦਾ ਸਾਂ। ਨਾਨਕ ਸਿੰਘ ਹੁਰਾਂ ਦੇ ਨਾਵਲ ਅੱਛੇ ਲਗਦੇ ਸਨ। ਦਰਸ਼ਨ ਸਿੰਘ ਅਵਾਰਾ ਦੀਆਂ ਕਵਿਤਾਵਾਂ 'ਰੱਬ ਬੰਦੇ ਨੂੰ, ਬੰਦਾ ਰੱਬ ਨੂੰ' ਮੇਰੀਆਂ ਪਹਿਲੀਆਂ ਯਾਦ ਹੋਈਆਂ ਕਵਿਤਾਵਾਂ ਨੇ।

? ਕੁਦਰਤਨ ਹਰ ਜਵਾਨ ਦਿਲ ਵਿਚ ਮੁਹੱਬਤ ਦੀਆਂ ਕੋਪਲਾਂ ਫੁਟੱਦੀਆਂ ਹਨ, ਗਭਰੇਟ ਉਮਰੇ ਤੁਹਾਡਾ ਦਿਲ ਵੀ ਕਿਸੇ ਲਈ ਧੜਕਿਆ ਹੋਵੇਗਾ?

- ਬਹੁਤ ਹੋਰ ਕੰਮ ਸਨ, ਜ਼ਿੰਦਗੀ ਵਿਚ। ਉਂਜ ਵੀ ਮੈਂ ਸੈਲਫ਼ ਡਸਿਪਲਿਨ ਵਿਚ ਰਹਿਣ ਵਾਲਾ ਬੰਦਾ ਹਾਂ।

? ਤੁਸੀਂ ਸਦਾ ਹੀ ਪੰਜਾਬੀ ਲੋਕ ਜੀਵਨ ਦੀਆਂ ਮੂਹਰਲੀਆਂ ਕਤਾਰਾਂ ਵਿਚ ਰਹੇ ਹੋ। ਕਿਹੜੀ ਐਸੀ ਤਹਿਰੀਕ ਸੀ ਜਿਸ ਵਿਚ ਤੁਸੀਂ ਪਹਿਲੀ ਵਾਰ ਹਿੱਸਾ ਲਿਆ ਸੀ?

- ਪਹਿਲੀ ਤਹਿਰੀਕ ਜਿਸ ਵਿਚ ਮੈਂ ਹਿੱਸਾ ਲਿਆ, ਉਹ ਇਪਟਾ ਹੀ ਸੀ- (ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ) ਇਸ ਨਾਲ ਮੈਂ 1943 ਵਿਚ ਜੁੜ ਗਿਆ। ਖੁਦ ਨਾਟਕ ਨਹੀਂ ਕੀਤਾ ਪਰ ਸ਼ੌਅ ਆਰਗੇਨਾਈਜ਼ ਕਰਨ ਵਿਚ ਹਿੱਸਾ ਪਾਉਂਦਾ ਰਿਹਾ। ਜਦੋਂ 1943 ਵਿਚ ਬੰਗਾਲ ਦਾ ਕਾਲ ਪਿਆ ਤਾਂ ਭਰਾ ਇੰਦਰਜੀਤ ਜੋ ਹੁਣ ਡੈਂਟਲ ਡਾਕਟਰ ਬਣਨ ਦੀ ਪੜ੍ਹਾਈ ਕਰ ਰਹੇ ਸਨ, ਪੰਜਾਬ ਤੋਂ ਡਾਕਟਰਾਂ ਦਾ ਰਾਹਤ ਮਿਸ਼ਨ ਲੈ ਕੇ ਬੰਗਾਲ ਗਏ। ਉਨ੍ਹਾਂ ਦੇ ਰਾਹੀਂ ਉੱਥੇ ਹੁੰਦੀਆਂ ਇਪਟਾ ਦੀਆਂ ਗਤੀਵਿਧੀਆਂ ਬਾਰੇ ਪਤਾ ਲੱਗਾ।

MILLCREEK CLEANERS

We Specialize In:
- Designer Labels
- Weding Gowns
- Fancing Clothing
- Punjabi Suits
- Downfills Silks Wools
- Laundered Shirts
- Alterations

4022 – 50 Street
By Pizza Hut and Marry Browns
780-450-0627
Over 30 Years Combined Experience
Monday - Friday: 7:30am – 6:30pm
Saturday: 9:00 am – 5:00pm
Visit us online at www.millcreekcleaners.com

Get $10 of free drycleaning
with a minimum of $50.00 of drycleaning
please present this coupon when you drop off your clothing
only one coupon valid per visit

Get $5 of free drycleaning
with a minimum of $25.00 of drycleaning
please present this coupon when you drop off your clothing
only one coupon valid per visit

1944 ਵਿਚ ਪੰਦਰਾਂ ਸਾਲਾਂ ਦੀ ਉਮਰ ਵਿਚ ਮੈਂ ਕਮਿਊਨਿਸਟ ਪਾਰਟੀ ਦਾ ਕਾਰਡ ਹੋਲਡਰ ਸਾਂ। 1971 ਤੱਕ ਪਾਰਟੀ ਨੇ ਮੈਨੂੰ ਜੋ ਵੀ ਕੰਮ ਦਿੱਤਾ, ਉਹ ਮੈਂ ਨਿਭਾਇਆ।

? ਤੁਸੀਂ ਬਹੁਤੇ ਨਾਟਕ ਆਪ ਹੀ ਲਿਖਕੇ ਖੇਡਦੇ ਹੋ। ਯਾਦ ਹੈ ਤੁਸੀਂ ਸਭ ਤੋਂ ਪਹਿਲਾ ਨਾਟਕ ਕਿਹੜਾ ਲਿਖਿਆ ਤੇ ਖੇਡਿਆ ਸੀ?

– ਸਾਰਿਆਂ ਨਾਲੋਂ ਪਹਿਲਾ ਨਾਟਕ ਮੈਂ 'ਲੋਹੜੀ ਦੀ ਹੜਤਾਲ' 1954 ਵਿਚ ਲਿਖਿਆ ਸੀ। ਇਹ ਡਰਾਮਾ ਨੰਗਲ ਵਿਚ ਖੇਡਿਆ ਗਿਆ ਪਰ ਮੈਂ ਆਪ ਇਹਦੇ ਵਿਚ ਨਹੀਂ ਸਾਂ। ਸਟੇਜ 'ਤੇ ਮੈਂ 'ਦੀਵਾ ਬੁਝ ਗਿਆ' ਵਿਚ ਹੀ ਪਹਿਲੀ ਵਾਰ ਆਇਆ।

? ਤੁਸੀਂ ਅਪਣੇ ਨਾਟਕਾਂ ਨੂੰ ਡਿਜ਼ਾਈਨ ਕਿਵੇਂ ਕਰਦੇ ਓ?

– ਮੈਂ ਅਪਣੇ ਆਪ ਤੋਂ ਪੁੱਛਦਾ ਹਾਂ ਕਿ ਮੈਂ ਚਾਹੁੰਦਾ ਕੀ ਹਾਂ? ਮੈਂ ਕਿਨ੍ਹਾਂ ਨੂੰ ਸੰਬੋਧਨ ਹੋਣਾ ਹੈ? ਮੇਰੇ ਕੋਲ ਸਾਧਨ ਕੀ ਹਨ? ਤੇ ਮੈਂ ਅਪਣੀ ਗੱਲ ਕਿਸ ਤਰ੍ਹਾਂ ਕਰਾਂ ਕਿ ਜਿਨ੍ਹਾਂ ਨੂੰ ਸਮਝਾਉਣੀ ਚਾਹੁੰਦਾ ਹਾਂ, ਉਨ੍ਹਾਂ ਨੂੰ ਮੇਰੀ ਗੱਲ ਸਮਝ ਆ ਜਾਏ, ਸਿਰ ਤੋਂ ਨਾ ਲੰਘ ਜਾਏ। ਮੈਂ ਐਕਸਪੈਰੀਮੈਂਟ ਦੇ ਨਾਂ 'ਤੇ ਨਾਟਕ ਕਲਾ ਦੀ ਕਦਰ ਘਟਾਈ ਨਹੀਂ ਕਰ ਸਕਦਾ। ਬਹੁਤ ਲੋਕ ਐਕਸਪੈਰੀਮੈਂਟ ਕਰਦੇ ਹਨ ਜੋ ਮੈਨੂੰ ਪਸੰਦ ਨਹੀਂ। ਮਿਸਾਲ ਦੇ ਤੌਰ 'ਤੇ 27 ਮਾਰਚ 2008 ਨੂੰ ਅੰਮ੍ਰਿਤਸਰ ਵਿਚ ਥੀਏਟਰ ਡੇ ਮਨਾਇਆ ਗਿਆ। ਜਿਵੇਂ ਕਿ ਰਿਵਾਜ਼ ਹੁੰਦਾ ਹੈ ਕਿ ਫੋਕ ਥੀਏਟਰ ਦੀ ਵੰਨਗੀ ਪੇਸ਼ ਹੋਣੀ ਚਾਹੀਦੀ ਹੈ। ਫੋਕ ਥੀਏਟਰ ਦੇ ਨਾਂ 'ਤੇ ਰਾਸ ਲੀਲਾ ਸ਼ੈਲੀ ਵਿਚ ਇਕ ਨਾਟਕ ਦਿਖਾਇਆ ਗਿਆ। ਨਾਟਕ ਵਿਚ ਮੁੰਡਿਆਂ ਨੂੰ ਕੁੜੀਆਂ ਬਣਾਇਆ ਗਿਆ ਸੀ। ਮੈਂ ਸਮਝਦਾ ਹਾਂ ਇਹ ਨਾਟਕ ਦੀ ਕਦਰ ਘਟਾਈ ਹੈ।

ਠੀਕ ਹੈ ਫੋਕ ਥੀਏਟਰ ਨੂੰ ਕਾਇਮ ਰੱਖਣਾ ਜ਼ਰੂਰੀ ਹੈ ਪਰ ਫੋਕ ਥੀਏਟਰ ਨੂੰ ਅਕਲ ਵੀ ਤਾਂ ਦੇਣੀ ਚਾਹੀਦੀ ਹੈ। ਅਸੀਂ ਲੋਕਾਂ ਨੂੰ ਸਿਆਣੇ ਬਣਾਉਣਾ ਹੈ ਪਿੱਛੇ ਤਾਂ ਨਹੀਂ ਲੈ ਕੇ ਜਾਣਾ। ਅਸਲ ਵਿਚ ਕਈ ਵਾਰ ਵਿਰਸੇ ਦੇ ਨਾਂ 'ਤੇ ਹੀ ਬਹੁਤ ਕੁਝ ਗਲਤ ਹੋਈ ਜਾਂਦਾ ਹੈ। ਵਿਰਸੇ ਵਿਚੋਂ ਉਹ ਚੀਜ਼ਾਂ ਲਈਆਂ ਜਾਣੀਆਂ ਚਾਹੀਦੀਆਂ ਹਨ ਜੋ ਅੱਜ ਦੇ ਵਿਗਿਆਨਕ ਯੁੱਗ ਵਿਚ ਅਰਥ ਰੱਖਦੀਆਂ ਹੋਣ।

## ਕਾਲ੍ਹੇ ਦਿਨ

? ਕਾਲੇ ਦਿਨਾਂ ਦੌਰਾਨ ਤੁਹਾਨੂੰ ਅੰਮ੍ਰਿਤਸਰ ਛੱਡ ਕੇ ਚੰਡੀਗੜ੍ਹ ਆਉਣਾ ਪਿਆ, ਤੁਹਾਡੇ ਲਈ ਕਿਹੋ ਜਿਹੇ ਸਨ ਉਹ ਦਿਨ?

– ਅੰਮ੍ਰਿਤਸਰ ਛੱਡਣ ਦਾ ਮੈਨੂੰ ਬਹੁਤ ਗਮ ਰਿਹਾ। ਮੈਂ ਉਹਨੀਂ ਦਿਨੀਂ ਤੜਪ ਰਿਹਾ ਸੀ। ਪ੍ਰੀਤ ਲੜੀ ਵਾਲਾ ਸੁਮੀਤ ਮਾਰਿਆ ਗਿਆ। ਮੈਨੂੰ ਲੱਗਾ ਮੇਰਾ ਅਪਣਾ ਪੁੱਤ ਮਾਰਿਆ ਗਿਆ ਹੈ। ਮੇਰਾ ਚੰਡੀਗੜ੍ਹ ਆਉਣਾ ਪੰਜਾਬ ਸੰਤਾਪ ਨਾਲ ਹੀ ਜੁੜਿਆ ਹੋਇਆ ਹੈ। ਮੈਨੂੰ ਕਿਸੇ ਨੇ ਕੋਈ ਸਿੱਧੀ ਧਮਕੀ ਤਾਂ ਨਹੀਂ ਦਿੱਤੀ ਪਰ ਦੋਸਤ ਮਿੱਤਰ ਮੈਨੂੰ ਚੌਕਸ ਕਰਦੇ ਰਹੇ। ਕਹਿੰਦੇ ਰਹੇ ਕਿ ਇੱਥੇ ਹੁਣ ਕੋਈ ਸੁਰੱਖਿਆ ਨਹੀਂ।

ਖਾਲਸਾ ਕਾਲਜ ਦੇ ਇਕ ਪ੍ਰੋਫੈਸਰ, ਭਿੰਡਰਾਂਵਾਲੇ ਨਾਲ ਰਾਬਤਾ ਰੱਖਦੇ ਸਨ। ਉਹ ਇਕ ਵਾਰੀ ਕਹਿਣ ਲੱਗੇ, 'ਤੁਹਾਡੀਆਂ ਸਰਗਰਮੀਆਂ ਨੂੰ ਸੰਤ ਪਸੰਦ ਨਹੀਂ ਕਰਦੇ।' ਭਿੰਡਰਾਂਵਾਲਾ ਦਾ ਸੱਜਾ ਹੱਥ ਅਮਰੀਕ ਸਿੰਘ ਖਾਲਸਾ ਕਾਲਜ ਵੇਲੇ ਤੋਂ ਮੇਰੇ ਨੇੜੇ ਸੀ ਉਹਦੇ ਨਾਲ ਕਿਸੇ ਵੇਲੇ ਮੇਰੀ ਨਿੰਜੀ ਮੁਹੱਬਤ ਵੀ ਰਹੀ। ਉਹਨੇ ਜਾਂ ਕਿਸੇ ਹੋਰ ਨੇ ਵੀ ਕਦੇ ਮੈਨੂੰ ਸਿੱਧਿਆਂ ਕੁਝ ਨਹੀਂ ਕਿਹਾ।

ਚੰਡੀਗੜ੍ਹ ਆਉਣ ਦਾ ਮੇਰਾ ਇਕ ਕਾਰਨ ਇਹ ਵੀ ਸੀ ਕਿ ਵੱਡੀ ਬੇਟੀ ਨਵਸ਼ਰਨ ਦਿੱਲੀ ਚਲੀ ਗਈ ਸੀ ਤੇ ਛੋਟੀ ਅਰੀਤ ਚੰਡੀਗੜ੍ਹ। ਦੋਵੇਂ ਬੇਟੀਆਂ ਜ਼ੋਰ ਪਾ ਰਹੀਆਂ ਸਨ ਕਿ ਤੁਸੀਂ ਅੰਮ੍ਰਿਤਸਰ 'ਕੱਲੇ ਨਾ ਰਹੋ। ਇਨ੍ਹੀਂ ਦਿਨੀਂ ਹੀ ਫਿਰੋਜ਼ਪੁਰ ਨੇੜੇ ਫਿਰੋਜ਼ਸ਼ਾਹ ਵਿਖੇ ਦੂਰਦਰਸ਼ਨ ਦੇ ਲੜੀਵਾਰ ਭਾਈ ਮੰਨਾ ਸਿੰਘ ਦੀ ਸ਼ੂਟਿੰਗ ਚੱਲ ਰਹੀ ਸੀ। ਉਦੋਂ ਬੱਚਿਆਂ ਦੇ ਮਾਸੜ ਜੀ ਮੇਜਰ ਜਨਰਲ ਸਨ। ਉਨ੍ਹਾਂ ਬੱਚਿਆਂ ਨੂੰ ਕਿਹਾ ਕਿ ਖ਼ਬਰਾਂ ਕੁਝ ਚੰਗੀਆਂ ਨਹੀਂ ਮਿਲ ਰਹੀਆਂ, ਤੁਸੀਂ ਹੁਣ ਪਾਪਾ ਨੂੰ ਅੰਮ੍ਰਿਤਸਰ ਨਾ ਜਾਣ ਦੇਣਾ। ਦੂਸਰੀ ਗੱਲ, ਅੰਮ੍ਰਿਤਸਰ ਵਿਚ ਮੇਰਾ ਬਹੁਤਾ ਕੰਮ ਨਾਟਕ ਖੇਤਰ ਵਿਚ ਹੀ ਸੀ ਤੇ ਅੰਮ੍ਰਿਤਸਰ ਦੇ ਅਵਾਮ ਨਾਲ ਖਾਸ ਤੌਰ 'ਤੇ ਮਜ਼ਦੂਰਾਂ ਆਦਿ ਨਾਲ ਮੇਰਾ ਕੋਈ ਸਿੱਧਾ ਸਬੰਧ ਨਹੀਂ ਸੀ। ਮੈਂ ਅੰਮ੍ਰਿਤਸਰ ਜੋ ਵੀ ਕਰਦਾ ਸਾਂ ਉਹ ਕਾਮਰੇਡ ਸੱਤਪਾਲ ਅਤੇ ਬਿਮਲਾ ਡਾਂਗ ਨਾਲ ਗੱਲ ਕਰਕੇ ਕਰਦਾ ਸਾਂ। ਉਥੇ ਨਕਸਲੀ ਦੇ ਤੌਰ 'ਤੇ ਮੇਰੀ ਕੋਈ ਪਛਾਣ ਨਹੀਂ ਸੀ ਨਾ ਹੀ ਮੈਂ ਕਿਸੇ ਜਥੇਬੰਦੀ ਦਾ ਅਹੁਦੇਦਾਰ ਜਾਂ ਨੀਤੀਵਾਹਕ ਰਿਹਾ ਸਾਂ। ਉਦੋਂ ਤੱਕ ਮੇਰਾ ਸਮੁੱਚਾ ਪ੍ਰਭਾਵ ਪ੍ਰਗਤੀਸ਼ੀਲ ਕਲਾਕਾਰ ਦਾ ਹੀ ਸੀ। ਮੇਰੀ ਪੁਜੀਸ਼ਨ ਬੜੀ ਅਜੀਬ ਰਹੀ ਹੈ। ਅੰਮ੍ਰਿਤਸਰ ਵਿਚ ਮੇਰੇ ਜਿੰਨੇ ਵੀ ਸਾਥੀ ਸਨ ਉਹ ਸੀ.ਪੀ.ਆਈ ਵਾਲੇ ਕਾਮਰੇਡ ਸਨ ਜਦਕਿ ਨੰਗਲ ਰਹਿੰਦਿਆਂ ਮੇਰੀ ਦੋਸਤੀ ਸੀ.ਪੀ.ਐਮ ਵਾਲਿਆਂ ਨਾਲ ਰਹੀ। ਮੈਂ ਕਿਸੇ ਵੀ ਪਾਰਟੀ ਵਿਚ ਨਾ ਹੁੰਦਿਆਂ ਹੋਇਆਂ ਵੀ ਕਮਿਊਨਿਸਟ ਹੀ ਸਾਂ। ਇਨ੍ਹਾਂ ਹਾਲਤਾਂ ਵਿਚ ਮੈਂ 1989 ਵਿਚ ਅੰਮ੍ਰਿਤਸਰ ਤੋਂ ਕੁਝ ਸਮੇਂ ਲਈ ਦਿੱਲੀ ਗਿਆ ਤੇ ਫੇਰ ਪੱਕੇ ਤੌਰ 'ਤੇ ਚੰਡੀਗੜ੍ਹ ਆ ਗਿਆ।

ਇਕ ਦਿਲਚਸਪ ਗੱਲ ਸੁਣਾਵਾਂ। ਮੈਂ ਅਮਰੀਕਾ ਸਾਂ। ਹਰਸ਼ਰਨ ਧੀਦੋਂ ਦੇ ਫਾਰਮ 'ਤੇ। ਉਥੇ ਮੈਨੂੰ ਟੈਲੀ ਸਕੋਪ ਪਿਸਟਲ ਦੀ ਡੈਮੋਸਟਰੇਸ਼ਨ ਦਿਖਾਈ ਗਈ। ਉਹਦੇ ਵਿਚ ਮੈਂ ਦੇਖ ਰਿਹਾ ਸੀ ਕਿ ਸੌ ਗਜ਼ ਦੂਰ ਖੜਾ ਬੰਦਾ ਵੀ ਬਿਲਕੁਲ ਸਾਹਮਣੇ ਖੜਾ ਦਿਖਾਈ ਦੇ ਰਿਹਾ ਸੀ। ਮੈਨੂੰ ਖ਼ਿਆਲ ਆਇਆ ਮੈਂ ਕਿਧਰੇ ਡਰਾਮਾ ਕਰਦਾ ਹੋਵਾਂ ਤੇ ਪ੍ਰਬੰਧਕਾਂ ਨੇ ਮੇਰੀ ਸੁਰੱਖਿਆ ਦਾ ਵੀ ਪੂਰਾ ਇੰਤਜ਼ਾਮ ਕੀਤਾ ਹੋਵੇ ਪਰ ਇਸ ਤਰ੍ਹਾਂ ਦੀ ਟੈਲੀਸਕੋਪ ਪਿਸਟਲ ਨਾਲ ਮੇਰੇ 'ਤੇ ਦੂਰੋਂ ਵੀ ਤਾਂ ਹਮਲਾ ਹੋ ਸਕਦਾ ਹੈ। ਮੈਨੂੰ ਮਹਿਸੂਸ ਹੋ ਰਿਹਾ ਸੀ ਕਿ ਮੈਨੂੰ ਕਿਸੇ ਵੇਲੇ ਵੀ ਨਿਸ਼ਾਨਾ ਬਣਾਇਆ ਜਾ ਸਕਦਾ ਹੈ। ਪਰ ਫੇਰ ਮੈਨੂੰ ਖ਼ਿਆਲ ਆਇਆ ਕਿ ਜਿੱਥੇ ਹੋਰ ਮਰਦੇ ਹਨ ਅਸੀਂ ਵੀ ਮਰ ਜਾਵਾਂਗੇ। ਕੰਮ ਤਾਂ ਕਰਨਾ ਹੀ ਹੈ। ਬਚਾਅ ਦੀ ਖਾਤਰ ਕੰਮ ਨਹੀਂ ਬੰਦ ਕਰਨਾ। ਕੰਮ ਕਰਨੈ ਸਮਾਜਕ ਨਿਆਂ ਲਈ, ਸੈਕੂਲਰਇਜ਼ਮ ਲਈ। ਸੋ ਮੈਂ ਕੰਮ ਕਰਦਾ ਰਿਹਾ ਹਾਂ ਚਾਹੇ ਨੰਗਲ ਹੋਵੇ, ਅੰਮ੍ਰਿਤਸਰ ਤੇ ਜਾਂ ਫੇਰ ਚੰਡੀਗੜ੍ਹ।

? ਇਨ੍ਹੀਂ ਦਿਨੀਂ ਹੀ ਤੁਸੀਂ ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ) ਨਾਂਅ ਦੀ ਸੰਸਥਾ ਬਣਾ ਕੇ ਪੰਜਾਬ ਦੀਆਂ ਲੋਕ ਪੱਖੀ ਨਾਟਕ ਮੰਡਲੀਆਂ ਨੂੰ ਇਕ ਮੰਚ ਮੁਹੱਈਆ ਕਰਵਾਇਆ। ਕਿਹੋ ਜਿਹਾ ਰਿਹਾ ਇਹ ਤਜਰਬਾ।

_ ਇਹ ਸੋਚ ਮੇਰੀ ਅਤੇ ਅਮੋਲਕ ਦੀ ਸੀ। ਅਸੀਂ ਮਲੇਰਕੋਟਲੇ ਬੱਸ ਸਟੈਂਡ 'ਤੇ ਇਕ ਢਾਬੇ 'ਤੇ ਮੀਟਿੰਗ ਕੀਤੀ। ਉਦੋਂ ਇਨਕਲਾਬੀ ਗਰੁੱਪਾਂ ਵਿਚੋਂ ਇਹੋ ਗਰੁੱਪ ਨਾਟਕ ਸਰਗਰਮੀਆਂ ਕਰਦਾ ਸੀ। ਅਸੀਂ ਸੋਚਿਆ ਕਿ ਨਾਟਕ ਨੂੰ ਇਕ ਜਥੇਬੰਦਕ ਰੂਪ ਦਿੱਤਾ ਜਾਵੇ। ਬਕਾਇਦਗੀ ਨਾਲ ਪਲਸ ਮੰਚ ਹੁਣ ਵੀ ਕੰਮ ਕਰ ਰਿਹਾ ਹੈ ਪਰ ਇਹਦੀਆਂ ਜਿੱਥੇ ਪ੍ਰਾਪਤੀਆਂ ਹਨ, ਉਥੇ ਰੁਕਾਵਟ ਇਹ ਹੋ ਗਈ ਕਿ ਦੂਜੇ ਗਰੁੱਪ ਸਾਡੇ ਨੇੜੇ ਨਹੀਂ ਆਏ। ਜਿਵੇਂ ਦਰਸ਼ਨ ਖਟਕੜ, ਬਲਵੰਤ ਮੱਖੂ ਆਦਿ। ਹੁਣ ਮੈਂ ਸੋਚਦਾ ਹਾਂ ਕਿ ਪਲਸ ਮੰਚ ਅਪਣੇ ਮੁਤਾਬਕ ਕੰਮ ਕਰੇ। ਮੈਂ ਕੁਝ ਕੰਮ ਸੁਤੰਤਰ ਤੌਰ 'ਤੇ ਵੀ ਕਰਨਾ ਚਾਹੁੰਦਾ ਹਾਂ। ਮੈਂ ਸਮਝਦਾ ਹਾਂ ਕਿ ਖੱਬੀਆਂ ਧਿਰਾਂ ਜੇਕਰ ਸਿਰਜਣਾਤਮਕ ਵਿਧਾਵਾਂ ਵਿਚ ਸਾਂਝੀ ਸੋਚ ਰੱਖਣ ਤਾਂ ਜ਼ਿਆਦਾ ਚੰਗੇ ਨਤੀਜੇ ਨਿਕਲ ਸਕਦੇ ਹਨ। ਮੇਰਾ ਸਾਰੇ ਸਤਿਕਾਰ ਕਰਦੇ ਹਨ। ਇਹ ਮੇਰੀ ਉਮਰ ਦਾ ਤਕਾਜ਼ਾ ਵੀ ਹੋ ਸਕਦਾ ਹੈ ਪਰ ਮੇਰਾ ਅਪਣਾ ਨਿਰਪੱਖ ਕੰਮ ਵੀ ਹੈ। ਮੈਂ ਕਲਾ ਦੇ ਖੇਤਰ ਵਿਚ ਕੋਈ ਵਖਰੇਵਾਂ ਨਹੀਂ ਕਰਦਾ। ਮੈਂ ਹੁਣ ਵੀ ਸਾਰੀਆਂ ਖੱਬੀਆਂ ਧਿਰਾਂ, ਅਵਾਮੀ ਜਥੇਬੰਦੀਆਂ ਦੀਆਂ ਸਟੇਜਾਂ 'ਤੇ ਜਾਂਦਾ ਹਾਂ। ਮੈਨੂੰ ਕੋਈ ਇਤਰਾਜ਼ ਨਹੀਂ ਕਿ ਉਹ ਅਪਣਾ ਪ੍ਰੋਗਰਾਮ ਲੋਕਾਂ ਨੂੰ ਦੇਣ। ਮੈਂ ਅਪਣੇ ਵਿਚਾਰ ਲੋਕਾਂ ਨੂੰ ਦੱਸ ਦਿਨਾਂ। ਮੇਰੇ ਵਿਚਾਰ ਕੀ ਹਨ?

ਮੈਂ ਚਾਰ ਗੱਲਾਂ 'ਤੇ ਜ਼ੋਰ ਦਿੰਦਾ ਹਾਂ-ਮਜ਼ਹਬਾਂ ਦਾ ਕੋਈ ਫਰਕ ਨਾ ਹੋਵੇ, ਜਾਤਾਂ ਦਾ ਕੋਈ ਫਰਕ ਨਾ ਹੋਵੇ, ਘਰਾਂ ਵਿਚ ਮੁੰਡੇ ਕੁੜੀ ਦਾ ਕੋਈ ਫਰਕ ਨਾ ਹੋਵੇ ਤੇ ਔਰਤਾਂ ਨੂੰ ਬਰਾਬਰਤਾ ਦੀ ਲਹਿਰ ਵਿਚ ਲਿਆਂਦਾ ਜਾਵੇ। ਮੈਂ ਕਹਿਨਾਂ ਕਿ ਜਿਹੜੇ ਕਹਿੰਦੇ ਕਹਾਉਂਦੇ ਕਾਮਰੇਡਾਂ ਦੇ ਘਰਾਂ ਵਿਚ ਇਹ ਵੱਖਰੇਵੇਂ ਹਨ ਤਾਂ ਇਹਦਾ ਮਤਲਬ ਹੈ ਕਿ ਉਨ੍ਹਾਂ ਨੂੰ ਸਾਡੀ ਲਹਿਰ ਦੇ ਹੋਣ ਦਾ ਕੋਈ ਦਾਅਵਾ ਕਰਨ ਦਾ ਹੱਕ ਨਹੀਂ। ਕਾਮਰੇਡਾਂ ਦੇ ਘਰਾਂ ਵਿਚ ਕੀ ਵਰਤਾਰੇ ਚੱਲਦੇ ਹਨ ਇਹ ਵੀ ਸਾਫ ਹੋਣਾ ਚਾਹੀਦਾ ਹੈ। ਮੈਂ ਪਲਸ ਮੰਚ ਤੋਂ ਵੀ ਇਹੀ ਆਵਾਜ਼ ਉਠਾਈ ਹੈ।

? ਸੈਕਸ਼ਪੀਅਰ ਨੂੰ ਕਾਰਲ ਮਾਰਕਸ ਸਮੇਤ ਸਾਰਾ ਸੰਸਾਰ ਹੀ ਕਿਉਂ ਵੱਡਾ ਨਾਟਕਕਾਰ ਕਹਿੰਦਾ ਹੈ ਹਾਲਾਂ ਕਿ ਉਹਦੇ ਅੱਧੇ ਕੁ ਨਾਟਕ ਰਾਜੇ ਮਹਾਰਾਜਿਆਂ ਦੁਆਲੇ ਘੁੰਮਦੇ ਹਨ?

– ਸੈਕਸ਼ਪੀਅਰ ਵੱਡਾ ਨਾਟਕਕਾਰ ਹੈ। ਉਹ ਜ਼ਿੰਦਗੀ ਦੀਆਂ ਗੁੰਝਲਾਂ ਨੂੰ ਤੇ ਮਨੁੱਖੀ ਮਨ ਦੀਆਂ ਪਰਤਾਂ ਨੂੰ ਬਹੁਤ ਚੰਗੀ ਤਰ੍ਹਾਂ ਸਮਝਦਾ ਸੀ ਤੇ ਉਹਨੂੰ ਨਾਟਕੀ ਰੂਪ ਵਿਚ ਪੇਸ਼ ਕਰਦਾ ਸੀ। ਏਸੇ ਕਰਕੇ ਉਹਦੇ ਬਹੁਤ ਸਾਰੇ ਡਾਇਲਾਗ ਕੋਟੇਟੇਬਲ ਕੋਟਸ(ਕਹਾਵਤਾਂ) ਬਣ ਚੁੱਕੇ ਹਨ।

? ਮੇਰੀ ਲੰਡਨ ਵਿਚ ਇਕ ਐਸੇ ਅਫਰੀਕੀ ਨਾਟਕਕਾਰ ਨਾਲ ਮੁਲਾਕਾਤ ਹੋਈ ਸੀ ਜਿਸਨੇ ਇਕ ਪੂਰੇ ਪਿੰਡ ਅਤੇ ਉਹਦੇ ਸਾਰੇ ਦੇ ਸਾਰੇ ਵਸਨੀਕਾਂ ਨੂੰ ਨਾਟਕ ਵਿਚ ਸ਼ਾਮਲ ਕਰ ਲੈਣ ਦਾ ਤਜ਼ਰਬਾ ਕੀਤਾ ਸੀ ਜੋ ਬੇਹੱਦ ਸਫਲ ਵੀ ਰਿਹਾ। ਕੀ ਤੁਹਾਡੇ ਮਨ ਨੇ ਵੀ ਪੰਜਾਬ ਵਿਚ ਇਹੋ ਜਿਹਾ ਕੁਝ ਕਰਨ ਦੀ ਸੋਚੀ ਕਦੇ?

_ ਮੈਂ ਏਹੋ ਜਿਹਾ ਕਰਨ ਦੀ ਕਦੇ ਸੋਚੀ ਨਹੀਂ, ਪਰ ਮੈਂ ਇਹ ਸਮਝਦਾ ਹਾਂ, ਖਾਸ ਕਰਕੇ ਜਦੋਂ ਮੈਂ ਨਾਟਕ 'ਜਿੰਨ ਸਚੁ ਪੱਲੇ ਹੋਇ' ਕਰਦਾ ਸਾਂ, ਉਦੋਂ ਆਪਣੇ ਨਾਲ ਸਮੂਹ ਪਿੰਡ ਦੇ ਜੁੜੇ ਹੋਣ ਦੀ ਖੁਸ਼ੀ ਦਾ ਅਹਿਸਾਸ ਬਹੁਤ ਵਾਰ ਮਹਿਸੂਸ ਕੀਤਾ।

## ਨੰਗਲ ਦਾ ਬੜ੍ਹਾ ਤੇ ਨੁੱਕੜ

? ਨੁੱਕੜ ਨਾਟਕ ਦਾ ਨਾਮ ਤੁਹਾਡੇ ਨਾਲ ਹੀ ਜੁੜ ਗਿਆ ਹੈ। ਮੂਲ ਰੂਪ ਵਿਚ ਕੀ ਹੁੰਦਾ ਹੈ ਨੁੱਕੜ ਨਾਟਕ ਤੇ ਇਹਦਾ ਇਹ ਨਾਂ ਕਿਉਂ ਰੱਖਿਆ ਗਿਆ ਸੀ?

– ਨੁੱਕੜ ਨਾਟਕ ਦੀ ਵਿਸ਼ੇਸ਼ਤਾ ਹੈ ਕਿ ਨਾਟਕ ਲੋਕਾਂ ਤੱਕ ਪਹੁੰਚਦਾ ਹੈ, ਲੋਕ ਨਾਟਕ ਦੇਖਣ ਨਹੀਂ ਉਹਦੇ 'ਚ ਸ਼ਾਮਲ ਹੋਣ ਲਈ ਆਉਂਦੇ ਨੇ। ਦੂਜੀ ਵੱਡੀ ਜੰਗ ਤੋਂ ਬਾਅਦ ਜੰਗ ਦੀ ਦਹਿਸ਼ਤ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਯੂਰਪ ਦੇ ਵੱਡੇ ਨਾਟਕਾਰਾਂ ਨੇ ਇਸ ਸ਼ੈਲੀ ਨੂੰ ਅਪਣਾਇਆ। ਮੈਂ ਸਤਰਵਿਆਂ ਵਿਚ ਨੁੱਕੜ ਨਾਟ ਸ਼ੈਲੀ ਨੂੰ ਪੂਰੀ ਤਰ੍ਹਾਂ ਅਪਣਾ ਚੁੱਕਿਆ ਸਾਂ। ਰਾਸ਼ਟਰੀ ਪੱਧਰ 'ਤੇ ਪੰਜਾਬ ਦੀ ਵਿਕਸਿਤ ਨੁੱਕੜ ਨਾਟਕ ਕਲਾ ਨੂੰ ਪਹੁੰਚਾਇਆ ਗਿਆ ਜਦੋਂ ਮੈਂ 1980 ਵਿਚ ਨੀਲਮ ਮਾਨ ਸਿੰਘ ਹੋਰਾਂ ਦੇ ਸੱਦੇ 'ਤੇ ਭੋਪਾਲ ਨਾਟ-ਮਹਾਂਉਤਸਵ ਵਿਚ ਆਪਣੇ ਨਾਟਕ 'ਤਮਾਸ਼ਾ ਹਿੰਦੁਸਤਾਨ' ਅਤੇ 'ਟੋਆ' ਪੇਸ਼ ਕੀਤੇ। ਸਾਂਈ ਪਰਾਂਜਪਾਈ ਨੇ ਮੈਨੂੰ ਸਾਈਡ ਪਾਈਪਰ ਕਿਹਾ ਅਤੇ ਮਸ਼ਹੂਰ ਰੰਗਕਰਮੀ ਪਰਸੰਨਾ ਨੇ ਕਿਹਾ ਕਿ ਇਨ੍ਹਾਂ ਨੁੱਕੜ ਨਾਟਕਾਂ ਵਿਚ ਬੇਸ਼ੱਕ ਗੀਤ ਸੰਗੀਤ ਨਹੀਂ ਹੈ ਪਰ ਇਨ੍ਹਾਂ ਦੇ ਡਾਇਲਾਗ ਦਾ ਰਿਦਮ ਇਨ੍ਹਾਂ ਨੂੰ ਸੰਗੀਤਕ ਬਣਾ ਰਿਹਾ ਹੈ।

ਅੱਜ ਮੈਂ ਨਜ਼ਰ ਮਾਰਾਂ ਤਾਂ 'ਇਨਕਲਾਬ ਜ਼ਿੰਦਾਬਾਦ' ਤੋਂ ਲੈ ਕੇ 'ਭੰਡ ਮਟਕਾ ਚੌਕ ਆਏ' ਨੁੱਕੜ ਨਾਟਕਾਂ ਦਾ ਬੜਾ ਲੰਮਾ ਸਫ਼ਰ ਹੈ। ਇਨ੍ਹਾਂ ਨਾਟਕਾਂ ਦਾ ਇਤਿਹਾਸ, ਪੰਜਾਬ ਅਤੇ ਦੇਸ਼ ਦੇ ਪਿਛਲੇ 35 ਸਾਲਾਂ ਦੇ ਇਤਿਹਾਸ ਦਾ ਪ੍ਰਗਟਾਵਾ ਹੈ।

1977 ਵਿਚ ਨਾਟਕ ਕੀਤਾ ਸੀ 'ਸੰਕਟ ਹੈ, ਸੰਕਟ ਨਹੀਂ ਹੈ' ਉਸ ਵਿਚ ਸੰਜੇ ਗਾਂਧੀ ਉਤੇ ਵਿਅੰਗ ਸੀ-ਝੋਲੀ ਚੁੱਕ ਕਹਿੰਦਾ ਹੈ-

'ਰਾਜੇ ਦੀ ਜੈ ਜੈਕਾਰ ਹੈ
ਬੜਾ ਸਿਆਣਾ ਰਾਜਕੁਮਾਰ ਹੈ
ਵੱਡੀ ਓਹਦੀ ਅਕਲ ਹੈ
ਛੋਟੀ ਉਸਦੀ ਕਾਰ ਹੈ
ਯਾਰਾਂ ਦਾ ਉਹ ਯਾਰ ਹੈ
ਉਹਨੂੰ ਕੁੜੀਆਂ ਨਾਲ ਪਿਆਰ ਹੈ।'

ਏਥੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਹਿੰਦੁਸਤਾਨ ਵਿਚ ਨੁੱਕੜ ਨਾਟਕ ਦਾ ਨਾਮ ਜਦੋਂ ਵੀ ਲਿਆ ਜਾਵੇਗਾ, ਸਫ਼ਦਰ ਹਾਸ਼ਮੀ ਨੂੰ ਸਤਿਕਾਰ ਨਾਲ ਯਾਦ ਜ਼ਰੂਰ ਕੀਤਾ ਜਾਵੇਗਾ।

? ਨੰਗਲ ਦੇ ਬੜੇ ਤੋਂ ਪਿੰਡਾਂ ਵਿਚ ਗੱਡੇ ਜੋੜ ਕੇ, ਸ਼ਹਿਰਾਂ ਦੇ ਚੌਕਾਂ ਵਿਚੋਂ ਗੁਜ਼ਰਦਾ ਹੋਇਆ ਤੁਹਾਡਾ ਨਾਟਕ ਚੰਡੀਗੜ੍ਹ ਦੇ ਟੈਗੋਰ ਥੀਏਟਰ ਹੀ ਨਹੀਂ ਸੰਸਾਰ ਦੇ ਬਿਹਤਰੀਨ ਹਾਲਾਂ ਵਿਚ ਵੀ ਪਹੁੰਚਿਆ ਹੈ, ਤੁਸੀਂ ਨਾਟਕ ਦੇ ਕਿਹੜੇ ਰੂਪ ਨੂੰ ਲੋਕਾਂ ਦੇ ਸਭ ਤੋਂ ਵਧੇਰੇ ਨੇੜੇ ਸਮਝਦੇ ਹੋ?

ਮੈਂ ਇੰਗਲੈਂਡ ਦੇ ਪਾਰਕਾਂ ਵਿਚ ਕੁਝ ਗਰੁੱਪਾਂ ਨੂੰ ਸੈਕਸ਼ਪੀਅਰ ਖੇਡਦੇ ਦੇਖਿਆ ਹੈ। ਉਥੇ ਵੱਡੀ ਗਿਣਤੀ ਵਿਚ ਲੋਕ ਇਹ ਨਾਟਕ ਮਾਣਦੇ ਹਨ। ਮੈਂ ਸਮਝਦਾ ਹਾਂ ਕਿ ਥੀਏਟਰ ਲੋਕਾਂ ਤੱਕ ਪਹੁੰਚਣਾ ਚਾਹੀਦਾ ਹੈ। ਉਹਦਾ ਸਾਰਾ ਡਿਜ਼ਾਈਨ ਇਹ ਹੋਣਾ ਚਾਹੀਦਾ ਹੈ ਕਿ ਕੋਈ ਰੁਕਾਵਟ ਨਾ ਆਵੇ। ਚੰਡੀਗੜ੍ਹ ਥੀਏਟਰ ਦੀ ਅਪਣੀ ਇਕ ਸ਼ੈਲੀ ਹੈ ਤੇ ਹੋਣੀ ਚਾਹੀਦੀ ਹੈ। ਪੰਜਾਬ ਦੇ ਕਿਸੇ ਦੂਰ ਦੁਰਾਡੇ ਪਿੰਡ ਵਿਚ ਨਾਟਕ ਦੀ ਇਕ ਅਪਣੀ ਸ਼ੈਲੀ ਹੈ। ਇਨ੍ਹਾਂ ਚੀਜ਼ਾਂ ਬਾਰੇ ਸਾਨੂੰ ਚੇਤੰਨ ਹੋਣਾ ਚਾਹੀਦਾ ਹੈ। ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਪੰਜਾਬ ਵਿਚ ਜਿਹੜਾ ਆਵਾਮੀ ਥੀਏਟਰ ਕੀਤਾ ਜਾ ਰਿਹਾ ਹੈ ਉਹ ਸੰਸਾਰ ਪੱਧਰ 'ਤੇ ਅਪਣੀ ਖਾਸ ਪਛਾਣ ਰੱਖਦਾ ਹੈ।

ਮੈਂ ਕਹਿੰਦਾ ਹਾਂ ਕਿ ਨੁੱਕੜ ਨਾਟਕ ਦੀ ਹਮੇਸ਼ਾਂ ਕਦਰ ਬਣੀ ਰਹੇਗੀ। ਨੁੱਕੜ ਨਾਟਕ ਵਿਚ ਐਕਟਿੰਗ ਖਾਸ ਕਰਕੇ ਆਵਾਜ਼ ਦਾ ਜ਼ੋਰ ਇਹਦੀ ਖਾਸ ਲੋੜ ਹੈ। ਨੁੱਕੜ ਦਰਸ਼ਕਾਂ 'ਤੇ ਸਿੱਧਾ ਤੇ ਫੌਰੀ ਅਸਰ ਪਾਉਂਦਾ ਹੈ। ਪਾਰਟੀਆਂ ਤੇ ਆਵਾਮੀ ਜਥੇਬੰਦੀਆਂ ਨੂੰ ਨਾਟਕ ਦੀ ਇਹ ਵਿਧਾ ਵੱਡੇ ਪੱਧਰ 'ਤੇ ਅਪਨਾਉਣੀ ਚਾਹੀਦੀ ਹੈ। ਖਾਸ ਕਰਕੇ ਲੋਕ ਹਿੱਤਾਂ ਦਾ ਦਾਅਵਾ ਕਰਨ ਵਾਲੀਆਂ ਧਿਰਾਂ ਨੂੰ। ਮੈਂ ਮਹਿਸੂਸ ਕੀਤਾ ਹੈ ਕਿ ਲੋਕ ਹਿੱਤਾਂ ਦਾ ਦਾਅਵਾ ਕਰਨ ਵਾਲੀਆਂ ਧਿਰਾਂ ਇੱਥੇ ਫੇਲ ਹੋਈਆਂ ਹਨ। ਸਥਾਪਤ ਖੱਬੀਆਂ ਪਾਰਟੀਆਂ ਨੂੰ ਅਪਣੇ ਕਲਚਰਲ ਵਿੰਗ ਜ਼ਰੂਰ ਬਣਾਉਣੇ ਚਾਹੀਦੇ ਹਨ, ਅਪਣੇ ਕਲਾਕਾਰਾਂ ਨੂੰ ਸਿਖਲਾਈ ਦੇਣ ਲਈ। ਮੈਂ ਬੜੀ ਵੱਡੀ ਘਾਟ ਮਹਿਸੂਸ ਕੀਤੀ ਕਿ ਮੇਰੀਆਂ ਨਾਟ ਸਰਗਰਮੀਆਂ ਵਿਚ ਖੱਬੀਆਂ ਪਾਰਟੀਆਂ ਨੇ ਕੋਈ ਸੇਧ ਨਹੀਂ ਦਿੱਤੀ। ਸਵਾਏ ਕਾਮਰੇਡ ਸੋਹਣ ਸਿੰਘ ਜੋਸ਼ ਹੋਰਾਂ ਦੇ।

ਜੋਸ਼ ਹੋਰਾਂ ਕੋਲ ਯੋਗਤਾ ਸੀ। ਉਹ ਮੈਨੂੰ ਬੁਲਾ ਕੇ ਮੇਰੇ ਨਾਲ ਵਿਸਥਾਰ ਨਾਲ ਚਰਚਾ ਕਰਦੇ ਸਨ ਕਿ ਤੂੰ ਫਲਾਣਾ ਨਾਟਕ ਕੀਤਾ ਤੇ ਇਹਦੇ 'ਚ ਇਹ ਹੋਇਆ ਤੇ ਇਹ ਨਹੀਂ ਹੋਇਆ। ਤੇ ਜਿਹੜਾ ਨਹੀਂ ਹੋਇਆ ਉਹ ਇਸ ਕਰਕੇ ਨਹੀਂ ਹੋਇਆ। ਮੇਰੇ ਕਹਿਣ ਦਾ ਭਾਵ ਹੈ ਕਿ ਪਾਰਟੀਆਂ ਨੂੰ ਕਲਚਰ, ਫਰੰਟ ਦੇ ਤੌਰ 'ਤੇ ਲੈਣਾ ਚਾਹੀਦਾ ਹੈ। ਜਿਹੜੇ ਲੋਕ ਕਹਿੰਦੇ ਹਨ ਕਿ ਸਾਹਿਤਕ ਜਥੇਬੰਦੀਆਂ ਵਿਚ ਲੈਫਟ ਦਾ ਦਖਲ ਬਰਦਾਸ਼ਤ ਨਹੀਂ ਉਹ ਇਸ ਲਈ ਕਹਿੰਦੇ ਹਨ ਕਿਉਂਕਿ ਸਾਹਿਤ ਨੂੰ ਸਹੀ ਅਰਥਾਂ ਵਿਚ ਲਿਆ ਹੀ ਨਹੀਂ ਗਿਆ। ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਸਹੀ ਢੰਗ ਨਾਲ ਲੋਕਾਂ ਤੱਕ ਪਹੁੰਚਾਉਣ ਲਈ ਨੁੱਕੜ ਨਾਟਕ ਸਭ ਤੋਂ ਵਧੀਆ ਮਾਧਿਅਮ ਸਾਬਤ ਹੋ ਸਕਦਾ ਹੈ।

? ਨਾਟਕ ਕਰਨ ਵਾਲੇ ਨੂੰ ਮਾਂ ਪਿਓ, ਗਲੀ ਗੁਆਂਢ ਆਮ ਤੌਰ 'ਤੇ ਹਲਕਾ, ਸ਼ੁਗਲ ਮੇਲੇ ਦੀ ਤਬੀਅਤ ਵਾਲਾ ਤੇ ਤੇਜ਼ ਤਰਾਰ, ਤਿਲਕਵਾਂ ਇਨਸਾਨ ਹੀ ਸਮਝਦੇ ਹਨ। ਕੀ ਤੁਹਾਨੂੰ ਵੀ ਇਹੋ ਜਿਹਾ ਕਦੀ ਕੁਝ ਮਹਿਸੂਸ ਹੋਇਆ?

– ਕਦੀ ਇਸ ਤਰ੍ਹਾਂ ਮਹਿਸੂਸ ਨਹੀਂ ਹੋਇਆ। ਪੜ੍ਹਾਈ ਵਿਚ ਮੈਂ ਅੱਛਾ ਸਾਂ ਇਸ ਲਈ ਆਪਣੇ ਰੁਝਾਨਾਂ ਕਰਕੇ ਮੈਨੂੰ ਅਲੋਚਨਾ ਨਹੀਂ ਸੁਣਨੀ ਪਈ। ਜਦੋਂ ਨੰਗਲ ਅਸੀਂ ਸਟਾਫ ਕਲੱਬ ਬਣਾਇਆ ਤੇ ਨਾਟਕ ਕੀਤੇ ਉਥੇ ਮੈਨੂੰ ਆਪਣੇ ਨੇੜੇ ਦੇ ਸਾਥੀਆਂ ਰਾਮ ਪ੍ਰਕਾਸ਼ ਕਪੂਰ, ਅਮਰੀਕੇ ਤੇ ਹਰਦੀਪ, ਫੁਲਵੰਤ ਮਨੋਚਾ, ਅਨੰਤ ਸਰੂਪ ਸ਼ਰਮਾ, ਗਿਆਨ ਸਿੰਘ ਵਗੈਰਾ ਦਾ ਬਹੁਤ ਸਹਿਯੋਗ ਮਿਲਿਆ। ਭਾਖੜਾ ਨੰਗਲ ਪ੍ਰੋਜੈਕਟ 'ਤੇ ਮੈਂ ਸੀਮਿੰਟ ਲੈਬਰਾਟਰੀ ਵਿਚ ਅਸਿਸਟੈਂਟ ਰਿਸਰਚ ਅਫ਼ਸਰ ਸਾਂ। ਆਪਣੇ ਕੰਮ ਵਿਚ ਅੱਛਾ ਸਾਂ। ਇਮਾਨਦਾਰ ਅਤੇ ਸੱਚੇ ਸੁੱਚੇ ਇਨਸਾਨ ਦੀ ਰੈਪੂਟੇਸ਼ਨ ਸੀ। 1957 ਦੀਆਂ ਅਸੈਂਬਲੀ ਚੋਣਾਂ ਵਿਚ ਪੰਡਤ ਰਾਮ ਕ੍ਰਿਸ਼ਨ ਭਰੋਲੀਆਂ ਨੰਗਲ ਤੋਂ ਖੜੇ ਹੋਏ ਸਨ। ਉਨ੍ਹਾਂ ਦੇ ਚੋਣ ਪ੍ਰਚਾਰ ਵਿਚ ਮੈਂ ਬੜਾ ਸਰਗਰਮ ਰਿਹਾ। ਉਹ ਚੋਣ ਜਿੱਤੇ ਵੀ। ਮੈਂ ਐਲਾਨੀਆ ਕਮਿਊਨਿਸਟ ਸਾਂ। ਖੁਫੀਆ ਪੁਲੀਸ ਦੀਆਂ ਬਹੁਤ ਰਿਪੋਰਟਾਂ ਦੇ ਬਾਵਜੂਦ ਮੇਰੇ ਅਫ਼ਸਰਾਂ ਨੇ ਵੀ ਹਮੇਸ਼ਾ ਮੇਰਾ ਸਾਥ ਦਿੱਤਾ। ਮੇਰੇ ਨਾਟਕ ਕਿਉਂਕਿ ਹਮੇਸ਼ਾ ਲੋਕਾਂ ਨਾਲ ਜੁੜੇ ਰਹੇ ਤੇ ਉਨ੍ਹਾਂ ਦੇ ਮਸਲਿਆਂ ਦੀ ਗੱਲ ਕਰਦੇ ਰਹੇ, ਇਸ ਕਰਕੇ ਮੈਨੂੰ ਲੋਕਾਂ ਨੇ ਹਮੇਸ਼ਾ ਸੰਜੀਦਗੀ ਨਾਲ ਲਿਆ। ਮੇਰੇ ਸ਼ੁਰੂ ਦੇ ਨਾਟਕ 'ਘੁੰਮਣਘੇਰੀ' ਤੋਂ ਲੈ ਕੇ ਪਿਛਲੇ 55 ਸਾਲਾਂ ਤੋਂ ਮੇਰਾ ਇਹੀ ਇਮੇਜ ਕਾਇਮ ਰਿਹਾ ਹੈ।

## ਅਫਸਰੀ ਤੇ ਨਾਟਕ

? ਭਾਖੜਾ ਨੰਗਲ ਡੈਮ 'ਤੇ ਵੱਡਾ ਅਫਸਰ ਹੋ ਕੇ ਆਮ ਬੰਦੇ ਦੇ ਹੱਕ ਵਿਚ ਨਾਟਕ ਕਰਦਿਆਂ ਸਰਕਾਰੀ ਰੁਕਾਵਟਾਂ ਕਿਹੋ ਜਿਹੀਆਂ ਆਉਂਦੀਆਂ ਸਨ?

– ਅਸਲ ਵਿਚ ਬੜਾ ਆਦਰਸ਼ਕ ਮਾਹੌਲ ਸੀ ਉਥੇ। ਇਸ ਆਦਰਸ਼ਕ ਮਾਹੌਲ ਦਾ ਹੀ ਕਾਰਨ ਸੀ ਕਿ ਭਾਖੜਾ ਡੈਮ ਅਪਣੇ ਮਿੱਥੇ ਸਮੇਂ ਤੋਂ ਇਕ ਸਾਲ ਪਹਿਲਾਂ ਹੀ ਬਣ ਗਿਆ ਸੀ। ਦੋ-ਤਿੰਨ ਬੜੇ ਵੱਡੇ ਹਾਦਸੇ ਵੀ ਹੋਏ ਪਰ ਕੰਮ ਰੁਕਿਆ ਨਹੀਂ। ਅੱਜ ਕੱਲ ਸਾਧਨ ਤਾਂ ਬਹੁਤ ਨੇ ਪਰ ਕਮਿਟਮੈਂਟ ਕੋਈ ਨਹੀਂ। ਇਸੇ ਲਈ ਕੰਮ ਸਾਲਾਂ ਬੱਧੀਂ ਲਟਕ ਜਾਂਦੇ ਹਨ। ਉਦੋਂ ਸਾਧਨ ਬਹੁਤ ਘੱਟ ਸਨ ਪਰ ਇਮਾਨਦਾਰੀ ਤੇ ਕਮਿਟਮੈਂਟ ਦੀ ਭਾਵਨਾ ਪ੍ਰਬਲ ਸੀ। ਇਹਦਾ ਈ ਅਸਰ ਉਥੋਂ ਦੇ ਸਾਰੇ ਮਾਹੌਲ 'ਤੇ ਪਿਆ ਤੇ ਇਸੇ ਅਸਰ ਕਰਕੇ ਸਾਨੂੰ ਨਾਟਕ ਕਰਦਿਆਂ ਕੋਈ ਮੁਸ਼ਕਲ ਪੇਸ਼ ਨਹੀਂ ਆਈ। ਭਾਖੜਾ ਪ੍ਰੋਜੈਕਟ ਦੇ ਮੈਨੇਜਰ ਮਿਸਟਰ ਚੋਪੜਾ ਇਕ ਖਾਸ ਕਿਸਮ ਦੀ ਸ਼ਖ਼ਸ਼ੀਅਤ ਦੇ ਮਾਲਕ ਸਨ। ਉਨ੍ਹਾਂ ਅਪਣੇ ਅਫਸਰਾਂ ਵਿਚ ਵੀ ਇਹ ਗੱਲ ਭਰੀ ਕਿ ਤੁਸੀਂ ਵੀ ਵਰਕਰ ਹੋ। ਸਿਆਣੇ ਵਰਕਰ। ਅਫਸਰਾਂ ਨੂੰ ਅਹਿਸਾਸ ਕਰਾਇਆ ਗਿਆ ਕਿ ਅਫਸਰਸ਼ਾਹੀ ਨਾਂ ਦੀ ਕੋਈ ਚੀਜ਼ ਨਹੀਂ ਹੈ। ਅਫਸਰਸ਼ਾਹੀ ਲਫ਼ਜ਼ ਹੀ ਉਥੇ ਖ਼ਤਮ ਹੋ ਗਿਆ ਸੀ। ਸਾਡੇ ਕੰਮ 'ਚ ਬਾਹਰੋਂ ਕਿਸੇ ਦਾ ਕੋਈ ਦਖ਼ਲ ਨਹੀਂ ਸੀ। ਭਾਖੜਾ ਦਾ ਕੰਮ ਤਿੰਨ ਭਾਗਾਂ ਵਿਚ ਵੰਡਿਆ ਹੋਇਆ ਸੀ-ਡਿਜ਼ਾਈਨਿੰਗ, ਕਨਸਟਰਕਸ਼ਨ ਤੇ ਇੰਸਪੈਕਸ਼ਨ। ਇਨ੍ਹਾਂ ਤਿੰਨਾਂ ਭਾਗਾਂ ਵਿਚ ਬੜੇ ਇਮਾਨਦਾਰ ਅਫਸਰ ਸਨ। ਕੇ.ਪੀ.ਐਸ ਗਿੱਲ ਦੇ ਪਿਤਾ ਆਰ.ਐਸ. ਗਿੱਲ ਇੰਸਪੈਕਸ਼ਨ ਕੰਟਰੋਲ ਦੇ ਡਾਇਰੈਕਟਰ ਸਨ। ਘੱਟ ਗਿਣਤੀ ਕੌਮੀ ਕਮਿਸ਼ਨ ਦੇ ਸਾਬਕਾ ਮੁਖੀ ਤਰਲੋਚਨ ਸਿੰਘ ਵੀ ਉਦੋਂ ਉਥੇ ਨਵੇਂ ਨਵੇਂ ਆਏ ਸਨ, ਪਬਲਿਕ ਰਿਲੇਸ਼ਨ ਅਫਸਰ ਬਣ ਕੇ। ਅਸੀਂ ਨਾਟਕ ਕਰਦੇ ਸਾਂ, ਇਸ ਲਈ ਸਾਡੀ ਇਕ ਤਰ੍ਹਾਂ ਦੀ ਖਾਸ ਕਦਰ ਸੀ ਉਥੇ। ਭਾਖੜਾ ਪ੍ਰੋਜੈਕਟ ਬਾਰੇ ਸੌਖੇ ਸ਼ਬਦਾਂ ਵਿਚ ਸਮਝਾਉਣ ਦੀ ਮੁਹਾਰਤ ਸੀ ਮੈਨੂੰ। ਜਦੋਂ ਪਿੰਡਾਂ ਤੋਂ ਕਿਸਾਨਾਂ ਨੇ ਭਾਖੜਾ ਦੇਖਣ ਆਉਣਾ ਤਾਂ ਮੈਨੂੰ ਵਿਸ਼ੇਸ਼ ਤੌਰ 'ਤੇ ਬੁਲਾ ਲਿਆ ਜਾਣਾ ਤਾਂ ਜੋ ਮੈਂ ਉਨ੍ਹਾਂ ਨੂੰ ਸਮਝਾ ਸਕਾਂ ਕਿ ਡੈਮ ਕੀ ਹੈ? ਪਾਣੀ ਕਿਵੇਂ ਡਿੱਗਦਾ ਹੈ? ਦੱਸ ਹਜ਼ਾਰ ਬੰਦਾ ਕੰਮ ਕਰ ਰਿਹਾ ਸੀ ਇਸ ਪ੍ਰੋਜੈਕਟ 'ਤੇ। ਜੇ ਇਕ ਨਾਲ ਤਿੰਨ ਹੋਰ ਪਰਿਵਾਰਕ ਮੈਂਬਰ ਵੀ ਲਾਏ ਜਾਣ ਤਾਂ 40,000 ਦੀ ਆਬਾਦੀ ਰਹਿੰਦੀ ਸੀ ਇੱਕਠੀ। ਇਨ੍ਹਾਂ ਵਿਚ ਬਹੁਤ ਪੀਡੀ ਸਾਂਝ ਸੀ। ਉਦੋਂ ਮੇਰੇ ਮਨ 'ਚ ਇਹ ਗੱਲ ਆ ਰਹੀ ਸੀ ਕਿ ਜੇ ਅਸੀਂ ਇੱਕਠੇ ਹਾਂ ਤੇ ਜੇ ਅਸੀਂ ਦਰਿਆਵਾਂ ਦਾ ਵਹਿਣ ਮੋੜ ਸਕਦੇ ਹਾਂ ਤਾਂ ਸਮਾਜ ਦਾ ਵਹਿਣ ਵੀ ਮੋੜਿਆ ਜਾ ਸਕਦਾ ਹੈ। ਇਹ ਭਾਵਨਾ ਹੀ ਉਥੋਂ ਦੇ ਬਾਕੀ ਵਰਕਰਾਂ ਵਿਚ ਵੀ ਭਰੀ ਜਾ ਰਹੀ ਸੀ। ਇਹਦਾ ਹੀ ਅਸਰ ਸੀ ਕਿ ਇਕ ਦਿਨ ਜਦੋਂ ਨਵੇਂ ਨਵੇਂ ਇਕ ਅਫਸਰ ਨੇ ਵਰਕਰਾਂ 'ਤੇ ਐਵੇਂ ਰੋਹਬ ਝਾੜਨ ਦੀ ਕੋਸ਼ਿਸ਼ ਕੀਤੀ ਤਾਂ ਇਕ ਵਰਕਰ ਨੇ ਉਹਨੂੰ ਥਾਂ ਸਿਰ ਲੈ ਆਂਦਾ। ਵਰਕਰ ਨੇ ਅਪਣੀ ਬਾਂਹ ਦਾ ਐਕਸ਼ਨ ਕਰਦਿਆਂ ਕਿਹਾ, 'ਸਾਹਿਬ ਬਹਾਦਰ ਆਹ ਬਾਂਹ ਕੁ ਜਿੰਨੀ ਵਿੱਥ ਹੈ ਤੁਸੀਂ ਚਾਰ ਸੌ ਫੁੱਟ ਡੂੰਘੇ ਪਾਣੀ ਵਿਚ ਡਿਗ ਸਕਦੇ ਹੋ।' ਇਹ ਸੀ ਏਕਤਾ ਅਤੇ ਰੋਹ ਦਾ ਜਜ਼ਬਾ। ਇਹ ਜਜ਼ਬਾ ਉਥੇ ਸਮੂਹਕ ਰੂਪ ਵਿਚ ਪ੍ਰਗਟ ਹੋ ਰਿਹਾ ਸੀ।

? ਨਾਟਕ ਕਾਰਨ ਐਮਰਜੈਂਸੀ ਤੋਂ ਪਹਿਲਾਂ ਵੀ ਕਦੇ ਤੁਹਾਡੀ ਨੌਕਰੀ 'ਤੇ ਤਲਵਾਰ ਲਟਕੀ?

– ਨਹੀਂ। ਕਦੇ ਕੋਈ ਪ੍ਰੇਸ਼ਾਨੀ ਨਹੀਂ ਆਈ। ਜਿਵੇਂ ਮੈਂ ਦਸਿਆ ਕਿ ਮਾਹੌਲ ਦੋਸਤਾਨਾਂ ਸੀ। ਐਮਰਜੈਂਸੀ ਤੋਂ ਪਹਿਲਾਂ ਮੇਰੇ ਅਫਸਰ ਮੈਨੂੰ ਡੀਫੈਂਡ ਕਰਦੇ ਰਹੇ ਸਨ। ਉਹ ਜਾਣਦੇ ਸਨ ਕਿ ਮੈਂ ਕਮਿਊਨਿਸਟ ਹਾਂ। ਪਰ ਮੇਰੇ ਕੰਮ ਤੋਂ ਉਨ੍ਹਾਂ ਨੂੰ ਕੋਈ ਸ਼ਿਕਾਇਤ ਨਹੀਂ ਸੀ। ਐਮਰਜੈਂਸੀ ਦੌਰਾਨ ਵੀ ਮੇਰੇ ਵਿਰੁਧ ਐਕਸ਼ਨ ਲੈਣਾ ਉਨ੍ਹਾਂ ਦੀ ਮਜਬੂਰੀ ਸੀ। ਆਖਰ ਸੀ ਤਾਂ ਉਹ ਸਰਕਾਰ ਦੇ ਹੀ ਕਲਪੁਰਜ਼ੇ। ਐਮਰਜੈਂਸੀ ਨੇ ਇਕ ਚੰਗਾ ਕੰਮ ਵੀ ਕੀਤਾ, ਸਰਕਾਰੀ ਕੰਮ ਵਿਚ ਐਫੀਸ਼ੀਐਂਸੀ ਵੱਧ ਗਈ ਸੀ।

## ਕੁਲਵਕਤੀ ਨਾਟਕਕਾਰ

? ਕੁਲਵਕਤੀ ਨਾਟਕਕਾਰ ਹੋਣ ਵੇਲੇ ਇਹ ਖ਼ਿਆਲ ਨਹੀਂ ਆਇਆ ਕਿ ਘਰ ਦਾ ਕੀ ਬਣੇਗਾ? ਬੱਚੇ ਕਿਵੇਂ ਪਲਣਗੇ?

– ਚਾਰੇ ਭਰਾ ਮੇਰੇ ਤੋਂ ਵੱਡੇ ਸਨ ਤੇ ਵੈਰੀ ਵੈਲ ਅਸਟੈਬਲਿਸ਼ਡ। ਕੋਈ ਤੰਗੀ ਨਹੀਂ ਸੀ। ਸਾਂਝਾ ਪਰਿਵਾਰ ਸੀ। ਮੇਰੇ 'ਤੇ ਕੋਈ ਜ਼ਿੰਮੇਵਾਰੀ ਨਹੀਂ ਸੀ। ਮੈਨੂੰ ਮੇਰੀ ਜੀਵਨ ਸਾਥਣ ਵੀ ਮੇਰੇ ਵਰਗੀ ਅਣਖੀਲੀ ਹੀ ਮਿਲੀ। ਕੈਲਾਸ਼ ਕੌਰ ਨੇ ਕਹਿਣਾ ਕਿ ਮੈਂ ਭੁੱਖੀ ਮਰ ਜਾਵਾਂਗੀ ਪਰ ਕਿਸੇ ਤੋਂ ਲੈਣਾ ਕੁਝ ਨਹੀਂ। ਮੇਰਾ ਕੰਮ ਮੈਨੂੰ ਸਭ ਕੁਝ ਦੇ ਰਿਹਾ ਸੀ। ਜਦੋਂ ਮੇਰੀ ਨੌਕਰੀ ਗਈ ਤਾਂ ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂ ਪ੍ਰਿਥਵੀ ਪਾਲ ਸਿੰਘ ਰੰਧਾਵਾ ਨੇ ਕਿਹਾ ਕਿ ਹੁਣ ਭਾਅ ਜੀ ਦੇ ਪਰਿਵਾਰ ਦੀ ਜ਼ਿੰਮੇਵਾਰੀ ਸਾਡੀ ਹੈ। ਮੈਂ ਜਿੱਥੇ ਜਾਂਦਾ ਲੋਕ ਮੇਰੀ ਮਦਦ ਕਰਦੇ ਸਨ। ਤੰਗੀ ਦਾ ਕਦੇ ਸੁਆਲ ਹੀ ਪੈਦਾ ਨਹੀਂ ਹੋਇਆ। ਇਕ ਤਾਂ ਮੇਰਾ ਪਰਸਨਲ ਖਰਚ ਕੋਈ ਨਹੀਂ ਸੀ। ਸ਼ਰਾਬ ਤੋਂ ਮੈਂ ਸਦਾ ਦੂਰ ਰਿਹਾਂ। ਬੱਚੇ ਵੀ ਸਾਦਗੀ ਨਾਲ ਰਹੇ। ਇਨ੍ਹਾਂ ਦੀ ਡਿਮਾਂਡ ਕੋਈ ਨਹੀਂ ਸੀ। ਹੁਣ ਤੱਕ ਮੇਰਾ ਕੰਮ ਲਗਾਤਾਰਤਾ ਨਾਲ ਚੱਲਣ ਦਾ ਕਾਰਨ ਹੀ ਇਹੀ ਹੈ ਕਿ ਮੇਰੀ ਨਿੰਜੀ ਜ਼ਿੰਦਗੀ ਬੇਹੱਦ ਸਾਦਗੀ ਨਾਲ ਚੱਲੀ ਹੈ। ਕੋਈ ਫਾਲਤੂ ਖਰਚ ਕਦੇ ਕਰਨ ਦੀ ਲੋੜ ਹੀ ਨਹੀਂ ਪਈ। ਇਸ ਲਈ ਕਦੇ ਮਨ 'ਚ ਕੋਈ ਦੁੱਬਧਾ ਵਾਲੀ ਸਥਿਤੀ ਨਹੀਂ ਬਣੀ।

? ਪਿੰਡਾਂ ਵਿਚ ਨਾਟਕ ਕਰਦਿਆਂ ਬਹੁਤ ਸਾਰੀਆਂ ਦਿਲਚਸਪ ਘਟਨਾਵਾਂ ਵਾਪਰਦੀਆਂ ਹੋਣਗੀਆਂ?

– ਬਹੁਤ। ਪਰ ਮੈਂ ਇਕ ਦੋ ਦਾ ਹੀ ਜ਼ਿਕਰ ਕਰਦਾਂ। ਇਕ ਵਾਰ ਪ੍ਰੋ. ਹਰਭਜਨ ਸਿੰਘ ਨੇ ਅਪਣੇ ਪਿੰਡ ਕਾਲਾ ਸੰਘਿਆਂ ਨਾਟਕ ਕਰਵਾਉਣ ਲਈ ਬੁਲਾਇਆ। ਪਿੰਡ ਪਹੁੰਚੇ ਤਾਂ ਸੱਥ ਵਿਚ ਕੁਝ ਲੋਕ ਤਾਸ਼ ਖੇਡ ਰਹੇ ਸਨ। ਮੈਂ ਸਟੇਜ ਲਾਉਣ ਲਈ ਥਾਂ ਲੱਭ ਰਿਹਾ ਸਾਂ।

ਤਦੇ ਤਾਸ਼ ਖੇਡਦਾ ਇਕ ਬਜ਼ੁਰਗ ਬੋਲਿਆ-'ਸਰਦਾਰਾ ਕੰਜਰਖਾਨਾ ਹੀ ਕਰਨੈ ਇਥੇ ਕੀਤਾ ਜਾਂ ਉਥੇ, ਕੀ ਫਰਕ ਪੈਂਦੈ?' ਮੈਂ ਕੁਝ ਨਾ ਕਿਹਾ। ਫੇਰ ਅਸੀਂ ਉਥੇ ਨਾਟਕ ਕੀਤਾ 'ਜਿਨ ਸੱਚੁ ਪੱਲੇ ਹੋਇ'। ਨਾਟਕ ਤੋਂ ਬਾਅਦ ਮੈਂ ਉਸੇ ਬਜ਼ੁਰਗ ਨੂੰ ਪੁੱਛਿਆ ਕਿਵੇਂ ਰਿਹਾ ਕੰਜਰਖਾਨਾ। ਉਹਦਾ ਜਵਾਬ ਸੀ ਇਹ ਤਾਂ ਗੱਲ ਹੀ ਹੋਰ ਨਿਕਲੀ।

ਪੇਂਡੂ ਬਿਲਕੁਲ ਸਾਫ ਦਿਲ ਹੁੰਦੇ ਹਨ। ਇਨ੍ਹਾਂ ਦੇ ਆਰ-ਪਾਰ ਦੇਖਿਆ ਜਾ ਸਕਦਾ ਹੈ। ਇਹ ਟਿਚਕਰੀ ਵੀ ਸਿਰੇ ਦੇ ਤੇ ਇਮਾਨਦਾਰ ਵੀ ਸਿਰੇ ਦੇ। ਇਸੇ ਤਰ੍ਹਾਂ ਅੰਬਾਲਾ ਸਿਟੀ ਵਿਚ ਅਸੀਂ 'ਜਿਨ ਸੱਚੁ ਪੱਲੇ ਹੋਇ' ਖੇਡਣ ਗਏ। ਇਹਦੇ 'ਚ ਇਕ ਮੁਸਲਿਮ ਕਿਰਦਾਰ ਹੈ ਜੋ ਅਨੂਪ ਕਰ ਰਿਹਾ ਸੀ। ਨਾਟਕ ਵਿਚ ਇਹ ਮੁਸਲਿਮ, ਸਿੱਖ ਕਿਰਦਾਰ ਨੂੰ ਚੰਗਾ ਮੰਦਾ ਬੋਲ ਰਿਹਾ ਸੀ। ਅਚਾਨਕ ਇਕ ਕਿਰਪਾਨ ਲਿਸ਼ਕੀ। ਇਹ ਇਕ ਨਿਹੰਗ ਸਿੰਘ ਸੀ ਜੋ ਅਨੂਪ ਦੁਆਲੇ ਹੋ ਗਿਆ ਸੀ ਤੇ ਕਹਿ ਰਿਹਾ ਸੀ-ਉਏ ਤੂੰ ਸਾਡੇ ਗੁਰ ਸਿੱਖ ਨੂੰ ਔਖਾ ਬੋਲਦੈਂ।' ਬੜੀ ਮੁਸ਼ਕਲ ਨਾਲ ਪ੍ਰਬੰਧਕਾਂ ਨੇ ਉਸ ਨੂੰ ਸਮਝਾਇਆ ਕਿ ਇਹ ਨਾਟਕ ਹੈ।

ਸੁਲਤਾਨਪੁਰ ਲੋਧੀ ਵਿਚ ਨਾਟਕ 'ਇਹ ਲਹੂ ਕਿਸ ਦਾ ਹੈ' ਕਰਦਿਆਂ ਇਕ ਜਾਬਰ ਕਿਰਦਾਰ ਦੇ ਵਿਰੁਧ ਦਰਸ਼ਕਾਂ ਨੇ ਇਵੇਂ ਹੀ ਰਿਐਕਟ ਕੀਤਾ ਸੀ। ਇਕ ਵਾਰੀ ਮੈਂ ਕੈਲਾਸ਼ ਤੇ ਦੋਵਾਂ ਬੇਟੀਆਂ ਨਾਲ ਕਿਸੇ ਪਿੰਡ ਨਾਟਕ ਕਰਨ ਤੋਂ ਬਾਅਦ ਵਾਪਸ ਆਉਣ ਲੱਗਾ ਸੀ ਕਿ ਸਾਡੇ ਕੋਲੋਂ ਪਿੰਡ ਦੀਆਂ ਕੁਝ ਔਰਤਾਂ ਇਹ ਕਹਿੰਦੀਆਂ ਨਿਕਲੀਆਂ ਕਿ ਦੇਖੋ ਨੀਂ ਰੋਟੀ ਪਿੱਛੇ ਕਿਵੇਂ ਨਿਆਣਿਆਂ ਨੂੰ ਵੀ ਨਾਲ ਈ ਧੂਈ ਫਿਰਦੇ ਆ। ਉਂਜ ਮੈਨੂੰ ਹੁਣ ਤੱਕ ਦੇ ਅਪਣੇ ਨਾਟਕ ਸਫ਼ਰ ਵਿਚ ਇਸ ਗੱਲ ਦਾ ਫ਼ਖਰ ਹੈ ਕਿ ਇਕ ਵਾਰ ਵੀ ਮੇਰੇ ਨਾਲ ਇਵੇਂ ਨਹੀਂ ਹੋਇਆ ਕਿ ਦਰਸ਼ਕਾਂ ਨੇ ਮੇਰਾ ਨਾਟਕ ਬੰਦ ਕਰਵਾਉਣ ਦੀ ਕੋਸ਼ਿਸ਼ ਕੀਤੀ ਹੋਵੇ। ਮੇਰੇ ਨਾਟਕ ਦੇ ਨਾਲ ਨਾਲ ਹੀ ਮੇਰੇ ਦਰਸ਼ਕ ਤੁਰਦੇ ਰਹੇ ਹਨ।

? ਜੇਲ੍ਹ ਵਿਚ ਬਿਤਾਏ ਦਿਨਾਂ ਦੌਰਾਨ ਮਨ 'ਚ ਕੀ ਕੁਝ ਵਾਪਰਦਾ ਸੀ। ਜੇਲ੍ਹ ਦੀ ਕੋਈ ਯਾਦ।

– ਜੇਲ੍ਹ ਵਿਚ ਮੈਨੂੰ ਕੋਈ ਸ਼ਰੀਰਕ ਪ੍ਰੇਸ਼ਾਨੀ ਨਹੀਂ ਹੋਈ। ਬਹੁਤ ਵੱਡੀ ਗਿਣਤੀ ਵਿਚ ਸਿਆਸੀ ਕੈਦੀ ਉਥੇ ਸਨ। ਮਾਨਸਿਕ ਤਕਲੀਫ ਜ਼ਰੂਰ ਸੀ ਕਿ ਬਾਹਰ ਸਾਰੇ ਕੰਮ ਰੁਕ ਗਏ ਹਨ। ਮੇਰੀ ਜੇਲ੍ਹ ਕੋਠੜੀ ਦੇ ਸੱਜੇ ਪਾਸੇ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਸਨ ਤੇ ਖੱਬੇ ਪਾਸੇ ਉਦੋਂ ਦਾ ਪ੍ਰਸਿੱਧ ਸਮਗਲਰ ਪੰਮਾ। ਇਕ ਦਿਨ ਮੈਂ ਜਥੇਦਾਰ ਉਮਰਾਨੰਗਲ ਨਾਲ ਗੱਲ ਕੀਤੀ ਕਿ ਇੱਥੇ ਸੌ ਕੈਦੀਆਂ ਵਿਚੋਂ 80 ਪਿੰਡਾਂ ਦੇ ਰਹਿਣ ਵਾਲੇ ਕਿਸਾਨ ਪਰਿਵਾਰਾਂ ਦੇ ਲੋਕ ਹਨ। ਅਨਪੜ੍ਹਤਾ ਕਰਕੇ ਇਹ ਇੱਥੇ ਨੇ। ਮੈਂ ਉਮਰਾਨੰਗਲ ਨੂੰ ਪੁੱਛਿਆ ਕਿ ਤੁਸੀਂ ਸਿੱਖ ਸਟੇਟ ਦੇ ਹਮਾਇਤੀ ਹੋ ਕੀ ਤੁਹਾਡੀ ਭਾਵੀ ਸਟੇਟ ਵਿਚ ਇਨ੍ਹਾਂ ਅੱਸੀਆਂ ਲੋਕਾਂ ਬਾਰੇ ਕੋਈ ਪ੍ਰੋਗਰਾਮ ਹੈ ਜਾਂ ਤੁਹਾਡਾ ਪ੍ਰੋਗਰਾਮ ਹਿੰਦੂਆਂ ਜਾਂ ਦਿੱਲੀ ਵਾਲਿਆਂ ਨੂੰ ਹੀ ਨਿੰਦਣਾ ਹੈ? ਜਥੇਦਾਰ ਉਮਰਾਨੰਗਲ ਮੇਰੇ ਸਵਾਲ ਦਾ ਕੋਈ ਤੱਸਲੀਬਖਸ਼ ਜਵਾਬ ਨਹੀਂ ਦੇ ਸਕੇ ਹਾਲਾਂ ਕਿ ਉਹ ਉਦੋਂ ਅਕਾਲੀ ਦਲ ਦੇ ਸਰਕਰਦਾ ਆਗੂ ਸਨ। ਉਨ੍ਹਾਂ ਕੋਲ ਅਕਾਲੀ ਦਲ ਦਾ ਕੋਈ ਵੀ ਲਿਖਤੀ ਪ੍ਰੋਗਰਾਮ ਨਹੀਂ ਸੀ। ਇਹ ਗੱਲਾਂ ਹੋਰਨਾਂ ਲੀਡਰਾਂ ਵਾਸਤੇ ਵੀ ਕਹੀਆਂ ਜਾ ਸਕਦੀਆਂ ਹਨ। ਮੈਂ ਸਮਝਦਾ ਹਾਂ ਕਿ ਲਹਿਰ ਜਾਂ ਹਰ ਜਥੇਬੰਦੀ ਨੂੰ ਅਪਣਾ ਮਕਸਦ ਲਿਖਤ ਵਿਚ ਜ਼ਰੂਰ ਲਿਆਉਣਾ ਚਾਹੀਦਾ ਹੈ। ਉਨ੍ਹਾਂ ਨੂੰ ਦੱਸਣਾ ਚਾਹੀਦਾ ਹੈ ਕਿ ਅਸੀਂ ਚਾਹੁਨੇ ਕੀ ਹਾਂ?

ਜੇਲ੍ਹ ਵਿਚ ਹੀ ਜਿਹੜਾ ਸੇਵਾਦਾਰ ਮੈਨੂੰ ਮਿਲਿਆ, ਉਹ ਜੇਬ ਕਤਰਾ ਸੀ। ਮੈਂ ਉਹਨੂੰ ਗੱਲੀਂ ਬਾਤੀਂ ਲਾ ਲੈਂਦਾ ਸਾਂ। ਇਕ ਦਿਨ ਮੈਂ ਉਹਨੂੰ ਕਿਹਾ ਕਿ ਕੋਈ ਘਟਨਾ ਸੁਣਾ ਤਾਂ ਉਹ ਦੱਸਣ ਲੱਗਾ ਕਿ ਜਦੋਂ ਉਹ ਜੇਲ੍ਹ ਵਿਚ ਆਇਆ ਤਾਂ ਗੇਟ ਉਪਰ ਹੀ ਜੇਲ੍ਹ ਸੁਪਰਡੈਂਟ ਕਹਿਣ ਲੱਗਾ, 'ਓਏ ਤੇਰੀ ਬੜੀ ਮਸ਼ਹੂਰੀ ਐ। ਕਹਿੰਦੇ ਤੂੰ ਬੜਾ ਵੱਡਾ ਜੇਬ ਕਤਰਾ ਐਂ। ਕੋਈ ਸਾਨੂੰ ਵੀ ਅਪਣਾ ਕਮਾਲ ਦਿਖਾ।' ਏਨਾ ਕਹਿ ਉਹ ਗੇਟ ਤੋਂ ਜੇਲ੍ਹ ਦੇ ਅੰਦਰ ਟਾਵਰ ਤੱਕ ਪਹੁੰਚੇ ਤਾਂ ਸੁਪਰਡੈਂਟ ਨੇ ਰੌਲੀ ਪਾਈ, 'ਮੇਰੀ ਜੇਬ ਕੱਟੀ ਗਈ ਬਈ।' ਮੁੰਡੇ ਨੇ ਦੱਸਿਆ ਕਿ ਉਸ ਕਿਹਾ, 'ਤੁਸੀਂ ਕਮਾਲ ਦਿਖਾਉਣ ਨੂੰ ਕਿਹਾ ਸੀ ਮੈਂ ਕਮਾਲ ਕਰ ਦਿੱਤਾ।' ਇਸ ਜੇਬ ਕਤਰੇ ਮੁੰਡੇ ਨੇ ਮੈਨੂੰ ਜੇਬ ਕਤਰੀ ਦੇ ਆਰਟ ਦੀਆਂ ਕਈ ਗੁੱਝੀਆਂ ਗੱਲਾਂ ਦੱਸੀਆਂ। ਉਹਨੇ ਦੱਸਿਆ ਕਿ ਕਿਵੇਂ ਬਲੇਡ ਨਾਲ ਜੇਬ ਕੱਟੀਦੀ ਹੈ। ਉਸ ਨੇ ਦੱਸਿਆ ਕਿ ਉਂਗਲੀ ਦਾ ਥੋੜ੍ਹਾ ਜਿਹਾ ਮਾਸ ਸਾੜ ਕੇ ਉਹਦੇ ਵਿਚ ਬਲੇਡ ਪਾ ਲਈਦਾ ਤੇ ਬੜੀ ਆਸਾਨੀ ਨਾਲ ਜੇਬ ਕੱਟ ਲਈ ਜਾਂਦੀ ਹੈ। ਉਹਨੇ ਇਹ ਵੀ ਦੱਸਿਆ ਕਿ ਅੰਮ੍ਰਿਤਸਰ ਦੇ ਦਰਬਾਰ ਸਾਹਿਬ ਵਿਚ ਲੱਗਦੇ ਗੁਰਪੂਰਬ ਤੇ ਤਰਨਤਾਰਨ ਦੀ ਮਸਿਆ ਸਾਡੇ ਕਾਰਜ ਖੇਤਰ ਹਨ। ਜੇਲ੍ਹ ਵਿਚ ਹੋਰ ਬੜੀਆਂ ਦਿਲਚਸਪ ਤੇ ਹੈਰਾਨ ਕਰ ਦੇਣ ਵਾਲੀਆਂ ਚੀਜ਼ਾਂ ਵੀ ਮੈਂ ਦੇਖੀਆਂ। ਮੈਂ ਦੇਖਿਆ ਕਿ ਕਿਵੇਂ ਅਸਰ ਰਸੂਖ ਵਾਲੇ ਕੈਦੀਆਂ ਨੂੰ ਉਹਨਾਂ ਦੀ ਜ਼ਰੂਰਤ ਦੀ ਹਰ ਚੀਜ਼ ਮੁਹੱਈਆ ਕਰਾਈ ਜਾਂਦੀ ਹੈ। ਮੈਂ ਦੇਖਿਆ ਕਿ ਕਿਵੇਂ ਫਰੂਟ ਦੇ ਡੱਬਿਆਂ ਵਿਚ ਸ਼ਰਾਬ ਦੀਆਂ ਬੋਤਲਾਂ ਆਉਂਦੀਆਂ ਹਨ। ਉਂਜ ਜੇਲ੍ਹ ਦੀ ਜ਼ਿੰਦਗੀ ਹੁੰਦੀ ਬੜੀ ਦਿਲਚਸਪ ਹੈ। ਸਿਆਸੀ ਕੈਦੀਆਂ ਨੂੰ ਇੱਥੋਂ ਸਿੱਖਣ ਲਈ ਬਹੁਤ ਕੁਝ ਮਿਲਦਾ ਹੈ। ਪੜ੍ਹਨ ਲਿਖਣ ਲਈ ਖੁੱਲ੍ਹਾ ਵਕਤ ਮਿਲ ਜਾਂਦਾ ਹੈ। ਜੇਲ੍ਹਾਂ ਵਿਚ ਦੁੱਖ ਕੱਟਦੇ ਬੰਦੇ ਇੱਕਠੇ ਹੋ ਜਾਂਦੇ ਹਨ। ਸਾਂਝਾਂ ਪੱਕੀਆਂ ਹੁੰਦੀਆਂ ਹਨ। ਅਪਣੇ ਨਾਲ ਦੇ ਬਿਮਾਰ ਕੈਦੀਆਂ ਦੀ ਸੇਵਾ ਸੰਭਾਲ ਵਿਚ ਜੁਟਣਾ ਮਨੁੱਖਤਾ ਦੀ ਵੱਡੀ ਮਿਸਾਲ ਕਹੀ ਜਾ ਸਕਦੀ ਹੈ।

### ਕਿਤਾਬ ਦੀ ਕਦਰ

? ਸਸਤੇ ਭਾਅ ਕਿਤਾਬਾਂ ਛਾਪ ਕੇ ਪਿੰਡ-ਪਿੰਡ ਪਹੁੰਚਾਉਣ ਦੇ ਯਤਨ ਵਜੋਂ 'ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ' ਦਾ ਤਜ਼ਰਬਾ ਕਿਵੇਂ ਰਿਹਾ।

– 1971 ਬਲਰਾਜ ਸਾਹਨੀ ਹੋਰਾਂ ਨੂੰ ਭਾਸ਼ਾ ਵਿਭਾਗ ਵੱਲੋਂ ਸ਼੍ਰੋਮਣੀ ਸਾਹਿਤਕਾਰ ਦਾ ਪੰਜ ਹਜ਼ਾਰ ਰੁਪਏ ਦਾ ਐਵਾਰਡ ਮਿਲਿਆ। ਇਹ ਨਕਦ ਸ਼ਕਲ ਵਿਚ ਲਾਲ ਗੁੱਥੀ ਵਿਚ ਸੀ। ਬਲਰਾਜ ਹੋਰਾਂ ਉਹ ਗੁੱਥੀ ਮੈਨੂੰ ਫੜਾ ਦਿੱਤੀ ਤੇ ਕਿਹਾ ਕਿ ਇਸ ਨੂੰ ਪੰਜਾਬੀ ਦੇ ਉਭਰਦੇ ਲੇਖਕਾਂ ਦੇ ਉਤਸ਼ਾਹ ਵਜੋਂ ਵਰਤ ਲਵਾਂ। ਗੁੱਥੀ ਜਦੋਂ ਮੈਂ ਖੋਲ੍ਹੀ ਉਹਦੇ ਵਿਚ ਸਤਵੰਜਾ ਸੌ ਰੁਪਏ ਸਨ। ਬੰਬਈ-ਚੰਡੀਗੜ੍ਹ ਦੇ ਹਵਾਈ ਸਫ਼ਰ ਦਾ ਕਿਰਾਇਆ ਵੀ ਸੀ ਸ਼ਾਇਦ ਉਹਦੇ ਵਿਚ। ਅਜੇ ਉਸ ਪੈਸੇ ਬਾਰੇ ਮੈਂ ਸੋਚ ਹੀ ਰਿਹਾ ਸੀ ਕਿ ਬਲਰਾਜ ਜੀ ਅਚਾਨਕ ਗੁਜ਼ਰ ਗਏ। ਉਨ੍ਹਾਂ ਦੇ ਧਰਮ ਪਤਨੀ ਸੰਤੋਸ਼ ਹੋਰਾਂ ਨੂੰ ਜਦੋਂ ਮੈਂ ਪੈਸੇ ਬਾਰੇ ਦੱਸਿਆ ਤਾਂ ਉਨ੍ਹਾਂ ਕਿਹਾ ਕਿ ਜਿਸ ਕੰਮ ਲਈ ਬਲਰਾਜ ਜੀ ਤੁਹਾਨੂੰ ਪੈਸੇ ਫੜਾ ਕੇ ਗਏ ਸੀ, ਉਸ ਲਈ ਹੀ ਇਨ੍ਹਾਂ ਨੂੰ ਵਰਤੋ। ਮੈਂ ਫੇਰ ਬਲਰਾਜ ਸਾਹਨੀ ਯਾਦਗਾਰ ਘਰੇਲੂ ਪੁਸਤਕਸ਼ਾਲਾ ਦੇ ਨਾਂ ਥੱਲੇ ਪਾਸ਼ ਦੀ ਕਿਤਾਬ 'ਲੋਹ ਕਥਾ' ਛਾਪੀ। ਫੇਰ ਸੰਤ ਸੰਧੂ ਦੀ 'ਸੀਸ ਤਲੀ 'ਤੇ'। ਦੋਵੇਂ ਕਵਿਤਾਵਾਂ ਦੀਆਂ ਕਿਤਾਬਾਂ ਸਨ। ਪਾਸ਼ ਦੀ ਕਿਤਾਬ ਸੰਤ ਸੰਧੂ ਨੇ ਤਿਆਰ ਕੀਤੀ ਸੀ। ਬਹੁਤ ਸਾਰੀਆਂ ਕਵਿਤਾਵਾਂ ਸੰਤ ਸੰਧੂ ਨੇ ਸਿਗਰਟ ਦੀਆਂ ਡੱਬੀਆਂ 'ਤੇ ਪੈਂਸਲਾਂ ਨਾਲ ਲਿਖੀਆਂ ਹੁੰਦੀਆਂ ਸਨ। ਲੋਹ ਕਥਾ ਦੀ ਕੀਮਤ 50 ਪੈਸੇ ਰੱਖੀ ਸੀ। ਉਸ ਤੋਂ ਬਾਅਦ ਤਕਰੀਬਨ 112 ਕਿਤਾਬਾਂ ਛਾਪੀਆਂ, ਇਨ੍ਹਾਂ ਵਿਚ ਏਸ ਵੇਲੇ ਦੇ ਸਥਾਪਤ ਲੇਖਕਾਂ ਦੀਆਂ ਪਹਿਲੀਆਂ ਪਹਿਲੀਆਂ ਕਿਤਾਬਾਂ ਸਨ-ਵਰਿਆਮ ਸੰਧੂ, ਪ੍ਰੇਮ ਗੋਰਖੀ, ਅਤਰਜੀਤ, ਸੁਖਵੰਤ ਕੌਰ ਮਾਨ ਆਦਿ। ਸੰਤ ਰਾਮ ਉਦਾਸੀ ਦੀਆਂ ਸਾਰੀਆਂ ਹੀ ਕਿਤਾਬਾਂ ਮੈਂ ਛਾਪੀਆਂ। ਖਾਸ ਜ਼ਿਕਰ ਵਾਲੀ ਗੱਲ ਇਹ ਹੈ ਕਿ ਪਹਿਲਾਂ ਪਹਿਲ ਜਦੋਂ ਮੈਂ ਕਿਤਾਬਾਂ ਛਾਪੀਆਂ ਤਾਂ ਲੇਖਕਾਂ ਦਾ ਬੜਾ ਸਹਿਯੋਗ ਰਿਹਾ ਪਰ ਜਦੋਂ ਇਹ ਲੇਖਕ ਸਥਾਪਤ ਹੋ ਗਏ ਤਾਂ ਮੇਰੀ ਸਾਦਾ ਦਿਖ ਵਾਲੀ ਸਸਤੀ ਕਿਤਾਬ ਇਨ੍ਹਾਂ ਨੂੰ ਪਸੰਦ ਆਉਣੋਂ ਹੱਟ ਗਈ। ਨਾਟਕਾਂ ਦੇ ਨਾਲ ਨਾਲ ਪਿੰਡ ਪਿੰਡ ਕਿਤਾਬਾਂ ਲਿਜਾਣ ਨਾਲ ਕਿਤਾਬਾਂ ਦੀ ਸਰਕੂਲੇਸ਼ਨ ਵਧੀ। ਨਾਟਕਾਂ ਦੇ ਬਾਅਦ ਕਿਤਾਬਾਂ ਦਾ ਖੁੱਲ੍ਹਾ ਸਟਾਲ ਲਾਇਆ ਜਾਂਦਾ ਸੀ।

ਇਸ ਪੁਸਤਕਸ਼ਾਲਾ ਬਾਰੇ ਬੜੇ ਮਾਣ ਨਾਲ ਕਿਹਾ ਜਾ ਸਕਦਾ ਹੈ ਕਿ ਚੋਣਵਾਂ ਇਨਕਲਾਬੀ ਸਾਹਿਤ ਇਹਦੇ ਨਾਮ ਥੱਲੇ ਤਕਰੀਬਨ 30 ਸਾਲ ਛਪਿਆ ਹੈ।

1983 ਤੋਂ 1994 ਵਿਚ ਜਿਹੜਾ ਅਤਿਵਾਦ ਦਾ ਕਾਲਾ ਦੌਰ ਗਿਣਿਆ ਜਾਂਦਾ ਹੈ, ਉਸ ਵਿਚ ਕਵਿਤਾਵਾਂ ਤੇ ਕਹਾਣੀਆਂ ਦੇ ਬਹੁਤ ਸਾਰੇ ਸੰਗ੍ਰਹਿ ਛਾਪੇ। ਕਵਿਤਾਵਾਂ ਦਾ ਸੰਗ੍ਰਹਿ 'ਪਹੁੰਚੇ ਹਾਂ ਕਿਸ ਮੁਕਾਮ 'ਤੇ' ਪਰਮਿੰਦਰਜੀਤ ਨੇ ਤਿਆਰ ਕੀਤਾ ਸੀ। ਇਸ ਵਿਚ ਪੰਜਾਬ ਦੇ ਸੰਤਾਪ ਬਾਰੇ ਬਹੁਤ ਹੀ ਚੋਣਵੀਆਂ ਕਵਿਤਾਵਾਂ ਸਨ। ਇਸ ਪੁਸਤਕਸ਼ਾਲਾ ਬਾਰੇ ਜ਼ਿਕਰਯੋਗ ਗੱਲ ਇਹ ਹੈ ਕਿ ਇਹ ਮੇਰਾ ਮਿਸ਼ਨ ਨਾਟਕ ਸਰਗਰਮੀਆਂ ਦਾ ਇਕ ਅਨਿਖੜਵਾਂ ਅੰਗ ਬਣ ਗਿਆ ਸੀ।

ਮੇਰੇ ਤੋਂ ਬਾਅਦ ਹੁਣ ਬਹੁਤ ਸਾਰੇ ਪ੍ਰਕਾਸ਼ਕ ਕੰਮ ਕਰ ਰਹੇ ਹਨ। ਇਕ ਦੋ ਪ੍ਰਕਾਸ਼ਕ ਹਨ ਜਿਹੜੇ ਸਸਤੀਆਂ ਕਿਤਾਬਾਂ ਲੈ ਕੇ ਪਿੰਡਾਂ ਵਿਚ ਜਾ ਰਹੇ ਹਨ। ਕਹਾਣੀਕਾਰ ਅਤਰਜੀਤ ਮੇਰੇ ਇਸ ਤਜ਼ਰਬੇ ਨੂੰ ਹੋਰ ਅੱਗੇ ਲਿਜਾਉਣਾ ਚਾਹੁੰਦਾ ਹੈ। ਉਹ ਚੰਗੇ ਯਤਨ ਕਰ ਰਿਹਾ ਹੈ ਕਿ ਵਧੀਆ ਸਾਹਿਤ ਵਾਜਬ ਕੀਮਤ 'ਤੇ ਅਵਾਮੀ ਸਮਾਗਮਾਂ ਰਾਹੀਂ ਲੋਕਾਂ ਤੱਕ ਪਹੁੰਚਾਇਆ ਜਾਵੇ। ਤਰਕਸ਼ੀਲ ਲਹਿਰ ਨੇ ਵੀ ਚੰਗਾ ਕੰਮ ਕੀਤਾ ਹੈ।

ਉਂਜ ਅਪਣੇ ਤਜ਼ਰਬੇ ਤੋਂ ਮੈਂ ਕਹਿਣਾ ਚਾਹੁੰਦਾ ਹਾਂ ਕਿ ਬਹੁਤ ਜ਼ਿਆਦਾ ਸਸਤੀ ਕਿਤਾਬ ਨਾਲ ਵੀ ਕਿਤਾਬ ਦੀ ਕਦਰ ਘੱਟ ਜਾਂਦੀ ਹੈ। ਮੈਨੂੰ ਲੱਗਦਾ ਹੈ ਕਿ ਇਹ ਕੋਈ ਆਦਰਸ਼ਕ ਪਹੁੰਚ ਨਹੀਂ ਪਰ ਸਜਾਵਟੀ ਛਲਾਵੇ ਨਾਲ ਕਿਤਾਬਾਂ ਦਾ ਬਾਜ਼ਾਰ ਵਿਚ ਭੇਜਣਾ ਵੀ ਤਰਕਸੰਗਤ ਨਹੀਂ ਹੈ। ਕੋਈ ਵਿਚਕਾਰਲਾ ਰਾਹ ਲੱਭਣਾ ਚਾਹੀਦਾ ਹੈ। ਗੈਟਅੱਪ ਵੀ ਚੰਗੀ ਹੋਵੇ, ਕੁਆਲਟੀ ਵੀ ਹੋਵੇ ਤੇ ਕੀਮਤ ਵੀ ਜੇਬ ਤੋਂ ਬਾਹਰੀ ਨਾ ਹੋਵੇ। ਤੇ ਨਾਲ ਹੀ ਨਿਸ਼ਾਨਾਂ ਤੈਅ ਹੋਵੇ ਕਿ ਕਿਤਾਬ ਕਿਹਦੇ ਕੋਲ ਕਿਵੇਂ ਪਹੁੰਚਾਉਣੀ ਹੈ।

ਆਹ ਸਾਹਿਤ ਅਕਾਦਮੀ ਲੁਧਿਆਣਾ ਵਾਲੇ ਪਰਚਾ ਛਾਪਦੇ ਆ 'ਆਲੋਚਨਾ'। ਖਰਚ ਤਾਂ ਇਹ ਵੀ ਓਨਾ ਹੀ ਕਰਦੇ ਹਨ ਪਰ ਸ਼ਾਇਦ ਇਹ ਸੋਚਦੇ ਹਨ ਕਿ ਆਲੋਚਨਾ ਸਿਰਫ਼ ਅਕਾਦਮਿਕ ਹੀ ਹੁੰਦੀ ਹੈ। ਅਵਾਮ ਨੂੰ ਇਹਦੀ ਲੋੜ ਨਹੀਂ। ਇਹ ਗਲਤ ਸੋਚ ਹੈ। ਕੁਝ ਰਾਜਸੀ ਪਰਚੇ ਵੀ ਚੰਗੇ ਨਿਕਲ ਰਹੇ ਹਨ। ਜਿਵੇਂ 'ਸੰਗਰਾਮੀ ਲਹਿਰ', ਇਹਦੇ 'ਚ ਚੰਗੇ ਰਾਜਸੀ ਕੁਮੈਂਟ ਹੁੰਦੇ ਹਨ ਪਰ ਘੇਰਾ ਹੋਰ ਵਿਸ਼ਾਲ ਕਰਨ ਦੀ ਲੋੜ ਹੈ।

? ਪਿੰਡਾਂ ਵਿਚ ਨਾਟਕ ਕਰਨ ਜਾਣ ਲਈ ਤੁਸੀਂ ਬਹੁਤ ਸਮਾਂ ਮਾਰੂਤੀ ਕਾਰ ਵਰਤੀ ਹੈ। ਤੁਸੀਂ ਆਪਣੇ ਹਰ ਡਰਾਈਵਰ ਨੂੰ ਵੀ ਨਾਟਕ ਦਾ ਕਲਾਕਾਰ ਬਣਾ ਦਿੱਤਾ। ਕੁਝ ਲੋਕ ਮਜ਼ਾਕ ਵਜੋਂ ਤੁਹਾਡੀ ਨਾਟ ਮੰਡਲੀ ਨੂੰ 'ਮਾਰੂਤੀ ਮੰਚ' ਵੀ ਕਹਿੰਦੇ ਰਹੇ ਹਨ। ਤੁਸੀਂ ਕੀ ਮਹਿਸੂਸ ਕਰਦੇ ਹੋ।

– ਮੇਰੀ ਹਮੇਸ਼ਾ ਇਹੀ ਕੋਸ਼ਿਸ਼ ਰਹੀ ਹੈ ਕਿ ਘੱਟ ਤੋਂ ਘੱਟ ਟੀਮ ਨਾਲ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਿਆ ਜਾਏ। ਮੇਰੇ ਲਈ ਨਾਟਕ ਦਾ ਸੁਨੇਹਾ, ਨਾਟਕ ਦਾ ਵਿਸ਼ਾ, ਸਭ ਚੀਜ਼ਾਂ ਤੋਂ ਵੱਧ ਅਹਿਮੀਅਤ ਰੱਖਦਾ ਹੈ। ਸੋ, ਮੈਂ ਆਪਣੇ ਨਾਟਕ ਇਸ ਨਿਸ਼ਾਨੇ ਨਾਲ ਹੀ ਡਿਜ਼ਾਈਨ ਕੀਤੇ ਹਨ। ਮਾਰੂਤੀ ਰਾਹੀਂ ਸਫ਼ਰ ਕਰਦਿਆਂ ਉਸ ਪੀਰੀਅਡ ਵਿਚ ਬੜੀਆਂ ਵੱਡੀਆਂ ਪ੍ਰਾਪਤੀਆਂ ਹੋਈਆਂ ਹਨ। 1991 ਤੋਂ 1997 ਤੱਕ ਨਾਟਕ 'ਲਾਰੇ, ਇਨਾਮ, ਨਵਾਂ ਜਨਮ, ਬੇਗਮੋ ਦੀ ਧੀ, ਖੰਭਾਂ ਵਾਲੀ ਕੁੜੀ' ਕੀਤੇ। ਇਸ ਸਮੇਂ ਵਿਚ ਨਾਟਕਾਂ ਦੀਆਂ ਬਹੁਤ ਜ਼ਿਆਦਾ ਪੇਸ਼ਕਾਰੀਆਂ ਹੋਈਆਂ। ਇਕ ਸਾਲ ਵਿਚ 280 ਪੇਸ਼ਕਾਰੀਆਂ ਕੀਤੀਆਂ। ਸ਼ਾਇਦ ਇਹ ਕੋਈ ਵਿਸ਼ਵ ਰਿਕਾਰਡ ਹੀ ਹੋਏ। ਜਿਹੜੇ ਲੋਕ 'ਮਾਰੂਤੀ ਮੰਚ' ਕਹਿਕੇ ਮੇਰਾ ਮਜ਼ਾਕ ਉਡਾਉਂਦੇ ਨੇ ਉਡਾਈ ਜਾਣ, ਮੈਨੂੰ ਜਾਂ ਪੰਜਾਬੀ ਨਾਟਕਾਂ ਨੂੰ ਕੀ ਫ਼ਰਕ ਪੈਂਦੈ। ਤੁਸੀਂ ਤਾਂ ਮਜ਼ਾਕ ਨਹੀਂ ਸਮਝਦੇ। ਤੁਸੀਂ ਮੈਨੂੰ ਸੀਰੀਅਸਲੀ ਲੈ ਰਹੇ ਹੋ, ਇਸੇ ਲਈ 'ਹੁਣ' ਦੇ ਪਾਠਕਾਂ ਲਈ ਮੇਰੇ ਨਾਲ 'ਗੱਲਾਂ' ਕਰ ਰਹੇ ਹੋ ਨਾ।

? ਪਿਛਲੇ ਦੱਸ ਕੁ ਸਾਲਾਂ ਤੋਂ ਗਲੋਬਲਾਈਜੇਸ਼ਨ ਦੇ ਅਸਰ ਪਿੰਡਾਂ 'ਚ ਦਿਖਾਈ ਦੇਣ ਲੱਗੇ ਹਨ। ਤੁਹਾਡੇ ਖ਼ਿਆਲ ਨਾਲ ਕਿੰਨੇ ਕੁ ਬਦਲ ਗਏ ਹਨ ਅਪਣੇ ਪਿੰਡ ਤੇ ਇਹ ਬਦਲਾਅ ਜਾਂਦਾ ਕਿਸ ਰੁਖ ਦਿਖਦਾ ਹੈ?

– ਬੜਾ ਕੁਝ ਬਦਲ ਰਿਹਾ ਹੈ। ਪਿੰਡ ਪਿੰਡ ਨਹੀਂ ਰਹੇ। ਮਾਡਰਨ ਕਨਸਟਰਕਸ਼ਨ ਬੜੀ ਹੋ ਰਹੀ ਹੈ। ਖਾਸ ਕਰਕੇ ਦੁਆਬੇ ਵਿਚ। ਓਪਰੀ ਨਜ਼ਰੇ ਇਹ ਖੁਸ਼ਹਾਲੀ ਜਾਪਦੀ ਹੈ। ਪਰ ਅਸਲੀਅਤ ਕੁਝ ਹੋਰ ਹੈ। ਐਨ.ਆਰ.ਆਈਜ਼ ਦੇ ਪੈਸਿਆਂ ਨਾਲ ਪਿੰਡਾਂ ਦੇ ਆਲੇ-ਦੁਆਲੇ ਵੱਡੇ ਵੱਡੇ ਮਹਿਲ ਉਸਰ ਗਏ ਹਨ ਪਰ ਇਨ੍ਹਾਂ ਵਿਚ ਰਹਿਣ ਵਾਲਾ ਕੋਈ ਨਹੀਂ। ਇਹਤੋਂ ਵੀ ਅਗਲੀ ਗੱਲ ਵਿਹੜਿਆਂ ਦੀ ਹਾਲਤ ਹੋਰ ਵੀ ਮਾੜੀ ਹੋ ਗਈ ਹੈ। ਨਾ ਪੀਣ ਲਈ ਸ਼ੁੱਧ ਪਾਣੀ ਨਾ ਪਾਣੀ ਦਾ ਨਿਕਾਸ। ਰੂੜੀਆਂ ਦੇ ਢੇਰ ਉਸੇ ਤਰ੍ਹਾਂ ਨੇ। ਖਪਤ ਕਲਚਰ ਨੇ ਉਤਲੇ ਤਬਕੇ ਨੂੰ ਹੋਰ ਉਪਰ ਕਰ ਦਿੱਤਾ ਹੈ ਪਰ ਪਿੰਡ ਦੇ ਬੁਨਿਆਦੀ ਢਾਂਚੇ ਨੂੰ ਬੁਰੀ ਤਰ੍ਹਾਂ ਹਿਲਾ ਕੇ ਰੱਖ ਦਿੱਤਾ ਹੈ। ਮਿਸਾਲ ਦੇ ਤੌਰ 'ਤੇ ਤੁਸੀਂ ਦੇਖ ਸਕਦੇ ਹੋ ਕਿ ਚੰਡੀਗੜ੍ਹ ਵਿਚ ਮੇਰੇ ਘਰ ਤੋਂ ਡੇਢ ਕਿਲੋਮੀਟਰ ਦੂਰ ਕਾਲੋਨੀ ਨੰਬਰ ਪੰਜ ਹੈ। ਦੇਖ ਲਓ ਕਿੰਨਾ ਕੁ ਫ਼ਰਕ ਹੈ। ਹਜ਼ਾਰਾਂ ਕੋਹਾਂ ਦਾ ਫ਼ਰਕ ਇਕ ਡੇਢ ਕਿਲੋਮੀਟਰ ਦੇ ਘੇਰੇ ਵਿਚ ਹੀ ਤੁਹਾਨੂੰ ਨਜ਼ਰ ਆ ਜਾਵੇਗਾ। ਇਹੀ ਫ਼ਰਕ ਪਿੰਡਾਂ ਵਿਚ ਹੈ। ਸ਼ਹਿਰਾਂ ਦੇ ਬਾਹਰਵਾਰ ਜਿਹੜੀਆਂ ਨਵੀਆਂ ਕਾਲੋਨੀਆਂ ਵਸਾਈਆਂ ਜਾ ਰਹੀਆਂ ਹਨ ਉਹ ਪੱਛਮ ਦੀਆਂ ਉਸਾਰੀਆਂ ਨੂੰ ਵੀ ਮਾਤ ਪਾਉਣ ਵਾਲੀਆਂ ਹਨ। ਇਹ ਸਭ ਕੁਝ ਪਿੰਡਾਂ ਨੂੰ ਉਜਾੜ ਕੇ ਕੀਤਾ ਜਾ ਰਿਹਾ ਹੈ। ਹਾਂ ਜਿਨ੍ਹਾਂ ਪਿੰਡਾਂ ਵਿਚ ਖੱਬੀਆਂ ਧਿਰਾਂ ਮੌਜੂਦ ਹਨ ਉਥੇ ਵਿਹੜਿਆਂ ਵਿਚ ਕੰਮ ਹੋਇਆ ਹੈ। ਇਹ ਕੰਮ ਸੋਚ ਦੇ ਪੱਧਰ 'ਤੇ ਹੈ। ਆਰਥਿਕਤਾ ਉਵੇਂ ਹੀ ਹੈ। ਉਂਜ ਐਨ.ਆਰ.ਆਈਜ਼ ਵਿਚ ਇਕ ਹਾਂ ਪੱਖੀ ਫ਼ਰਕ ਵੀ ਨਜ਼ਰ ਆ ਰਿਹਾ ਹੈ। ਅੱਜ ਤੋਂ ਕੋਈ ਦੱਸ ਪੰਦਰਾਂ ਸਾਲ ਪਹਿਲਾਂ ਕੋਈ ਪਰਵਾਸੀ ਜਦੋਂ ਅਪਣੇ ਪਿੰਡ ਆਉਂਦਾ ਸੀ ਤਾਂ ਉਹ ਗੁਰਦੁਆਰੇ ਨੂੰ ਮਾਇਆ ਚੜ੍ਹਾਉਂਦਾ ਸੀ ਜਾਂ ਫੇਰ ਅਪਣੇ ਬਾਪ ਦਾਦਿਆਂ ਦੇ ਨਾਂ 'ਤੇ ਗੇਟ ਬਣਾਉਂਦਾ ਸੀ। ਹੁਣ ਪਿੰਡਾਂ ਵਿਚ ਸਕੂਲਾਂ, ਹਸਪਤਾਲਾਂ ਅਤੇ ਖੇਡਾਂ ਦੇ ਖੇਤਰ ਵਿਚ ਵੀ ਪਰਵਾਸੀ ਪੰਜਾਬੀ ਮਦਦ ਕਰਨ ਲੱਗ ਪਏ ਹਨ। ਇਹ ਚੰਗੀ ਗੱਲ ਹੈ।

### ਰੰਗ ਮੰਚ ਦੀ ਸਿਖਲਾਈ

? ਬਿਜਲਈ ਮਾਧਿਅਮਾਂ ਦਾ ਰੰਗ-ਮੰਚ ਨੂੰ ਕਿੰਨਾ ਕੁ ਨਫ਼ਾ ਤੇ ਕਿੰਨਾ ਕੁ ਨੁਕਸਾਨ ਹੋਇਆ?

– ਰੰਗਮੰਚ ਨੇ ਆਪਣੇ ਸਾਧਨਾਂ ਮੁਤਾਬਕ ਨਾਟਕ ਡਿਜ਼ਾਈਨ ਕੀਤੇ ਹਨ। ਬਿਜਲਈ ਮਾਧਿਅਮ ਨੇ ਇਨ੍ਹਾਂ ਨੂੰ ਲਿਸ਼ਕਾਉਣ ਵਿਚ ਸਹਾਇਤਾ ਕੀਤੀ ਹੈ।

ਮੈਂ ਇਹ ਵੀ ਸਮਝਦਾਂ ਕਿ ਜਿਹੜੀ ਗੱਲ ਚੰਗੇ ਸਮਾਜ ਦੇ ਨਿਸ਼ਾਨੇ ਤੋਂ ਲਾਂਭੇ ਹੋ ਜਾਵੇ, ਉਹ ਨੁਕਸਾਨਦੇਹ ਹੁੰਦੀ ਹੈ, ਬਹੁਤੇ ਤਕਨੀਕੀ ਅਡੰਬਰ ਵੀ ਅਸਲੀ ਗੱਲ ਨੂੰ ਪਰ੍ਹਾਂ ਲੈ ਜਾਂਦੇ ਹਨ। ਤਿੰਨ ਕੁ ਸਾਲ ਪਹਿਲਾਂ ਮੈਂ ਚੰਡੀਗੜ੍ਹ ਦੇ ਟੈਗੋਰ ਥੀਏਟਰ ਗਿਆ ਤਾਂ ਉਥੇ ਇਕ ਨਾਟਕ ਲਈ ਇਕ ਟੀ.ਵੀ.ਚੈਨਲ ਨੇ ਪ੍ਰਬੰਧ ਕੀਤਾ ਹੋਇਆ ਸੀ, ਮੈਂ ਹਾਲ 'ਚ ਵੜਦਾ ਹੀ ਚੁੰਧਿਆ ਗਿਆ। ਤਿੰਨ ਘੰਟੇ ਤਮਾਸ਼ਾ ਹੁੰਦਾ ਰਿਹਾ, ਨਿਕਲਿਆ ਕੁਝ ਵੀ ਨਾ। ਮੈਂ ਅਪਣੀ ਉਮਰ ਦੇ ਇਸ ਪੜਾ 'ਤੇ ਆ ਕੇ ਮਾਣ ਕਰ ਸਕਦਾ ਹਾਂ ਕਿ ਜਿਸ ਨਿਸ਼ਾਨੇ ਨੂੰ ਲੈ ਕੇ ਮੈਂ ਘਾਲਣਾ ਘਾਲੀ ਹੈ ਉਹਦੇ ਵਿਚ ਮੈਨੂੰ ਸਫਲਤਾ ਮਿਲੀ ਹੈ ਪਰ ਨਾਲ ਹੀ ਇਹ ਵੀ ਮਹਿਸੂਸ ਕਰਦਾ ਹਾਂ ਕਿ ਮੈਂ ਦਸ ਸਾਲ ਲੇਟ ਹੋ ਗਿਆ ਹਾਂ। ਭਾਵੇਂ ਮੈਂ ਹੁਣ ਵੀ ਲੱਗਾ ਹੋਇਆਂ ਹਾਂ ਪਰ ਅੱਜ ਮੇਰੇ ਕੋਲ ਉਹ ਐਨਰਜੀ ਨਹੀਂ ਕਿ ਮੈਂ ਦਿਨ ਰਾਤ ਅੱਗੇ ਵਾਂਗ ਤੁਰਿਆ ਰਵ੍ਹਾਂ।

? ਭਵਿੱਖ ਦੇ ਰੰਗਮੰਚ ਨੂੰ ਕੋਈ ਨਵਾਂ ਮੋੜ ਦੇਣ ਬਾਰੇ ਕੁਝ ਸੋਚਿਆ ਹੋਵੇ ਤਾਂ ਦੱਸੋ?

– ਮੇਰੇ ਕੋਲ ਰੰਗਮੰਚ ਦੀ ਕੋਈ ਰਸਮੀ ਸਿਖਲਾਈ ਨਹੀਂ ਹੈ, ਪਰ ਮੇਰੀਆਂ ਲੀਹਾਂ 'ਤੇ ਜੇ ਕੋਈ ਕੰਮ ਕਰਨਾ ਚਾਹੇ ਤਾਂ ਵੱਧ ਤੋਂ ਵੱਧ ਪ੍ਰਾਪਤੀਆਂ ਹੋ ਸਕਦੀਆਂ ਹਨ। ਪੇਂਡੂ ਰੰਗਮੰਚ ਦਾ ਆਪਣਾ ਮੁਹਾਵਰਾ ਹੈ। ਇਹਦੇ ਵਿਚ ਵਿਕਾਸ ਦੀ ਬਹੁਤ ਸੰਭਾਵਨਾ ਹੈ।

? ਨਾਟਕ ਤੋਂ ਬਿਨਾਂ ਤੁਹਾਡੀ ਹੋਰ ਕੋਈ ਗੌਲਣ ਯੋਗ ਸਾਹਿਤਕ ਪ੍ਰਾਪਤੀ ਹੈ?

– 1955 ਵਿਚ ਮੈਂ ਪੰਜਾਬੀ ਵਿਚ ਸਾਇੰਸ ਦੀਆਂ ਦੋ ਕਿਤਾਬਾਂ ਲਿਖੀਆਂ। 'ਐਟਮ ਤੇ ਐਟਮੀ ਸ਼ਕਤੀ' ਅਤੇ 'ਧਰਤੀ, ਤਾਰੇ ਅਤੇ ਆਕਾਸ਼'। ਪਹਿਲੀ ਕਿਤਾਬ ਲਈ ਮੈਨੂੰ ਭਾਸ਼ਾ ਵਿਭਾਗ ਦਾ ਪੰਜਾਬੀ ਵਿਚ ਸਾਇੰਸ ਦੀ ਲਿਖਤ ਲਈ ਐਵਾਰਡ ਵੀ ਮਿਲਿਆ। ਅਪਣੇ ਰਸਾਲਿਆਂ 'ਸਰਦਲ' ਅਤੇ ਫੇਰ 'ਸਮਤਾ' ਲਈ ਮੈਂ ਬਕਾਇਦਗੀ ਨਾਲ ਕਾਲਮ 'ਇਹ ਹਮਾਰਾ ਜੀਵਣਾ' ਲਿਖਦਾ ਰਿਹਾ ਹਾਂ। ਕਾਫੀ ਦੇਰ 'ਪੰਜਾਬੀ ਟ੍ਰਿਬਿਊਨ' ਤੇ 'ਦੇਸ਼ ਸੇਵਕ' ਲਈ ਵੀ ਹਫ਼ਤਾਵਾਰੀ ਕਾਲਮ ਲਿਖਿਆ।

? ਕੀ ਕਾਰਨ ਹੈ ਕਿ ਪੰਜਾਬੀ ਵਿਚ ਨਾਵਲ ਅਤੇ ਕਹਾਣੀ ਵਾਂਗ ਮੌਲਿਕ ਨਾਟ-ਲੇਖਨ ਪੂਰੀ ਤਰ੍ਹਾਂ ਪ੍ਰਫੁੱਲਤ ਨਹੀਂ ਹੋ ਸਕਿਆ?

– ਸਾਡੇ ਕਰੀਏਟਿਵ ਸਰਕਲ ਵਿਚ ਨਾਟਕ ਸਰਗਰਮੀਆਂ ਬਹੁਤੀਆਂ ਨਹੀਂ ਹੁੰਦੀਆਂ।

ਖਾਸ ਕਰਕੇ ਯੂਨੀਵਰਸਿਟੀਆਂ ਤੇ ਕਾਲਜਾਂ ਵਿਚ ਬੁੱਧੀਜੀਵੀਆਂ ਨੇ ਨਾਟਕ ਨੂੰ ਕਦੇ ਗੰਭੀਰਤਾ ਨਾਲ ਲਿਆ ਹੀ ਨਹੀਂ। ਉਹ ਇਹਦੇ ਪ੍ਰਤੀ ਕਦੇ ਵੀ ਸੰਜੀਦਾ ਨਹੀਂ ਹੋਏ। ਉਨ੍ਹਾਂ ਲਈ ਨੀਲਮ ਮਾਨ ਸਿੰਘ ਜਾਂ ਵੱਧ ਤੋਂ ਵੱਧ ਆਤਮਜੀਤ ਹੀ ਨਾਟਕਕਾਰ ਹਨ। ਆਵਾਮ ਵਿਚ ਜਿਹੜਾ ਨਾਟਕ ਹੋ ਰਿਹਾ ਹੈ, ਉਹਦੇ ਬਾਰੇ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ।

ਮੈਂ ਇਕ ਪੰਜਾਬੀ ਪ੍ਰੋਫੈਸਰ ਨੂੰ ਪੁੱਛਿਆ ਕਿ ਤੁਸੀਂ ਅਜਮੇਰ ਔਲਖ ਦੇ ਕਿਹੜੇ ਕਿਹੜੇ ਨਾਟਕ ਦੇਖੇ ਹਨ? ਉਹਨੇ ਉਹ ਇਕ ਦੋ ਨਾਟਕ ਗਿਣਾਏ ਜਿਹੜੇ ਯੂਨੀਵਰਸਿਟੀ ਮੁਕਾਬਲਿਆਂ ਵਿਚ ਹੁੰਦੇ ਹਨ। ਬਾਕੀ ਉਸ ਨੂੰ ਕੁਝ ਪਤਾ ਨਹੀਂ ਸੀ। ਇਹ ਸੰਕਟ ਹੈ। ਪੰਜਾਬ ਦਾ ਸਾਰਾ ਸਮਾਜ ਪੇਂਡੂ ਪ੍ਰਧਾਨ ਸਮਾਜ ਹੈ। ਇਸ ਵਿਚ ਜਿਹੜਾ ਨਾਟਕ ਪਿੰਡ ਦੇ ਮੁਹਾਵਰੇ ਜਾਂ ਸੁਭਾਅ ਨੂੰ ਫੜਦਾ ਹੈ ਉਹੀ ਪੰਜਾਬ ਦੇ ਅਨੁਕੂਲ ਹੈ। ਅਜਮੇਰ ਔਲਖ ਇਹਦੀ ਵੱਡੀ ਮਿਸਾਲ ਹੈ। ਨੀਲਮ ਮਾਨ ਸਿੰਘ ਦਾ ਨਾਟਕ ਪਿੰਡਾਂ ਵਿਚ ਨਹੀਂ ਚੱਲ ਸਕਦਾ। ਉਹਦੇ ਕੋਲ ਇਕ ਖਾਸ ਵਰਗ ਦਾ ਨਾਟਕ ਹੈ ਜਿਹਨੂੰ ਤੁਸੀਂ ਅਲੀਟ ਕਹਿ ਸਕਦੇ ਹੋ। ਸੋ ਇਹ ਕਾਰਨ ਹੈ ਜਿਹਦੇ ਕਰਕੇ ਮੌਲਿਕ ਨਾਟ-ਲੇਖਨ ਪ੍ਰਫੁੱਲਤ ਨਹੀਂ ਹੋ ਪਾ ਰਿਹਾ।

### ਮਿਤਰ ਪਿਆਰਾ

? ਬਲਰਾਜ ਸਾਹਨੀ ਨਾਲ ਤੁਹਾਡੀ ਦੋਸਤੀ ਕਿਵੇਂ ਪਈ, ਕਿਹੋ ਜਿਹਾ ਮਨੁੱਖ ਸੀ ਉਹ?

– ਇਕ ਕਲਾਕਾਰ ਅਤੇ ਲੇਖਕ ਵਜੋਂ ਬਲਰਾਜ ਸਾਹਨੀ ਨੂੰ ਮੈਂ ਪਹਿਲੋਂ ਹੀ ਜਾਣਦਾ ਸਾਂ। ਮਿਲਣ ਦਾ ਸਬੱਬ ਅੰਮ੍ਰਿਤਸਰ ਵਿਚ ਜੁੜਿਆ। ਅੰਮ੍ਰਿਤਸਰ ਵਿਚ ਇਕ ਸਮਾਗਮ ਕਰਾਉਣਾ ਸੀ। ਮੈਂ ਨਵਤੇਜ ਨੂੰ ਕਿਹਾ ਕਿ ਬਲਰਾਜ ਨੂੰ ਸੱਦਣੈਂ। ਖੁਸ਼ਕਿਸਮਤੀ ਨਾਲ ਬਲਰਾਜ ਉਨ੍ਹੀਂ ਦਿਨੀਂ ਦਿੱਲੀ ਆਏ ਹੋਏ ਸਨ। ਨਵਤੇਜ ਰਾਹੀਂ ਉਹ ਅੰਮ੍ਰਿਤਸਰ ਆ ਗਏ। ਇਹ ਮੇਰੀ ਉਨ੍ਹਾਂ ਨਾਲ ਪਹਿਲੀ ਮਿਲਣੀ ਸੀ ਪਰ ਪਹਿਲੀ ਮਿਲਣੀ 'ਚ ਹੀ ਅਸੀਂ ਇਕ-ਦੂਜੇ ਦੇ ਬਹੁਤ ਨੇੜੇ ਆ ਗਏ। ਉਹ ਅਕਸਰ ਅੰਮ੍ਰਿਤਸਰ ਆਉਂਦੇ ਰਹਿੰਦੇ ਤੇ ਮੈਂ ਵੀ ਬੰਬਈ ਜਾਂਦਾ ਰਹਿੰਦਾ। ਸਾਡੀ ਦੋਸਤੀ ਬਹੁਤ ਨਿੱਘੀ ਹੋ ਗਈ ਸੀ। ਉਹ ਬੰਦੇ ਵੀ ਬੜੇ ਕਮਾਲ ਦੇ ਸਨ। ਬਹੁਤ ਭਾਵੁਕ ਤੇ ਮਿਹਨਤੀ। ਮੈਂ ਉਨ੍ਹਾਂ ਦੀ ਮਿਹਨਤ ਅਕਸਰ ਦੇਖੀ। ਇਕ ਵਾਰ ਉਹ ਕਰਤਾਰ ਸਿੰਘ ਦੁੱਗਲ ਦਾ 'ਵਨ ਪਰਸਨ' ਨਾਟਕ 'ਉਪਰਲੀ ਮੰਜ਼ਿਲ' ਖੇਡਣ ਲਈ ਅੰਮ੍ਰਿਤਸਰ ਆਏ। ਉਹ ਮੇਰੇ ਘਰ ਠਹਿਰੇ। ਮੈਂ ਦੇਖਣਾ ਤੜਕਸਾਰ ਉੱਠ ਕੇ ਉਨ੍ਹਾਂ ਸ਼ੀਸ਼ੇ ਸਾਹਮਣੇ ਰਿਹਰਸਲ ਕਰਨੀ। ਐਡਾ ਮਹਾਨ ਕਲਾਕਾਰ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਪਤਾ ਸੀ ਕਿ ਲਗਾਤਾਰ ਮਿਹਨਤ ਹੀ ਕਲਾਕਾਰੀ ਦੀ ਬੁਨਿਆਦ ਹੈ। ਦ੍ਰਿੜ ਵਿਸ਼ਵਾਸ ਤੇ ਬੇਦਾਗ਼ ਸਖਸ਼ੀਅਤ ਵਾਲੇ ਸਨ ਬਲਰਾਜ ਸਾਹਨੀ। ਜਦੋਂ ਗੱਲ ਕਰਦੇ ਸਨ ਤਾਂ ਮਹਿਸੂਸ ਹੁੰਦਾ ਸੀ ਕਿ ਤੁਸੀਂ ਕਿਸੇ ਵੱਡੇ ਬੰਦੇ ਨਾਲ ਗੱਲ ਕਰ ਰਹੇ ਹੋ। ਮੈਂ ਬੰਬਈ ਜਾਣਾ ਤਾਂ ਉਨ੍ਹਾਂ ਹੋਰਨਾਂ ਕਲਾਕਾਰਾਂ ਨਾਲ ਮੈਨੂੰ ਮਿਲਾਉਣਾ ਤੇ ਅਕਸਰ ਕਹਿਣਾ, 'ਇਹ ਐ ਗੁਰਸ਼ਰਨ ਸਿੰਘ। ਤੁਸੀਂ ਵੀ ਕਲਾਕਾਰ ਓ, ਕਿਤੇ ਆਉਣਾ ਜਾਣਾ ਹੋਵੇ ਤਾਂ ਹਵਾਈ ਜਹਾਜ਼ ਤੋਂ ਉਰੇ ਗੱਲ ਨਹੀਂ ਕਰਦੇ। ਤੇ ਇਹ ਗੁਰਸ਼ਰਨ ਤੁਹਾਡੇ ਨਾਲੋਂ ਵੱਡਾ ਕਲਾਕਾਰ ਐ। ਇਹ ਸਧਾਰਨ ਗੱਡੀ 'ਚ ਆਉਂਦੈ ਤੇ ਇੱਥੇ ਥੱਲੇ ਹੀ ਆਪਣਾ ਵਿਛੋਣਾ ਕਰ ਲੈਂਦੈ।' ਸੋ, ਉਹ ਮਿਹਨਤੀ ਸਨ ਇਸੇ ਲਈ ਮਿਹਨਤੀ ਬੰਦੇ ਨੂੰ ਹੀ ਸਲਾਮ ਕਰਦੇ ਸਨ। ਮੈਂ ਉਨ੍ਹਾਂ ਨੂੰ ਭਾਪਾ ਜੀ ਕਹਿੰਦਾ ਸੀ। ਦੂਸਰੀ ਵਾਰ ਜਦੋਂ ਉਹ ਮੇਰੇ ਘਰ ਆਏ ਤਾਂ ਮੈਂ ਕਿਹਾ, 'ਭਾਪਾ ਜੀ ਮੈਂ ਤਾਂ ਪੀਂਦਾ ਨਹੀਂ ਜੇ ਤੁਸੀਂ ਪੀਣੀ ਹੈ ਤਾਂ ਕੋਈ ਬੀਅਰ-ਸ਼ੀਅਰ ਦਾ ਪ੍ਰਬੰਧ ਕਰਾਂ?' ਤਾਂ ਉਹ ਕਹਿਣ ਲੱਗੇ, 'ਗੁਰਸ਼ਰਨ ਮੈਂ ਤੇਰਾ ਘਰ ਅਪਵਿੱਤਰ ਨਹੀਂ ਕਰਨਾ।' ਇਹੋ ਜਿਹੇ ਸਨ ਸਾਡੇ ਬਲਰਾਜ।

? ਹੁਣ ਅੱਸੀਆਂ ਨੂੰ ਢੁੱਕਣ ਲੱਗੇ ਤੁਸੀਂ ਭਾਰਤ ਦੀ ਆਜ਼ਾਦੀ ਦੀ ਲੜਾਈ, ਦੂਸਰੀ ਸੰਸਾਰ ਜੰਗ, ਰੂਸ ਦੀ ਚੜ੍ਹਤ ਅਤੇ ਜ਼ਵਾਲ ਹੰਢਾ ਚੁੱਕੇ ਹੋ। ਕੀ ਤੁਹਾਨੂੰ ਲਗਦਾ ਹੈ ਕਿ ਸੰਸਾਰ ਵਿਚ ਫੈਲੀ ਬਦਅਮਨੀ ਅਤੇ ਗਰੀਬੀ ਦਾ ਕੋਈ ਇਲਾਜ ਹੈ?

– ਮੇਰਾ ਬੁਨਿਆਦੀ ਵਿਸ਼ਵਾਸ ਹੈ ਕਿ ਅੱਜ ਦੇ ਸਾਇੰਸ ਦੇ ਯੁੱਗ ਵਿਚ ਸੋਸ਼ਲਿਜ਼ਮ ਹੀ ਸੰਸਾਰ ਵਿਚ ਫੈਲੀ ਬਦਅਮਨੀ ਅਤੇ ਨਾਬਰਾਬਰੀ ਦਾ ਹੱਲ ਹੈ। ਮੇਰਾ ਮੰਨਣਾ ਹੈ ਕਿ ਜੇਕਰ ਪ੍ਰਬੰਧ ਠੀਕ ਹੈ ਤਾਂ ਸਭ ਲੋਕਾਂ ਲਈ ਚੰਗਾ ਬਰਾਬਰੀ ਵਾਲਾ ਸਮਾਜ ਉਸਾਰਿਆ ਜਾ ਸਕਦਾ ਹੈ। ਸਰਮਾਏਦਾਰੀ ਸਿਸਟਮ ਜਿਹੜਾ ਮੁਨਾਫ਼ੇ ਨੂੰ ਮੁੱਖ ਰੱਖਦਾ ਹੈ, ਉਹਦੇ ਵਿਚ ਬਰਬਾਦੀ ਹੀ ਬਰਬਾਦੀ ਹੈ।

### ਪੰਜਾਬ ਦੀ ਪੀੜ

? ਪੰਜਾਬ ਵਿਚ ਸੰਤਾਲੀ, ਅੱਸੀ, ਚੁਰਾਸੀ ਦੇ ਕਤਲੇਆਮ

ਨੂੰ ਭਾਵੇਂ ਇਕ ਰੱਸੇ ਨਹੀਂ ਬੰਨ੍ਹਿਆ ਜਾ ਸਕਦਾ ਪਰ ਤੁਸੀਂ ਇਨ੍ਹਾਂ ਸਮਿਆਂ ਵਿਚ ਕੀ ਤੇ ਕਿਸ ਪਾਸੇ ਦੇ ਯਤਨ ਕਰਦੇ ਰਹੇ?

– ਸੌੜੀ ਫ਼ਿਰਕੂ ਸੋਚ ਇਨ੍ਹਾਂ ਕਤਲੇਆਮਾਂ ਦੀ ਜ਼ਿੰਮੇਵਾਰ ਹੈ। ਮੇਰਾ ਸਾਰਾ ਜ਼ੋਰ ਇਸ ਸੋਚ ਨੂੰ ਨਸ਼ਰ ਕਰਕੇ, ਇਨਸਾਨੀਅਤ ਦਾ ਸੁਨੇਹਾ ਦੇਣਾ ਰਿਹਾ। 1947 ਵਿਚ ਵੰਡ ਸਮੇਂ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਰਫ਼ਿਊਜ਼ੀ ਕੈਂਪ ਸੀ, ਸਰਹੱਦ ਪਾਰ ਤੋਂ ਆ ਰਹੇ ਕਾਫ਼ਲਿਆਂ ਲਈ ਇਹ ਪਹਿਲਾ ਟਿਕਾਣਾ ਸੀ। ਜਿਹੜੇ ਉਧਰੋਂ ਆਉਂਦੇ ਸਨ, ਬਹੁਤ ਵਾਰ ਆਪ ਤਾਂ ਲੋਕ ਅੱਗੇ ਚਲੇ ਜਾਂਦੇ ਸਨ ਪਰ ਬਜ਼ੁਰਗਾਂ ਨੂੰ ਤੇ ਬਿਮਾਰਾਂ ਨੂੰ ਉਥੇ ਹੀ ਛੱਡ ਦਿੰਦੇ ਸਨ। ਭਗਤ ਪੂਰਨ ਸਿੰਘ ਪਿੰਗਲਵਾੜਾ ਵਾਲੇ, ਉਥੇ ਲੋਕਾਂ ਦੀ ਸੇਵਾ ਕਰ ਰਹੇ ਸਨ। ਉਥੇ ਬਜ਼ੁਰਗਾਂ ਦੇ ਕੱਪੜੇ ਬਦਲਣ, ਉਨ੍ਹਾਂ ਦਾ ਮੈਲਾ ਚੁੱਕਣ ਵਿਚ ਮੈਂ ਵੀ ਪੂਰੀ ਤਰ੍ਹਾਂ ਜੁਟਿਆ ਰਿਹਾ। ਖਾਲਸਾ ਕਾਲਜ ਸਕੂਲ ਦੇ ਡਰਾਇੰਗ ਕਮਰੇ ਵਿਚ ਸੇਵਾ ਦਾ ਹੈਡਕੁਆਟਰ ਸੀ। ਭਗਤ ਪੂਰਨ ਸਿੰਘ ਮੇਰਾ ਸੇਵਾ ਦਾ ਜਜ਼ਬਾ ਵੇਖਕੇ ਬੜੇ ਪ੍ਰਭਾਵਤ ਹੋਏ। ਉਸ ਦੌਰਾਨ ਜੋ ਮੈਂ ਦੁਖ ਦੇਖਿਆ ਲੋਕਾਂ ਦਾ, ਮੈਂ ਸਮਝਦਾ ਹਾਂ ਮੈਂ ਫੇਰ ਕਦੇ ਹੱਸ ਨਹੀਂ ਸਕਿਆ। ਬਹੁਤ ਭਿਆਨਕ ਸਮਾਂ ਸੀ। ਇਨਸਾਨੀਅਤ ਦੀ ਵਹਿਸ਼ਤ ਦਾ ਮੈਂ ਚਸ਼ਮਦੀਦ ਗਵਾਹ ਹਾਂ। ਅਤਿਵਾਦ ਦਾ ਦੌਰ ਜਿਸ ਵਿਚ 1984 ਦੇ ਸਿੱਖਾਂ ਦਾ ਕਤਲੇਆਮ ਵੀ ਸ਼ਾਮਲ ਹੈ, ਉਸ ਵਿਚ ਮੈਂ ਬੇਖ਼ੌਫ਼ ਹੋ ਕੇ ਸਰਕਾਰੀ ਜਬਰ ਅਤੇ ਫਿਰਕੂ ਅਤਿਵਾਦ ਦਾ ਵਿਰੋਧ ਕੀਤਾ ਹੈ।

1981 ਵਿਚ ਹੀ ਮੈਂ 'ਸਮਤਾ' ਵਿਚ ਲਿਖਿਆ ਸੀ ਕਿ ਸੰਤ ਭਿੰਡਰਾਵਾਲੇ ਦੀ ਪੰਜਾਬ ਦੀ ਸਿਆਸਤ ਵਿਚ ਆਮਦ, ਪੰਜਾਬ ਲਈ ਖ਼ਤਰਾ ਹੈ। ਇਸ ਤੋਂ ਬਾਅਦ ਮੈਂ ਸਮਤਾ ਵਿਚ ਲਘੂ ਕਹਾਣੀ 'ਹਿੱਟ ਲਿਸਟ' ਲਿਖੀ। ਸੁਮੀਤ ਪ੍ਰੀਤ ਲੜੀ ਦੇ ਕਤਲ ਤੋਂ ਬਾਅਦ ਇਹ ਕਹਾਣੀ ਨੁੱਕੜ ਨਾਟਕ ਦੀ ਸ਼ਕਲ ਵਿਚ ਹਰਮੰਦਰ ਸਾਹਿਬ ਦੇ ਬਾਹਰ ਸੜਕ 'ਤੇ ਖੇਡੀ। ਨਵਤੇਜ ਹੋਰਾਂ ਨਾਲ ਮੇਰਾ ਪਿਆਰ ਤੇ ਰਿਸ਼ਤਾ ਸੀ। ਸੁਮੀਤ ਦੇ ਕਤਲ ਨੇ ਮੈਨੂੰ ਬਹੁਤ ਡੂੰਘੀ ਸੱਟ ਮਾਰੀ। ਇਸ ਤੋਂ ਬਾਅਦ ਮੈਂ ਲਗਾਤਾਰ ਪੰਜਾਬ ਵਿਚ ਫਿਰਕੂ ਸਿਆਸਤ ਅਤੇ ਸਰਕਾਰ ਦੀ ਦਹਿਸ਼ਤਗਰਦੀ ਦੇ ਖਿਲਾਫ਼ ਨਾਟਕ ਲਿਖਦਾ ਤੇ ਖੇਡਦਾ ਰਿਹਾ। ਬਲਦੇਵ ਮਾਨ ਦਾ ਕਤਲ ਮੇਰੇ ਵਾਸਤੇ ਬੜਾ ਵੱਡਾ ਨਿੱਜੀ ਘਾਟਾ ਸੀ। ਭਿੰਡਰਾਵਾਲਾ ਜਦੋਂ ਮੰਜੀ ਸਾਹਿਬ ਮੋਰਚਾ ਲਾ ਕੇ ਬੈਠਾ ਹੋਇਆ ਸੀ, ਮੈਂ 1983 ਵਿਚ ਗਾਂਧੀ ਗਰਾਉਂਡ ਅੰਮ੍ਰਿਤਸਰ 'ਕੁਰਸੀ, ਮੋਰਚਾ ਤੇ ਹਵਾ ਵਿਚ ਲਟਕਦੇ ਲੋਕ' ਕੀਤਾ। ਬਕਾਇਦਾ ਭਿੰਡਰਾਵਾਲੇ ਦਾ ਕੈਰੀਕੇਚਰ ਇਕ ਪਾਸੇ ਮੰਜੀ 'ਤੇ ਦੂਜੇ ਪਾਸੇ ਕੁਰਸੀ 'ਤੇ ਦਰਬਾਰਾ ਸਿੰਘ ਬੈਠਾ ਦਿਖਾਇਆ। ਇਸ ਤੋਂ ਬਾਅਦ ਇਹ ਨਾਟਕ ਕਈ ਥਾਂ ਕੀਤਾ। ਮਈ 1984 ਵਿਚ, ਯਾਨੀ ਓਪਰੇਸ਼ਨ ਬਲੂਸਟਾਰ ਤੋਂ ਇਕ ਮਹੀਨਾ ਪਹਿਲੇ, ਅੰਮ੍ਰਿਤਸਰ ਦੇ ਕੋਲ ਛੇਹਰਟੇ ਸਾਰੇ ਕਾਰਖਾਨਿਆਂ ਵਿਚ ਕੇਸਰੀ ਝੰਡੇ ਲਾ ਦਿੱਤੇ ਗਏ। ਭਿੰਡਰਾਵਾਲੇ ਦੇ ਡਰ ਨਾਲ ਹੀ ਮਜ਼ਦੂਰਾਂ ਦੀਆਂ ਮੰਗਾਂ ਮੰਨੀਆਂ ਜਾ ਰਹੀਆਂ ਸਨ। ਮੈਂ ਉੱਥੇ ਨਾਟਕ ਕੀਤਾ 'ਮਜ਼ਦੂਰਾਂ ਦਾ ਝੰਡਾ' ਜਿਸ ਵਿਚ ਸਪਸ਼ਟ ਸੁਨੇਹਾ ਦਿੱਤਾ ਕਿ ਮਜ਼ਦੂਰ ਦੀ ਮੁਕਤੀ ਦਾ ਰਾਹ ਲਾਲ ਝੰਡੇ ਦੇ ਥੱਲੇ ਹੀ ਹੈ, ਕੇਸਰੀ ਝੰਡੇ ਦੇ ਥੱਲੇ ਨਹੀਂ।

ਉਸ ਤੋਂ ਬਾਅਦ ਅਤਿਵਾਦੀ ਹਿੰਸਾ ਦੇ ਨਾਲ-ਨਾਲ ਜੋ ਪੁਲੀਸ ਅਤਿਆਚਾਰ ਦਾ ਪੰਜਾਬ ਵਿਚ ਦੌਰ ਚਲਿਆ, ਉਸ ਦਾ ਬੜਾ ਸਪਸ਼ੱਟ ਵਿਰੋਧ ਆਪਣੇ ਨਾਟਕਾਂ-'ਮੌਤ ਦਰ ਮੌਤ', 'ਮੈਂ ਉਗਰਵਾਦੀ ਨਹੀਂ ਹਾਂ', 'ਕਰਫਿਊ', 'ਬਾਬਾ ਬੋਲਦਾ ਹੈ' ਸਾਧਾਰਣ ਲੋਕਾਂ ਅਤੇ ਐਕਸ਼ਨ ਵਿਚ ਕੀਤਾ।

ਏਸੇ ਸਮੇਂ ਵਿਚ 'ਭਾਈ ਮੰਨਾ ਸਿੰਘ' ਦੀਆਂ ਅਠਾਰਾਂ ਕਿਸ਼ਤਾਂ ਜਲੰਧਰ ਦੂਰਦਰਸ਼ਨ ਲਈ ਬਣਾਈਆਂ ਅਤੇ ਨੈਸ਼ਨਲ ਚੈਨਲ ਲਈ 'ਦਾਸਤਾਨੇ ਪੰਜਾਬ' ਦੀਆਂ ਛੇ ਕਿਸਤਾਂ। ਇਨ੍ਹਾਂ ਵਿਚ ਵੀ ਬਿਲਕੁਲ ਬੇਖ਼ੌਫ਼ ਹੋ ਕੇ ਪੰਜਾਬ ਦੇ ਲੋਕਾਂ ਦੀ ਤ੍ਰਾਸਦੀ ਦੀ ਗੱਲ ਕੀਤੀ। ਮੈਂ ਲਗਾਤਾਰ ਇਕ ਪਾਸੇ ਫ਼ਿਰਕੂ ਦਹਿਸ਼ਤਗਰਦੀ ਤੇ ਦੂਜੇ ਪਾਸੇ ਹਕੂਮਤੀ ਜਬਰ ਦਾ ਵਿਰੋਧ ਕੀਤਾ।

? ਇੱਕ ਵਾਰ ਜਥੇਦਾਰ ਟੌਹੜਾ ਨੇ ਤੁਹਾਡੇ ਨਾਟਕ 'ਤੇ ਪਾਬੰਦੀ ਲੁਆ ਦਿੱਤੀ ਸੀ। ਕੀ ਸੀ ਸਾਰਾ ਕਿੱਸਾ?

– ਡੀ.ਏ.ਵੀ ਕਾਲਜ, ਹੁਸ਼ਿਆਰਪੁਰ ਨੇ ਯੂਥ ਫੈਸਟੀਵਲ ਵਿਚ ਮੇਰਾ ਇਕ ਨਾਟਕ ਖੇਡਿਆ ਸੀ, ਉਹ ਸੀ 'ਕੁਰਸੀ, ਮੋਰਚਾ ਤੇ ਹਵਾ ਵਿਚ ਲਟਕਦੇ ਲੋਕ' ਇਹ 1991 ਦੀ ਗੱਲ ਹੈ। ਇਹ ਨਾਟਕ ਮੈਂ ਉਸ ਵੇਲੇ ਲਿਖਿਆ ਸੀ ਜਦੋਂ ਦਰਬਾਰਾ ਸਿੰਘ ਪੰਜਾਬ ਦਾ ਮੁੱਖ ਮੰਤਰੀ ਸੀ ਅਤੇ ਸੰਤ ਭਿੰਡਰਾਵਾਲਿਆਂ ਨੇ ਸਰਕਾਰ ਦੇ ਵਿਰੁੱਧ ਮੋਰਚਾ ਲਾਇਆ ਹੋਇਆ ਸੀ। ਉਸ ਨਾਟਕ ਵਿਚ ਮੈਂ ਇਹ ਪੇਸ਼ ਕੀਤਾ ਕਿ ਦੋਵੇਂ ਧਿਰਾਂ ਆਮ ਆਦਮੀ ਦੇ ਵਿਰੁੱਧ ਭੁਗਤ ਰਹੀਆਂ ਹਨ। ਤੇ ਆਮ ਆਦਮੀ ਹਵਾ ਵਿਚ ਲਟਕਿਆ ਹੋਇਆ ਹੈ। ਉਹਦਾ ਕੋਈ ਮਸਲਾ ਹੱਲ ਨਹੀਂ ਹੋ ਰਿਹਾ। ਕੁਰਸੀ 'ਤੇ ਸਰਕਾਰ ਸੀ ਤੇ ਮੰਜੀ 'ਤੇ ਮੋਰਚਾ ਲਾਈ ਬੈਠਾ ਧਾਰਮਕ ਆਗੂ ਸੀ।

ਜਥੇਦਾਰ ਟੌਹੜਾ ਯੂਥ ਫੈਸਟੀਵਲ ਦੇ ਮੁੱਖ ਮਹਿਮਾਨ ਸਨ। ਉਸਨੇ ਨਾਟਕ ਵਿਚਾਲੇ ਹੀ ਬੰਦ ਕਰਨ ਦੀ ਕੋਸ਼ਿਸ਼ ਕੀਤੀ। ਇਹ ਨਾਟਕ ਪ੍ਰੋ. ਜਨਮੀਤ ਨੇ ਤਿਆਰ ਕਰਵਾਇਆ ਹੋਇਆ ਸੀ। ਜਥੇਦਾਰ ਟੌਹੜਾ ਨੇ ਇਹਨੂੰ ਧਰਮ ਵਿਰੋਧੀ ਕਰਾਰ ਦਿੱਤਾ ਤੇ ਮੇਰੇ ਨਾਟਕਾਂ 'ਤੇ ਪਾਬੰਦੀ ਲਗਾ ਦਿੱਤੀ ਸ਼੍ਰੋਮਣੀ ਕਮੇਟੀ ਦੇ ਅਦਾਰਿਆਂ ਵਿਚ। ਪਰ ਇਹ ਪਾਬੰਦੀ ਨਾ ਮੈਂ ਮੰਨੀ ਤੇ ਨਾ ਹੀ ਇਨਕਲਾਬੀ ਧਿਰਾਂ ਨਾਲ ਜੁੜੀਆਂ ਹੋਰ ਨਾਟਕ ਮੰਡਲੀਆਂ ਨੇ। ਇਹ ਨਾਟਕ ਇਸ ਤੋਂ ਬਾਅਦ ਵੀ ਬਹੁਤ ਵਾਰ ਖੇਡਿਆ ਗਿਆ।

? ਪੰਜਾਬ ਵਿਚ ਚੱਲੀ ਨਕਸਲੀ ਲਹਿਰ ਬਾਰੇ ਤੁਹਾਡਾ ਕੀ ਨਿਖੇੜਾ ਹੈ ਤੇ ਉਨ੍ਹਾਂ ਨੌਜੁਆਨਾਂ ਬਾਰੇ ਜਿਹੜੇ ਗੰਭੀਰ ਸਾਹਿਤਕ ਰੁਚੀਆਂ ਵਾਲੇ ਹੋਣ ਦੇ ਬਾਵਜੂਦ ਕਤਲੋਗਾਰਤ ਦੀ ਇਸ ਤਿਲਕਣ ਵਿਚ ਜਾ ਫਸੇ?

– ਮੇਰਾ ਦ੍ਰਿੜ ਵਿਸ਼ਵਾਸ਼ ਸੀ ਕਿ ਸਥਾਪਤ ਕਮਿਊਨਿਸਟ ਪਾਰਟੀਆਂ ਸੀ.ਪੀ.ਆਈ ਤੇ ਸੀ.ਪੀ.ਆਈ(ਐਮ) ਜਿਨ੍ਹਾਂ ਨਾਲ ਮੈਂ ਤਕਰੀਬਨ 1944 ਤੋਂ ਜੁੜਿਆ ਹੋਇਆ ਸਾਂ, ਉਹ ਇਨਕਲਾਬ ਦੀ ਰਾਹ ਤੋਂ ਪਰ੍ਹੇ ਹੋ ਚੁੱਕੀਆਂ ਹਨ।

ਭਾਵੇਂ ਮੈਂ ਜਥੇਬੰਦਕ ਤੌਰ 'ਤੇ ਕਿਸੇ ਨਕਸਲਬਾੜੀ ਗਰੁੱਪ ਨਾਲ ਜੁੜਿਆ ਹੋਇਆ ਨਹੀਂ ਸਾਂ ਤੇ ਨਾ ਹੀ ਉਨ੍ਹਾਂ ਦੀ ਪਾਲਸੀ ਮੇਕਿੰਗ ਵਿਚ ਮੇਰਾ ਕੋਈ ਦਖ਼ਲ ਸੀ ਪਰ ਮੈਂ ਭਾਵੁਕ ਪੱਧਰ 'ਤੇ ਉਨ੍ਹਾਂ ਦੇ ਨਾਲ ਸਾਂ। ਪ੍ਰਿਥੀਪਾਲ ਰੰਧਾਵਾ ਮੇਰਾ ਬਹੁਤ ਨੇੜੇ ਦਾ ਬੰਦਾ ਸੀ। ਮੇਰੀ ਇਹ ਸੋਚ ਬਿਲਕੁਲ ਨਹੀਂ ਕਿ ਨਕਸਲਬਾੜੀ ਲਹਿਰ ਵੱਡੀ ਪੱਧਰ 'ਤੇ ਕਤਲੋਗਾਰਤ ਦੀ ਤਿਲਕਣ ਵਿਚ ਫਸੀ ਹੋਈ ਸੀ। ਤੁਸੀਂ ਕਿਹੜੇ ਸਾਹਿਤਕਾਰਾਂ ਦੀ ਗੱਲ ਕਰ ਰਹੇ ਹੋ ਜਿਹੜੇ ਕਤਲੋਗਾਰਤ ਕਰ ਰਹੇ ਸਨ? ਮੇਰੇ ਹਿਸਾਬ ਨਾਲ ਇਸ ਲਹਿਰ ਨੇ ਬੜੇ ਹੀਰੇ ਪੈਦਾ ਕੀਤੇ ਹਨ। ਕਤਲੋਗਾਰਤ ਦੀ ਤਿਲਕਣ ਵਗੈਰਾ ਵਿਰੋਧੀਆਂ ਦਾ ਝੂਠਾ ਪ੍ਰਚਾਰ ਹੈ।

? ਤੁਹਾਡੀ ਇਹ ਭਾਵੁਕ ਸਾਂਝ ਕਦੇ ਕਿਸੇ ਐਕਸ਼ਨ ਵਿਚ ਵੀ ਤਬਦੀਲ ਹੋਈ?

– ਨਹੀਂ। ਮੇਰੇ ਜ਼ੁੰਮੇ ਉਨ੍ਹਾਂ ਇਹ ਕੰਮ ਲਾਇਆ ਹੀ ਨਹੀਂ।

ਦਰਅਸਲ, ਮੈਂ ਇਹ ਕੰਮ ਕਰ ਹੀ ਨਹੀਂ ਸਾਂ ਸਕਦਾ। ਬੜੇ ਉਚੇ ਲੰਮੇ ਜਵਾਨ ਅਕਸਰ ਹਥਿਆਰਾਂ ਨਾਲ ਲੈਸ ਮਿਲਦੇ। ਮੈਂ ਉਨ੍ਹਾਂ ਨੂੰ ਵੇਹੰਦਾ ਪਰ ਨਾ ਕਦੇ ਉਨ੍ਹਾਂ ਮੈਨੂੰ ਇਨ੍ਹਾਂ ਨੂੰ ਵਰਤਣ ਲਈ ਕਿਹਾ ਤੇ ਨਾ ਹੀ ਮੈਂ ਕਦੀ ਇਸ ਤਰ੍ਹਾਂ ਦੀ ਕੋਈ ਇੱਛਾ ਰੱਖੀ। ਮੈਂ ਦੋ ਚੀਜ਼ਾਂ ਨੂੰ ਕਦੇ ਜ਼ਿੰਦਗੀ ਵਿਚ ਹੱਥ ਨਹੀਂ ਲਾਇਆ। ਇਕ ਪਿਸਤੌਲ ਤੇ ਦੂਜਾ ਸ਼ਰਾਬ।

? ਅੱਜ ਦੀ ਤਾਰੀਕ ਵਿਚ ਤੁਸੀਂ ਕਿਸੇ ਅਜਿਹੀ ਸਿਆਸੀ ਧਿਰ ਦੀ ਨਿਸ਼ਾਨਦੇਹੀ ਕਰ ਸਕਦੇ ਹੋ ਜਿਹੜੀ ਭਾਰਤੀ ਅਵਾਮ ਦੀ ਬੰਦ ਖਲਾਸੀ ਲਈ ਸੱਚਮੁੱਚ ਹੀ ਪ੍ਰਤੀਬੱਧ ਹੋਵੇ?

– ਮੇਰੀ ਇਹ ਪੱਕੀ ਸਮਝ ਹੈ ਕਿ ਪਾਰਟੀ ਉਹ ਹੀ ਬੰਦ ਖਲਾਸੀ ਕਰ ਸਕਦੀ ਹੈ, ਜਿਹਦੀ ਮਾਰਕਸੀ ਵਿਚਾਰਧਾਰਾ ਨਾਲ ਵਚਨਬੱਧਤਾ ਹੋਵੇ। ਖੱਬੀਆਂ ਪਾਰਟੀਆਂ ਵਿਚ ਸਿਆਣੇ ਤੇ ਇਮਾਨਦਾਰ ਵਿਅਕਤੀ ਹਨ ਪਰ ਸਮੁੱਚੇ ਤੌਰ 'ਤੇ ਕਿਸੇ ਪਾਰਟੀ ਦੀ ਹਾਲੇ ਤੱਕ ਅਜਿਹੀ ਦਿੱਖ ਸਾਹਮਣੇ ਨਹੀਂ ਜਿਹੜੀ ਲੋਕ ਮੁਕਤੀ ਦੇ ਅੰਦੋਲਨ ਨੂੰ ਜਿੱਤ ਤੱਕ ਪਹੁੰਚਾ ਸਕੇ। ਜੇ ਮੈਂ ਉੱਘੇ ਮਾਰਕਸੀ ਚਿੰਤਕ ਪ੍ਰੋ. ਰਣਧੀਰ ਸਿੰਘ ਦੇ ਹਵਾਲੇ ਨਾਲ ਗੱਲ ਕਰਾਂ ਤਾਂ ਉਹ ਕਹਿੰਦੇ ਨੇ ਕਿ ਇਨਕਲਾਬ ਪਾਰਟੀ ਤੋਂ ਬਿਨਾਂ ਸੰਭਵ ਹੀ ਨਹੀਂ। ਪਰ ਪਾਰਟੀ ਕਿਹੜੀ ਹੋਵੇ? ਇਹ ਵੀ ਅਪਣੇ ਆਪ ਵਿਚ ਇਕ ਵੱਡਾ ਸਵਾਲ ਹੈ। ਇਹਦੇ ਸਨਮੁੱਖ ਹੋਣ ਦੀ ਲੋੜ ਹੈ। ਕੁਝ ਲੋਕ ਐਨ.ਜੀ.ਓਜ਼ 'ਤੇ ਹੀ ਟੇਕ ਲਾਈ ਬੈਠੇ ਹਨ। ਇਹ ਸਰਾਸਰ ਗਲਤ ਪਹੁੰਚ ਹੈ। ਅਗਵਾਈ ਪਾਰਟੀ ਨੇ ਹੀ ਕਰਨੀ ਹੈ। ਜਿਹੜੇ ਲੋਕ ਅਪਣੇ ਆਪ ਨੂੰ ਸੁਤੰਤਰ ਮਾਰਕਸੀ ਅਖਵਾਉਂਦੇ ਨੇ, ਉਹ ਵੀ ਗਲਤ ਰਾਹ 'ਤੇ ਹਨ। ਮੈਨੂੰ ਲੱਗਦਾ ਹੈ ਕਿ ਅੱਜ ਕਮਿਊਨਿਸਟ ਪਾਰਟੀਆਂ ਦੇ ਕਾਡਰ ਨੂੰ ਅਪਣੇ ਅਪਣੇ ਆਗੂਆਂ ਤੋਂ ਪੁੱਛਣਾ ਪਏਗਾ ਕਿ ਤੁਹਾਡਾ ਮਾਰਕਸਵਾਦ ਹੈ ਕਿੱਥੇ? ਦਫ਼ਤਰਾਂ ਵਿਚ ਬੈਠ ਕੇ ਪਾਰਟੀਆਂ ਨੂੰ ਚਲਾਉਣ ਵਾਲੇ ਆਗੂ ਕਦੇ ਵੀ ਸਮਾਜ ਨਹੀਂ ਬਦਲ ਸਕਦੇ। ਸਭ ਤੋਂ ਪਹਿਲਾਂ ਤਾਂ ਉਨ੍ਹਾਂ ਨੂੰ ਹੀ ਬਦਲ ਦੇਣ ਦੀ ਲੋੜ ਹੈ। ਸਹੀ ਮਾਰਕਸੀ ਪਹੁੰਚ ਵਾਲੀ ਧਿਰ ਦੀ ਪਛਾਣ ਕਰਨੀ ਹੀ ਪਵੇਗੀ। ਪੰਜਾਬ ਦੀ ਗੱਲ ਕਰਨੀ ਹੋਵੇ ਤਾਂ ਨੌ-ਦੱਸ ਅਜਿਹੇ ਗਰੁੱਪ ਹਨ ਜਿਨ੍ਹਾਂ ਕੋਲ ਮੇਰੇ ਹਿਸਾਬ ਨਾਲ 2000 ਤੋਂ ਜ਼ਿਆਦਾ ਕੁੱਲਵਕਤੀ ਹਨ। ਪਰ ਇਹ ਅਵਾਮ ਤੱਕ ਇਨਕਲਾਬ ਦਾ ਸੁਨੇਹਾ ਕਿੰਨਾ ਕੁ ਪਹੁੰਚਾ ਸਕੇ ਹਨ, ਇਹ ਇਨ੍ਹਾਂ ਨੂੰ ਅਪਣੇ ਆਪ ਤੋਂ ਵੀ ਪੁੱਛਣਾ ਚਾਹੀਦਾ ਹੈ। ਇਹਦੇ ਨਾਲ ਹੀ ਅਵਾਮ ਨੂੰ ਵੀ ਇਹ ਸਮਝਾਉਣਾ ਬਹੁਤ ਜ਼ਰੂਰੀ ਹੈ ਕਿ ਇਨਕਲਾਬ ਤੁਹਾਨੂੰ ਦੇਵੇਗਾ ਕੀ? ਮੈਂ ਇਨ੍ਹੀਂ ਦਿਨੀਂ ਅਪਣੇ ਨਾਟਕ 'ਇਨਕਲਾਬ ਦੇ ਰਾਹ 'ਤੇ' ਵਿਚ ਇਸ ਸਵਾਲ ਦੇ ਮੁਖ਼ਾਤਬ ਹੋ ਰਿਹਾ ਹਾਂ। ਮੈਂ ਹੋਰ ਵੀ ਕਰ ਰਿਹਾ ਹਾਂ। ਮੈਂ ਪੰਜਾਬ ਦੇ ਕੁੱਲ 47 ਵੱਡੇ ਨਾਵਾਂ ਦੀ ਲਿਸਟ ਬਣਾਈ ਹੈ। ਮੈਂ ਉਨ੍ਹਾਂ ਨੂੰ ਇਕ ਮੰਚ ਮੁਹੱਈਆ ਕਰਵਾਵਾਂਗਾ। ਜਿੱਥੇ ਮੈਂ ਉਨ੍ਹਾਂ ਕੋਲੋਂ ਪੁੱਛਣਾ ਚਾਹਾਂਗਾ ਕਿ ਆਓ ਆ ਕੇ ਸਾਨੂੰ ਦੱਸੋ, ਤੁਸੀਂ ਕੀ ਚਾਹੁੰਦੇ ਹੋ? ਲੋਕ ਮੁਕਤੀ ਲਈ ਤੁਹਾਡੇ ਕੋਲ ਕੀ ਏਜੰਡਾ ਹੈ? ਹਾਕਮ ਤੁਹਾਡੇ ਅੱਗੇ ਕੋਈ ਏਜੰਡਾ ਸੁੱਟ ਦਿੰਦੇ ਹਨ, ਤੁਸੀਂ ਉਹਦੇ 'ਚ ਉਲਝ ਜਾਂਦੇ ਹੋ। ਲੋੜ ਇਸ ਗੱਲ ਦੀ ਹੈ ਕਿ ਆਓ ਇਕ ਦੂਜੇ ਨੂੰ ਕੁਝ ਪੁੱਛੀਏ ਕੁਝ ਦੱਸੀਏ।

ਆਓ ਲੋਕਾਂ ਨੂੰ ਪੁੱਛੀਏ ਉਹ ਕੀ ਚਾਹੁੰਦੇ ਹਨ ਤੇ ਲੋਕਾਂ ਨੂੰ ਦੱਸੋ ਤੁਸੀਂ ਕੀ ਕਰਨਾ ਹੈ? ਮੈਂ ਸਮਝਦਾ ਹਾਂ ਅਹਿਸਾਸ ਸਾਰੇ ਕਰਦੇ ਹਨ ਪਰ ਈਗੋ ਹਾਜ਼ਰ ਨਾਜ਼ਰ ਹੈ। ਜਦੋਂ ਤੱਕ 'ਮੈਂ' ਨਹੀਂ ਮਰਦੀ, ਜਦੋਂ ਤੱਕ 'ਮੈਂ' ਦੀ ਕੁਰਬਾਨੀ ਨਹੀਂ ਦਿੱਤੀ ਜਾਂਦੀ, ਉਦੋਂ ਤੱਕ ਸਹੀ ਤਸਵੀਰ ਸਾਹਮਣੇ ਨਹੀਂ ਆਉਂਣੀ।

### ਸਿਆਸੀ ਰੰਗ-ਮੰਚ

? ਪੰਜਾਬ ਵਿਚ ਧੜਿਆਂ ਵਿਚ ਵੰਡੀ ਲੋਕ ਸ਼ਕਤੀ ਨੂੰ ਇਕ ਮੰਚ 'ਤੇ ਲਿਆਉਣ ਦਾ ਕੋਈ ਫਾਰਮੂਲਾ ਤੁਹਾਡੇ ਕੋਲ ਹੈ?

– ਸਿਰ ਜੋੜਕੇ ਬੈਠਣ। ਨਿਸ਼ਾਨਾ ਕੀ ਹੈ, ਇਹਦਾ ਫੈਸਲਾ ਕਰਨ। ਇਹ ਫੈਸਲੇ ਦੀ ਯੱਕਜਹਿਤੀ ਹੀ ਫਾਰਮੂਲਾ ਹੈ।

? ਨਕਸਲੀ ਮੂਵਮੈਂਟ ਦਾ ਸਮੁੱਚੇ ਪੰਜਾਬੀ ਨਾਟਕ 'ਤੇ ਕੀ ਪ੍ਰਭਾਵ ਪਿਆ?

– ਨਕਸਲੀ ਮੂਵਮੈਂਟ ਦਾ ਬਹੁਤ ਵੱਡਾ ਅਸਰ ਰਿਹਾ। ਇਹਨੇ ਪੰਜਾਬੀ ਨਾਟਕ ਨੂੰ ਇਕ ਵੱਖਰਾ ਮੁਹਾਵਰਾ ਦਿੱਤਾ ਤੇ ਨਵੇਂ ਆਯਾਮ ਖੋਲ੍ਹੇ। ਨਾਟਕ ਸਿੱਧਾ ਆਮ ਬੰਦੇ ਨੂੰ ਮੁਖ਼ਾਤਬ ਹੋਣ ਲੱਗਾ ਤੇ ਆਮ ਬੰਦਾ ਅਪਣੇ ਆਪ ਨੂੰ ਨਾਟਕ ਵਿਚ ਦੇਖਣ ਲੱਗਾ। ਜਿਹੜੀਆਂ ਛੇ ਸੱਤ ਪ੍ਰਮੁੱਖ ਨਾਟ ਮੰਡਲੀਆਂ ਰਹੀਆਂ ਹਨ, ਉਹ ਸਾਰੀਆਂ ਨਕਸਲੀ ਮੂਵਮੈਂਟ ਦੇ ਪ੍ਰਭਾਵ ਥੱਲੇ ਹੀ ਕੰਮ ਕਰਦੀਆਂ ਰਹੀਆਂ ਹਨ। ਇਨ੍ਹਾਂ ਨੇ ਪਿੰਡਾਂ ਵਿਚ ਰੰਗ ਮੰਚ ਪਹੁੰਚਾਉਣ ਵਿਚ ਬਹੁਤ ਵੱਡੀ ਭੂਮਿਕਾ ਨਿਭਾਈ ਹੈ।

? ਕੀ ਤੁਸੀਂ ਸਹਿਮਤ ਹੋ ਕਿ ਤੁਹਾਡਾ ਰੰਗ ਮੰਚ ਅਸਿੱਧੇ ਰੂਪ ਵਿਚ ਸਿਆਸੀ ਮੰਚ ਹੀ ਹੈ?

– ਹਾਂ, ਬਿਲਕੁਲ। ਮੈਂ ਨਾਟਕ ਕਰਦਾ ਹੀ ਸਿਆਸੀ ਮੰਤਵ ਲਈ ਹਾਂ। ਇਹਨੂੰ ਤੁਸੀਂ 'ਇੱਛਤ ਯਥਾਰਥ' ਕਹਿ ਸਕਦੇ ਹੋ। ਮੇਰੀ ਇਹ ਇੱਛਾ ਹੈ ਕਿ ਇਕ ਅਜਿਹਾ ਸਮਾਜ ਬਣੇ ਜਿਹੜਾ ਬੁਨਿਆਦੀ ਤੌਰ 'ਤੇ ਬਰਾਬਰੀ ਦਾ ਸਮਾਜ ਹੋਵੇ ਤੇ ਉਹਦਾ ਪਹਿਲਾ ਮਾਪਦੰਡ ਇਹ ਹੈ ਕਿ ਸੌ ਦੇ ਸੌ ਬੱਚੇ ਪੜ੍ਹਨ ਤੇ ਇਕੋ ਜਿਹੇ ਸਕੂਲਾਂ ਵਿਚ ਪੜ੍ਹਨ। ਇਹੀ ਥੀਏਟਰ ਹੈ, ਇਹੀ ਮੇਰੀ ਸਿਆਸਤ। ਮੈਂ ਕਹਿਨਾਂ ਕਿ ਹੁਣ ਨਿਰੀ ਜਮਾਤਾਂ ਦੀ ਗੱਲ ਕਰਕੇ ਨਹੀਂ ਸਰਨਾ, ਹੋਰ ਅੱਗੇ, ਹੋਰ ਅੱਗੇ ਜਾਣਾ ਪਏਗਾ।

? ਤੁਸੀਂ ਖੱਬੇਪੱਖੀ ਵਿਚਾਰਾਂ ਦੇ ਧਾਰਨੀ ਹੋ। ਪੰਜਾਬ ਵਿਚ ਤੁਹਾਡੀ ਸਹਾਨਭੂਤੀ ਖੱਬੀਆਂ ਪਾਰਟੀਆਂ ਵਿਚੋਂ ਕਿਸ ਨਾਲ ਵਧੇਰੇ ਰਹੀ?

– ਪਹਿਲਾਂ ਸੀ.ਪੀ.ਆਈ ਨਾਲ ਨੇੜਤਾ ਰਹੀ। ਨੰਗਲ ਵਿਚ ਸੀ.ਪੀ.ਆਈ (ਐਮ) ਦੇ ਜ਼ਿਆਦਾ ਨੇੜੇ ਰਿਹਾ। ਅੰਮ੍ਰਿਤਸਰ ਆ ਕੇ ਦੋਵਾਂ ਪਾਰਟੀਆਂ ਨਾਲ ਹੀ ਜੁੜਿਆ ਰਿਹਾ। ਤੇ 1971 ਤੋਂ ਬਾਅਦ ਨਕਸਲਬਾੜੀਆਂ ਨਾਲ ਨੇੜਤਾ ਰਹੀ। ਨਿੱਜੀ ਤੌਰ 'ਤੇ ਸਾਰੀਆਂ ਪਾਰਟੀਆਂ ਦੇ ਲੀਡਰਾਂ ਦਾ ਸਤਿਕਾਰ ਹਮੇਸ਼ਾ ਕੀਤਾ ਹੈ। ਸਤਪਾਲ ਡਾਂਗ ਹਮੇਸ਼ਾ ਬਹੁਤ ਨੇੜੇ ਰਹੇ। ਜਗਜੀਤ ਅਨੰਦ ਹੋਰਾਂ ਅਤੇ ਮੰਗਤ ਰਾਮ ਪਾਸਲਾ ਦਾ ਸਤਿਕਾਰ ਕਰਦਾ ਹਾਂ। ਨੇੜਤਾ ਦੇ ਸੰਦਰਭ ਵਿਚ ਮੈਂ ਸਮਝਦਾ ਹਾਂ ਕਿ ਨਕਸਲਬਾੜੀ ਧਿਰਾਂ ਨੇ ਮੈਨੂੰ ਬੜਾ ਪਿਆਰ ਤੇ ਸਤਿਕਾਰ ਦਿੱਤਾ ਹੈ।

? ਕਲਾਕਾਰ ਅਤੇ ਲੇਖਕ ਦਾ ਤੁਹਾਡੇ ਅਨੁਸਾਰ ਸਿਆਸਤ ਨਾਲ ਕਿਸ ਤਰ੍ਹਾਂ ਦਾ ਸਬੰਧ ਹੈ?

– ਕਲਾਕਾਰ ਲੋਕਾਂ ਨੂੰ ਤਾਂ ਹੀ ਕੁਝ ਦੇ ਸਕਦਾ ਹੈ ਜੇ ਉਹ ਸਿਸਟਮ ਦੀ ਸਿਆਸਤ ਨੂੰ ਸੰਜੀਦਗੀ ਨਾਲ ਸਮਝੇ ਅਤੇ ਆਪਣੇ ਵਿਚਾਰ ਬਣਾਵੇ।

? ਤੁਸੀਂ ਪੰਜਾਬ ਵਿਚ ਰੰਗ ਕਰਮੀਆਂ ਦੀ ਇਕ ਪੂਰੀ ਨਸਲ ਪਾਲੀ ਹੈ। ਅਜਿਹਾ ਕਰਦਿਆਂ ਤੁਹਾਨੂੰ ਕਿਹੜੇ ਵਿਅਕਤੀਆਂ ਨਾਲ ਬੇਹੱਦ ਸਨੇਹ ਜਾਗਿਆ?

– ਮੈਂ ਤੁਹਾਡੇ ਇਸ ਸਵਾਲ ਬਾਰੇ ਸੋਚਦਾ ਰਿਹਾ ਹਾਂ। ਇਕ ਲਿਸਟ ਮਨ ਵਿਚ ਬਣਾਈ, ਬਾਅਦ ਵਿਚ ਕਈ ਨਾਂ ਯਾਦ ਆਈ ਗਏ ਜੋ ਛੁੱਟਣੇ ਨਹੀਂ ਚਾਹੀਦੇ। ਬੜਾ ਲੰਮਾ ਸਮਾਂ ਕੰਮ ਕੀਤਾ ਹੈ। ਟੀਮ ਨਾਲ ਹਮੇਸ਼ਾ ਹੀ ਡੂੰਘੀ ਸਾਂਝ ਰਹੀ ਹੈ। ਜਿੰਨਾ ਪਿਆਰ ਮੈਂ ਆਪਣੇ ਕਲਾਕਾਰਾਂ ਨੂੰ ਕੀਤਾ, ਓਨਾ ਹੀ ਪਿਆਤ ਤੇ ਸਤਿਕਾਰ ਉਨ੍ਹਾਂ ਨੇ ਵੀ ਮੈਨੂੰ ਦਿੱਤਾ ਹੈ। ਮੈਂ ਨਹੀਂ ਚਾਹੁੰਦਾ ਕਿ ਕੋਈ ਵੀ ਨਾਂ ਛੁੱਟ ਜਾਵੇ। ਨੰਗਲ ਤੋਂ ਸ਼ੁਰੂ ਕਰਕੇ, ਅੰਮ੍ਰਿਤਸਰ ਵਿਚ ਕਲਾਕਾਰਾਂ ਦੀਆਂ ਦੋ ਨਸਲਾਂ ਅਤੇ ਫੇਰ ਚੰਡੀਗੜ੍ਹ ਦੀ ਟੀਮ ਬਹੁਤ ਕਰੀਬੀ ਹੈ। ਅੱਜ ਜਦੋਂ ਮੈਂ ਬਗੈਰ ਸਹਾਰੇ ਦੇ ਤੁਰ ਫਿਰ ਨਹੀਂ ਸਕਦਾ, ਆਪਣੀ ਟੀਮ ਦੇ ਨਾਲ ਹੀ ਬਾਹਰ ਜਾਣਾ ਚਾਹੁੰਦਾ ਹਾਂ। ਬਹੁਤ ਲੋਕ ਬਹੁਤ ਪਿਆਰੇ ਰਹੇ ਹਨ। ਡੂੰਘੀ ਸਾਂਝ ਰਹੀ ਹੈ।

? ਤੁਹਾਡੇ 'ਤੇ ਆਮ ਦੋਸ਼ ਲੱਗਦਾ ਹੈ ਕਿ ਸਧਾਰਨ ਜਨ ਜੀਵਨ ਦੇ ਬਹੁਤਾ ਨੇੜੇ ਹੋਣ ਦੇ ਲਾਲਚ ਵਿਚ ਤੁਸੀਂ ਨਾਟਕ ਵਿਚ ਗੰਭੀਰਤਾ ਨਹੀਂ ਲਿਆ ਸਕੇ। ਤੁਸੀਂ ਇਸ ਬਾਰੇ ਕੀ ਕਹੋਗੇ?

– ਮੈਂ ਜਿਨ੍ਹਾਂ ਲਈ ਨਾਟਕ ਕਰਦਾ ਹਾਂ, ਉਨ੍ਹਾਂ ਦੀ ਸਮਝ ਮੁਤਾਬਕ ਨਾਟਕਾਂ ਵਿਚ ਗੰਭੀਰਤਾ ਲਿਆਉਂਦਾ ਹਾਂ। ਅਪਣਾ ਸੁਨੇਹਾ ਸੌਖੇ ਤੇ ਸਪਸ਼ੱਟ ਤੀਰਕੇ ਨਾਲ ਦੇਣ ਦੀ ਕੋਸ਼ਿਸ਼ ਕਰਦਾ ਹਾਂ।

? ਨਾਟਕਾਂ ਵਿਚ ਲੋਕ ਗੀਤ, ਟੱਪੇ, ਬੈਂਤ ਆਦਿ ਵਰਤਣ ਨਾਲ ਪ੍ਰਭਾਵ ਪੱਖੋਂ ਕਿੰਨੀ ਕੁ ਸਹਾਇਤਾ ਮਿਲਦੀ ਹੈ?

– ਕਿਸੇ ਇਕ ਗੱਲ ਨੂੰ ਜ਼ੋਰ ਦੇ ਕੇ ਕਹਿਣ ਲਈ ਗੀਤ, ਟੱਪੇ, ਕਵਿਤਾ ਦੇ ਬੋਲ ਕਾਫ਼ੀ ਸਹਾਇਕ ਹੁੰਦੇ ਹਨ। 'ਕਿਵੁ ਕੁੜੈ ਤੁਟੇ ਪਾਲਿ' ਵਿਚ ਮੈਂ ਮੁਹਾਵਰੇ ਵਰਤੇ ਸਨ, ਬੜੀ ਥਾਂ 'ਤੇ, ਕਿਉਂਕਿ ਨਾਟਕ ਐਮਰਜੈਂਸੀ ਦੌਰਾਨ ਲਿਖਿਆ ਗਿਆ ਸੀ, ਇਸ ਲਈ ਆਖਾਣ-'ਏਥੇ ਚੋਰ ਉੱਚਕਾ ਚੌਧਰੀ ਤੇ ਗੁੰਡੀ ਰਨ ਪ੍ਰਧਾਨ' ਜਾਣ ਕੇ ਵਿਚ ਪਾਇਆ ਸੀ।

### ਨਾਟਕ ਦੀ ਕਮਾਈ

? ਕੀ ਨਾਟਕਾਂ ਵਿਚੋਂ ਤੁਹਾਨੂੰ ਕੋਈ ਕਮਾਈ ਵੀ ਹੋਈ ਜਾਂ ਇਹ ਤੁਹਾਡਾ ਨਿਰਾਪੁਰਾ ਖਬਤ ਹੀ ਸਾਬਤ ਹੋਇਆ?

– ਆਪਣੀ 50 ਸਾਲਾਂ ਦੇ ਨਾਟਕ ਸਫ਼ਰ ਵਿਚ ਪ੍ਰੋਗਰਾਮ ਹਮੇਸ਼ਾ ਇਸ ਵਿਉਂਤ ਨਾਲ ਬਣਾਏ ਹਨ ਕਿ ਜੇ ਕਮਾਈ ਨਹੀਂ ਕੀਤੀ ਤਾਂ ਪੈਸੇ ਖੁਣੋਂ ਕੋਈ ਕੰਮ ਰਹਿ ਵੀ ਨਹੀਂ ਗਿਆ।

? ਪੰਜਾਬ ਦੇ ਅਤਿ ਭਿਆਨਕ ਕਾਲੇ ਦੌਰਾਂ ਵਿਚ ਤੁਸੀਂ ਨਾਟਕ ਕਿਵੇਂ ਖੇਡੇ?

– ਪੰਜਾਬ ਵਿਚ ਰਹਿ ਰਹੇ ਸਾਂ। ਉਸ ਸੰਕਟ ਨੂੰ ਭੋਗ ਰਹੇ ਸਾਂ, ਉਹਦਾ ਮੁਕਾਬਲਾ ਵੀ ਕਰ ਰਹੇ ਸਾਂ। ਪੰਜਾਬ ਵਿਚ ਸੈਕੂਲਰ ਡੈਮੋਕਰੈਟਿਕ ਲਹਿਰ ਵੀ ਆਪਣੀ ਤਾਕਤ ਰੱਖਦੀ ਹੈ, ਉਸ ਤਾਕਤ ਦੇ ਆਸਰੇ ਮੈਂ ਨਾਟਕ ਖੇਡੇ ਹਨ। ਰਿਸਕ ਵੀ ਲਏ ਹਨ। ਪੰਜਾਬ ਵਿਚ ਐਮਰਜੈਂਸੀ ਦਾ ਵੀ ਅਤੇ ਫਿਰਕੂ ਅਤਿਵਾਦ ਦਾ ਮੁਕਾਬਲਾ ਖੱਬੀਆਂ ਜਮਹੂਰੀ ਲਹਿਰਾਂ ਨੇ ਕੀਤਾ ਹੈ ਤੇ ਉਨ੍ਹਾਂ ਦੇ ਸਹਾਰੇ ਮੈਂ ਵੀ ਚੱਲਦਾ ਰਿਹਾ ਹਾਂ।

### ਭਾਵੁਕਤਾ ਦਾ ਵਹਿਣ

? ਮੰਚ 'ਤੇ ਬੋਲਦਿਆਂ ਤੁਸੀਂ ਅਕਸਰ ਹੀ ਭਾਵੁਕ ਹੋ ਜਾਂਦੇ ਹੋ। ਕਦੇ ਇਹ ਮਹਿਸੂਸ ਵੀ ਕੀਤਾ ਕਿ ਭਾਵੁਕਤਾ ਦੇ ਵਹਿਣ ਵਿਚ ਤੁਸੀਂ ਕੁਝ ਗੱਲਾਂ ਤਰਕ ਵਿਹੂਣੀਆਂ ਵੀ ਕਰ ਜਾਂਦੇ ਹੋ?

– ਭਾਵੁਕਤਾ ਮੇਰੇ ਕਿਰਦਾਰ ਦਾ ਹਿੱਸਾ ਹੈ। ਮੈਂ ਜੋ ਕੁਝ ਵੀ ਹਾਂ ਆਪਣੀ ਭਾਵੁਕਤਾ ਕਰਕੇ ਹੀ ਹਾਂ। ਦਾਨਿਸ਼ਮੰਦਾਂ ਵਾਲੀਆਂ ਦਲੀਲਾਂ ਮੇਰੇ ਕੋਲ ਨਹੀਂ ਹਨ।

? ਅਮਰੀਕਾ, ਕੈਨੇਡਾ ਅਤੇ ਬਰਤਾਨੀਆ ਆਦਿ ਮੁਲਕਾਂ ਦੇ ਟੂਰ ਤੋਂ ਵਾਪਸ ਆ ਕੇ ਤੁਸੀਂ ਕਈ-ਕਈ ਮਹੀਨੇ ਇਨ੍ਹਾਂ ਮੁਲਕਾਂ ਦੀਆਂ ਸੜਕਾਂ ਅਤੇ ਹੋਰਨਾਂ 'ਸੁੱਖ ਸਹੂਲਤਾਂ' ਦੀਆਂ ਤਾਰੀਫ਼ਾਂ ਹੀ ਕਰੀ ਤੁਰੀ ਜਾਂਦੇ ਹੋ। ਕੀ ਤੁਹਾਡੀ ਗੱਲ ਮੰਨ ਕੇ ਪੰਜਾਬੀ ਹੁਣ ਸਮਾਜਵਾਦ ਦਾ ਸੁਪਨਾ ਛੱਡ ਕੇ ਇਨ੍ਹਾਂ ਮੁਲਕਾਂ ਨੂੰ ਮਾਡਲ ਵਜੋਂ ਤਸੱਵਰ ਕਰ ਲੈਣ?

– ਮੈਂ ਉਨ੍ਹਾਂ ਮੁਲਕਾਂ ਦੀ ਜਿਹੜੀ ਐਫੀਸ਼ੀਐਂਟ ਮੈਨੇਜਮੈਂਟ ਹੈ, ਉਸਦੀ ਤਾਰੀਫ਼ ਕਰਦਾ ਹਾਂ। ਉਹਨੂੰ ਸਿਸਟਮ ਨਾਲ ਜੋੜਕੇ ਨਹੀਂ ਦੇਖਦਾ। ਸੋਸ਼ਲਿਜ਼ਮ ਮੇਰਾ ਅਕੀਦਾ ਹੈ।

? ਜਗਤ ਭਾਅ ਜੀ ਦਾ ਰੁਤਬਾ ਤੁਹਾਨੂੰ ਕਿਵੇਂ ਹਾਸਲ ਹੋਇਆ?

– ਮੇਰੇ ਕਲਾਕਾਰ ਪਿਆਰ ਨਾਲ ਮੈਨੂੰ ਭਾਅ ਜੀ ਬੁਲਾਉਂਦੇ ਨੇ। ਬਾਅਦ ਵਿਚ ਹੋਰਨਾਂ ਨੇ ਵੀ ਇਸਨੂੰ ਹੀ ਆਪਣਾ ਲਿਆ।

? ਤੁਹਾਡੇ 'ਤੇ ਆਮ ਦੋਸ਼ ਲਗਦਾ ਹੈ ਕਿ ਤੁਸੀਂ ਓਵਰਐਕਟਿੰਗ ਕਰਕੇ ਨਾਟਕ ਦੀ ਅਸਲੀ ਰੂਹ ਦਾ ਘਾਣ ਕਰ ਦਿੰਦੇ ਹੋ? ਤੁਸੀਂ ਕੀ ਕਹਿਣਾ ਹੈ?

– ਓਵਰ ਐਕਟਿੰਗ ਵੀ ਹੋ ਜਾਂਦੀ ਹੋਵੇਗੀ। ਮੇਰੀ ਐਕਟਿੰਗ ਦਾ ਆਪਣਾ ਇਕ ਸਟਾਈਲ ਹੈ। ਉਂਜ ਮੈਂ ਜ਼ਿਆਦਾਤਰ ਆਪਣੇ ਹੀ ਨਾਟਕ ਕੀਤੇ ਹਨ।

? ਤੁਸੀਂ ਅਪਣੀ ਕਾਮਯਾਬੀ ਦਾ ਕੀ ਕਾਰਨ ਲੱਭਦੇ ਹੋ?

– ਮੈਂ ਅਪਣੇ ਇਰਾਦੇ ਨੂੰ ਲਗਾਤਾਰਤਾ ਤੇ ਦ੍ਰਿੜਤਾ ਨਾਲ ਪੂਰਾ ਕੀਤਾ ਹੈ। ਇਹ ਨਹੀਂ ਕਿ ਇਕ ਗੱਲ ਕਹਿ ਕੇ ਉਹਦੇ ਤੋਂ ਪਿੱਛੇ ਹੱਟ ਗਿਆ ਹੋਵਾਂ। ਮਿਸਾਲ ਦੇ ਤੌਰ 'ਤੇ ਕੁਝ ਦਿਨ ਪਹਿਲਾਂ ਹੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਹੋਈ ਵਿਸ਼ਵ ਪੰਜਾਬੀ ਕਾਨਫਰੰਸ ਦੀ ਗੱਲ ਕਰਦਾਂ। ਉੱਥੇ ਬੜੀ ਗੱਲ ਹੋਈ ਪੰਜਾਬੀਅਤ, ਪੰਜਾਬੀਅਤ, ਪੰਜਾਬੀਅਤ। ਮੇਰੇ ਮਨ ਵਿਚ ਬੜਾ ਵੱਡਾ ਸਵਾਲ ਸੀ ਤੇ ਮੈਂ ਕਈਆਂ ਨੂੰ ਪੁੱਛਿਆ ਵੀ ਕਿ ਕਿਹੜੀ ਪੰਜਾਬੀਅਤ ਤੇ ਕਿਹੜੇ ਪੰਜਾਬੀਆਂ ਦੀ ਗੱਲ ਹੋ ਰਹੀ ਹੈ। ਜਿਹੜੇ ਵਿਹੜਿਆਂ ਵਿਚ ਰਹਿੰਦੇ ਹਨ ਕੀ ਉਹ ਪੰਜਾਬੀ ਨਹੀਂ। ਉਹ ਅੱਠਤੀ ਫੀਸਦੀ ਹਨ। ਉਨ੍ਹਾਂ ਦੀ ਪੰਜਾਬੀਅਤ ਕੀ ਹੈ? ਉਨ੍ਹਾਂ ਦੀ ਗੱਲ ਕੌਣ ਕਰੇ। ਉਨ੍ਹਾਂ ਨੂੰ ਧਿਆਨ ਵਿਚ ਰੱਖਣਾ ਬਹੁਤ ਜ਼ਰੂਰੀ ਹੈ। ਠੀਕ ਹੈ ਪੰਜਾਬੀਆਂ ਦੀਆਂ ਸੰਸਾਰ ਪੱਧਰ 'ਤੇ ਬਹੁਤ ਪ੍ਰਾਪਤੀਆਂ ਹਨ ਪਰ ਅਪਣੇ ਵਿਹੜਿਆਂ ਵਿਚ ਬਰਾਬਰਤਾ ਲਿਆਉਣ 'ਚ ਇਹ ਸਿਫ਼ਰ ਹਨ ਬਹੁਤ ਵੱਡੀ ਸਿਫ਼ਰ। ਇਸ ਸਬੰਧ ਵਿਚ ਅਪਣੇ ਅੰਦਰ ਝਾਤੀ ਮਾਰਨ ਦੀ ਲੋੜ ਹੈ। ਸਾਡਾ ਬੁੱਧੀਜੀਵੀ ਤਬਕਾ ਵੀ ਜਿਸ ਪੰਜਾਬੀਅਤ ਦੀ ਗੱਲ ਕਰਦਾ ਹੈ ਜਾਂ ਜਿਸ ਪੰਜਾਬੀਅਤ ਦੀ ਪ੍ਰੀਭਾਸ਼ਾ ਦਿੰਦਾ ਹੈ ਉਹ ਉਤਲੇ ਤਬਕੇ ਜਾਣੀ ਖਾਂਦੇ ਪੀਂਦਿਆਂ ਦੀ ਗੱਲ ਹੈ। ਹੁਣ ਪੰਜਾਬ ਵਿਚ ਪੰਜਾਬੀ ਦੀ ਗੱਲ ਲੈ ਲਓ, ਬਹੁਤ ਸਾਰੇ ਸਾਹਿਤਕਾਰ ਵੀ ਵੱਡੇ ਵੱਡੇ ਅਫਸਰ ਰਹੇ, ਯੂਨੀਵਰਸਿਟੀਆਂ ਦੇ ਵੀ.ਸੀ ਰਹੇ ਹਨ। ਇਨ੍ਹਾਂ ਨੇ ਸਾਰੀ ਉਮਰ ਕੀ ਕੀਤਾ ਹੈ? ਕੁਝ ਨਹੀਂ ਕੀਤਾ ਇਨ੍ਹਾਂ ਪੰਜਾਬੀ ਜ਼ੁਬਾਨ ਵਾਸਤੇ। ਦੇਖਦਿਆਂ ਦੇਖਦਿਆਂ ਚੰਡੀਗੜ੍ਹ ਵਿਚ ਪੰਜਾਬੀ ਖ਼ਤਮ ਹੋ ਗਈ। ਪੰਜਾਬ ਦੀ ਸਾਰੀ ਅਫ਼ਸਰਸ਼ਾਹੀ ਸਣੇ ਸਾਹਿਤਕਾਰ ਅਫਸਰ ਸੁੱਤੇ ਰਹੇ। ਇਹ ਇਨ੍ਹਾਂ ਦੀ ਅਪਣੀ 'ਮਾਂ' ਨਾਲ ਬੇਈਮਾਨੀ ਹੈ। ਇਹ ਚੀਜ਼ਾਂ ਵੀ ਨੰਗੀਆਂ ਕਰਨੀਆਂ ਪੈਣਗੀਆਂ। ਮੈਂ ਅਪਣੇ ਨਾਟਕਾਂ ਵਿਚ ਇਸ ਸਬੰਧੀ ਖੁੱਲ੍ਹ ਕੇ ਗੱਲਾਂ ਕੀਤੀਆਂ ਹਨ ਤੇ ਕਰ ਰਿਹਾ ਹਾਂ।

? ਭਵਿੱਖ ਦੇ ਰੰਗਮੰਚ ਨੂੰ ਕੋਈ ਨਵਾਂ ਮੋੜ ਦੇਣ ਬਾਰੇ ਕੁਝ ਸੋਚਿਆ ਹੋਵੇ ਤਾਂ ਦੱਸੋ?

– ਮੇਰੇ ਕੋਲ ਰੰਗਮੰਚ ਦੀ ਕੋਈ ਰਸਮੀ ਸਿਖਲਾਈ ਨਹੀਂ ਹੈ, ਪਰ ਮੇਰੀਆਂ ਲੀਹਾਂ 'ਤੇ ਜੇ ਕੋਈ ਕੰਮ ਕਰਨਾ ਚਾਹੇ ਤਾਂ ਵੱਧ ਤੋਂ ਵੱਧ ਪ੍ਰਾਪਤੀਆਂ ਹੋ ਸਕਦੀਆਂ ਹਨ। ਪੇਂਡੂ ਰੰਗਮੰਚ ਦਾ ਆਪਣਾ ਮੁਹਾਵਰਾ ਹੈ। ਇਹਦੇ ਵਿਚ ਵਿਕਾਸ ਦੀ ਬਹੁਤ ਸੰਭਾਵਨਾ ਹੈ।

? ਪਰਿਵਾਰ ਵਿਚ ਬੈਠਿਆਂ ਅਕਸਰ ਕਿਹੋ ਜਿਹੀਆਂ ਗੱਲਾਂ ਹੁੰਦੀਆਂ ਹਨ?

– ਬਹੁਤੀਆਂ ਤਾਂ ਨਹੀਂ ਪਰ ਬੇਟੀਆਂ ਨਾਲ ਗੱਲਾਂ ਹੁੰਦੀਆਂ ਰਹਿੰਦੀਆਂ ਹਨ ਕਿ ਕਿਸ ਕਿਸਮ ਦਾ ਆਦਰਸ਼ਕ ਸਮਾਜ ਹੋਣਾ ਚਾਹੀਦਾ ਹੈ। ਬਹੁਤੀ ਗੱਲ ਘਰਾਂ ਵਿਚ ਸਮਾਜਕ ਕਦਰਾਂ-ਕੀਮਤਾਂ ਬਾਰੇ ਹੁੰਦੀ ਹੈ। ਮੈਂ ਆਪਣੀਆਂ ਬੱਚੀਆਂ ਨੂੰ ਇਹੀ ਪੁੱਛਦਾ ਰਹਿਨਾਂ ਕਿ ਕਿਸ ਤਰ੍ਹਾਂ ਇਸ ਸਮਾਜ ਵਿਚ ਪੋਜ਼ੀਟਿਵ ਭੂਮਿਕਾ ਨਿਭਾ ਸਕਦੇ ਹੋ?

? ਤੁਹਾਨੂੰ ਲੋਕਾਂ ਨੇ ਬੇਇੰਤਹਾ ਪਿਆਰ ਦਿੱਤਾ ਹੈ, ਜੇ ਤੁਸੀਂ ਅਪਣੇ ਇਨ੍ਹਾਂ ਲੋਕਾਂ ਤੋਂ ਕੁਝ ਮੰਗਣਾ ਹੋਵੇ ਤਾਂ ਕੀ ਮੰਗੋਗੇ?

– ਮੈਂ ਅਪਣੇ ਲੋਕਾਂ ਨੂੰ ਇਕੋ ਗੱਲ ਕਹਿਣੀ ਹੈ ਕਿ ਮੇਰੇ ਲੋਕੋ! ਮੈਨੂੰ ਕੁਝ ਨਹੀਂ ਚਾਹੀਦਾ, ਬੱਸ ਮੇਰੀ ਇੱਛਾ ਹੈ ਤੁਸੀਂ ਇਰਾਦਾ ਬਣਾਓ ਇਰਾਦਾ। ਇਰਾਦਾ ਇਹ ਬਣਾਓ ਕਿ ਇਸ ਗਲੇ ਸੜੇ ਨਿਜ਼ਾਮ ਨੂੰ ਇਕ ਸਿਰੇ ਤੋਂ ਖ਼ਤਮ ਕਰਨਾ ਹੈ, ਖ਼ਤਮ ਕਰਨਾ ਹੈ, ਖ਼ਤਮ ਕਰਨਾ ਹੈ ਤੇ ਬੱਸ ਖ਼ਤਮ ਕਰਨਾ ਹੈ।

# ਜੋੜੀਆਂ ਜੱਗ ਥੋੜ੍ਹੀਆਂ

## ਲੋਕ-ਗੀਤਾਂ ਦੇ ਨਾਲ ਨਾਲ



ਡਾ. ਕਰਮਜੀਤ ਸਿੰਘ

ਮੁਕੇਰੀਆਂ ਤੋਂ ਤਲਵਾੜੇ ਜਾਣ ਵਾਲੀ ਸੜਕ 'ਤੇ ਇੱਕ ਛੋਟਾ ਜਿਹਾ ਪਿੰਡ ਹੈ ਮੋਹਰੀ ਚੱਕ। ਨਕਸ਼ੇ ਉਪਰ ਇਹ ਪਿੰਡ ਨਹੀਂ ਲੱਭਿਆ ਜਾ ਸਕਦਾ। ਪਰ ਮੇਰੇ ਲੋਕਯਾਨ ਦੇ ਖੇਤਰੀ-ਕਾਰਜ ਦੇ ਨਕਸ਼ੇ ਉਪਰ ਇਹ ਸਭ ਤੋਂ ਉਪਰ ਹੈ। ਦੋ ਸ਼ਹਿਰਾਂ ਵਿਚਕਾਰ ਵਸਿਆ ਹੋਣ ਦੇ ਬਾਵਜੂਦ ਇੱਥੇ ਲੋਕਧਾਰਾ ਦਾ ਪ੍ਰਵਾਹ ਨਿਰੰਤਰ ਅੱਜ ਵੀ ਵਹਿ ਰਿਹਾ ਹੈ। ਲੋਕ ਵਿਦੇਸ਼ਾਂ ਵਿੱਚ ਵੀ ਗਏ ਹਨ। ਤਕਨੀਕੀ ਨੇ ਇੱਥੇ ਵੀ ਡੇਰੇ ਲਾਏ ਹਨ। ਪਰ ਫਿਰ ਵੀ ਲੋਕ ਵਿਰਸਾ ਮੂਲ ਰੂਪ ਵਿੱਚ ਅਜੇ ਵੀ ਬਚਿਆ ਹੋਇਆ ਹੈ।

ਇਸੇ ਪਿੰਡ ਮੈਂ ਅਪਣੀ ਨਾਨੀ, ਮਾਮੀਆਂ, ਭੈਣਾਂ, ਭਰਜਾਈਆਂ ਵਿੱਚ ਟੇਪ ਰਿਕਾਰਡ ਲੈ ਕੇ ਬੈਠਾ ਸਾਂ। ਕਈ ਗੀਤ ਗਾਉਣ ਤੋਂ ਬਾਅਦ ਸਾਰੀਆਂ ਚੁੱਪ ਹੋ ਗਈਆਂ। ਇੱਕ ਭੈਣ ਨੇ ਕਿਹਾ ''ਨੀ ਉਹ ਗਾ ਦਈਏ'' ਦੂਜੀ ਨੇ ਹਾਸੇ ਨੂੰ ਚੁੰਨੀ ਦੇ ਪੱਲੇ ਨਾਲ ਰੋਕਦਿਆਂ ਜਵਾਬ ਦਿੱਤਾ, ''ਨਹੀਂ ਅੜੀਏ ਗੰਦਾ ਐ'' ਗੀਤ ਕੋਈ ਹੋਵੇ ਖੇਤਰੀ ਕਾਰਜ ਕਰਨ ਵਾਲੇ ਨੂੰ ਉਹ ਮੂਲ ਰੂਪ ਵਿੱਚ ਸੁਣਨਾ ਪੈਂਦਾ ਹੈ ਤੇ ਰਿਕਾਰਡ ਕਰਨਾ ਹੁੰਦਾ ਹੈ। ਬਾਅਦ ਵਿੱਚ ਜਾ ਕੇ ਭਾਵੇਂ ਸਮਾਜਿਕ ਕਦਰਾਂ-ਕੀਮਤਾਂ ਦਾ ਧਿਆਨ ਰੱਖ ਕੇ ਅਜਿਹੇ ਗੀਤ ਸਾਂਭੇ ਹੀ ਰਹਿੰਦੇ ਹਨ। ਮੈਂ ਵੀ ਅਸ਼ਲੀਲ ਕਹੇ ਜਾਂਦੇ ਗੀਤਾਂ ਨੂੰ ਅਪਣੀਆਂ ਪੁਸਤਕਾਂ ਵਿੱਚ ਨਹੀਂ ਦਿੱਤਾ। ਹੁਣ ਤੱਕ ਮੈਂ ਹਰ ਗੀਤ ਕਢਵਾਉਣ ਵਿੱਚ ਕਾਮਯਾਬ ਹੁੰਦਾ ਰਿਹਾ ਸਾਂ। ਇਹ ਲਈ ਮੈਂ ਠਾਣ ਲਈ ਕਿ ਗੀਤ ਤਾਂ ਰਿਕਾਰਡ ਕਰਵਾ ਹੀ ਲੈਣਾ ਹੈ।

ਕੁੜੀਆਂ ਇਧਰ-ਉਧਰ ਦੀਆਂ ਮਾਰ ਕੇ ਚੁੱਪ ਹੋ ਜਾਂਦੀਆਂ ਪਰ ਇਹ ਗੀਤ ਫਿਰ ਨਾ ਸੁਣਾਉਂਦੀਆਂ। ਜਦ ਮੈਂ ਨਾ ਹੀ ਖਹਿੜਾ ਛੱਡਿਆ ਤਾਂ ਮਾਮੀ ਕਹਿਣ ਲੱਗੀ, ''ਕੁੜੇ ਐ ਕਰੋ ਜਿਨਾਂ ਆਉਂਦਾ ਉਨਾਂ ਹੀ ਸੁਣਾ ਦਿਉ।'' ਨਾਲ ਹੀ ਉਸਨੇ ਰਮਜ਼ੀ ਇਸ਼ਾਰਾ ਵੀ ਕਰ ਦਿੱਤਾ। ਝਿਜਕ ਹੌਲੀ-ਹੌਲੀ ਦੂਰ ਹੋਈ ਤਾਂ ਕੁੜੀਆਂ ਨੇ ਗੀਤ ਛੂਹਿਆ।

ਪੀਲੀ ਮਿੱਟੀ ਮੈਂ ਬਨੇਰੇ ਉੱਤੇ ਲਿਪਦੀ
ਬੁਢੜੇ ਨੂੰ ਦੇਖ ਕੇ ਮੈਂ ਦੂਰੋਂ ਪਿਟਦੀ।

ਮੈਂ ਹੈਰਾਨ ਸਾਂ ਕਿ ਇਸ ਗੀਤ ਵਿੱਚ ਕੁੱਝ ਵੀ ਮਾੜਾ ਨਹੀਂ। ਉਹ ਕੁੜੀ ਜਿਸਦਾ ਬੁੱਢੇ ਨਾਲ ਵਿਆਹ ਹੋਇਆ ਹੋਵੇ, ਉਹ ਉਸਨੂੰ ਪਿਟੇਗੀ ਨਹੀਂ ਤਾਂ ਹੋਰ ਕੀ ਕਰੇਗੀ? ਘਰ ਦੇ ਬਨੇਰੇ ਲਿਪਣ ਦਾ ਘਰੇਲੂ ਕੰਮ ਵੀ ਉਹ ਕਰੇਗੀ ਹੀ। ਚਲੋ, ਮੈਂ ਕਿਹਾ ਸ਼ਾਇਦ ਅਗਾਂਹ ਕੁੱਝ ਹੋਰ ਹੋਵੇ।

ਛੱਜ ਭਰਿਆ ਦਾਣਿਆਂ ਦਾ ਚੂਹੇ ਟੁੱਕ ਗਏ।
ਬੁਢੜੇ ਨੂੰ ਦੇਖ ਮੇਰੇ ਲੇਖ ਫੁੱਟ ਗਏ।

ਭਾਵੇਂ ਕੁੜੀਆਂ ਕਈ ਵਾਰ ਵਜ਼ਨ ਪੂਰਾ ਕਰਨ ਲਈ ਫਾਲਤੂ ਭਰਤੀ ਕਰ ਲੈਂਦੀਆਂ ਹਨ, ਪਰ ਇੱਥੇ ਤਾਂ ਉਹ ਵੀ ਨਹੀਂ ਸੀ। ਛੱਜ ਭਰਿਆ ਦਾਣਿਆਂ ਦਾ ਚੂਹੇ ਟੁੱਕਣ ਦਾ ਮੇਲ, ਬੁਢੜੇ ਨਾਲ ਜੋੜ ਸਦਕਾ ਢੁੱਗਾ ਢੁਕਵਾਂ ਚੋਣ ਹੋਣ ਨਾਲ ਮੁਕਾਬਲਾ ਘਰੇਲੂ ਔਰਤਾਂ ਹੀ ਕਰ ਸਕਦੀਆਂ ਹਨ। ਮਿਹਨਤ ਨਾਲ ਜੁੜੀਆਂ ਵੀ ਕਲਪਨਾ ਦਾ ਸੂਹਜ ਸਿਰਜਦੀਆਂ ਵੀ। ਗੱਲ ਹੋਰ ਅਗਾਂਹ ਤੁਰੀ,

ਗੱਡੀ ਆਈ ਗੱਡੀ ਆਈ ਟੱਲਮ ਟੱਲੀਆਂ,
ਬੁਢੜੇ ਨੂੰ ਦੇਖ ਕੇ ਮੈਂ ਪੇਕੇ ਚੱਲੀਆਂ।

ਇਸ ਵਿੱਚ ਕੋਈ ਅਤਿਕਥਨੀ ਦਿਖਾਈ ਨਹੀਂ ਦਿੱਤੀ ਕਿ ਮੌਕਾ ਮਿਲਣ 'ਤੇ ਹੀ ਦੁਖੀ ਕੁੜੀ ਪੇਕੇ ਨੂੰ ਜਾਏਗੀ ਹੀ। ਜੇ ਗੱਡੀ (ਬਲਦਾਂ ਵਾਲੀ ਗੱਡੀ ) ਆ ਜਾਵੇ ਤਾਂ ਰੁਕਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਮੈਂ ਪਰੇਸ਼ਾਨ ਹੋ ਗਿਆ ਕਿ ਅਜਿਹੇ ਗੀਤ ਨੂੰ ਗਾਉਣ ਤੋਂ ਇਨਕਾਰ ਕਿਵੇਂ ਕੀਤਾ ਜਾ ਰਿਹਾ ਸੀ। ਇਨੇ ਨੂੰ ਇੱਕ ਭੈਣ ਨੇ ਨਾਲ ਦੀ ਨੂੰ ਕੂਹਣੀ ਮਾਰੀ। ਬਾਅਦ ਵਿੱਚ ਮੈਨੂੰ ਪਤਾ ਲੱਗਾ ਕਿ ਜਿਸਨੂੰ ਕੂਹਣੀ ਵੱਜੀ ਸੀ, ਉਸਦਾ ਪਤੀ ਬੁੱਢਾ ਨਹੀਂ ਤਾਂ ਕਾਫ਼ੀ ਉਮਰ ਦਾ ਸੀ। ਪਰ ਉਹ ਵੀ ਗੀਤਾਂ ਨੂੰ ਪੂਰਾ ਸੁਆਦ ਲੈ ਕੇ ਗਾ ਰਹੀ ਸੀ। ਹੁਣ ਮੈਨੂੰ ਇਹ ਸਮਝ ਹੈ ਕਿ ਜੋ ਕੁੱਝ ਉਹ ਵੱਡੀ ਉਮਰ ਦੇ ਕੰਤ ਨੂੰ ਨਹੀਂ ਸੀ ਕਹਿ ਸਕਦੀ, ਗੀਤ ਉਸਨੂੰ ਜ਼ੁਬਾਨ ਦੇ ਰਹੀ ਸੀ ਤੇ ਉਹ ਵੀ ਅਪਣਾ ਕਥਾਰਸਿਸ ਕਰਦੀ ਮੁਸਕੜੀਆਂ ਹੱਸ ਰਹੀ ਸੀ। ਮਨ ਵਿੱਚ ਕਿੰਨੀ ਖੁਸ਼ੀ ਹੋਵੇਗੀ ਇਸਦਾ ਅੰਦਾਜ਼ਾ ਹੀ ਲਾਇਆ ਜਾ ਸਕਦਾ ਸੀ। ਪਰ ਅਜਿਹੀ ਖੁਸ਼ੀ ਕੁੱਝ ਚਿਰ ਦੀ ਹੋ ਸਕਦੀ ਸੀ ਕਿਉਂਕਿ ਇੱਥੋਂ ਉੱਠ ਕੇ ਫਿਰ ਉਸੇ ਬੁੱਢੇ ਨਾਲ ਵਾਹ ਪੈਣਾ ਸੀ। ਖੈਰ ਕੁੜੀਆਂ ਮੁਸਕਰਾਉਂਦੀਆਂ ਹੋਈਆਂ ਅਗਲੀਆਂ ਪੰਗਤੀਆਂ ਗਾ ਰਹੀਆਂ ਸਨ।

ਗੱਡੀ ਆਈ ਗੱਡੀ ਆਈ ਵਿੱਚ ਚੌਂਕ ਦੇ।
ਬੁਢੜੇ ਨੂੰ ਦੇਖ ਦੂਰੋਂ ਕੁੱਤੇ ਭੌਂਕਦੇ।

ਗੀਤ ਨੇ ਤਾਂ ਕਾਟਾ ਬਦਲ ਲਿਆ ਸੀ। ਔਰਤ ਅਪਣੀ ਕਿਸਮਤ ਨੂੰ ਰੋਂਦੀ, ਪੇਕੇ ਜਾਂਦੀ ਜਾਂਦੀ, ਬੁੱਢੜੇ ਦਾ ਮੌਜੂ ਬਣਾਉਣ ਉਪਰ ਉਤਾਰੂ ਹੋ ਗਈ ਸੀ। ਤੇ ਗਾ ਰਹੀਆਂ ਕੁੜੀਆਂ ਸ਼ਾਇਦ ਅਪਣੀਆਂ ਅੱਖਾਂ ਸਾਹਵੇਂ ਬੁੱਢੇ ਨੂੰ ਕੁੱਤਿਆਂ ਵਿੱਚ ਘਿਰਿਆ, ਬੇਵਸ ਦੇਖਕੇ ਸੁਆਦ-ਸੁਆਦ ਹੋ ਰਹੀਆਂ ਸਨ। ਮੈਂ ਤਾਂ ਅਚਾਨਕ ਸ੍ਰੋਤਾ ਬਣ ਗਿਆ ਸਾਂ, ਪਰ ਇੱਥੋਂ ਹੀ ਮੈਂ ਸਮਝ ਸਕਿਆ ਕਿ ਸਮੂਹ ਆਪ ਹੀ ਗਾਇਕ ਹੁੰਦਾ ਹੈ ਤੇ ਆਪ ਹੀ ਸ੍ਰੋਤਾ। ਹਾਂ ਉਸਨੂੰ ਵੀ ਸ਼ਾਇਦ ਸ੍ਰੋਤਾ ਮੰਨ ਲਈਏ ਜਿਸਨੂੰ ਇਹ ਗੀਤ ਨਹੀਂ ਆਉਂਦਾ ਸੀ, ਪਰ ਉਹ ਤਾਂ ਗੀਤ ਦੇ ਨਾਲ-ਨਾਲ ਊ.....ਊ ਕਰੀ ਜਾ ਰਹੀ ਸੀ। ਉਹ ਤਾਂ ਸਿਖਾਂਦਰੂ ਹੋਈ ਫਿਰ। ਮੈਂ ਅਚਾਨਕ ਤ੍ਰਭਕਿਆ ਜਦੋਂ ਬੁੱਢੇ ਨੂੰ ਨਹਿਰ ਵਿੱਚ ਧੱਕਾ ਦਿੱਤਾ ਜਾ ਰਿਹਾ ਸੀ। ਨਾਲ ਹੀ ਮੇਰਾ ਹਾਸਾ ਨਿਕਲ ਗਿਆ। ਤ੍ਰਭਕਿਆ ਸ਼ਾਇਦ ਆਪ ਮਰਦ ਹੋਣ ਕਰਕੇ ਸੀ ਤੇ ਹਾਸੇ ਦੀਆਂ ਤਾਂ ਸਥਿਤੀਆਂ ਹੀ ਸਨ।

ਗੱਡੀ ਆਈ ਗੱਡੀ ਆਈ ਵਿੱਚ ਸ਼ਹਿਰ ਦੇ
ਬੁੱਢੜੇ ਨੂੰ ਧੱਕਾ ਦੇਵੋ ਵਿਚ ਨਹਿਰ ਦੇ।
ਮਾਏ ਨੀ ਮਾਏ ਬੁੱਢਾ ਅੱਸੀ ਸਾਲ ਦਾ,
ਤੂਹੀਉਂ ਲਾਵਾਂ ਲੈ ਲਾ ਬੁੱਢਾ ਤੇਰੇ ਹਾਣ ਦਾ।

ਇੱਥੇ ਆ ਕੇ ਗੀਤ ਨੇ ਦੂਜਾ ਕਾਟਾ ਬਦਲਿਆ ਸੀ ਤੇ ਮੈਂ ਆਉਣ ਵਾਲੀਆਂ ਸਥਿਤੀਆਂ ਦੀ ਕਲਪਨਾ ਕਰਨ ਦੀ ਕੋਸ਼ਿਸ਼ ਕੀਤੀ ਕਿ ਗੀਤ ਰੁਕ ਗਿਆ। ਹੁਣ ਤੱਕ ਦੇ ਤਜਰਬੇ ਨੇ ਮੈਨੂੰ ਦੱਸ ਦਿੱਤਾ ਸੀ ਕਿ ਗੀਤ ਤਾਂ ਅਜੇ ਅਧੂਰਾ ਸੀ, ਪਰ ਕੁੜੀਆਂ ਨੇ ਪੈਰ ਅੜਾ ਲਏ। ਜਦ ਕਿ ਉਹਨਾਂ ਦੇ ਹਾਸੇ ਦੀ ਛਣਕਾਰ ਦੱਸ ਰਹੀ ਸੀ ਕਿ ਗੀਤ ਅਗਾਂਹ ਹੋਰ ਹੈ ਤੇ ਹੈ ਵੀ ਮਨੋਰੰਜਕ ਮੇਰੀ ਪੂਰੀ ਵਾਹ ਲਾਉਣ ਤੋਂ ਬਾਅਦ ਵੀ ਮੈਨੂੰ ਕਹਿਣ ਲੱਗੀਆਂ, ''ਭਾ ਜੀ ਜਦ ਕੁੜੀ ਨੇ ਕਹਿ ਹੀ ਦਿੱਤਾ ਕਿ ਅੱਸੀ ਸਾਲ ਦੇ ਬੁੱਢੇ ਦੇ ਮੈਂ ਨਹੀਂ ਵੱਸ ਸਕਦੀ, ਮਾਂ ਵੱਸ ਲਏ ਤਾਂ ਵੱਸ ਲਏ। ਤਾਂ ਗੀਤ ਤਾਂ ਪੂਰਾ ਹੋ ਗਿਆ।'' ਪਰ ਮੈਂ ਸਿਰ ਫੇਰ ਦਿੱਤਾ। ਆਖਿਰ ਮਾਮੀ ਨੇ ਕਿਹਾ ''ਕਰਮ ਸਿਹਾਂ ਸੱਚ ਗੱਲ ਇਹ ਆ ਭਈ ਅੱਗੇ ਗੀਤ ਜੱਚਦਾ ਨਹੀਂ। ਹੁਣ ਨਹੀਂ ਇਨ੍ਹਾਂ ਨੇ ਗਾਉਣਾ।'' ਮੈਂ ਹਥਿਆਰ ਸੁੱਟ ਦਿੱਤੇ।

ਇਹ ਗੀਤ ਤਾਂ ਮੈਂ ਗੁਣਗੁਣਾਉਂਦਾ ਰਿਹਾ ਪਰ ਪੂਰਾ ਕਰਨ ਦਾ ਲਾਲਚ ਵੀ ਬਚਿਆ ਰਿਹਾ। ਹੁਣ ਮੈਨੂੰ ਪਿੰਡ ਤਾਂ ਯਾਦ ਨਹੀਂ ਜਿੱਥੇ ਇਹ ਗੀਤ ਪੂਰਾ ਹੋਇਆ, ਪਰ ਉਸ ਦਿਨ ਸੱਚਮੁੱਚ ਮੈਂ ਪੂਰਾ ਖੁਸ਼ ਵੀ ਸਾਂ ਤੇ ਉਸ ਸਥਿਤੀ ਜਾਣ ਕੇ ਲੋਟ-ਪੋਟ ਵੀ ਹੋ ਰਿਹਾ ਸਾਂ ਜਿਸ ਵਿੱਚ ਬੁੱਢੇ ਦਾ ਮਖੌਲ ਉਡਾਇਆ ਗਿਆ ਸੀ। ਇੱਥੇ ਅਹਿਸਾਸ ਹੋਇਆ ਕਿ ਕੁੜੀ ਨੇ ਜਿਹੜੀ ਗੱਲ ਮਾਂ ਨੂੰ ਆਖੀ ਸੀ, ਉਸਦਾ ਜਵਾਬ ਵੀ ਅਜੇ ਬਾਕੀ ਸੀ। ਜਿਹੜੀ ਗੱਲ ਮੇਰੇ ਲਈ ਨਵੀਂ ਸੀ, ਉਹ ਇਹ ਕਿ ਇਹੀ ਗੀਤ ਗਿੱਧੇ ਦੇ ਪਿੜ ਵਿੱਚ ਗਾਇਆ ਜਾ ਰਿਹਾ ਸੀ। ਦੁਆਬੇ ਦਾ ਜੰਮਪਲ ਹੋਣ ਕਰਕੇ ਖੇਤਰੀ ਕਾਰਜ ਦੌਰਾਨ ਮੈਂ ਇੱਥੋਂ ਦੇ ਗਿੱਧੇ ਦੀ ਇਸ ਵਿਸ਼ੇਸ਼ਤਾ ਨੂੰ ਜਾਣਦਾ ਸਾਂ। ਇਸ ਵਿੱਚ ਇੱਥੇ ਧੀਮੀ ਗਿੱਧੇ ਦੀ ਲੈਅ ਤੇ ਛੋਟੇ-ਛੋਟੇ ਗੀਤ ਗਾਏ ਜਾਂਦੇ ਹਨ। ਅੰਤਰ ਕੇਵਲ ਇੰਨਾ ਸੀ ਕਿ ਇਸ ਨਾਲ ਇੱਕ ਪੰਗਤੀ ਟੇਕ ਦੇ ਤੌਰ 'ਤੇ ਜੋੜੀ ਹੋਈ ਸੀ, ਜਿਸ ਉੱਪਰ ਨੱਚਿਆ ਜਾ ਰਿਹਾ ਸੀ।

'ਬੁੱਢਿਆ ਖੋਹਲ ਕੰਗਣਾ ਜਿਹੜਾ ਰਾਤੀ ਬੰਨ੍ਹਿਆ।' ਸਥਿਤੀ ਪਹਿਲਾਂ ਨਾਲੋਂ ਸਾਫ਼ ਹੋ ਗਈ ਸੀ ਕਿ ਬੁੱਢਾ ਉਸਦੇ ਕਿਸੇ ਤਰ੍ਹਾਂ ਮੇਚ ਨਹੀਂ ਹੈ। ਨਾਂ ਸਰੀਰਕ ਤੌਰ 'ਤੇ ਤੇ ਨਾ ਹੀ ਮਾਨਸਿਕ ਤੌਰ 'ਤੇ। ਉਪਰੋਕਤ ਗੀਤ ਦਾ ਉਵੇਂ ਹੀ ਗਿੱਧੇ ਦੇ ਪਿੜ ਵਿੱਚ ਗੂੰਜ ਰਿਹਾ ਸੀ ਤੇ ਹਾਸਣ ਪਹਿਲੇ ਸਮੂਹ ਨਾਲੋਂ ਵੀ ਵਧੇਰੇ। ਜਦੋਂ ਗਿੱਧੇ ਵਾਲੀ ਕੁੜੀ ਨੇ ਹੱਥ ਉਲਾਰ ਕੇ ''ਤੂੰਹੀਓਂ ਲਾਵਾਂ ਲੈ ਲਾ, ਬੁੱਢਾ ਤੇਰੇ ਹਾਣ ਦਾ'' ਕਿਹਾ ਤਾਂ ਮੈਂ ਬਿਲਕੁੱਲ ਇਕਾਗਰ ਹੋ ਗਿਆ ਤੇ ਟੇਪ ਚੈੱਕ ਕਰ ਲਈ ਕਿ ਕਿਤੇ ਧੋਖਾ ਨਾ ਦੇ ਜਾਏ। ਕੁੜੀਆਂ ਰੁਕੀਆਂ ਨਹੀਂ ਮੇਰੇ ਸਮੇਤ ਕੁੱਝ ਹੋਰ ਮਰਦਾਂ ਦੇ ਖੜ੍ਹੇ ਹੋਣ ਦੇ ਬਾਵਜੂਦ ਉਹਨਾਂ ਅਗਲਾ ਟੱਪਾ ਚੁੱਕਿਆ।

ਧੀਏ ਨੀ ਧੀਏ ਐਡੇ ਬੋਲ ਬੋਲਦੀ,
ਬੁੱਢੇ ਨਾ, ਸੰਜੋਗ ਮੁੰਡਾ ਕਿਥੋਂ ਟੋਲਦੀ।

ਮਾਂ ਦਾ ਇਹ ਜਵਾਬ ਬੇਬਸੀ ਵਾਲਾ ਸੀ। ਗੱਲ ਸੰਜੋਗਾਂ 'ਤੇ ਸੁੱਟੀ ਜਾ ਰਹੀ ਸੀ, ਪਰ ਸਾਰਾ ਪਿੜ ਹੱਸ ਰਿਹਾ ਸੀ। ਹੁਣ ਵਾਰੀ ਆਈ ਉਹਨਾਂ ਪੰਗਤੀਆਂ ਦੀ ਜਿਹਨਾਂ ਨੇ ਗੀਤ ਨੂੰ ਹਾਸੇ ਦੇ ਸਿਖਰ 'ਤੇ ਪਹੁੰਚਾਉਣਾ ਸੀ। ਬੁੱਢਾ ਇੱਥੇ ਉਤ ਬਣ ਗਿਆ।

ਮਾਏ ਨੀ ਮਾਏ ਬੁੱਢਾ ਬੜਾ ਉਤ ਨੀ।
ਚਿੱਟਿਆਂ ਵਿਛਾਉਣਿਆਂ 'ਤੇ ਦਿੰਦਾ ਮੂਤ ਨੀ।

ਇੱਕ ਕੁੜੀ ਤਾਂ ਢਿੱਡ 'ਚ ਹੱਥ ਦੇ ਕੇ ਲੋਟ-ਪੋਟ ਹੋ ਗਈ, ਉਸਨੂੰ ਖੰਘ ਉੱਠੀ ਤਾਂ ਉਹ ਥੋੜ੍ਹੀ ਦੂਰ, ਹਾਸਾ ਰੋਕਦੀ ਰਹੀ, ਪਰ ਗਿੱਧੇ 'ਚ ਵੜੀਆਂ ਕੁੜੀਆਂ ਤਾਂ ਸਿਖਰ ਦੇਖ ਰਹੀਆਂ ਸਨ।

ਮਾਏ ਨੀ ਮਾਏ ਬੁੱਢਾ ਬੜਾ ਹੱਦ ਨੀ।
ਚਿੱਟਿਆਂ ਵਿਛਾਉਣਿਆਂ 'ਤੇ ਦਿੰਦਾ ਹੱਗ ਨੀ।
ਬੁੱਢਿਆ ਖੋਲ੍ਹ ਕੰਗਣਾ ਜਿਹੜਾ ਰਾਤੀ ਬੰਨ੍ਹਿਆ।

ਗਿੱਧੇ ਨੇ ਪੂਰੀ ਤੇਜ਼ੀ ਫੜੀ ਤੇ ਅਚਾਨਕ ਕੁੜੀਆਂ ਲੋਟ-ਪੋਟ ਹੁੰਦੀਆਂ ਪਿੜ 'ਚੋਂ ਬਾਹਰ ਹੋ ਗਈਆਂ। ਕਈ ਚਿਰਾਂ ਤੱਕ ਗਿੱਧਾ ਦੁਬਾਰਾ ਸ਼ੁਰੂ ਨਾ ਹੋ ਸਕਿਆ।

ਬਾਅਦ ਵਿੱਚ ਜਦੋਂ ਮੈਂ ਟੇਪ ਤੋਂ ਇਹੀ ਗੀਤ, ਕਾਗਜ਼ 'ਤੇ ਉਤਾਰਿਆ ਤਾਂ ਗੀਤ ਪਿੱਛੇ ਛੁਪੇ ਸਮੁੱਚੇ ਸਮਾਜਿਕ ਵਾਤਾਵਰਣ ਨੂੰ ਰੱਖ ਕੇ ਨਵੀਂ ਹੀ ਦ੍ਰਿਸ਼ਟੀ ਪ੍ਰਾਪਤ ਹੋਈ। ਇਹ ਗੀਤ ਮੈਂ ਮੂਲ ਤਰਜ਼ ਉੱਪਰ ਵੀ ਗਾ ਲੈਂਦਾ ਹਾਂ ਤੇ ਮੁੜ ਬਣੇ ਤਾਂ ਦੁਆਬੇ ਦੇ ਗਿੱਧੇ ਵਿੱਚ ਵੀ ਜਾ ਵੜਦਾ ਹਾਂ, ਇਸ ਤਰ੍ਹਾਂ ਕਰਨ ਨਾਲ ਮੈਂ ਲੋਕਗੀਤਾਂ ਦੀਆਂ ਸਿਰਜਕਾਂ ਦੇ ਹੋਰ ਨੇੜੇ ਹੋ ਜਾਂਦਾ ਹਾਂ। ਜੋ ਮੈਨੂੰ ਹੋਰ, ਹੋਰ ਡੂੰਘੇ ਲੋਕਗੀਤਾਂ ਨਾਲ ਵਾਹ ਪੁਆਉਂਦੀਆਂ ਹਨ।

---

# ਦੀਪਕ ਦੀਆਂ ਪੰਜ ਗ਼ਜ਼ਲਾਂ

## ਸੁਖ਼ਨ ਸਾਜ਼

ਸੁਲੱਖਣ ਸਰਹੱਦੀ





ਦੀਪਕ ਭਾਵੇਂ ਗ਼ਜ਼ਲ ਦੇ ਖੇਤਰ ਵਿੱਚ ਹਾਲੇ ਉੱਭਰਦਾ 'ਦੀਪਕ' ਹੈ ਪਰੰਤੂ ਉਸ ਦੀ ਲੋਅ ਗ਼ਜ਼ਲ ਦੇ ਖੇਤਰ ਵਿੱਚ ਚਮਕ ਰਹੇ 'ਦੀਪਕਾਂ' ਦੀ ਲੋਅ ਵਰਗਾ ਹੀ ਪ੍ਰਭਾਵ ਛੱਡਦੀ ਹੈ। ਉਸਦੀ ਉਮਰ ਅਜੇ ਗ਼ਜ਼ਲ ਦੇ ਹਾਣ ਦੀ ਨਹੀਂ ਪਰ ਉਸ ਨੇ ਗ਼ਜ਼ਲ ਤੇ ਅਪਣੇ ਹਾਣ ਵਿਚਲੀ ਦੂਰੀ ਨਿੱਕੀ ਉਮਰੇ ਹੀ ਪੂਰੀ ਕਰ ਲਈ ਜਾਪਦੀ ਹੈ। ਉਸਦੀ ਗ਼ਜ਼ਲ ਵਿੱਚ ਜ਼ਿੰਦਗੀ ਦਾ ਹਰ ਕੱਚਾ-ਪੱਕਾ ਰੰਗ ਝਲਕਦਾ ਹੈ। ਉਸਦੀ ਗ਼ਜ਼ਲ ਨਦੀ, ਸਮੁੰਦਰ, ਪਾਣੀ, ਰੁੱਖ, ਸ਼ੀਸ਼ਾ, ਬਹਾਰ, ਪੱਤਝੜ, ਰੇਤ, ਰਿਸ਼ਤੇ, ਵਫ਼ਾ-ਜਫ਼ਾ, ਪਿਆਰ ਆਦਿ ਕੁਦਰਤੀ ਵਰਤਾਰੇ ਦੀ ਪੀੜਾ ਸਮਝਕੇ, ਸਭ ਅਪਣੇ ਅੰਦਰ ਸਮੋਈ ਬੈਠੀ ਹੈ। ਦੀਪਕ ਅੱਲ੍ਹੜ ਉਮਰੇ ਹੀ ਜ਼ਿੰਦਗੀ ਦੀ ਗਹਿਰਾਈ ਵਿੱਚ ਜਿੱਥੇ ਹਨੇਰਾ ਹੀ ਹਨੇਰਾ ਹੈ, ਉੱਥੇ ਚਾਨਣ ਕਰਨ ਲਈ ਉੱਤਰ ਗਿਆ ਹੈ। ਆਸ ਨਹੀਂ ਉਮੀਦ ਵੀ ਕੀਤੀ ਜਾ ਸਕਦੀ ਹੈ ਕਿ ਦੀਪਕ ਜੇਕਰ ਗ਼ਜ਼ਲ ਦੇ ਖੇਤਰ ਵਿੱਚ ਸਥਾਪਤ 'ਦੀਪਕਾਂ' ਦੀ ਕਤਾਰ ਵਿੱਚ ਇੰਝ ਹੀ ਬਲਦਾ ਰਿਹਾ ਤਾਂ ਉਹ ਛੇਤੀ ਹੀ ਸਾਹਿਤਕ ਖੇਤਰ ਵਿੱਚ ਚੰਗੇ ਸਾਹਿਤ ਦੇ ਚਾਨਣ ਦਾ ਪਸਾਰਾ ਕਰੇਗਾ।

ਅਸੀਂ ਅਸਮਾਨ ਵੱਲ ਉੱਡੇ ਪਰੰਤੂ ਪਰ ਗੁਆ ਆਏ।
ਬਦੇਸ਼ਾਂ ਵੱਲ ਮੂੰਹ ਕੀਤਾ ਮਗਰ ਫਿਰ ਘਰ ਗੁਆ ਆਏ।

ਅਸਾਡੀ ਜ਼ਿੰਦਗੀ ਖ਼ਾਤਿਰ ਤੁਹਾਡੀ ਮੌਤ ਨਾ ਕਾਫ਼ੀ,
ਹਜ਼ਾਰਾਂ ਵਾਰ ਮਰਕੇ ਮੌਤ ਦਾ ਵੀ ਡਰ ਗੁਆ ਆਏ।

ਅਸੀਂ ਸੁੰਨੇ ਜਿਹੇ ਰਾਹਾਂ 'ਚ ਭਟਕੇ ਬੇਵਜ੍ਹਾ ਐਵੇਂ,
ਕਿ ਖੁੱਲ੍ਹੀਆਂ ਬੀਹੀਆਂ ਬਦਲੇ ਸਬੂਤੇ ਦਰ ਗੁਆ ਆਏ।

ਕਦੇ ਮਤਲੇ, ਕਦੇ ਮਕਤੇ, ਕਦੇ ਮਿਸਰ ਚੋਂ ਨਿਕਲੇ ਤਾਂ,
ਬਹਿਰ ਪਿੱਛੇ ਅਸੀਂ ਭਟਕੇ ਅਤੇ ਅੱਖਰ ਗੁਆ ਆਏ।

ਪਤਾ ਹੁੰਦਾ ਸ਼ਹਿਰ ਤੇਰੇ ਕਦੇ ਵੀ ਪੈਰ ਨਾ ਪਾਉਂਦੇ,
ਮੁਹੱਬਤ ਦੇ ਲਿਖੇ ਸੀ ਚਾਰ ਜੋ ਅੱਖਰ ਗੁਆ ਆਏ।

****

ਤਿਰੇ ਖ਼ਤ ਸਾਂਭਣੇ ਔਖੇ, ਤਿਰੇ ਖ਼ਤ ਪਾੜਨੇ ਔਖੇ।
ਇਹ ਸੂਲੀ ਚਾੜ੍ਹਦੇ ਮੈਨੂੰ, ਇਹ ਸੂਲੀ ਚਾੜ੍ਹਨੇ ਔਖੇ।

ਮਿਰੀ ਨਿੱਕੀ ਜਿਹੀ ਗਲਤੀ 'ਤੇ ਐਵੇਂ ਫੇਰ ਨਾ ਅੱਖਾਂ,
ਇਹ ਪੰਛੀ ਮਨ ਦੇ ਨੇ ਸੀਖਾਂ ਦੇ ਅੰਦਰ ਤਾੜਨੇ ਔਖੇ।

ਦਿਲਾਂ ਦੀ ਸਾਂਝ ਹੁੰਦੀ ਹੈ ਇਸ਼ਕੇ ਦੇ ਅਜਬ ਨੇ ਮੰਜ਼ਰ,
ਇਹ ਰਿਸ਼ਤੇ ਖੁਦ-ਬ-ਖੁਦ ਬਣਦੇ ਬੜੇ ਹੀ ਹਾੜਨੇ ਔਖੇ।

ਮਿਰੀ ਸੋਚਾਂ ਚ ਤੇਰੀ ਯਾਦ ਦਾ ਇੱਕ ਬਿਰਖ ਐਸਾ ਹੈ,
ਜਿਦ੍ਹੀ ਛਾਂ ਵੀ ਨਹੀਂ ਮਿਲਦੀ ਜਿਦ੍ਹੇ ਪੱਤ ਝਾੜਨੇ ਔਖੇ।

ਇਸ਼ਕ ਅੰਗਾਰ ਹੈ ਇਹ ਸਾਡਦਾ ਤੇ ਖ਼ਾਕ ਹੈ ਕਰਦਾ,
ਤਜ਼ਾਰਤ ਹੀਰਿਆਂ ਦੀ ਹੈ ਤਿਰੀ ਹੱਥ ਸਾੜਨੇ ਔਖੇ।

ਮੈਂ 'ਈਸਾ' ਦੀ ਕੋਈ ਤਸਵੀਰ ਇਸ ਲਈ ਕੰਧ ਨਾ ਟੰਗੀ,
ਕਿ ਕੋਰਾਂ ਚੜ੍ਹ ਗਏ ਸੂਲੀ ਦੁਬਾਰਾ ਚਾੜ੍ਹਨੇ ਔਖੇ।

****

ਇੱਕ ਮੁਸਾਫ਼ਿਰ ਵੇਖਿਆ ਮੰਜ਼ਿਲ 'ਤੇ ਜਾ ਕੇ ਰੋ ਪਿਆ।
ਖ਼ੌਫ਼ ਵੀ ਕੈਸਾ ਜੁ ਉਸਦੇ ਦਿਲ 'ਚ ਆ ਕੇ ਰੋ ਪਿਆ।

ਕੀ ਪਤਾ ਕਿੰਨੇ ਸਮੁੰਦਰ ਉਸਦੇ ਅੰਦਰ ਨੇ ਅਜੇ,
ਸਿਸਕਦਾ ਦਰਿਆ ਨਦੀ ਦੇ ਕੋਲ ਜਾ ਕੇ ਰੋ ਪਿਆ।

ਘਰ ਦਿਆਂ ਦਰਵਾਜ਼ਿਆਂ ਤੱਕ ਪਰਤ ਜੋ ਸਕਿਆ ਨਹੀਂ,
ਯਾਰੀਆਂ ਉਹ ਰਸਤਿਆਂ ਦੇ ਨਾਲ ਪਾ ਕੇ ਰੋ ਪਿਆ।

ਜਰ ਨਹੀਂ ਸਕਿਆ ਜਾਂ ਉਹ ਮੇਰੀ ਉਦਾਸੀ ਜ਼ਿੰਦਗੀ,
ਤੋੜ ਕੇ ਰਿਸ਼ਤੇ ਮਿਰੇ ਅੰਦਰ ਉਹ ਆ ਕੇ ਰੋ ਪਿਆ।

ਕਿਸ ਤਰ੍ਹਾਂ ਦੀ ਸੀ ਵਿਦਾਈ, ਸੀ ਵਿਦਾਈ ਜਾਂ ਜੁਦਾਈ,
ਤੂੰ ਘਰੋਂ ਜਾ ਕੇ ਅਤੇ ਮੈਂ ਘਰ 'ਚ ਆ ਕੇ ਰੋ ਪਿਆ।

****

ਦਿਲ ਮੇਰੇ ਵਿੱਚ ਤਨਹਾਈਆਂ ਮਿਲੀਆਂ।
ਪੌਣਾਂ ਵੀ ਤਿਰਹਾਈਆਂ ਮਿਲੀਆਂ।

ਪਿੰਡ ਮੇਰੇ ਦੀਆਂ ਪਾਗਲ ਕੁੜੀਆਂ,
ਗੁੱਡੀ ਫੂਕਣ ਆਈਆਂ ਮਿਲੀਆਂ।

ਰਬ ਨੂੰ ਮਿਲਣੇ ਖ਼ਾਤਿਰ ਰਬ ਦੀਆਂ,
ਮਾਵਾਂ ਆਪ ਬਣਾਈਆਂ ਮਿਲੀਆਂ।

ਕਬਰਾਂ ਵਿੱਚੋਂ ਕੱਢੀਆਂ ਲਾਸ਼ਾਂ,
ਸੂਲੀ 'ਤੇ ਲਟਕਾਈਆਂ ਮਿਲੀਆਂ।

ਗ਼ਜ਼ਲ ਤਿਰੀ ਦੀਆਂ 'ਦੀਪਕ' ਅੱਖਾਂ,
ਥਾਂ-ਥਾਂ ਸਾਨੂੰ ਲਾਈਆਂ ਮਿਲੀਆਂ।

****

ਉਹ ਮੇਰਾ ਅਪਣਾ ਤਾਂ ਹੀ ਮਿਰੇ 'ਤੇ ਵਾਰ ਕਰਦਾ ਹੈ।
ਮਿਰਾ ਦਿਲ ਜਾਣਦਾ, ਮੈਨੂੰ ਉਹ ਕਿੰਨਾ ਪਿਆਰ ਕਰਦਾ ਹੈ।

ਸਹਿਮ ਹੈ ਪੌਣ ਦਾ ਦਿਲ ਦੇ ਕਿਸੇ ਕੋਨੇ 'ਚ ਉਸਦੇ ਤਾਂ,
ਕਰਨ ਇਜ਼ਹਾਰ ਆਉਂਦਾ ਹੈ ਮਗਰ ਤਕਰਾਰ ਕਰਦਾ ਹੈ।

ਬਿਗਾਨੇ ਬਿਰਖ 'ਤੇ ਬੈਠਾ ਬਿਰਖ ਦਾ ਵੇਖਿਆ ਸਾਇਆ,
ਕਿ ਉਸਦਾ ਅਪਣਾ ਰੁੱਖ ਓਸ ਨਾਲ ਤਕਰਾਰ ਕਰਦਾ ਹੈ।

ਜੁ ਦਿਨ ਵੇਲੇ ਮਿਰੇ ਤੋਂ ਫੇਰਦਾ ਮੂੰਹ, ਪਿੱਠ ਕਰ ਲੈਂਦਾ,
ਉਹ ਰਾਤੀ ਕੱਚਿਆਂ ਉੱਤੇ ਸਮੁੰਦਰ ਪਾਰ ਕਰਦਾ ਹੈ।

ਸਲੀਬਾਂ ਦੇ ਨਗਰ ਚੋਂ ਲੰਘਿਆ ਰਾਤੀ ਮੈਂ ਇਸ ਕਰਕੇ,
ਕਿ ਦੇਖਾਂ ਕੌਣ ਹੈ 'ਈਸਾ' ਗਰਮ ਬਾਜ਼ਾਰ ਕਰਦਾ ਹੈ।

ਮੈਂ ਲਿਖ ਬੈਠਾ ਗ਼ਜ਼ਲ ਇਕ ਮੋਮ ਦੇ ਕੁਝ ਵਰਕਿਆਂ ਉੱਤੇ,
ਕਿ ਸੂਰਜ ਪੜ੍ਹਨ ਦੀ ਜ਼ਿਦ ਓਸਨੂੰ ਹਰ ਵਾਰ ਕਰਦਾ ਹੈ।

ਸ਼ਖਸ ਤੇਰੇ ਸ਼ਹਿਰ ਦੇ ਨੇ ਬੜੇ ਪਿਆਰੇ, ਬੜੇ ਪਿਆਰੇ,
ਮਿਰੀ ਹਉਮੈ ਨਹੀਂ ਮੰਨਦੀ, ਮੇਰਾ ਦਿਲ ਪਿਆਰ ਕਰਦਾ ਹੈ।

ਉਹ ਲੁਕ-ਛਿਪ ਕੇ ਕਰੇ ਨੇਕੀ ਹੈ ਡਰ-ਡਰ ਕੇ ਦੁਆ ਦਿੰਦਾ,
ਮਗਰ ਜਦ ਕਤਲ ਕਰਦਾ ਹੈ, ਸ਼ਰੇ-ਬਾਜ਼ਾਰ ਕਰਦਾ ਹੈ।

****

# ਸਾਡੇ ਪ੍ਰਵਾਸੀ ਦੂਜਿਆਂ ਦੇ ਇਮੀਗ੍ਰਾਂਟ

## ਐਨ.ਆਰ.ਆਈ ਦੀ ਪ੍ਰੀਭਾਸ਼ਾ ਦਾ ਜਨਮ

**ਸਤਨਾਮ ਚਾਨਾ**

ਪਿਛਲੀ ਸਦੀ ਦੇ ਮਗਰਲੇ ਪੰਜ ਸਾਲਾਂ ਤੋਂ ਪਹਿਲਾਂ ਪੰਜਾਬ ਦੇ ਆਮ ਲੋਕਾਂ ਨੂੰ ਸ਼ਾਇਦ ਸਮੁੱਚੇ ਭਾਰਤ ਦੇ ਹੀ ਆਮ ਲੋਕਾਂ ਨੂੰ 'ਐਨ.ਆਰ.ਆਈ' ਸ਼ਬਦ ਬਾਰੇ ਕੋਈ ਜਾਣਕਾਰੀ ਨਹੀਂ ਸੀ। ਪਰ ਹੁਣ ਇਸਨੂੰ ਪੰਜਾਬ ਦਾ ਬੱਚਾ-ਬੱਚਾ ਜਾਣ ਗਿਆ ਹੈ। ਜਿਸ ਤਰ੍ਹਾਂ 'ਬਖਸ਼ੀਸ਼ ਸਿੰਘ' ਸ਼ਬਦ ਬੋਲਣ 'ਤੇ ਉਹ ਝੱਟਪਟ ਸਮਝ ਜਾਂਦੇ ਹਨ ਕਿ ਇਹ ਇੱਕ ਵਿਅਕਤੀ ਦਾ ਨਾਮ ਹੈ, ਉਸੇ ਪ੍ਰਕਾਰ ਉਹ 'ਐਨ.ਆਰ.ਆਈ' ਸ਼ਬਦ ਬੋਲਣ 'ਤੇ ਝੱਟਪਟ ਸਮਝ ਜਾਂਦੇ ਹਨ ਕਿ ਇਹ ਕਿੰਨ੍ਹਾਂ ਵਿਅਕਤੀਆਂ ਦਾ ਨਾਮ ਹੈ। ਪਿਛਲੇ ਪੰਦਰਾਂ ਸਾਲਾਂ ਵਿੱਚ ਅਜਿਹਾ ਕੀ ਵਿਸ਼ੇਸ਼ ਵਾਪਰ ਗਿਆ ਹੈ? ਉਂਝ ਸੱਚਾਈ ਇਹ ਹੈ ਕਿ ਪੰਜਾਬ ਅਤੇ ਇਸਦੇ ਗੁਆਂਢੀ ਖਿੱਤੇ ਵਿੱਚੋਂ ਪਰਵਾਸ ਦਾ ਸਿਲਸਿਲਾ 15 ਸਦੀਆਂ ਤੋਂ ਵੀ ਪਹਿਲਾਂ ਸ਼ੁਰੂ ਹੋ ਗਿਆ ਸੀ ਤਾਂ ਵੀ ਸਰਬ ਪ੍ਰਵਾਨਤ ਤੱਥ ਇਹ ਬਿਆਨ ਕਰਦਾ ਹੈ ਕਿ ਪਰਵਾਸ ਦੋ ਸਦੀਆਂ ਪਹਿਲਾਂ ਸ਼ੁਰੂ ਹੋਇਆ ਸੀ ਅਤੇ ਪਰਵਾਸ ਦਾ ਘੇਰਾ ਫਿਜ਼ੀ ਤੋਂ ਟ੍ਰਿਨੀਦਾਦ ਤੱਕ ਸੀ ਅਥਵਾ ਪੰਜਾਬੀ ਹੋਰ ਵੀ ਪਛੜੇ ਹੋਏ ਅਤੇ ਵਿਹਲੇ ਪਏ ਦੇਸ਼ਾਂ ਵੱਲ ਗਏ। ਪਰ ਇਸਦਾ ਨਿਸਚਿਤ ਰਿਕਾਰਡ ਕੋਈ ਨਹੀਂ ਹੈ। ਫੇਰ ਵੀ ਜਿਹੜਾ ਨਿਸਚਿਤ ਰਿਕਾਰਡ, ਇਸ ਵੇਲੇ, ਸਾਡੇ ਪੱਲੇ ਹੈ ਉਹ ਵੀ ਸਦੀ ਤੋਂ ਵੱਧ ਪੁਰਾਣਾ ਹੈ। ਅਮਰੀਕਾ ਪਹੁੰਚਣ ਵਾਲਾ, ਸੂਚੀਬੱਧ ਹੋਇਆ, ਸਭ ਤੋਂ ਪਹਿਲਾ ਵਿਅਕਤੀ ਅਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਸੁਰਸਿੰਘ ਦਾ ਬਖਸ਼ੀਸ਼ ਸਿੰਘ ਅਤੇ ਵੀਹਵੀਂ ਸਦੀ ਆਰੰਭ ਹੋਣ ਤੋਂ ਪਹਿਲਾਂ ਪਹਿਲਾਂ ਇਸੇ ਇੱਕੋ ਪਿੰਡ ਦੇ ਹੀ ਅੱਸੀ ਵਿਅਕਤੀ ਅਮਰੀਕਾ ਵਿੱਚ ਰਹਿ ਰਹੇ ਸਨ। ਏਥੇ ਸਵਾਲਾਂ ਦਾ ਸਵਾਲ ਇਹ ਹੈ ਕਿ ਫੇਰ ਵੀ 'ਐਨ.ਆਰ.ਆਈ' ਸ਼ਬਦ ਘੜਨ ਨੂੰ, ਜੋ ਕੇਵਲ 15 ਸਾਲ ਪਹਿਲਾਂ ਪ੍ਰਚਾਰਨਾ ਸ਼ੁਰੂ ਹੋਇਆ, ਇੱਕ ਸੌ ਪੰਦਰਾਂ ਸਾਲ ਕਿਉਂ ਲੱਗੇ ਅਤੇ ਪੰਜਾਬੀਆਂ ਨੂੰ ਅਪਣੇ 'ਪਰਵਾਸੀ ਭਰਾ' ਮਹਿਸੂਸ ਕਰਨ ਵਿੱਚ ਪੰਦਰਾਂ ਸਦੀਆਂ ਕਿਉਂ ਲੱਗੀਆਂ? ਇਸ ਦਾ ਉੱਤਰ ਇਸ ਲੇਖ ਵਿੱਚ ਤਾਂ ਲੱਭਣ ਦਾ ਯਤਨ ਨਹੀਂ ਕੀਤਾ ਜਾਏਗਾ ਸਗੋਂ ਉੱਤਰ ਲੱਭਣ ਦਾ ਅਧਾਰ ਪੈਦਾ ਕਰਨ ਦਾ ਯਤਨ ਕੀਤਾ ਜਾਏਗਾ।

ਜਦੋਂ ਅਸੀਂ ਪੰਜਾਬੀ ਪਰਵਾਜ ਦਾ ਪਿਛੋਕੜ ਪਿਛਲੀਆਂ ਦੋ ਜਾਂ ਢਾਈ ਕੁ ਸਦੀਆਂ ਤੱਕ ਸੀਮਤ ਕਰਦੇ ਹਾਂ ਤਾਂ ਕੇਵਲ ਇਹੋ ਹੀ ਪ੍ਰਗਟ ਕਰਦੇ ਹਾਂ ਕਿ ਸਾਡੀ ਭਾਵਨਾਤਮਕ ਗਰੂਤਾ ਦਾ ਘੇਰਾ ਕਿੰਨਾ ਕੁ ਵਿਸ਼ਾਲ ਹੈ। ਅਸੀਂ ਅਪਣੀ ਯਾਦ ਰੱਖਣ ਦੀ ਨਹੀਂ ਸਗੋਂ ਭੁੱਲਣ ਦੀ ਸਮਰੱਥਾ ਦਾ ਪ੍ਰਗਟਾਵਾ ਕਰ ਰਹੇ ਹੁੰਦੇ ਹਾਂ। ਸਾਡੀ ਇਸ ਭੁੱਲ ਦਾ ਆਧਾਰ ਸਾਡੇ ਹਿੱਤਾਂ 'ਤੇ ਟਿਕਿਆ ਹੋਇਆ ਹੈ। ਇਸ ਤਰ੍ਹਾਂ ਅਸੀਂ ਸੁਚੇਤ ਤੌਰ 'ਤੇ ਅਪਣੇ-ਆਪ ਨੂੰ ਉਲਝਾਅ ਲੈਂਦੇ ਹਾਂ। ਇਸੇ ਕਾਰਨ ਹੀ ਸਾਡੇ ਮਨਾਂ ਵਿੱਚ ਵਸ ਗਿਆ ਹੈ ਕਿ ਦਰਾਵੜਾਂ ਨੂੰ ਦੱਖਣ ਵੱਲ ਧਕੇਲਣ ਵਾਲੇ ਆਰੀਆ ਲੋਕਾਂ ਤੋਂ ਲੈ ਕੇ ਮੁਗਲਾਂ ਤੱਕ ਅਨੇਕਾਂ ਹੀ ਕੌਮੀਅਤਾਂ ਦੇ ਲੋਕ ਸਾਡੀ ਧਰਤੀ 'ਤੇ ਆਏ ਤੇ ਵਸ ਗਏ ਪਰੰਤੂ ਟਿੱਲੇਟਾਵੇਂ ਛੱਡਕੇ, ਸਮੂਹਕ ਰੂਪ ਵਿੱਚ ਇੱਥੋਂ ਕੂਚ ਕਰਕੇ ਦੂਜੇ ਮਹਾਂਦੀਪਾਂ ਵੱਲ ਗਏ ਨਹੀਂ। ਪਿਛਲੀਆਂ ਦੋ ਕੁ ਸਦੀਆਂ ਤੋਂ ਜੋ ਵਾਪਰਿਆ ਹੈ, ਉਹ ਰੋਜ਼ਗਾਰ ਦੀ ਸਮੱਸਿਆ ਹੈ।

ਸੱਚ ਦੇ ਨੇੜੇ ਪਹੁੰਚਣ ਦਾ ਉਪਰਾਲਾ ਕਰਦੇ ਹਾਂ।

ਏ.ਐਫ.ਪੋਟ ਨਾਮ ਦੇ ਸਮਾਜ ਵਿਗਿਆਨੀ ਸਾਡੀ ਜਾਣਕਾਰੀ ਵਿੱਚ ਲਿਆਉਂਦੇ ਹਨ ਕਿ ਪੰਜਾਬ ਅਤੇ ਸਿੰਧ ਦੇ ਖਿੱਤੇ ਵਿੱਚੋਂ ਸਭ ਤੋਂ ਪਹਿਲਾ ਵੱਡਾ ਸਮੂਹ ਪੰਜਵੀਂ ਸਦੀ ਵਿੱਚ ਈਰਾਨ ਗਿਆ ਸੀ ਜਿਸ ਵਿੱਚ ਬਾਰਾਂ ਹਜ਼ਾਰ ਮਰਦ, ਔਰਤਾਂ ਅਤੇ ਬੱਚੇ ਸ਼ਾਮਲ ਸਨ। ਇਹ ਲੋਕ ਅਪਣਾ ਮਾਲ ਡੰਗਰ ਵੀ ਨਾਲ਼ ਹੀ ਲੈ ਕੇ ਗਏ ਸਨ। ਇਹ ਪੰਜਾਬ ਤੇ ਸਿੰਧ ਵਿੱਚ ਉਪਜੀਵਕਾਂ ਦੀ ਥੁੜੋਂ ਕਾਰਨ ਈਰਾਨ ਨਹੀਂ ਗਏ ਸਨ ਸਗੋਂ ਇਹਨਾਂ ਨੂੰ ਈਰਾਨ ਦੇ ਬਾਦਸ਼ਾਹ ਬਹਿਰਾਮ ਗੌਰ ਨੇ ਬੁਲਾਇਆ ਸੀ। ਇਹ ਦਰਜਨਾਂ ਪ੍ਰਕਾਰ ਦੀਆਂ ਕੋਮਲ ਭਾਵਨਾਵਾਂ ਅਤੇ ਦਸਤਕਾਰੀ ਦੇ ਹੁਨਰਾਂ ਦੇ ਮਾਹਿਰ ਸਨ। ਈਰਾਨ ਇੱਕ ਪਛੜਿਆ ਹੋਇਆ ਦੇਸ਼ ਸੀ। ਈਰਾਨ ਦੇ ਪੱਕੇ ਵਸਨੀਕ ਹੋਣ ਵਾਲੇ, ਪੰਜਾਬ-ਸਿੰਧ ਖਿੱਤੇ ਦੇ ਇਹ ਲੋਕ ਜੇਕਰ ਇਹ ਥੁੜੋਂ ਪੂਰੀ ਨਾ ਕਰਦੇ ਤਾਂ ਉਸਨੂੰ ਖੁਦ ਵਿਕਸਤ ਕਰਨ ਲਈ ਸ਼ਾਇਦ ਸੈਂਕੜੇ ਸਾਲ ਹੋਰ ਲੱਗ ਜਾਂਦੇ। ਇਹ ਕਥਤ ''ਬ੍ਰੇਨਡਰੇਨ'' ਦਾ ਪਹਿਲਾ ਝਲਕਾਰਾ ਵੀ ਹੈ। ਇਹ ਪਰਵਾਸ ਸੁਚੇਤ ਰੂਪ ਵਿੱਚ ਰਾਜਨੀਤਕ ਫੈਸਲੇ ਨਾਲ਼ ਹੋਇਆ। ਇਸ ਖਿੱਤੇ ਦੇ ਲੋਕਾਂ ਨੇ ਅਪਣੇ ਹਿੱਤ ਵਾਸਤੇ ਨਿੱਜੀ ਫੈਸਲੇ ਨਾਲ਼ ਕਦੋਂ ਪਰਵਾਸ ਆਰੰਭ ਕੀਤਾ ਸੀ, ਇਸਦੀ ਪੈੜ ਦੱਬਣੀ ਅਜੇ ਬਾਕੀ ਹੈ। ਤਾਂ ਵੀ ਜਿਹੜੇ ਲੋਕ ਉੱਤਰ ਪੱਛਮ ਵੱਲ ਗਏ ਉਹਨਾਂ ਨੂੰ ''ਜ਼ਾਟ'' ਕਿਹਾ ਜਾਣ ਲੱਗਾ ਸੀ। ਇਹ ਸ਼ਬਦ ਦੀ ਵਰਤੋਂ ਕਿਸ ਪ੍ਰਸੰਗ ਵਿੱਚ ਆਰੰਭ ਹੋਈ, ਕੁੱਝ ਵੀ ਪਤਾ ਨਹੀਂ।

ਮੇਜਰ ਡੇ ਗੋਇਜੇ (ਜਿਸ ਦਾ ਹਵਾਲਾ ਡਾ.ਬੀ.ਆਰ. ਗਰੋਵਰ ਨੇ ਦਿੱਤਾ ਹੈ; ਪੰਜਾਬ ਪਾਸਟ ਐਂਡ ਪ੍ਰੈਜ਼ਿੰਟ) ਇਹਨਾਂ ਜ਼ਾਟਾਂ ਦੇ ਹਵਾਲੇ ਨਾਲ਼ ਲਿਖਦਾ ਹੈ ਕਿ ਜ਼ਾਟਾਂ ਦੀਆਂ ਵੱਖ-ਵੱਖ ਸ਼ਾਖਾਵਾਂ (ਜਿਹਨਾਂ ਦਾ ਵੇਰਵਾ ਅੱਗੇ ਹੈ) ਦੇ ਸਮੂਹਾਂ ਨੇ ਬੈਬੋਲੋਨੀਆ ਅਤੇ ਇਸਦੇ ਆਸ-ਪਾਸ ਦੇ ਖਿੱਤਿਆਂ ਵਿੱਚ ਧੜਾਧੜ ਘੁਸਪੈਠ ਕੀਤੀ। ਇਹ ਵਰਤਾਰਾ 635-644 ਈਸਵੀ ਦੌਰਾਨ ਵਾਪਰਿਆ। ਇਹ ਘਟਨਾ ਈਰਾਨ ਦੀ ਘਟਨਾ ਤੋਂ ਤਕਰੀਬਨ ਦੋ ਸੌ ਸਾਲ ਬਾਅਦ ਦੀ ਹੈ। ਮੇਜਰ ਗੋਇਜੇ ਦਾ ਮੰਨਣਾ ਹੈ ਕਿ ਇਹ ਜ਼ਾਟ ਨਿਪੁੰਨ ਜਹਾਜ਼ੀ ਸਨ, ਜਿਹੜੇ ਅਪਣਿਆਂ ਬੇੜਿਆਂ ਰਾਹੀਂ ਪਰਿਵਾਰਾਂ ਸਮੇਤ ਇਸ ਖਿੱਤੇ ਵਿੱਚ ਉੱਤਰੇ ਸਨ। ਗੋਇਜੇ ਨੇ ਇਹ ਵੀ ਕਿਹਾ ਕਿ ਇਹ ਲੋਕ ਅਪਣਾ ਮਾਲ-ਡੰਗਰ ਵੀ ਨਾਲ਼ ਹੀ ਲੈ ਕੇ ਗਏ। ਇਹ ਦੋਵੇਂ ਘਟਨਾਵਾਂ ਦੱਸਦੀਆਂ ਹਨ ਕਿ ਉਹਨਾਂ ਸਦੀਆਂ ਵਿੱਚ ਪੰਜਾਬ ਤੇ ਸਿੰਧ ਖਿੱਤੇ ਵਿੱਚੋਂ ਪਰਵਾਸ ਕਰਨ ਵਾਲੇ ਪੰਜਾਬੀ-ਸਿੰਧੀ ਅਪਣੀ ਕਮਾਈ (ਜਾਇਦਾਦ) ਨਾਲ਼ ਹੀ ਲੈ ਗਏ ਸਨ। ਉਹ ਇੰਝ ਹੀ ਕਰਦੇ ਆਏ ਹੋਣਗੇ ਅਤੇ ਇੰਝ ਹੀ ਕਰਦੇ ਰਹੇ ਹੋਣਗੇ। ਗੋਇਜੇ ਵੱਲੋਂ ਦੱਸੇ ਇਸ ਸਮੇਂ ਤੋਂ ਦੋ ਸਦੀਆਂ ਬਾਅਦ ਤੱਕ ਇਹ ਕਥਤ ਜ਼ਾਟ ਯੂਨਾਨ ਦੀ ਸਟੇਟ ਬੇਅਜ਼ਨਟੀਲ ਅਤੇ ਯੋਰਪ ਦੇ ਦੂਰ ਦਰਾਜ਼ ਇਲਾਕਿਆਂ ਵੱਲ ਫੈਲ ਗਏ। ਜਿਹੜੇ ਪੰਜਾਬੀ-ਸਿੰਧੀ ਯੂਨਾਨ ਵਿੱਚ ਸਥਾਪਤ ਹੋ ਗਏ ਉਹਨਾਂ ਨੇ ਅਪਣੇ-ਆਪ ਨੂੰ ਰੌਮਾ ਕਹਿਣਾ ਅਰੰਭ ਕਰ ਦਿੱਤਾ। ਇਸ ਸ਼ਬਦ ਦੀ ਵਰਤੋਂ ਬਾਰੇ ਵੀ ਟਕਰਾਵੇਂ ਮੱਤ ਹਨ। ਇਸ ਪ੍ਰਕਾਰ ਈਰਾਨ ਵਿੱਚ ਵਸੇਬਾ ਕਰਨ ਵਾਲਿਆਂ ਨੂੰ ਲੂਰੀਜ਼ ਜਾਂ ਲੋਲੀਜ਼ ਕਿਹਾ ਗਿਆ ਸੀ।

ਟਰਕੀ ਦੀ ਓਟੋਮਨ ਬਾਦਸ਼ਾਹਤ ਦੇ ਅਰਥਚਾਰੇ ਉੱਪਰ ਅਤੇ ਸੱਭਿਆਚਾਰ ਉੱਪਰ ਇਹਨਾਂ ਪਰਵਾਸੀ ਪੰਜਾਬੀਆਂ-ਸਿੰਧੀਆਂ ਦੇ ਪ੍ਰਭਾਵ ਦਾ ਵਿਸ਼ਲੇਸ਼ਣ ਕਰਦਿਆਂ ਡਾ. ਬੀ.ਆਰ. ਗਰੋਵਰ ਦੱਸਦੇ ਹਨ ਕਿ ਅਰਬਾਂ ਦੀ ਧਰਤੀ ਤੋਂ ਅੱਗੇ ਬੇਅਨਜ਼ਟੀਨ ਅਤੇ ਯੋਰਪ ਵੱਲ ਫੈਲਣ ਵਾਲੇ 'ਜ਼ਾਟ' ਸਾਰੇ ਹੀ ਭਾਰਤੀ ਸਨ ਚਾਹੇ ਉਹਨਾਂ ਨਾਲ਼ ਕੋਈ ਵੀ ਨਾਮ ਜੁੜਦਾ ਰਿਹਾ ਹੋਵੇ। ਗਰੋਵਰ ਮੰਨਦੇ ਹਨ ਕਿ ਇਹਨਾਂ ਜ਼ਾਟਾਂ ਵਿੱਚ ਬਹੁਤ ਸਾਰੇ ਕਬੀਲੇ ਸ਼ਾਮਲ ਸਨ; ਮੇਡਠ ਗੁੱਜਰ, ਰਾਜਪੂਤ, ਬਲੋਚ ਆਦਿ। ਇਹਨਾਂ ਦਾ ਵਖਰੇਵਾਂ ਇਹਨਾਂ ਦੇ ਰਿਵਾਜ਼ਾਂ ਰਾਹੀਂ ਪ੍ਰਗਟ ਹੁੰਦਾ ਸੀ ਜੋ ਇਹਨਾਂ ਨੇ ਪਰਵਾਸ ਉਪਰੰਤ ਵੀ ਜਾਰੀ ਰੱਖੇ। ਇਹ ਉਹ ਲੋਕ ਸਨ ਜਿਹਨਾਂ ਨੇ ਹਿੰਦੂ ਧਰਮ ਦੇ ਜਾਤ-ਪਾਤ ਦੇ ਢਾਂਚੇ ਤੋਂ ਕਿਨਾਰਾਕਸ਼ੀ ਕਰ ਲਈ ਸੀ ਅਤੇ ਇਸ ਵਿਰੁੱਧ ਵਿਦਰੋਹ ਵਜੋਂ ਨਿੱਤਰੇ ਬੁੱਧ ਧਰਮ ਨੂੰ ਅਪਣਾ ਲਿਆ ਸੀ। ਇਹ ਉਹਨਾਂ ਦੀ ਮਾਨਵੀ ਅਤੇ ਵਿਦਰੋਹੀ ਤਬੀਅਤ ਨੂੰ ਵੀ ਪ੍ਰਗਟ ਕਰਦਾ ਹੈ। ਇਸ ਖਿੱਤੇ ਦੇ ਲੋਕਾਂ ਨੇ ਬਾਅਦ ਵਾਲੀਆਂ ਸਦੀਆਂ ਦੌਰਾਨ ਵੀ ਇਸੇ ਹੀ ਤਬੀਅਤ ਨੂੰ ਬਰਕਰਾਰ ਰੱਖਿਆ। (ਸਿੱਖ ਧਰਮ ਵੱਲ ਇਹਨਾਂ ਦਾ ਪ੍ਰਵਾਹ ਵੀ ਇਸੇ ਹੀ ਤਬੀਅਤ ਦਾ ਸਿੱਟਾ ਸੀ)। ਬਰਟਨ, ਟਰੰਪ ਅਤੇ ਡਾਉਸਨ ਦੇ ਰਲਦੇ-ਮਿਲਦੇ ਵਿਚਾਰ ਹਨ ਕਿ ਜ਼ਾਟਾਂ ਅਤੇ ਜਿਪਸੀਆਂ ਦੇ ਖ਼ੂਨ ਅਤੇ ਨਸਲ ਦੇ ਰਿਸ਼ਤੇ ਸਾਂਝੇ ਹਨ। ਉਹਨਾਂ ਦੀ ਇਹ ਧਾਰਨਾ ਦਮਦਾਰ ਲੱਗਦੀ ਹੈ ਕਿਉਂਕਿ ਹੰਗਰੀ, ਜਿੱਥੇ ਜਿਪਸੀਆਂ ਦੀ ਵੱਡੀ ਗਿਣਤੀ ਵਸ ਰਹੀ ਹੈ, ਦੇ ਜਿਪਸੀ ਅਪਣਾ ਪਿਛੋਕੜ ਪੰਜਾਬ ਨਾਲ਼ ਜੋੜਦੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਸਿੰਧ ਘਾਟੀ ਦੇ ਇਹ ਪਰਵਾਸੀ ਬੁੱਧ ਧਰਮ ਅਤੇ ਅਨੇਕਾਂ ਹੋਰ ਹਿੰਦੂ ਧਾਰਨਾਵਾਂ ਨੂੰ ਦੂਰ-ਦੂਰ ਤੱਕ ਫੈਲਾਉਣ ਵਿੱਚ ਵੀ ਸਹਾਈ ਹੋਏ ਹੋਣਗੇ। ਅਪਣੀਆਂ ਧਾਰਨਾਵਾਂ ਅਤੇ ਵਿਚਾਰਾਂ ਨੂੰ ਸਥਾਪਤ ਕਰਨ ਲਈ ਇਹ ਲੋਕ ਬੜੀ ਤੇਜ਼ੀ ਨਾਲ਼ ਕੰਮ ਕਰਦੇ ਹਨ। (ਦੇਸ਼ਾਂ ਵਿਦੇਸ਼ਾਂ ਵਿੱਚ ਥਾਂ ਥਾਂ ਉਸਾਰ ਦਿੱਤੇ ਗਏ ਗੁਰਦੁਆਰੇ ਅਤੇ ਮੰਦਰ ਇਸੇ ਹੀ ਲਗਾਤਾਰਤਾ ਵੱਲ ਫੜੇ ਜ਼ੋਰ ਦਾ ਨਤੀਜਾ ਹੈ)




ਸਪੱਸ਼ਟ ਹੈ ਕਿ ਇਹਨਾਂ ਪਰਵਾਸੀਆਂ ਨੇ ਅਫਗਾਨਿਸਤਾਨ, ਈਰਾਨ ਅਤੇ ਅਰਬ ਦੀ ਧਰਤੀ ਉਪਰ ਹੀ ਨਹੀਂ ਸਗੋਂ ਯੂਨਾਨ ਤੋਂ ਪੂਰਬੀ ਯੋਰਪ ਅਤੇ ਮੱਧ ਏਸ਼ੀਆ ਦੇ ਕੁੱਝ ਖਿੱਤਿਆਂ ਦਾ ਇਤਿਹਾਸ ਸਿਰਜਣ ਵਿੱਚ ਸਿੱਕੇਬੰਦ ਭੂਮਿਕਾ ਨਿਭਾਈ ਸੀ। ਉਹਨਾਂ ਨੇ ਕੇਵਲ ਦਸਤਕਾਰੀ ਹੁਨਰ ਤੇ ਕਲਾਵਾਂ ਹੀ ਨਹੀਂ ਫੈਲਾਈਆਂ ਸਗੋਂ ਜੰਗੀ ਹਥਿਆਰ ਈਜਾਦ ਕਰਨ ਅਤੇ ਉਤਪਾਦਤ ਕਰਨ ਵਿੱਚ ਪ੍ਰਤੱਖ ਭੂਮਿਕਾ ਨਿਭਾਈ। ਯੋਰਪ ਦੀਆਂ ਨਿਰੰਤਰ ਜੰਗਾਂ ਵਿੱਚ ਵਰਤੀਆਂ ਗਈਆਂ ਬੰਦੂਕਾਂ, ਤੋਪਾਂ, ਤੋਪਗੋਲੇ ਤੇ 'ਗੰਨਪਾਊਡਰ' ਬਣਾਉਣ ਵਿੱਚ ਇਹਨਾਂ ਜ਼ਾਟ/ਰੌਮ ਪਰਵਾਸੀਆਂ ਦਾ ਅਹਿਮ ਹਿੱਸਾ ਸੀ। (ਲੋਹਾ ਬਣਾਉਣ ਵਿੱਚ ਉਹਨਾਂ ਦੀ ਮੁਹਾਰਤ ਦਿੱਲੀ ਵਿੱਚ ਕੁਤਬ ਦੀ ਲਾਠ ਬਣਕੇ ਅੱਜ ਵੀ ਖੜ੍ਹੀ ਹੈ।) ਉਹ ਫ਼ੌਜੀ ਹੀ ਨਹੀਂ ਸਗੋਂ ਸਰਕਾਰੀ ਕੰਮ-ਕਾਜ (ਸਿਵਿਲ ਸਰਵਿਸਜ਼) ਦੇ ਵੀ ਮਾਹਿਰ ਸਨ। ਬਿਨਾਂ ਸ਼ੱਕ ਇਹਨਾਂ ਪਰਵਾਸੀਆਂ ਦਾ ਬਹੁਤ ਵੱਡਾ ਹਿੱਸਾ ਚਰਵਾਹੇ ਅਤੇ ਹਲਵਾਹਕ ਵੀ ਰਹੇ। ਜ਼ਿਕਰ ਵਿੱਚ ਆਏ ਉਪਰੋਕਤ ਵਿਦਵਾਨਾਂ ਦੇ ਸਬੂਤ ਅੰਦਰ ਅੰਕਿਤ ਕੀਤੇ ਹਨ ਕਿ ਪੰਜਾਬ ਤੇ ਸਿੰਧ ਤੋਂ ਆਏ ਇਹਨਾਂ ਪਰਵਾਸੀਆਂ ਨੇ ਯੂਨਾਨ, ਰੋਮ, ਹੰਗਰੀ ਅਤੇ ਟ੍ਰਾਂਸਲਵਾਨੀਆ ਦੀਆਂ ਬਾਦਸ਼ਾਹਤਾਂ ਵਿੱਚ ਅਪਣੀ ਹੋਂਦ ਦਾ ਅਹਿਸਾਸ ਕਰਵਾਕੇ ਰੱਖਿਆ ਸੀ। ਸੰਨ 855 ਈਸਵੀ ਵਿੱਚ ਜਦੋਂ ਬੇਅਜ਼ਨਟੀਨ ਨੇ ਸੀਰੀਆ ਉੱਪਰ ਹਮਲਾ ਕੀਤਾ ਸੀ ਤਾਂ ਉਹ 20 ਹਜ਼ਾਰ ਦੇ ਕਰੀਬ ਜ਼ਾਟਾਂ ਨੂੰ ਪਰਿਵਾਰਾਂ ਸਮੇਤ ਅਪਣੇ ਨਾਲ਼ ਲੈ ਗਏ ਸਨ। (ਇਹਨਾਂ ਜ਼ਾਟਾਂ ਨੂੰ ਹੀ ਰੌਮਾ ਕਿਹਾ ਜਾਣ ਲੱਗਾ ਸੀ) ਬੇਅਜ਼ਨਟੀਨ ਨੇ ਇਹਨਾਂ ਦੀ ਹੁਨਰਮੰਦੀ ਦਾ ਰੱਜਕੇ ਇਸਤੇਮਾਲ ਕੀਤਾ। ਇਸ ਤਰ੍ਹਾਂ 'ਜ਼ਾਟਾਂ' ਨੂੰ ਧੱਕੇ ਨਾਲ਼ ਲੈਜਾਣ ਦਾ ਸਿਲਸਿਲਾ ਦਸਵੀਂ ਸਦੀ ਤੱਕ ਵੀ ਜਾਰੀ ਰਿਹਾ ਸੀ।

ਸੱਚ ਇਹ ਹੈ ਕਿ ਪਿਛਲੇ ਮਲੀਨੀਅਮ ਦੀਆਂ ਮੁੱਢਲੀਆਂ ਸਦੀਆਂ ਦੌਰਾਨ ਸਿੰਧ ਘਾਟੀ ਦੀ ਤਕਨਾਲੋਜੀ, ਹੁਨਰਮੰਦੀ ਅਤੇ ਕੋਮਲ ਕਲਾਵਾਂ ਦਾ ਦੂਸਰੇ ਮਹਾਂਦੀਪਾਂ ਵੱਲ ਪਸਾਰ ਇਹਨਾਂ ਜ਼ਾਟਾਂ ਰਾਹੀਂ ਹੀ ਹੋਇਆ ਸੀ। ਪਰਸ਼ੀਆ ਦਾ ਬਾਦਸ਼ਾਹ ਬਹਿਰਾਮ ਗੌਰ ਪਹਿਲਾ ਬਾਦਸ਼ਾਹ ਸੀ, ਜਿਸਨੇ ਇਹ ਕਾਰਜ ਰਾਜਨੀਤਕ ਫੈਸਲੇ ਨਾਲ਼ ਮਨੋਰਥਪੂਰਨ ਢੰਗ ਨਾਲ਼ ਕੀਤਾ। ਤੁਰਕੀ, ਯੋਰਪ ਦੇ ਹੋਰ ਦੇਸ਼ਾਂ ਤੇ ਅਰਬ ਸਰੋਤਾਂ ਤੋਂ ਇਕੱਤਰ ਕੀਤਾ ਜਾ ਚੁੱਕੀ ਜਾਣਕਾਰੀ ਤੋਂ ਤਸੱਲੀਬਖ਼ਸ਼ ਸਬੂਤ ਮਿਲਦੇ ਹਨ ਕਿ ਉਪਰੋਕਤ ਸਾਜੋਸਮਾਨ ਤੋਂ ਇਲਾਵਾ ਮੁੱਢਲੀਆਂ ਅਣਘੜਤ ਤੋਪਾਂ ਇਹਨਾਂ ਪਰਵਾਸੀਆਂ ਦੀ ਈਜਾਦਮਈ ਰੁਚੀ ਦਾ ਹੀ ਨਤੀਜਾ ਸਨ। ਇਹਨਾਂ ਹੁਨਰਮੰਦਾਂ ਦਾ ਪਿਛੋਕੜ ਉਹਨਾਂ ਕਬੀਲਿਆਂ ਨਾਲ਼ ਜੁੜਿਆ ਹੋਇਆ ਸੀ ਜਿਹਨਾਂ ਨੂੰ ਬਾਅਦ ਵਿੱਚ ਸਿਕਲੀਗਰ ਕਿਹਾ ਗਿਆ ਸੀ। (ਇਹ ਹਥਿਆਰ ਬਣਾਉਣ ਵਾਲੇ ਲੁਹਾਰ ਸਨ, ਜਿਹਨਾਂ ਬਾਰੇ ਕਿਹਾ ਗਿਆ ਹੈ ਕਿ ਉਹਨਾਂ ਨੂੰ ਸਿਕਲੀਗਰ ਨਾਮ ਸਿੱਖਾਂ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਨੇ ਦਿੱਤਾ ਸੀ। ਜਿਹੜੇ ਹਥਿਆਰਾਂ ਨੂੰ ਜੰਗ ਰਹਿਤ, ਅਜੇਹਾ ਸਿਕਲ ਕਰਦੇ ਸਨ ਕਿ ਵਿੱਚੋਂ ਮੂੰਹ ਦਿਖਾਈ ਦਿੰਦਾ ਸੀ) ਇਹ ਜਾਟ-ਪਰਵਾਸੀ ਹਥਿਆਰ ਬਣਾਉਣ ਵਿੱਚ ਹੀ ਸਹਾਈ ਨਹੀਂ ਸਨ ਹੋਏ ਸਗੋਂ ਫ਼ੌਜਾਂ ਵਿੱਚ ਸ਼ਾਮਲ ਹੋ ਕੇ ਲੜੇ ਵੀ। ਇਹ ਲੋਕ ਪੂਰਬੀ ਯੋਰਪ ਅਤੇ ਰੂਸ ਦੀਆਂ ਫ਼ੌਜਾਂ ਵਿੱਚ ਭਰਤੀ ਹੋ ਕੇ ਲੜੇ। ਇਹਨਾਂ ਫ਼ੌਜੀਆਂ ਨੂੰ 'ਸੰਨਬੁਲ' ਕਹਿਕੇ ਬੁਲਾਇਆ ਜਾਂਦਾ ਸੀ। (ਪਤਾ ਨਹੀਂ ਕਿਉਂ)

ਪਰੰਤੂ ਜਿਹਨਾਂ ਜ਼ਾਟਾਂ ਦਾ ਫਿਰਤੂ-ਜੀਵਨ ਖ਼ਤਮ ਨਾ ਹੋਇਆ ਜਾਂ ਉਹ ਚਰਵਾਹਾ ਜੀਵਨ ਤਿਆਗਕੇ ਸਮੇਂ ਅਨੁਸਾਰ ਬਦਲ ਨਾ ਸਕੇ ਉਹਨਾਂ ਦੀ ਹਾਲਤ ਪਤਲੀ ਰਹੀ ਅਤੇ ਪਤਲੀ ਹੀ ਚੱਲ ਰਹੀ ਹੈ। ਇਹਨਾਂ ਦੀ ਵੱਡੀ ਗਿਣਤੀ ਬੁਲਗਾਰੀਆ ਅਤੇ ਹੰਗਰੀ ਵਿੱਚ ਹੈ। ਬੁਲਗਾਰੀਆ ਦੇ 'ਰੌਮਾ' ਰੁੱਤਾਂ ਦੇ ਹਿਸਾਬ ਨਾਲ਼ ਕਦੇ ਪਹਾੜਾਂ 'ਤੇ ਚੜ੍ਹ ਜਾਂਦੇ ਹਨ ਅਤੇ ਕਦੇ ਮੈਦਾਨਾਂ ਵਿੱਚ ਚਲੇ ਜਾਂਦੇ ਸਨ। ਸਮੇਂ-ਸਮੇਂ ਲੱਗਦੇ ਮੇਲਿਆਂ ਵਿੱਚ ਅਪਣੀਆਂ ਕਿਰਤਾਂ ਜਾਂ ਮਾਲ-ਡੰਗਰ ਵੇਚਦੇ ਵੱਟਦੇ ਸਨ। ਬੁਲਗਾਰੀਆ ਦੀ ਇੱਕ ਲੋਕਗਾਥਾ ਤੋਂ ਪਤਾ ਲੱਗਦਾ ਹੈ ਕਿ ਭਾਰਤ ਦੇ ਇਹ ਟੱਪਰੀ-ਵਾਸ ਗਿਆਰਵੀਂ ਅਤੇ ਬਾਰ੍ਹਵੀਂ ਸਦੀ ਵਿੱਚ ਉੱਜੜੇ ਜਦੋਂ ਦੇਸ਼ ਅੰਦਰ ਮੁਸਲਮਾਨਾਂ ਵੱਲੋਂ ਜੰਗਾਂ ਲੜੀਆਂ ਜਾ ਰਹੀਆਂ ਸਨ। (ਇਸੇ ਨਾਲ ਹੀ ਮਿਲਦੀ-ਜੁਲਦੀ ਕਹਾਣੀ ਉਹਨਾਂ ''ਗੱਡੀਆਂ ਵਾਲਿਆਂ'' ਨਾਲ ਜੋੜਕੇ ਸੁਣਾਈ ਜਾਂਦੀ ਹੈ ਜਿਹੜੇ ਅੱਜ ਕੱਲ ਬੈਲਗੱਡੀਆਂ 'ਤੇ ਘੁੰਮਦੇ ਅਤੇ ਪਿੰਡਾਂ ਵਿੱਚ ਬਾਲਟੀਆਂ, ਕੜਾਹੀਆਂ ਆਦਿ ਦੇ 'ਥੱਲੇ' ਲਾਉਂਦੇ ਹਨ। ਇਹ ਕਿੱਤੇ ਦੇ ਲੌਹਾਰ ਹਨ)।

ਪੰਜਾਬ ਸਿੰਧ ਖਿੱਤੇ ਦੇ ਇਹਨਾਂ ਪਰਵਾਸੀਆਂ ਦੇ ਸੱਭਿਆਚਾਰਕ ਤੌਰ ਤਰੀਕੇ, ਉਪਰੋਕਤ ਇਤਿਹਾਸਕ ਤੱਥਾਂ ਨੂੰ ਸਹਾਰਾ ਦਿੰਦੇ ਹਨ। ਐਮ.ਆਈ. ਕੋਨਾਵਾਈਨ ਨਾਮੀ ਵਿਦਵਾਨ ਦਾ ਮੱਤ ਹੈ ਕਿ ਜ਼ਾਟਾਂ (ਰੌਮਾਂ) ਦੀਆਂ ਮਿੱਥਾਂ ਅਤੇ ਮਾਨਤਾਵਾਂ ਪ੍ਰਾਚੀਨ ਹਿੰਦੂ ਸੱਭਿਆਚਾਰ ਨਾਲ਼ ਮਿਲਦੀਆਂ-ਜੁਲਦੀਆਂ ਹਨ। ਉਹਨਾਂ ਦਾ ਵਿਚਾਰ ਹੈ ਕਿ ਸਮੇਂ ਦੇ ਚੱਲਦਿਆਂ ਇਹਨਾਂ ਜ਼ਾਟਾਂ ਨੇ ਭਾਵੇਂ ਈਸਾਈ-ਮੱਤ ਜਾਂ ਇਸਲਾਮ ਧਾਰਨ ਕਰ ਲਿਆ ਸੀ ਪਰੰਤੂ ਉਹਨਾਂ (ਯੋਰਪ ਵਿਚਲੇ) ਨੇ ਬੁੱਤ ਪੂਜਾ ਵਰਗੀਆਂ ਰਸਮਾਂ ਅਸਲੋਂ ਹੀ ਤਿਆਗ ਨਹੀਂ ਕੀਤਾ। ਉਹ ਦੱਸਦੇ ਹਨ ਕਿ ਯੋਰਪ ਦੇ ਰੌਮਾਂ ਅੱਜ ਵੀ ਸੇਂਟ ਸਾਰਾਹ ਨਾਮ ਦੀ ਦੇਵੀ ਦੀ ਮੂਰਤੀ ਦਾ ਵਗਦੇ ਪਾਣੀ ਵਿੱਚ ਵਿਸਰਜਨ ਕਰਦੇ ਹਨ। ਸੇਂਟ ਸਾਰਾਹ ਦੀਆਂ ਸ਼ਕਤੀਆਂ ਦੀ ਤੁਲਨਾ ਭਾਰਤ ਦੀ ਕਾਲੀ ਮਾਤਾ ਨਾਲ਼ ਕੀਤੀ ਜਾ ਸਕਦੀ ਹੈ। ਕੋਨਾਵਾਈਨ ਦੱਸਦੇ ਹਨ ਕਿ ਸਮੁੰਦਰ ਤੋਂ ਦੂਰ ਫਰਾਂਸ ਦੇ ਇੱਕ ਪਿੰਡ, ਸੇਂਟ ਮਾਰੀ-ਡੇ-ਲਾਮੇਰ, ਦੇ ਰਹਿਣ ਵਾਲੇ ਰੌਮਾਂ ਨੇੜੇ ਦੇ ਤਲਾਅ (ਛੱਪੜ) ਵਿੱਚ ਹੀ ਇਸ ਦੇਵੀ ਦੀ ਮੂਰਤੀ ਦਾ ਵਿਸਰਜਣ ਕਰ ਲੈਂਦੇ ਹਨ। ਇਸ ਤਰ੍ਹਾਂ ਹੁਣ ਵਾਲੇ ਬੋਗੋਸਲਾਵੀਆ (ਮੈਸੇਡੋਨੀਆ) ਦੇ ਰੌਮਾਂ ਭਗਵਾਨ ਜੰਡਰ ਦੀ ਪੂਜਾ ਕਰਦੇ ਹਨ, ਇਹ ਭਗਵਾਨ ਇੰਦਰ ਦਾ ਰੂਪ ਹੈ। ਪਰੰਤੂ ਕੇਂਦਰੀ ਏਸ਼ੀਆ ਦੇ ਰੌਮਾਂ ਭਗਵਾਨ ਜੰਡਰ (ਇੰਦਰ) ਦੀ ਉਤਪਤੀ ਭਗਵਾਨ ਵਿਸ਼ਨੂੰ ਤੋਂ ਹੋਈ ਮੰਨਦੇ ਹਨ। ਇਤਆਦਿ! ਪਰ ਕੋਨਾਵਾਈਨ ਦਾ ਪੁਖਤਾ ਵਿਚਾਰ ਹੈ ਕਿ ਬੁਲਗਾਰੀਆ ਦੇ ਰੌਮਾਂ ਪੰਜਾਬ-ਸਿੰਧ ਖਿੱਤੇ ਦੇ ਖਾਲਸ ਜ਼ਾਟ ਹਨ।

ਇਸੇ ਤਰ੍ਹਾਂ ਬੀ.ਆਰ. ਗਰੋਵਰ ਤੋਂ ਪਤਾ ਲੱਗਦਾ ਹੈ ਕਿ ਅੱਠਵੀਂ ਅਤੇ ਨੌਵੀਂ ਸਦੀ ਦੇ ਸੈਲਾਨੀਆਂ ਨੇ ਅਪਣੇ ਸਫ਼ਰਨਾਮਿਆਂ ਵਿੱਚ ਪੰਜਾਬ ਅਤੇ ਸਿੰਧ ਦੇ ਰਹਿ ਰਹੇ ਸਾਰੇ ਵਸਨੀਕਾਂ ਨੂੰ ਹੀ ਜ਼ਾਟਾਂ ਦਾ ਨਾਮ ਦਿੱਤਾ ਹੈ। ਪਰੰਤੂ ਕੁੱਝ ਇੱਕ ਯੋਰਪੀ ਖੋਜਕਾਰਾਂ ਨੇ ਇਸ ਖਿੱਤੇ ਵਿੱਚ ਰਾਜਸਥਾਨ ਨੂੰ ਵੀ ਸ਼ਾਮਲ ਕੀਤਾ ਹੋਇਆ ਹੈ। (ਇੰਝ ਪ੍ਰਤੀਤ ਹੁੰਦਾ ਹੈ ਕਿ, ਸ਼ਾਇਦ, ਇਹ ਜ਼ਾਟ ਸ਼ਬਦ ਅਪਣੇ ਅਰਥਾਂ ਨੂੰ ਨਿਰੰਤਰ ਸੁਕੇੜਦਾ ਹੋਇਆ ਜੱਟ ਬਣਕੇ ਰਹਿ ਗਿਆ ਹੋਵੇਗਾ ਜਿਸਦੀ ਅੱਗੋਂ ਪੈੜ ਦੱਬਦਿਆਂ ਹੋਇਆਂ ਅਸੀਂ ਪ੍ਰਾਚੀਨ ਹੈਲੇਨਿਕ ਤੇ ਉੱਤਰੀ ਭਾਗ ਪ੍ਰਾਚੀਨ ਸੀਥੀਅਨ ਨਾਲ਼ ਜਾ ਜੁੜਦੇ ਹਾਂ ਜਿਹੜਾ ਕਿ ਇੱਕ ਵੱਖਰਾ ਵਿਸ਼ਾ ਹੈ)

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਰਾਜਨੀਤਕ ਨਿਰਣਿਆਂ ਦਾ ਸੱਭਿਆਚਾਰਕ ਅਤੇ ਭਾਵਨਾਤਮਕ ਰਿਸ਼ਤਿਆਂ ਨਾਲ਼, ਕਦੇ ਕਦੇ ਤਾਂ, ਦੂਰ ਦਾ ਰਿਸ਼ਤਾ ਵੀ ਨਹੀਂ ਰਹਿ ਜਾਂਦਾ। ਰਾਜਨੀਤੀ ਵਿੱਚ ਐਨੀ ਅਥਾਹ ਸ਼ਕਤੀ ਹੈ ਕਿ ਇਹ ਸੱਭਿਆਚਾਰਕ ਅਤੇ ਭਾਵਨਾਤਮਕ ਰਿਸ਼ਤਿਆਂ ਨੂੰ ਇੱਕ ਵਾਰ ਤਾਂ ਚਕਨਾਚੂਰ ਕਰਕੇ ਰੱਖ ਦਿੰਦੀ ਹੈ। ਪਰੰਤੂ ਇਸਦੀ ਉਮਰ ਉਸੇ ਪ੍ਰਕਾਰ ਨਿਸਚਿਤ ਹੈ ਜਿਸ ਪ੍ਰਕਾਰ ਝੂਠ ਦਾ ਹਮਲਾ ਬਹੁਤ ਮਾਰੂ ਹੁੰਦਾ ਹੈ ਪਰ ਥੋੜ੍ਹੀ ਦੇਰ ਚਲਦਾ ਹੈ। ਕਿਉਂਕਿ ਰਾਜਨੀਤੀ ਹੁਣ ਤੱਕ ਸਮਾਜ ਦਾ ਇੱਕ ਨਕਲੀ ਪ੍ਰਬੰਧ ਰਿਹਾ ਹੈ, ਇਸ ਕਰਕੇ ਇਸਨੂੰ ਅਪਣੀ ਹੋਂਦ ਬਰਕਰਾਰ ਰੱਖਣ ਲਈ ਛੜਯੰਤਰ ਰਚਣੇ ਪੈਂਦੇ ਹਨ। ਰਾਜਨੀਤੀ ਖੁਦ ਹੀ ਸਮਾਜ ਦੀ ਨਿਗੂਣੀ ਘੱਟ ਗਿਣਤੀ ਦਾ ਛੜਯੰਤਰ ਰਿਹਾ ਹੈ। ਜਿਸ ਕਰਕੇ ਇਸਦਾ ਲੱਛਣ ਜਾਬਰ ਹੈ। ਸੱਭਿਆਚਾਰ ਨੇ, ਮਾਨਵੀ ਇਤਿਹਾਸ ਵਿੱਚ, ਰਾਜਨੀਤੀ ਦੇ ਛੜਯੰਤਰ ਨੂੰ ਬਾਰ-ਬਾਰ ਪਛਾੜਿਆ ਤੇ ਬਰਾਬਰ ਕੁਚਲਿਆ ਹੈ। ਇੱਕ ਵਾਰ ਕੁਚਲੇ ਜਾਣ ਉਪਰੰਤ ਰਾਜਨੀਤੀ ਅਪਣੀ ਪਹਿਲੀ ਸ਼ਕਲ ਵਿੱਚ ਦੁਬਾਰਾ ਕਦੇ ਨਹੀਂ ਉੱਠ ਸਕੀ। ਸੈਂਕੜੇ ਨਿਜ਼ਾਮਾਂ ਦੇ ਢੈਅ ਢੇਰੀ ਹੋਣ ਦੀ ਵਿਥਿਆ ਤਿੰਨ ਹਜ਼ਾਰ ਸਾਲ ਤੋਂ ਵੀ ਵੱਧ ਪੁਰਾਣੀ ਨਹੀਂ। ਜਿਹਨਾਂ ਨੂੰ ਇਤਿਹਾਸਕਾਰਾਂ ਨੇ ਯੂਨੀਵਰਸਲ ਸਟੇਟਸ ਦਾ ਵੀ ਨਾਮ ਦਿੱਤਾ ਸੀ।

ਸਾਡੇ ਦੇਸ਼ ਦੀ ਰਾਜਨੀਤੀ ਉਹਨਾਂ ਪੰਜਾਬੀਆਂ-ਸਿੰਧੀਆਂ ਨੂੰ ''ਐਨ. ਆਰ. ਆਈ'' ਨਹੀਂ ਮੰਨਦੀ ਜਿਹੜੇ ਅਪਣੀ ਜਾਇਦਾਦ ਤੇ ਮਾਲ-ਡੰਗਰ ਸਮੇਟਕੇ ਦੂਜੀਆਂ ਧਰਤੀਆਂ 'ਤੇ ਜਾ ਵਸੇ ਸਨ। ਹਾਲ ਹੀ ਵਿੱਚ ਪੀ.ਆਈ.ਓ (ਪਰਸਨ ਆਫ਼ ਇੰਡੀਅਨ ਓਰਿਜਨ) ਦੀ ਕੀਤੀ ਗਈ ਪ੍ਰੀਭਾਸ਼ਾ ਵਿੱਚ ਚਾਰ ਪੀੜ੍ਹੀਆਂ ਨੂੰ 'ਕੱਟ-ਆਫ਼ ਪੁਆਇੰਟ' ਨਿਸਚਿਤ ਕਰ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਹੋਏ ਪਰਵਾਸੀ ਭਾਰਤੀ ਸਾਡੇ ਨਹੀਂ ਹਨ। ਦੂਜੇ ਪਾਸੇ ਸੋਲਾਂ ਸੌ ਸਾਲ ਪਹਿਲਾਂ ਪਰਵਾਸ ਧਾਰਨ ਕਰ ਚੁੱਕੇ 'ਜ਼ਾਟ' (ਸਿੰਧ ਘਾਟੀ ਦੇ ਲੋਕ ) ਭਾਰਤ ਦੇ ਸੱਭਿਆਚਾਰ ਨੂੰ ਅੱਜ ਤੱਕ ਕੁੱਛੜ ਚੁੱਕੀ ਫਿਰਦੇ ਹਨ। ਸਹੀ ਅਰਥਾਂ ਵਿੱਚ ਉਹਨਾਂ ਨੇ ਸਾਨੂੰ ਨਹੀਂ ਤਿਆਗਿਆ। ਇਹ ਇੱਕ ਧੜਕਣ ਹੈ ਜਿਹੜੀ ਸਾਂਝੇ ਖ਼ੂਨ ਦੀਆਂ ਲਹਿਰਾਂ ਵਿੱਚ ਤਰੰਗ ਤੇ ਝਰਨਾਹਟ ਛੇੜਦੀ ਹੈ। ਇਹੋ ਹੀ ਸੱਭਿਆਚਾਰ ਦੀ ਜਨਣੀ ਹੈ। ਇਸ ਤਰ੍ਹਾਂ ਜਾਇਦਾਦ (ਚੱਲ ਜਾਂ ਅਚੱਲ) ਨੇ ਸੱਭਿਆਚਾਰ ਨੂੰ ਪਰਵਾਸ ਵਿੱਚ ਧਕੇਲ ਕੇ ਕੇਂਦਰੀ ਸਥਾਨ ਹਾਸਲ ਕਰ ਲਿਆ। ਹੁਣ ਸਾਡੇ ਵਾਸਤੇ, ਅਸਲ ਅਰਥਾਂ ਵਿੱਚ, ਉਹ ਹੀ ਐਨ.ਆਰ.ਆਈ ਹਨ ਜਿਹੜੇ ਜਾਇਦਾਦ ਦੀ ਭਾਸ਼ਾ ਵਿੱਚ ਅਥਵਾ ਆਰਥਕਤਾ ਦੇ ਮਾਧਿਅਮ ਰਾਹੀਂ ਸਾਡੇ ਨਾਲ਼ ਜੁੜੇ ਹੋਏ ਹਨ। ਇਹ ਕੇਵਲ ਭਾਰਤ ਦੀ ਹੀ ਨਹੀਂ ਸਗੋਂ ਹਰ ਉਸ ਦੇਸ਼ ਦੀ ਨਿਗੂਣੀ ਘੱਟ ਗਿਣਤੀ ਦੀ ਧਾਰਨਾ ਹੈ ਜਿਸਨੇ ਅਪਣੀ ''ਵਾਲ੍ਹੋਂ ਨਿੱਕੀ'' ਅਦਿੱਸ ਚਲਾਕੀ ਨਾਲ਼ ਅਰਥਚਾਰਿਆਂ ਅਤੇ ਨਿਜ਼ਾਮਾਂ 'ਤੇ ਕਬਜ਼ਾ ਕੀਤਾ ਹੋਇਆ ਹੈ। ਸਾਡੇ 'ਪਰਵਾਸੀ' ਦੂਜਿਆਂ ਦੇ 'ਇਮੀਗ੍ਰਾਂਟ' ਹਨ। □

# ਦੋ ਬਾਣੀਆਂ ਭਰਾਵਾਂ ਦਾ ਮੁਕੱਦਮਾ

**ਵਿਰਸਾ ਸਿੰਘ**

ਅੱਵਲ ਤਾਂ ਬਾਣੀਏ ਦੇ ਪੁੱਤਰ ਛੇਤੀ ਕਿਤੇ ਲੜਦੇ ਨਹੀਂ, ਕਿਉਂਕਿ ਇਹ ਸਿਰ ਤੋਂ ਜ਼ਿਆਦਾ ਅਤੇ ਸਰੀਰ ਤੋਂ ਘੱਟ ਕੰਮ ਲੈਂਦੇ ਨੇ। ਸੌ ਸਬੱਬ ਜੇ ਕਿਤੇ ਨਾ ਹੀ ਪੇਸ਼ ਜਾਵੇ, ਲੜਾਈ ਦੀ ਨੌਬਤ ਆ ਹੀ ਜਾਵੇ ਤਾਂ ਦੋਵੇਂ ਧਿਰਾਂ ਇਕ ਦੂਜੇ ਨੂੰ 'ਧੀ ਭੈਣ ਦੀ' ਕਦੇ ਭੁੱਲ ਕੇ ਵੀ ਨਹੀਂ ਕਰਨਗੀਆਂ, ਨਾ ਘਸੁੰਨ-ਮੁੱਕੀ। ਡਾਂਗ-ਸੋਟਾ ਤਾਂ ਬੜੀ ਦੂਰ ਦੀ ਗੱਲ ਏ। ਹਾਂ ਜੇ ਇਨ੍ਹਾਂ ਦੀ ਲੜਾਈ ਹੋ ਵੀ ਜਾਵੇ ਤਾਂ 'ਅਰੇ ਭਾਈ ਲੜਾਈ ਮੇ ਹਾਥੋ ਪਾਈ ਕਾ ਕਿਆ ਕਾਮ' ਦੀਆਂ ਅਵਾਜ਼ਾਂ ਵਾਰ-ਵਾਰ ਸੁਣਾਈ ਦੇ ਸਕਦੀਆਂ ਨੇ। ਫਿਰ ਵੀ ਇਨ੍ਹਾਂ ਦੀ ਲੜਾਈ ਵੇਲੇ ਜੇ ਕਿਤੇ ਗਰਮਾ-ਗਰਮੀ ਹੋ ਵੀ ਜਾਵੇ ਤਾਂ ਡਾਂਗਾਂ, ਛਵੀਆਂ ਅਤੇ ਟਕਵੇ ਆਦਿ ਨਹੀਂ ਖੜਕਦੇ। ਸਗੋਂ ਇਨ੍ਹਾਂ ਦੀ ਥਾਂ ਵਿਚਾਰੇ ਵੱਟਿਆਂ ਦੀ ਸ਼ਾਮਤ ਆ ਜਾਂਦੀ ਏ ਤੇ ਵੱਟੇ ਵੀ ਕੋਸ਼ਿਸ਼ ਕਰਕੇ ਪੂਰੇ ਧਿਆਨ ਨਾਲ ਛੋਟੇ ਤੋਂ ਛੋਟੇ ਹੀ ਵਰਤੇ ਜਾਂਦੇ ਨੇ, ਜਿਵੇਂ ਇਕ ਸੌ ਗਰਾਮ ਦਾ, ਪੰਜਾਹ ਗਰਾਮ ਦਾ ਅਤੇ ਛਟਾਂਕੀ ਆਦਿ ਦਾ। ਛੋਟੇ ਵੱਟੇ ਇਸ ਕਰਕੇ ਵਰਤੇ ਜਾਂਦੇ ਨੇ ਤਾਂ ਜੋ ਦੂਜੀ ਧਿਰ ਜਿਸ ਨੂੰ ਇਹ ਵੱਟਾ ਮਾਰਿਆ ਜਾ ਰਿਹਾ ਏ, ਕਿਤੇ ਉਹਦੇ ਜ਼ਿਆਦਾ ਸੱਟ ਹੀ ਨਾ ਵੱਜ ਜਾਵੇ ਅਤੇ ਦੂਜਾ ਡਰ ਇਹ ਹੁੰਦਾ ਹੈ ਮਾਰਿਆ ਹੋਇਆ ਇਹ ਵੱਟਾ ਕਿਤੇ ਦੂਜੇ ਦੀ ਹੱਟੀ ਵਿਚ ਹੀ ਨਾ ਰਹਿ ਜਾਵੇ। ਇਸ ਤਰ੍ਹਾਂ ਮਾਲੀ ਨੁਕਸਾਨ ਹੋਣ ਦਾ ਖ਼ਦਸ਼ਾ ਵੀ ਰਹਿੰਦਾ ਏ।

ਸੱਚਾਈ ਤਾਂ 'ਜਾਂ ਰਾਹ ਪਿਆ ਜਾਣੀਏ ਤੇ ਜਾਂ ਵਾਹ ਪਿਆ ਜਾਣੀਏ' ਉੱਤੇ ਹੀ ਨਿਰਭਰ ਕਰਦੀ ਹੈ।

ਇਸ ਵੇਲੇ ਗੱਲ 'ਅਰੇ ਭਾਈ ਲੜਾਈ ਮੇ ਹਾਥੋ ਪਾਈ ਕਾ ਕਿਆ ਕਾਮ' ਮੂੰਹ ਸੇ ਬਾਤ ਕਰੋ' ਦੀ ਹੋ ਰਹੀ ਹੈ।

ਦੋ ਬਾਣੀਏ। ਦੋਵੇਂ ਸਕੇ ਭਰਾ ਸਨ ਜਾਂ ਫਿਰ ਚਾਚੇ-ਤਾਏ ਦੇ ਹੋਣਗੇ। ਦੋਹਾਂ ਦੇ ਚਿੱਟਾ ਕਮੀਜ਼-ਪਜਾਮਾ ਪਾਇਆ ਹੋਣਾ। ਇਕ ਦੇ ਪੈਰਾਂ ਵਿਚ ਵੀ-ਸ਼ੇਪ ਦੀਆਂ ਚੱਪਲਾਂ ਅਤੇ ਦੂਜੇ ਦੇ ਅੱਧੋਰਾਣੀ ਜਿਹੀ ਗੁਰਗਾਬੀ। ਇਕ ਦਾ ਸਿਰ ਅੱਧ ਨਾਲੋਂ ਗੰਜਾ, ਦੂਜੇ ਦੇ ਵਾਲ ਹਾਲੇ ਸਹੀ ਸਲਾਮਤ ਸਨ। ਦੋਵੇਂ ਅਧਖੜ ਉਮਰ ਦੇ ਅਤੇ ਸਉਲੇ ਰੰਗ ਦੇ। ਇਕ ਦੇ ਹੱਥ ਵਿਚ ਯੂਰੀਆ ਖਾਦ ਦੇ ਚਿੱਟੇ ਕੱਟੂ ਨਾਲੋਂ ਕੱਟ ਕੇ ਬਣਾਇਆ ਹੋਇਆ ਝੋਲਾ ਹੁੰਦਾ ਸੀ, ਜੋ ਘਸਮੈਲਾ ਹੋ ਚੁੱਕਾ ਸੀ ਅਤੇ ਦੂਜੇ ਦੇ ਹੱਥ ਚਿੱਟੀ ਦਸੂਤੀ ਦਾ ਪੁਰਾਣੇ ਰਿਵਾਜ਼ ਵਾਲਾ ਬੂਟੀਆਂ ਪਾਇਆ ਹੋਇਆ ਝੋਲਾ ਹੁੰਦਾ ਸੀ, ਜਿਹੋ ਜਿਹਾ ਜੈਤੋਂ, ਰਾਮਾ ਮੰਡੀ, ਫੂਲ ਅਤੇ ਧੂਰੀ ਆਦਿ ਵਾਲੇ ਪਾਸੇ ਦੇ ਵਿਚਲੇ ਤਬਕੇ ਦੇ ਬਾਣੀਆਂ ਦੇ ਘਰਾਂ ਵਿਚ ਆਮ ਹੁੰਦੇ ਨੇ। ਦੋਵਾਂ ਦੇ ਝੋਲਿਆਂ ਵਿਚ ਰੋਟੀਆਂ ਹੁੰਦੀਆਂ ਸਨ। ਉਨ੍ਹਾਂ ਦੋਵਾਂ ਦਾ ਸ਼ਾਇਦ ਆਪਸ ਵਿਚ ਕੋਈ ਦੁਕਾਨ ਜਾਂ ਪਲਾਟ ਆਦਿ ਦਾ ਝਗੜਾ ਸੀ, ਜੋ ਅਦਾਲਤ ਵਿਚ ਚੱਲਦਾ ਸੀ, ਜਿਸ ਕਾਰਣ ਉਹ ਤਰੀਕਾਂ ਭੁਗਤਣ ਅਦਾਲਤ ਵਿਚ ਆਉਂਦੇ ਸਨ, ਪਰ ਉਨ੍ਹਾਂ ਦੇ ਅਦਾਲਤ ਵਿਚ ਆਉਣ 'ਤੇ ਗੱਲਬਾਤ, ਜੋ ਆਪਸ ਵਿਚ ਕਰਦੇ ਸਨ, ਉਨ੍ਹਾਂ ਦਾ ਅੰਦਾਜ਼, ਤਰੀਕਾ ਅਤੇ ਸਲੀਕਾ ਇਸ ਤਰ੍ਹਾਂ ਦਾ ਸੀ ਕਿ ਪਤਾ ਨਹੀ ਸੀ ਲੱਗਦਾ ਕਿ ਉਹ ਆਪਸ ਵਿਚ ਕੋਈ ਮੁਕੱਦਮਾ ਲੜ ਰਹੇ ਹੋਣ। ਸਗੋਂ ਇੰਜ ਲੱਗਦਾ ਸੀ ਕਿ ਉਹ ਦੋਵੇਂ ਜਣੇ ਕਿਸੇ ਤੀਸਰੀ ਧਿਰ ਦੇ ਖ਼ਿਲਾਫ਼ ਝਗੜਾ ਝਗੜ ਰਹੇ ਹੋਣ। ਉਂਝ ਉਹ ਇਕ-ਦੂਜੇ ਦੇ ਵਿਰੋਧੀ ਸਨ।

ਵੇਖਣ ਵਿਚ ਇਹ ਵੀ ਆਇਆ ਸੀ ਕਿ ਤਰੀਕ ਵਾਲੇ ਦਿਨ ਉਹ ਦੋਵੇਂ ਇਕੱਠੇ ਆਉਂਦੇ। ਅਦਾਲਤ ਦੇ ਅੰਦਰ ਜਾ ਕੇ ਜੱਜ ਸਾਹਬ ਨੂੰ ਦੋਵੇਂ ਹੱਥ ਜੋੜ ਕੇ ਨਮਸਕਾਰ ਕਰਦੇ ਅਤੇ ਫਿਰ ਬਾਹਰ ਬਰਾਂਡੇ ਵਿਚ ਪਏ ਹੋਏ ਬੈਂਚ 'ਤੇ ਜਾ ਕੇ ਬੈਠ ਜਾਂਦੇ ਅਤੇ ਅਪਣੇ ਕੇਸ ਦੀ ਆਵਾਜ਼ ਪੈਣ ਦੀ ਉਡੀਕ ਕਰਨ ਲੱਗ ਪੈਂਦੇ। ਬੈਂਚ 'ਤੇ ਬੈਠੇ- ਬੈਠੇ ਉਹ ਨਿੱਕੀਆਂ-ਨਿੱਕੀਆਂ ਗੱਲਾਂ ਕਰਦੇ ਰਹਿੰਦੇ, ਥੋੜ੍ਹਾ-ਥੋੜ੍ਹਾ ਵਿਚ ਕਦੇ-ਕਦੇ ਹੱਸਦੇ ਵੀ ਸਨ। ਦੋਵੇਂ ਇਕੱਠੇ ਚਾਹ ਮੰਗਵਾਉਂਦੇ, ਇਕੱਠੇ ਹੀ ਪੀਂਦੇ, ਕਦੇ-ਕਦੇ ਇਕ ਜਣਾ ਪੈਸੇ ਦਿੰਦਾ, ਕਦੇ ਦੂਸਰਾ ਦੇ ਦਿੰਦਾ ਸੀ। ਇਕੱਠੇ ਰੋਟੀ ਖਾਂਦੇ ਸਨ। ਰੋਟੀ ਦਾ ਵਟਾਂਦਰਾ ਕਰਦੇ ਵੀ ਵੇਖੇ ਜਾ ਸਕਦੇ ਸਨ। ਇੰਜ ਜਾਪਦਾ ਸੀ ਜਦੋਂ ਉਹ ਅਪਣੇ ਘਰੋਂ ਬੱਸ ਫੜ ਕੇ ਕਚਿਹਰੀ ਆਉਂਦੇ ਹੋਣਗੇ ਤਾਂ ਆਉਂਦੀ ਵਾਰ ਦਾ ਕਿਰਾਇਆ ਇਕ ਜਣਾ ਦਿੰਦਾ ਹੋਵੇਗਾ ਅਤੇ ਜਾਂਦੀ ਵਾਰ ਵਾਪਸੀ 'ਤੇ ਦੂਜਾ ਦਿੰਦਾ ਹੋਵੇਗਾ। ਉਂਝ ਉਹ ਇਕ-ਦੂਜੇ ਦੇ ਵਿਰੁੱਧ ਕੇਸ ਝਗੜ ਰਹੇ ਸਨ। ਜਦੋਂ ਅਰਦਲੀ ਉਨ੍ਹਾਂ ਦੇ ਕੇਸ ਦੀ ਅਵਾਜ਼ ਮਾਰਦਾ, ਉਹ ਆਪੋ-ਅਪਣੇ ਵਕੀਲਾਂ ਨੂੰ ਬੁਲਾ ਲਿਆਉਂਦੇ। ਕਦੇ-ਕਦੇ ਇੰਝ ਵੀ ਹੁੰਦਾ, ਜਦੋਂ ਉਨ੍ਹਾਂ ਦੇ ਕੇਸ ਦੀ ਅਵਾਜ਼ ਵੱਜਦੀ ਤਾਂ ਇਕ ਜਣਾ ਦੂਜੇ ਨੂੰ ਕਹਿ ਦਿੰਦਾ, 'ਮੇਰੇ ਜੁੱਤੀ ਲੱਗਦੀ ਏ ਯਾਰ, ਮੈਂ ਅੰਦਰ ਖੜਦਾਂ, ਮੇਰੇ ਵਕੀਲ ਨੂੰ ਵੀ ਕਹਿ ਦੇਈ 'ਵਾਜ ਪੈ ਗਈ ਏ।" ਦੂਜਾ ਉਹਦੇ ਨਾਲ ਸਹਿਮਤ ਹੋ ਜਾਂਦਾ ਤੇ ਉਹਦੇ ਵਕੀਲ ਨੂੰ ਵੀ ਅਪਣੇ ਵਕੀਲ ਦੇ ਨਾਲ ਹੀ ਬੁਲਾ ਲਿਆਉਂਦਾ।

ਉਂਝ ਉਹ ਆਪਸ ਵਿਚ ਇਕ-ਦੂਜੇ ਵਿਰੁੱਧ ਝਗੜ ਰਹੇ ਸਨ। ਸਾਰੇ ਅਹਿਲਕਾਰ ਉਨ੍ਹਾਂ ਦੋਵਾਂ (ਮੁਦਈ ਅਤੇ ਮੁਦੈਲਮ) ਦੇ ਇਸ ਤਰ੍ਹਾਂ ਦੇ ਅਜੀਬੋ ਗਰੀਬ ਰਵੱਈਏ 'ਤੇ ਬਹੁਤ ਹੈਰਾਨ ਸਨ। (ਮੁਦਈ ਦਾਅਵਾ ਕਰਨ ਵਾਲਾ ਹੁੰਦਾ ਹੈ ਅਤੇ ਮੁਦੈਲਮ ਉਹ ਧਿਰ ਹੁੰਦੀ ਹੈ, ਜਿਸ 'ਤੇ ਦਾਅਵਾ ਕੀਤਾ ਹੁੰਦਾ ਏ), ਜਿਸ ਦਿਨ ਉਨ੍ਹਾਂ ਦੇ ਕੇਸ ਦੀ ਤਾਰੀਕ ਹੁੰਦੀ, ਅਕਸਰ ਹੀ ਬਾਬੂ ਲੋਕ ਉਨ੍ਹਾਂ ਦਾ ਜ਼ਿਕਰ ਆਪਸ ਵਿਚ ਕਰਦੇ।

ਤਰੀਕਾਂ ਪੈਂਦੀਆਂ ਰਹੀਆਂ, ਸਬੂਤ ਪੇਸ਼ ਕੀਤੇ ਗਏ, ਮੁਦਈ ਦੇ ਗਵਾਹ ਆਉਂਦੇ ਰਹੇ, ਗਵਾਹੀਆਂ ਹੁੰਦੀਆਂ ਰਹੀਆਂ। ਮੁਦਈ ਅਤੇ ਉਸ ਦੇ ਵਕੀਲ ਨੇ ਮੁਕੱਦਮਾ ਜਿੱਤਣ ਲਈ ਅਪਣੀ ਪੂਰੀ ਵਾਹ ਲਾਈ।

ਹੁਣ ਦੂਜੀ ਧਿਰ ਦੀ ਵਾਰੀ ਸੀ, ਜੋ ਮੁਲੈਦਮ ਸੀ। ਉਹਨੇ ਵੀ ਕੋਈ ਕਸਰ ਬਾਕੀ ਨਾ ਰਹਿਣ ਦਿੱਤੀ। ਗਵਾਹ ਡਟ ਕੇ ਭੁਗਤਾਏ, ਸਬੂਤ ਪੇਸ਼ ਕਰਨ ਵਾਲੀ ਹੱਦ ਮੁਕਾ ਦਿੱਤੀ। ਕੇਸ ਮੁਕੰਮਲ ਹੋ ਚੁੱਕਾ ਸੀ। ਬਹਿਸ ਵਾਸਤੇ ਅਗਲੀ ਤਰੀਕ ਪਈ। ਉਸ ਦਿਨ ਜੱਜ ਸਾਹਬ ਛੁੱਟੀ 'ਤੇ ਸਨ ਤੇ ਇਸ ਕਰਕੇ ਫੇਰ ਤਰੀਕ ਅੱਗੇ ਪੈ ਗਈ।

ਅਗਲੀ ਤਰੀਕ 'ਤੇ ਦੋਵੇਂ ਧਿਰਾਂ ਦੇ ਵਕੀਲਾਂ 'ਚੋਂ ਇਕ ਦੀ ਬਹਿਸ ਨਾ ਤਿਆਰ ਹੋਣ ਕਾਰਨ ਤਰੀਕ ਫਿਰ ਅੱਗੇ ਪੈ ਗਈ ਅਤੇ ਦੂਜੀ ਵਾਰ ਦੂਜੇ ਵਕੀਲ ਦੀ ਤਿਆਰੀ ਨਾ ਹੋਣ ਕਾਰਨ ਤਰੀਕ ਪੈ ਗਈ। ਅੱਜ ਬਹਿਸ ਦਾ ਦਿਨ ਸੀ। ਦੋਹਾਂ ਵਕੀਲਾਂ ਨੇ ਆਪੋ-ਆਪਣੇ ਸਾਈਲਾਂ ਦੇ ਹੱਕ ਵਿਚ ਦਸਤਾਵੇਜ਼ਾਂ ਦਾ ਹਵਾਲਾ ਦੇ ਕੇ ਜ਼ੋਰਦਾਰ ਬਹਿਸ ਕੀਤੀ। ਉਹ ਮੁੜ੍ਹਕੋ-ਮੁੜ੍ਹਕੀ ਹੋ ਗਏ ਸਨ। ਜੱਜ ਸਾਹਿਬ ਨੇ ਬਹਿਸ ਦੌਰਾਨ ਕੁਝ ਨੁਕਤਿਆਂ 'ਤੇ ਦੋਵਾਂ ਵਕੀਲਾਂ ਨੂੰ ਕੁਝ ਇਕ ਸਵਾਲ ਕੀਤੇ, ਜਿੰਨ੍ਹਾਂ ਦੇ ਜਵਾਬ ਵਕੀਲਾਂ ਵਲੋਂ ਅਪਣੇ ਗਿਆਨ ਅਤੇ ਤਿਆਰੀ ਮੁਤਾਬਕ ਦਿੱਤੇ ਗਏ। ਬਹਿਸ ਦੌਰਾਨ ਦੋਵੇਂ ਬਾਣੀਏ ਆਪੋ-ਅਪਣੇ ਵਕੀਲ ਨੂੰ ਕੰਨਾਂ ਵਿਚ ਕੁਝ ਨਾ ਕੁਝ ਨੁਕਤੇ ਦੱਸਦੇ ਰਹੇ ਤਾਂ ਜੋ ਕੇਸ ਨੂੰ ਕਾਮਯਾਬ ਕਰਨ ਵਿਚ ਕੋਈ ਕਮੀ ਨਾ ਰਹਿ ਜਾਵੇ।

ਬਹਿਸ ਖ਼ਤਮ ਹੋਈ, ਹੁਕਮ ਸੁਣਾਉਣ ਲਈ ਜੱਜ ਸਾਹਬ ਨੇ ਦੋ ਦਿਨ ਦੀ ਤਰੀਕ ਪਾ ਦਿੱਤੀ। ਅੱਜ ਕੇਸ ਫੈਸਲੇ 'ਤੇ ਸੀ। ਉਹ ਦੋਵੇਂ ਹਮੇਸ਼ਾ ਦੀ ਤਰ੍ਹਾਂ ਇਕੱਠੇ ਅਦਾਲਤ ਵਿਚ ਆਏ। ਜੱਜ ਸਾਹਬ ਹਾਲੇ ਰਿਟਾਇਰਿੰਗ ਰੂਮ ਵਿਚ ਬੈਠੇ ਕੁਝ ਪੜ੍ਹ ਰਹੇ ਸਨ। ਉਨ੍ਹਾਂ ਦੋਵਾਂ ਨੇ ਸਾਹਬ ਦੀ ਕੁਰਸੀ ਵੱਲ ਅਪਣੇ ਹੱਥ ਜੋੜ ਕੇ ਸਿਰ ਨਿਵਾਇਆ ਅਤੇ ਅਪਣੇ-ਅਪਣੇ ਹੱਕ ਵਿਚ ਫੈਸਲਾ ਹੋਣ ਲਈ ਰੱਬ ਅੱਗੇ ਮੂਕ ਅਰਦਾਸ ਕੀਤੀ ਤੇ ਫਿਰ ਬਾਹਰ ਬਰਾਂਡੇ ਵਿਚ 'ਹਸਬ-ਏ-ਮਾਮੂਲ' ਬੈਂਚ 'ਤੇ ਬਹਿ ਕੇ ਅਵਾਜ਼ ਦੀ ਉਡੀਕ ਕਰਨ ਲੱਗੇ।

ਬਾਅਦ ਦੁਪਿਹਰ ਅਰਦਲੀ ਨੇ ਉਨ੍ਹਾਂ ਦੇ ਕੇਸ ਦੀ ਅਵਾਜ਼ ਮਾਰੀ। ਉਹ ਦੋਵੇਂ ਅੰਦਰ ਆਏ, ਜੱਜ ਸਾਹਬ ਨੂੰ ਨਮਸਤੇ ਬੁਲਾ ਕੇ ਵਕੀਲਾਂ ਨੂੰ ਬਲਾਉਂਣ ਲਈ ਦੌੜ ਪਏ।

ਵਕੀਲ ਆ ਗਏ ਸਨ। ਫ਼ੈਸਲਾ ਸੁਣਾਇਆ ਗਿਆ ਅਤੇ ਜੱਜ ਸਾਹਬ ਉਠ ਕੇ ਰਿਟਾਇਰਿੰਗ ਰੂਮ ਵਿਚ ਵਾਪਸ ਚਲੇ ਗਏ। ਫੈਸਲਾ ਇਕ ਦੇ ਹੱਕ ਵਿਚ ਤੇ ਦੂਜੇ ਦੇ ਵਿਰੁੱਧ ਸੀ।

ਦੋਵਾਂ ਵਕੀਲਾਂ ਨੇ ਜੱਜ ਸਾਹਬ ਦਾ ਫੈਸਲਾ ਆਪੋ-ਅਪਣੇ ਸਾਈਲਾਂ ਨੂੰ ਦੱਸ ਕੇ ਅਪਣੇ ਲਿਫ਼ਾਫ਼ਿਆ 'ਤੇ ਨੋਟ ਕੀਤਾ ਅਤੇ ਅਪਣੇ ਅੱਡਿਆਂ ਨੂੰ ਤੁਰ ਪਏ।

ਉਨ੍ਹਾਂ ਦੋਵਾਂ ਨੇ ਫੈਸਲਾ ਸੁਣ ਲਿਆ ਸੀ। ਦੋਹਾਂ ਨੇ ਜੱਜ ਸਾਹਬ ਦੀ ਕੁਰਸੀ ਅੱਗੇ ਫਿਰ ਸਿਰ ਨਿਵਾਇਆ, ਫੈਸਲੇ ਨੂੰ ਖਿੜੇ ਮੱਥੇ ਸਵੀਕਾਰ ਕੀਤਾ।

.. ਇਕ ਗੱਲ ਯਾਦ ਆਈ।

ਤੇਰ੍ਹਵੇਂ ਮਹੀਨੇ 'ਚ ਇਕ ਜੱਟ ਦਾ ਵਿਆਹ ਆ ਗਿਆ। ਪੈਸਿਆਂ ਦੀ ਲੋੜ ਸੀ। ਉਹ ਆੜ੍ਹਤੀਏ ਕੋਲ ਸ਼ਹਿਰ ਗਿਆ। ਫਤਿਹ ਬੁਲਾਈ ਅਤੇ ਆੜ੍ਹਤੀਏ ਨੂੰ ਪੈਸਿਆਂ ਦਾ ਸਵਾਲ ਕੀਤਾ। ਆੜ੍ਹਤੀਏ ਨੇ ਸੋਚਿਆ ਇਹਦੇ ਵੱਲ ਤਾਂ ਪਹਿਲਾਂ ਹੀ ਬਹੁਤ ਪੈਸੇ ਜਾ ਚੁੱਕੇ ਹਨ, ਉਹਨੇ ਝੱਟ ਨਾਂਹ ਕਰ ਦਿੱਤੀ। ਜੱਟ ਬਹੁਤ ਉਦਾਸ ਸੀ, ਪ੍ਰੇਸ਼ਾਨ ਬੈਠਾ ਸੀ। ਆੜ੍ਹਤ 'ਤੇ ਬੈਠੇ-ਬੈਠੇ ਜੱਟ ਦੀ ਪੱਗ ਦਾ ਲੜ ਉਹਦੇ ਮੋਢੇ 'ਤੇ ਜਾ ਡਿੱਗਾ।

''ਆਹ ਸਰਦਾਰ ਜੀ ਤੁਹਾਡੀ ਪੱਗ ਦਾ ਲੜ ਨਿਕਲ ਗਿਆ ਜੇ''...ਆੜ੍ਹਤੀਏ ਨੇ ਕਿਹਾ। ਜੱਟ ਪੈਸੇ ਨਾ ਮਿਲਣ ਕਾਰਨ ਪਹਿਲਾਂ ਹੀ ਤਪਿਆ ਬੈਠਾ ਸੀ, ਝੱਟ ਆੜ੍ਹਤੀਏ ਨੂੰ ਬੋਲਿਆ,

''ਤੇਰੀ ਭੂਆ ਪਿਛਲੇ ਸਾਲ ਨਿਕਲ ਗਈ ਸੀ, ਮੈਂ ਉਦੋਂ ਤੈਨੂੰ ਕੁਝ ਕਿਹਾ ਸੀ?''

ਆੜ੍ਹਤੀਆ ਵਿਚਾਰਾ ਡਰ ਨਾਲ ਛੁਰ ਵੱਟ ਕੇ ਬਹਿ ਗਿਆ।

ਕਹਿਣ ਤੋਂ ਭਾਵ ਇਹ ਪਈ ਜੱਟ ਲੜ ਨਿਕਲਣ ਵਾਲੀ ਗੱਲ ਸੁਣ ਕੇ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਸੀ।...ਪਰ ਇਥੇ ਗੱਲ ਹੋਰ ਸੀ। ਦੋਵੇਂ ਭਰਾ ਅਜੇ ਵੀ ਅਦਾਲਤ ਵਿਚ ਖੜੇ ਸਨ। ਦੋਵੇਂ ਸ਼ਾਂਤ ਚਿੱਤ। ਜਿੱਤਣ ਵਾਲੇ ਨੇ ਕੋਈ ਬੜ੍ਹਕ ਨਹੀਂ ਮਾਰੀ ਸੀ ਅਤੇ ਹਾਰਨ ਵਾਲੇ ਦੇ ਚਿਹਰੇ 'ਤੇ ਵੀ ਕੋਈ ਪ੍ਰੇਸ਼ਾਨੀ ਦੇ ਚਿੰਨ੍ਹ ਨਜ਼ਰ ਨਹੀਂ ਆ ਰਹੇ ਸਨ। ਦੋਹਾਂ ਨੇ ਇਕ-ਦੂਜੇ ਵੱਲ ਵੇਖਿਆ, ਜਿੱਤਣ ਵਾਲਾ ਹੱਸਿਆ, ਫਿਰ ਹਾਰਨ ਵਾਲਾ ਵੀ ਥੋੜ੍ਹਾ ਜਿਹਾ ਮੁਸਕਰਾਇਆ। ਉਹ ਇਕ-ਦੂਜੇ ਦੇ ਨੇੜ੍ਹੇ ਹੋਏ, ਜਿੱਤਣ ਵਾਲੇ ਨੇ ਹਾਰਨ ਵਾਲੇ ਦੀ ਗੰਜੀ ਟਿੰਡ 'ਤੇ ਪੋਲਾ-ਪੋਲ ਹੱਥ ਫੇਰਿਆ ਅਤੇ ਜਿਵੇਂ ਕੋਈ ਗਾਉਂਦਾ ਹੋਵੇ, ਉਸਨੇ ਬੜੀ ਲੈਅ ਵਿਚ ਬੜੇ ਰਿਦਮ ਨਾਲ ਇਹ ਕਹਿਣਾ ਸ਼ੁਰੂ ਕੀਤਾ :

''ਹੁਣ ਦੱਸ ਪਹਿਲਾਂ ਤਾਂ ਕਿਸੇ ਦੀ ਮੰਨੀ ਨਾ, ਹੁਣ ਕਿੱਥੇ ਜਾਏਂਗਾ ਪੁੱਤ?''

ਦੂਜਾ ਵੀ ਅੱਗੋਂ ਘੱਟ ਨਹੀਂ ਸੀ, ਉਹ ਵੀ ਉਸੇ ਲੈਅ ਵਿਚ ਹੇਕ ਨਾਲ ਬੋਲਿਆ-

''ਕੋਈ ਗੱਲ ਨਹੀਂ...ਫੇਰ ਕੀ ਏ ...ਮੈਂ ਸ਼ੈਸ਼ਨ ਜੱਜ ਕੋਲ ਅਪੀਲ ਕਰਾਂਗਾ।''

''ਜੇ ਉਥੇ ਵੀ ਕੰਡ ਲੱਗ ਗਈ ਬੱਚੂ ...ਫੇਰ?''

ਪਹਿਲਾ ਫਿਰ ਲੈਅ ਵਿਚ ਬੋਲਿਆ।

''ਕੋਈ ਨਾ, ਗਾਹਾਂ ਹਾਈਕੋਰਟ ਕੀਹਦੇ ਲਈ ਏ?...ਹਾਰਿਆ ਵੀ ਉਵੇਂ ਮਜ਼ਾਕ ਵਿਚ ਜਵਾਬ ਦੇ ਰਿਹਾ ਸੀ। ''ਜੇ ਹਾਈਕੋਰਟ ਵੀ ਮੈਂ ਤੈਨੂੰ ਡੇਗ ਲਿਆ?''

''ਇਹ ਤਾਂ ਬੱਚੂ ਹਾਈ ਕੋਰਟ ਜਾ ਕੇ ਵੇਖਾਂਗੇ।'' ਹਾਰੇ ਹੋਏ ਦਾ ਜਵਾਬ ਸੀ।

ਤੇ ਫਿਰ ਉਹ ਦੋਵੇਂ ਇਵੇਂ ਲੈਅਬੱਧ ਤਰੀਕੇ ਨਾਲ ਬੋਲਦੇ-ਬੋਲਦੇ ਬਾਂਹ 'ਚ ਬਾਂਹ ਪਾਈ ਅਦਾਲਤ 'ਚੋ ਬਾਹਰ ਆ ਗਏ।


## ਜ਼ਿੰਦਗੀ ਬੜੀ ਬੇਵਫਾ ਹੈ ਇਸ ਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ।

* ਕੀ ਤੁਸੀਂ ਹਾਲ ਹੀ ਵਿਚ ਘਰ ਖਰੀਦਿਆ ਹੈ ? * ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
* ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਲੈਣੀ ਚਾਹੁੰਦੇ ਹੋ ?
* ਕੀ ਤੁਸੀਂ ਨਾਲ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ? * ਕੀ ਤੁਸੀਂ ਘਰ ਦੇ ਮੁਖੀਆ ਹੋ ?
* ਕੀ ਤੁਹਾਡੇ ਬੱਚੇ ਛੋਟੇ ਹਨ ਅਤੇ ਉਨ੍ਹਾਂ ਦੀ ਪਰਵਰਿਸ਼ ਦਾ ਭਾਰ ਤੁਹਾਡੇ ਉੱਪਰ ਹੈ ?
* ਕੀ ਤੁਹਾਡੀ ਲਾਈਫ ਇੰਸ਼ੋਰੈਂਸ ਵੀ ਨਵੀਂ ਹੋਣ ਵਾਲੀ ਹੈ ?

**ਜ਼ਰਾ ਸੋਚੋ ! !**

| Age ਉਮਰ | Per Month Rate/ਪ੍ਰਤੀ ਮਹੀਨਾ ਰੇਟ | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.25 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

ਜੇਕਰ ਤੁਸੀਂ ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿਚ ਦਿੰਦੇ ਹੋ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਅੱਜ ਹੀ ਆਪਣੀ ਕਮਿਊਨਿਟੀ ਦੇ ਜਾਣੇ ਪਹਿਚਾਣੇ ਅਤੇ ਬਹੁਤ ਹੀ ਕਾਮਯਾਬ ਬਰੋਕਰ ਜੈਸੀ ਸਿੰਘ ਨਾਲ ਸੰਪਰਕ ਕਰਕੇ ਮੁਫ਼ਤ ਸਲਾਹ ਲਓ। ਉਹ ਤੁਹਾਨੂੰ ਸਭ ਤੋਂ ਵਧੀਆ ਰੇਟ ਅਤੇ ਕੰਪਨੀ ਲੱਭ ਕੇ ਦੇਣਗੇ।


Jessie Singh (C.A.I.B.)

ਸਾਡੇ ਕੋਲ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਮਿਲ ਸਕਦੀ ਹੈ। ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿਚੋਂ ਕੋਈ ਬੀਮਾਰੀ ਹੋਵੇ ਤਾਂ ਅਖੀਰ ਵਿਚ ਤੁਹਾਡੇ ਪੈਸੇ ਵਾਪਿਸ ਦੇ ਦਿੱਤੇ ਜਾ ਸਕਦੇ ਹਨ।

**ਅਸੀਂ ਹਰ ਤਰ੍ਹਾਂ ਦੀ ਲਾਈਫ ਇੰਸ਼ੋਰੈਂਸ, ਘਰ, ਕਾਰ ਜਾਂ ਬਿਜਨਸ ਦੀ ਇੰਸ਼ੋਰੈਂਸ, ਟਰੈਵਲ ਇੰਸ਼ੋਰੈਂਸ, ਡਿਸੇਬਿਲਟੀ, ਮੌਰਗੇਜ਼ ਇੰਸ਼ੋਰੈਂਸ, ਕਰਿਟੀਕਲ ਇਲਨੈਸ ਇੰਸ਼ੋਰੈਂਸ ਕਰਦੇ ਹਾਂ। ਅੱਜ ਹੀ ਫੋਨ ਕਰਕੇ ਫਰੀ ਸਲਾਹ ਲੈਣ ਲਈ ਅਪਾਇੰਟਮੈਂਟ ਬੁੱਕ ਕਰੋ।**

**Jessie Off: (403) 717-0666**

**Jessie Singh (C.A.I.B.) Cell: (403) 830-7007**

## ਕਹਾਣੀਆਂ

# ਨਰੈਣਾ ਨੌਨ-ਸਟੌਪ

– ਅਵਤਾਰ ਸਿੰਘ ਬਲਿੰਗ

(ਅਵਤਾਰ ਸਿੰਘ ਬਲਿੰਗ ਦੀ ਪੰਜਾਬੀ ਸਾਹਿਤ 'ਚ ਪਛਾਣ ਨਾਵਲਕਾਰ ਵਜੋਂ ਉੱਭਰੀ ਹੈ, ਪਰੰਤੂ ਉਸਨੇ ਵਿਸ਼ੇ ਤੇ ਨਿਭਾਅ ਦੋਹਾਂ ਹੀ ਪੱਖਾਂ ਤੋਂ ਕਈ ਸ਼ਾਨਦਾਰ ਕਹਾਣੀਆਂ ਵੀ ਲਿਖੀਆਂ ਹਨ। ਉਸਦੇ ਪਾਤਰ ਜੀਂਦੇ ਜਾਗਦੇ ਜ਼ਿੰਦਗੀ ਨੂੰ ਸ਼ਿੱਦਤ ਨਾਲ਼ ਭੋਗਦੇ ਪਾਤਰ ਹਨ। ਇਹਨਾਂ ਪਾਤਰਾਂ ਦੇ ਅੰਤਰ ਦਵੰਦਾਂ ਵਿੱਚੋਂ ਹੀ ਬਲਿੰਗ ਦੀ ਕਹਾਣੀ ਦੇ ਅਸਲ ਅਰਥ ਉਜਾਗਰ ਹੁੰਦੇ ਹਨ। ਇਸ ਕਹਾਣੀ ਦਾ ਪਾਤਰ ਨਰੈਣਾ ਵੀ ਅਜਿਹਾ ਹੀ ਹੈ। ਜਿਹੜਾ ਹੁਣ ਤੱਕ ਨਾਨ-ਸਟਾਪ ਤੁਰਿਆ ਆ ਰਿਹਾ ਹੈ ਪਰੰਤੂ ਜ਼ਮਾਨੇ ਦੇ ਬਦਲਣ ਨਾਲ਼ ਜਦੋਂ ਉਸਨੂੰ 'ਸਟਾਪ' ਹੋਣਾ ਪੈਂਦਾ ਹੈ ਤਾਂ ਕਹਾਣੀ ਵਿਚ ਬੜੀ ਦਿਲਚਸਪ ਸਥਿਤੀ ਪੈਦਾ ਹੋ ਜਾਂਦੀ ਹੈ।

ਸੰਪਾਦਕ



ਮਿਸਤਰੀ ਨਰੈਣ ਸਿਹੁੰ, ਜਿੱਦਣ ਨਿਹਾਲ ਹੁੰਦਾ ਤਾਂ ਪੈੜ ਉੱਤੇ ਅਪਣੇ ਆਹਰ ਲੱਗਿਆ, ਉਹ ਲਗਾਤਾਰ ਉਧੜੀ ਜਾਂਦਾ।

ਪਹਿਲੇ ਦਿਨ ਕਿਸੇ ਨਵੇਂ ਘਰ ਵਿੱਚ ਆਏ ਰਾਜ ਮਿਸਤਰੀ ਦੀ, ਚਾਵਾਂ-ਮੱਤੀ ਸੁਆਣੀ ਵੱਲੋਂ ਹੁੰਦੀ ਰੱਜਵੀਂ ਆਓ-ਭਗਤ ਤੋਂ ਲੈ ਕੇ ਅਖ਼ੀਰਲੇ ਦਿਨ ਦੀ ਤਿਊੜੀਆਂ ਭਰੀ ਵਿਦਾਇਗੀ ਤਕ, ਉਹ ਮੂੰਹੋਂ-ਮੂੰਹੋਂ ਅੱਗੇ ਤੁਰਦੇ, ਟੋਟਕਿਆਂ ਦੀ ਲੜੀ ਨਾਲ ਲੜੀ ਜੋੜ ਰੱਖਦਾ।

'ਘਰ ਆ ਉੱਤਰੇ ਦੇਵਤੇ, 'ਘਰ ਕਿੱਥੇ ਭਾਈ?'
ਚਾਈਂ ਚਾਈਂ ਕੰਮ ਕਰੇ ਜਦ ਨੀਂਹ ਟਿਕਾਈ।
ਢਾਕ ਮਰੋੜੇ ਗੱਲ ਕਰੇ, ਜਦ ਪੈੜ ਬਣਾਈ।
ਬੰਨ੍ਹ ਬਨੇਰਾ ਉਤਰੇ, ਜਮ ਦੇਣ ਦਿਖਾਈ।....''

ਹੱਥ ਵਿੱਚ ਫੜੀ, ਡਬਲ ਇੱਟ ਨੂੰ ਲੋੜ ਮੁਤਾਬਕ ਤੇਸੀ ਨਾ਼ਲ ਘੜ ਕੇ ਪੌਣੇ, ਅੱਧੇ ਜਾਂ ਡੇਲ੍ਹੀ ਵਿੱਚ ਬਦਲਦਾ, ਉਹ 'ਹੂੰਅ' ਆਖਦਾ, ਕੰਧ ਵਿੱਚ ਥੱਪ ਦਿੰਦਾ-

''......ਰਾਜਗਿਰੀ ਦਾ ਕੀ ਕਰਨਾ?
ਦਰਜ ਬਚਾ ਕੇ ਰੋੜਾ ਧਰਨਾ........

......ਏਹ ਗੱਲ ਐ, ਮਾਅਰਾਜ।'' ਰਾਜਗਿਰੀ ਕਰਦਾ ਕਰਦਾ ਉਹ ਸਾਰਾ ਸਾਰਾ ਦਿਨ ਹੱਸਦਾ ਖੇਡਦਾ ਰਹਿੰਦਾ। ਪਰ ਜਦੋਂ ਕਦੇ ਉਹ ਕੁੰਟ ਜਾਂਦਾ ਤਾਂ 'ਮਰਜੋ-ਮਾਰਲੋ' ਅਤੇ 'ਵੱਢੂੰ-ਖਾਊਂ' ਤੋਂ ਹੇਠਾਂ ਨਾ ਉੱਤਰਦਾ। ਮਾਲਕ ਨੂੰ ਵੀ ਉਹ ਨੇੜੇ ਨਾ ਢੁੱਕਣ ਦਿੰਦਾ।

ਦਿਹਾੜੀਆ, ਉਸ ਨਾ਼ਲ ਹਰੇਕ ਨਹੀਂ ਸੀ ਕੱਟ ਸਕਦਾ। 'ਵਿਹੜੇ' ਵਾਲੇ ਤਾਂ ਉਸਦਾ ਨਾਉਂ ਸੁਣਦੇ ਸਾਰ ਹੀ ਮੁੱਕਰ ਜਾਂਦੇ; ਸਾਡੀ ਤਾਂ ਤੌਬਾ ਐ, ਸਰਦਾਰ ਜੀ। ਉਸ ਕੱਬੇ ਮਿਸਤਰੀ ਦੀ ਬੈੜ-ਬੈੜ ਨਹੀਂ ਸਹਾਰ ਹੋਣੀ।''

ਉੱਦਣ ਵੀ ਬਾਪੂ, ਨਿੰਮੋਝੂਣਾ ਜਿਹਾ, ਬਰੰਗ ਮੁੜ ਆਇਆ ਸੀ, 'ਨਰੈਣ ਸਿਆਂ। ਮਜੂਰ ਕੋਈ ਨਹੀਂ ਮੰਨਦਾ, ਤੇਰਾ ਸਾਥ ਦੇਣ ਨੂੰ। ਤੂੰ ਹੀ ਮਾੜੀ-ਮੋਟੀ ਨਰਮਾਈ ਕਰ, ਛੋਟੇ ਭਾਈ।''

ਪਰ ਮਚਲਾ ਹੋਇਆ ਮਿਸਤਰੀ, ਗੁੱਝਾ ਮੁਸਕਰਾਇਆ। ਪੱਗ ਦਾ ਲੜ ਸੁਆਰ ਕੇ, ਉਸ ਨੇ ਕੰਨ ਕੋਲ ਖਾਜ ਕੀਤੀ। ਫੇਰ ਅਪਣੇ ਹੱਥੀਂ ਕੀਤੀ ਚਿਣਾਈ ਨੂੰ ਨਿਹਾਰਦਾ, ਦੋ ਜਣਿਆਂ ਦੀ ਜਗ੍ਹਾ ਲਟਾ-ਪੀਂਘ ਹੋਏ ਇੱਕ ਮਜ਼ਦੂਰ ਨੂੰ ਡਾਂਟਣ ਲੱਗਿਆ।

ਮਸੋਸਿਆ ਹੋਇਆ ਬਾਪੂ ਹੋਰ ਨੇੜੇ ਆ ਗਿਆ। ਹੱਥ ਮਲਦੇ ਹੋਏ, ਉਸਨੇ ਲਾਂਢ ਮਾਰੀ, ''ਮਖਿਆ, ਨੌਨ-ਸਟੌਪ। ਤੂੰ ਕੰਨੋਂ ਬੋਲਾ ਤਾਂ ਨਹੀਂ ਹੋ ਗਿਆ, ਕਿਤੇ? ਮੈਂ ਤਾਂ ਸਾਰਾ ਪਿੰਡ ਗਾਹ ਕੇ ਰੱਖਤਾ ਪਰ ਬੰਦਾ ਕੋਈ ਨਹੀਂ ਮਿਲਿਆ ਮੈਨੂੰ।''

''ਲਾਣੇਦਾਰਾ! ਬੰਦਾ ਨਾ ਸਹੀ, ਕੋਈ ਭਈਆ-ਭੁਈਆ ਹੀ ਫੜ ਲਿਆਉਂਦੇ। ਬਥੇਰੀ ਸਤੌਲ ਉੱਤਰੀ ਫਿਰਦੀ ਐ, ਖੂਹਾਂ 'ਤੇ। ਨਾਲੇ ਥੋਨੂੰ ਪਤੈ, ਏਸ ਦਸਤੀ ਕੰਮ ਖਾਤਰ ਬੰਦਿਆਂ ਦੀ ਨਹੀਂ, ਧੂਸਾਂ ਦੀ ਜ਼ਰੂਰਤ ਹੁੰਦੀ ਐ। ਘੜੀਆਂ ਦੇਖ ਕੇ ਡਿੰਘ ਪੁੱਟਣ ਆਲੇ, ਸਾਡਾ ਬੁੱਤਾ ਨਹੀਂ ਸਾਰ ਸਕਦੇ।......''

ਤੇ ਫੇਰ ਕਿੰਨਾ ਚਿਰ ਉਹ ਆਪ-ਮੁਹਾਰੇ ਬੋਲਦਾ ਰਿਹਾ।

ਬਾਪੂ ਨੂੰ ਵਹਿਮ ਸੀ ਕਿ ਦੇਸੀ-ਦਿਹਾੜੀਆ ਹੱਡ ਭੰਨ ਕੇ ਮਿਹਨਤ ਕਰਦਾ। ਕੰਮ ਕਰਨ ਦਾ ਚੱਜ ਵੀ ਹੁੰਦਾ, ਉਸਨੂੰ। ਰੋਟੀਆਂ ਵੀ 'ਪੂਰਬੀਏ' ਨਾਲੋਂ ਘੱਟ ਮੈੜਦਾ। ਉਸ ਨੂੰ ਸਮਝਾਉਣ ਲਈ ਮੱਥਾ ਵੀ ਨਹੀਂ ਸੀ ਮਾਰਨਾ ਪੈਂਦਾ ਪਰ ਨਰੈਣਾ ਹੋਰ ਤਰ੍ਹਾਂ ਸੋਚਦਾ। ਜਦੋਂ ਤੋਂ ਉਸਦੇ 'ਅੰਡਰ' ਮਜ਼ਦੂਰੀ ਕਰਦਾ-ਕਰਦਾ, 'ਜੀਤ ਰਾਮਦਾਸੀਆ', 'ਜੀਤਾ ਸਿਹੁੰ ਰਾਜ' ਬਣ ਗਿਆ ਸੀ ਤਾਂ ਸਾਰੇ ਹੀ ਦੇਸੀ-ਕਾਮੇ ਉਸਨੂੰ ਅਪਣੇ ਸ਼ਰੀਕ ਦਿਸਣ ਲੱਗੇ;

''ਮਖਿਆ, ਮੈਨੂੰ ਥੋਡੀ ਜੱਟ ਬੁੱਧੀ 'ਤੇ ਹਾਸਾ ਆਉਂਦੈ,ਮਾਅਰਾਜ......''

ਚੁੱਪ-ਗੜੁੱਪ ਖੜ੍ਹੇ ਬਾਪੂ ਨੂੰ ਮੁਖਾਤਬ ਹੁੰਦਾ ਨਰੈਣਾ ਬੋਲਿਆ, ''ਥੋਡੀ ਏਸ 'ਵਿਹੜੇ' ਨਾ਼ਲ ਜ਼ਰੂਰ ਕੋਈ ਪੁਰਾਣੀ ਸਾਂਝ ਲੱਗਦੀ ਐ। ਮੁੜੇ-ਘਿੜੇ ਤੁਸੀਂ ਇਹਨਾਂ ਚੌਥੇ ਪੌੜੇ ਆਲਿਆਂ ਦੀਆਂ ਦੇਹਲੀਆਂ ਘਸਾਉਣ ਤੁਰ ਪੈਂਦੇ ਓ! ਪਰ ਬਾਬਿਓ! ਇਹਨਾਂ 'ਚੋਂ ਕਿਸੇ ਤੋਂ ਵੀ ਨਰੈਣ ਸਿਹੁੰ ਨੌਨ-ਸਟੌਪ ਦੀ ਧਿੰਗੇੜ ਨਹੀ ਸਹਿ ਹੋਣੀ। ਮੈਂ ਤਾਂ ਵੱਡੇ-ਵੱਡਿਆਂ ਦੀਆਂ ਗੋਡੀਆਂ ਲੁਆ ਦਿੰਨੈ, ਸਰਦਾਰ ਸਾਹਬ!''

ਬਾਪੂ ਨੂੰ ਰਾਜ ਦੀਆਂ ਮਸ਼ਕਰੀਆਂ ਦਾ ਸ਼ਾਇਦ ਗੁੱਸਾ ਲੱਗਿਆ ਪਰ ਉਸ ਨੂੰ ਟੋਕਿਆ ਨਹੀਂ ਸੀ ਜਾ ਸਕਦਾ। ਉਸਾਰੀ ਵਿੱਚ ਲੱਗਿਆ, ਉਹ ਆਪ ਹੀ 'ਮਾਲਕ' ਹੁੰਦਾ। ਅਪਣੇ ਚਿਹਰੇ ਦੇ ਬਦਲਦੇ ਰੰਗਾਂ ਨੂੰ ਲੁਕਾਉਂਦਾ ਬਾਪੂ, ਅੜਬ ਨਰੈਣ ਵੱਲ ਪਿੱਠ ਕਰਕੇ, ਪੈੜ ਨਾ਼ਲ ਖੜ੍ਹੀ ਬਾਂਸ ਦੀ ਪੌੜੀ ਉੱਤੇ ਹੀ ਬੈਠ ਗਿਆ।

''ਰੱਬ ਹੇਠਾਂ ਰਿਹਾ ਕਰ, ਮਿਸਤਰੀ ਨਰੈਣ ਸਿਆਂ। ਭੋਰਾ ਪੁਚਕਾਰ ਕੇ, ਮਤਲਬ ਕੱਢ ਲਿਆ ਕਰੇ ਤਾਂ ਆਹ ਕੰਮਖੋਈ ਤਾਂ ਨਾ ਹੋਵੇ। ਤੂੰ ਵੀ ਹਰ ਵਖ਼ਤ ਬਹੋਲੇ ਵਾਂਗ ਉੱਭੜ-ਉੱਭੜ ਪਈ ਜਾਨੈਂ।''

ਕੰਮ ਕਰਦਾ-ਕਰਦਾ ਨਰੈਣਾ ਰੁਕ ਗਿਆ, ਸਰਦਾਰ ਸਾਹਬ! ਤੁਸੀਂ ਜੱਟ-ਲੋਕ ਗੁਣ ਨਹੀਂ ਜਾਣਦੇ। ਸ਼ੁਕਰ ਐ, ਗਾਲ੍ਹ ਨਹੀਂ ਕੱਢੀ, ਤੁਸੀਂ।.......ਇੱਕਲਖ਼ਤ ਉਹ ਹੋਰ ਨਰਮ ਗਿਆ,......''ਸਾਨੂੰ ਕਾਰੀਗਰਾਂ ਨੂੰ ਤਾਂ ਮਾਲਕ ਦਾ ਹਿੱਤ ਪਿਆਰਾ ਹੁੰਦੈ, ਭਾਈ ਸਾਹਬ!

ਏਹ ਮੀਤ੍ਹਰ ਲੋਕ ਤਾਂ ਟੈਮ ਦੇਖ ਕੇ ਮਜੂਰੀ ਕਰਨੀ ਗਿਝ ਗਏ ਨੇ। 'ਰਾਜ' ਅਜੇ ਪੈੜ ਉੱਤੇ ਹੀ ਹੋਊਗਾ, ਆਰ, ਇਹ ਪੰਜ ਵਜਦੇ ਸਾਰ ਮੂੰਹ-ਹੱਥ ਧੋਣ ਲੱਗ ਜਾਣਗੇ ਪਰ ਬਲਿਹਾਰੇ ਜਾਈਏ, ਥੋਡੇ! ਤੁਸੀਂ ਲੋਕ, ਲੋਟ ਵੀ ਇਹਨਾਂ ਕੋਲ ਏ ਆਉਂਦੇ। 'ਨੌਨ-ਸਟੌਪ' ਦੀਆਂ ਗੱਲਾਂ ਤਾਂ ਥੋਨੂੰ ਅੱਜ ਵੀ ਅੱਕ ਵਰਗੀਆਂ ਕੌੜੀਆਂ ਲੱਗਦੀਆਂ ਹੋਣੀਐਂ।''.......

ਉਹ ਬੋਲਦਾ ਰਿਹਾ ਪਰ ਬਾਪੂ ਢਿੱਲਾ ਜਿਹਾ ਹੋ ਕੇ, ਅੰਦਰ ਸੁਬਾਤ ਵਿੱਚ ਕੋਈ ਸੰਦ ਲੈਣ ਚਲਿਆ ਗਿਆ।

ਸੱਚਮੁੱਚ ਹੀ ਨੌਨ-ਸਟੌਪ ਮਿਸਤਰੀ ਸੀ, ਨਰੈਣ ਸਿਹੁੰ। ਦਿਨ ਦੇ ਚੜ੍ਹਾਅ ਨਾ਼ਲ ਆ ਗੱਜਦਾ। ਫੇਰ ਸੂਰਜ ਦੇ ਸਿਖਰ ਆਉਣ ਤੱਕ, 'ਚੱਲ ਸੋ ਚੱਲ' ਹੁੰਦੀ ਰਹਿੰਦੀ। ਪਲੱਸਤਰ ਕਰਦਾ ਤਾਂ ਕਈ ਵਾਰੀ ਪਰਛਾਵੇਂ ਢਾਲ ਦਿੰਦਾ। ਰੋਟੀ ਖਾਣ ਵਾਸਤੇ ਕਾਹਲਾ ਪੈਂਦਾ ਦਿਹਾੜੀਆ, ਉਸਦੇ ਮੂੰਹ ਵੱਲ ਝਾਕਦਾ ਪਰ ਉਹ ਸਾਹਮਣੇ ਖੜ੍ਹੇ ਮਾਲਕ ਨੂੰ ਸੁਣਾ ਕੇ, ਉੱਚਾ ਬੋਲਦਾ;

''ਤੇਰੇ ਖੋਹੀ ਕਿਉਂ ਲੱਗੀ ਐ, ਓਏ? 'ਮਸਾਲਾ' ਫੜਾ ਕੇ, ਤੈਥੋਂ ਆਰਾਮ ਨਾ਼ਲ ਕੰਧ ਦੀ ਛਾਵੇਂ ਵੀ ਨਹੀਂ ਖੜ੍ਹ ਹੁੰਦਾ? ਤੂੰ ਜਾਣਦਾ ਨਹੀਂ? ਬਈ, ਅਸੀਂ ਤਾਂ 'ਜੱਟ-ਰਾਜ' ਹੁੰਦੇ ਐਂ! ਮੈਂ ਤਾਂ ਵੀਰ, ਘੁੱਗੀ ਆਹਲਣੇ ਆਈ ਤੋਂ ਹੀ, ਪੈੜ ਤੋਂ ਉੱਤਰਦਾ ਹੁੰਨੈਂ।''

ਫੇਰ ਦੁਪਹਿਰ ਦੀ ਰੋਟੀ ਖਾਂਦਾ ਹੋਇਆ, ਉਹ ਮਜ਼ਦੂਰ ਨੂੰ ਮਾਲਕ ਦੇ ਸਾਹਮਣੇ ਹੋਰ ਠਿੱਠ ਕਰਨ ਲਈ, ਕਈ ਵਾਰ ਪਹਿਲਾਂ ਸੁਣਾਈ ਹੋਈ ਸਾਖੀ ਛੇੜ ਲੈਂਦਾ;

''ਲੈ ਬਈ, ਤੇਰੇ ਵਰਗੇ ਮਰਾਸੀਆਂ ਦੇ ਮੁੰਡੇ ਨੂੰ ਕੇਰਾਂ ਏਹੋ ਜਿਹਾ 'ਸਰਦਾਰ' ਦਿਹਾੜੀ 'ਤੇ ਲਿਜਾ ਬੈਠਿਆ। ਉਹਨੇ ਤਾਂ ਭਾਈ, ਕੂਲੇ ਜਿਹੇ ਦੁਪਹਿਰੇ ਹੀ ਭੈਰਵੀਂ ਚੱਕ ਲਈ, ਅਖੇ-ਲਾਣੇਦਾਰਾ! ਆਪਾਂ ਹੁਣ ਬਿੰਦ-ਘੜੀ ਸਾਹ ਲੈ ਲੈਂਨੇ ਆ। ਐਨੇ, ਰੋਟੀ ਆ ਜੂ' ਪਰ ਜੱਟ ਦੇ ਇਹ ਗੱਲ ਸੂਲੀ ਵਾਂਗੂੰ ਚੁਭ ਗਈ।''

''ਲਾਣੇਦਾਰਾ! ਬੰਦਾ ਨਾ ਸਹੀ, ਕੋਈ ਭਈਆ-ਭੁਈਆ ਹੀ ਫੜ ਲਿਆਉਂਦੇ। ਬਥੇਰੀ ਸਤੌਲ ਉੱਤਰੀ ਫਿਰਦੀ ਐ, ਖੂਹਾਂ 'ਤੇ। ਨਾਲੇ ਥੋਨੂੰ ਪਤੈ, ਏਸ ਦਸਤੀ ਕੰਮ ਖਾਤਰ ਬੰਦਿਆਂ ਦੀ ਨਹੀਂ, ਧੂਸਾਂ ਦੀ ਜ਼ਰੂਰਤ ਹੁੰਦੀ ਐ। ਘੜੀਆਂ ਦੇਖ ਕੇ ਡਿੰਘ ਪੁੱਟਣ ਆਲੇ, ਸਾਡਾ ਬੁੱਤਾ ਨਹੀਂ ਸਾਰ ਸਕਦੇ।......''

'ਓਏ ਮਾਂ ਦਿਆ ਧੰਨਾ ਸਿਆਂ! ਗੁਡਾਈ ਤਾਂ ਅਜੇ ਹੁਣ ਰੁੜ੍ਹਨ ਲੱਗੀ ਐ। ਮੇਰੇ ਯਾਰ! ਤੂੰ ਘੁੱਗੀ ਨੂੰ ਆਹਲਣੇ ਆ ਲੈਣ ਦੇ।' ......ਜੱਟ ਨੇ ਘੁਰਕਿਆ।....ਲੈ ਵੀਰ! ਮੁੰਡਾ, ਤੇਰੇ ਵਾਂਗੂੰ ਥੋੜ੍ਹਾ ਜਿਹਾ ਸੋਹਲ ਸੀਗਾ। ਉਹ ਹੋਰ ਕਾਹਲਾ ਪੈ ਗਿਆ। ਅਰ, ਅੰਦਰੋਂ-ਅੰਦਰੀਂ ਉਸ ਨੂੰ ਧੁੜਕੂ ਲੱਗ ਗਿਆ। ਸੋਚਿਆ ਬਈ, ਘੁੱਗੀ ਤਾਂ ਜਾਨਵਰ ਐ। ਜਨੌਰ ਦਾ ਕੀ ਵਸਾਹ? ਆਹਲਣੇ ਆਵੇ ਕਿ ਨਾ! ਜਦੋਂ ਤੱਕ ਤਾਂ ਜੱਟ ਨੇ ਕੂੰਡਾ ਕਰ ਦੇਣਾ, ਉਹ ਉੱਦਣ ਦਾ ਹੀ 'ਜੰਗਲ-ਪਾਣੀ ਦੇ ਬਹਾਨੇ ਖੇਤ 'ਚੋਂ ਉੱਠ ਕੇ ਗਿਆ ਹੋਇਆ, ਹਾਲੇ ਤੱਕ ਨਹੀਂ ਬਹੁੜਿਆ।''

ਦੁਪਹਿਰ ਨੂੰ ਵੀ ਟਿਕਾਅ ਨਹੀਂ ਸੀ, ਨਰੈਣ ਸਿਹੁੰ ਨੂੰ। ਕਾਹਲੀ-ਕਾਹਲੀ ਰੋਟੀ ਖਾਂਦਾ ਅਤੇ ਘਿਓ-ਸ਼ੱਕਰ ਨਾ਼ਲ ਥੰਧੇ ਹੋਏ, ਗਿੱਲੇ ਹੱਥ ਦਾਹੜੀ 'ਤੇ ਫੇਰਦਾ, ਉਹ ਨਵੇਂ ਗਾਹਕਾਂ ਨੂੰ ਠੋਰਨ ਲਈ, ਪੂਰੇ ਪਿੰਡ ਦਾ ਚੱਕਰ ਕੱਢਦਾ। ਵੈਸੇ, ਕੰਮ ਕਰਾਉਣ ਵਾਲੀਆਂ ਸਾਮੀਆਂ ਦਾ ਤੋੜਾ ਨਹੀਂ ਸੀ, ਉਸਨੂੰ। ਛੇ-ਛੇ ਮਹੀਨੇ ਲੋਕ ਉਸਨੂੰ ਉਡੀਕਦੇ ਰਹਿੰਦੇ। ਕਿਸੇ ਤੋਂ ਉਹ 'ਸਾਈ' ਵਜੋਂ ਕਵਿੰਟਲ ਕਣਕ ਲੈ ਜਾਂਦਾ, ਕਿਸੇ ਕੋਲੋਂ ਮਾਂਹ-ਮੂੰਗੀ ਅਤੇ ਕਿਸੇ ਤੋਂ ਥੈਲਾ ਗੁੜ-ਸ਼ੱਕਰ ਦਾ।

ਭੈਰੋਂ-ਝੋਲੀ ਵਾਂਗ ਪਿੰਡ ਦੀ ਫੇਰੀ ਪਾ ਕੇ ਉਹ ਇੱਕਲਖ਼ਤ ਆ ਧਮਕਦਾ, 'ਓਏ, ਤੁਸੀਂ ਅਜੇ ਤੱਕ ਘਾਣੀ 'ਚ ਪਾਣੀ ਵੀ ਨਹੀਂ ਪਾਇਆ? ਦੇਖ ਤਾਂ ਕਿੱਕਣ ਕੁੰਭਕਰਨ ਵਾਂਗੂੰ ਲੱਤਾਂ ਨਿਸਾਲੀ ਪਏ ਨੇ ਜਿਵੇਂ ਰਾਤ ਨੂੰ ਇਹਨਾਂ ਦੀ ਘਲਾੜੀ ਚਲਦੀ ਰਹੀ ਹੋਵੇ।''

......ਨੇੜੇ-ਤੇੜੇ ਹੀ ਕਿਸੇ ਦਰੱਖਤ ਦੀ ਛਾਵੇਂ, ਢੂਹੀ ਸਿੱਧੀ ਕਰਦੇ ਮਜ਼ਦੂਰ ਉਠ ਕੇ ਬੈਠ ਜਾਂਦੇ ਤਾਂ ਉਹ ਇੱਕ ਵਾਰੀ ਫੇਰ ਕੜਕਦਾ.....'ਇੱਕ ਜਣਾ ਮਸਾਲਾ ਲਿਆਓ, ਛੇਤੀ ਦੇ ਕੇ।....ਤੂੰ ਮੇਰੇ ਮੂੰਹ ਕੰਨੀਂ ਉੱਲੂ ਵਾਂਗੂੰ ਕੀ ਝਾਕੀ ਜਾਨੈਂ, ਓਏ? ਇੱਟਾਂ ਨੂੰ ਤੇਰਾ ਪਿਓ ਤਰ ਕਰੂਗਾ?''

ਘਬਰਾਇਆ ਹੋਇਆ ਕਾਮਾ, ਮਿੱਟੀ ਵਿੱਚ ਪਾਣੀ ਪਾਉਂਦਾ। ਦੂਜਾ ਮਜ਼ਦੂਰ ਰੇਤਾ ਛਾਣ ਕੇ ਸੀਮਿੰਟ ਦਾ ਥੈਲਾ ਖੋਲ੍ਹਦਾ। ਫੇਰ ਉਹੀ ਇੱਟਾਂ ਭਿਉਣ ਲੱਗਦਾ।

''........ਤੇਰੇ ਮੱਥੇ ਦੀਆਂ ਕਿਉਂ ਫੁੱਟ ਗਈਆਂ, ਕੰਜਰਾ? ਤੈਨੂੰ ਦੀਂਹਦੀਆਂ ਨਹੀਂ? ਇੱਟਾਂ ਤਾਂ ਤੇਰੀਆਂ ਰੋਈ ਜਾਂਦੀਆਂ ਨੇ। ਮਸਾਲਾ ਖੜੂਗਾ ਕਿਵੇਂ, ਇਹਨਾਂ 'ਤੇ?''

......ਮਾਲਕ ਨੂੰ ਆਉਂਦਾ ਦੇਖ ਕੇ ਨਰੈਣੇ ਨੂੰ ਹੋਰ ਵੀ ਝੱਲ ਚੜ੍ਹ ਜਾਂਦਾ। ਅੱਕਿਆ ਹੋਇਆ ਉਹ ਦਿਹਾੜੀਦਾਰ ਦੇ ਕਾਂਡੀ ਜਾਂ ਤੇਸੀ ਮਾਰਨ ਨੂੰ ਜਾਂਦਾ।

''.......ਓਏ, ਐਹ ਗੱਚਲ ਜਿਹੇ ਤੈਂ ਮੇਰੇ ਸਿਰ 'ਚ ਮਾਰਨੇ ਨੇ?'' ਠੀਕ ਤਰ੍ਹਾਂ ਨਾ ਬਣਾਏ, ਗਾਰੇ ਜਾਂ ਸੀਮਿੰਟ ਨਾ਼ਲ ਭਰੇ ਤਸਲੇ ਨੂੰ ਠੋਹਕਰ ਮਾਰ ਕੇ, ਫੱਟਿਆਂ ਤੋਂ ਹੇਠਾਂ ਸਿੱਟ ਦਿੰਦਾ। ਕਾਣਤਿਆ ਹੋਇਆ ਦਿਹਾੜੀਆ, ਭੁੰਜੇ ਮੂਧੀ ਪਈ ਤਗਾਰੀ ਨੂੰ ਚੁੱਕਣ ਦੀ ਬਜਾਏ, ਹਰਨ ਹੋ ਜਾਂਦਾ।

''ਨਰੈਣ ਸਿਆਂ! ਹਲੀਮੀ ਨਾ਼ਲ ਦੀ ਕੋਈ ਰੀਸ ਨਹੀਂ, ਛੋਟੇ ਭਾਈ।''

ਪਰ ਬੇਵੱਸ ਮਾਲਕ ਦੀ ਨਸੀਹਤ ਸੁਣ ਕੇ ਉਹ ਹੋਰ ਵੀ ਚਿੜ੍ਹ ਜਾਂਦਾ।

''ਹੁਣ ਇਹਨਾਂ ਨੂੰ ਗਿੱਧੇ ਸਿਖਾਉਣ ਲੱਗੇ ਓ, ਮਾਅਰਾਜ। ਸਾਡਾ ਰੋਜ਼ ਵਾਹ ਪੈਂਦੇ, ਲੇਬਰ ਨਾ਼ਲ। ਤੁਸੀਂ ਲੋਕ ਹੀ ਇਹਨਾਂ ਨੂੰ ਸਿਰ ਚੜ੍ਹਾਉਨੇ ਓਂ? ਥੋਨੂੰ ਪਤੈ? ਬਈ ਘੂਰ-ਘੱਪ ਤੋਂ ਬਿਨਾਂ ਏਹ ਲੀਹ 'ਤੇ ਨਹੀਂ ਆਉਂਦੇ ਹੁੰਦੇ।''......ਫੇਰ ਪਸੀਨੇ ਨਾ਼ਲ ਗੱਚ ਹੋਇਆ ਅਤੇ ਪਿੱਤ ਨਾ਼ਲ ਭਰਿਆ ਪਿੰਡਾ ਖੁਰਚਦਾ, ਉਹ ਹੋਰ ਕਥਾ ਛੂਹ ਲੈਂਦਾ ;

''ਕਪੜਾ ਪੀਠ ਨਹੀਂ ਬੰਨ੍ਹਦਾ, ਮੁੰਜ ਮੇਲ ਨਾ ਖਾਇ।
ਨੀਚ ਕਿਹਾ ਨਹੀਂ ਮੰਨਦਾ, ਕਹੁ ਚੇਲੇ ਕਿਸ ਕਾਇ?''

ਲਗਾਤਾਰ ਗੱਲਾਂ ਮਠੋਰਦੇ ਨਰੈਣੇ ਨੂੰ ਦੇਖ ਕੇ, ਮਾਲਕ ਮਨ ਹੀ ਮਨ ਅੰਦਰ ਕਚੀਚੀਆਂ ਵੱਟਦਾ ਪਰ ਉਹ ਤੁਰੰਤ 'ਚੇਲੇ' ਵੱਲੋਂ ਘੜਿਆ-ਘੜਾਇਆ ਉੱਤਰ ਆਪ ਹੀ ਸੁਣਾ ਦਿੰਦਾ-

''ਗੁਰੂ ਜੀ, ਕੁੱਟੇ ਬਿਨਾਂ।''

ਮਾਲਕ ਨੂੰ ਅਚਾਨਕ ਹਾਸਾ ਆ ਜਾਂਦਾ।

''ਨੌਨ-ਸਟੌਪ ਸਿਆਂ। ਤੂੰ ਬਾਜ ਆ ਜਾ, ਇਹਨਾਂ ਗੱਲਾਂ ਤੋਂ। ਊਚ-ਨੀਚ ਆਲੇ ਜ਼ਮਾਨੇ ਹੁਣ ਲੱਦ ਗਏ ਨੇ, ਮਿਸਤਰੀ ਸਾਹਬ ਹੁਣ ਕੋਈ ਵੀ ਕਿਸੇ ਦੀ ਨੂੰਹ-ਧੀ ਨਾਲੋਂ ਘੱਟ ਨਹੀਂ ਕਹਾਉਂਦਾ, ਤੂੰ ਵਡਿਆ ਪੁਚਕਾਰ ਕੇ ਮਤਲਬ ਸਾਰ ਲਿਆ ਕਰ। ਕਾਹਨੂੰ ਐਵੇਂ ਆਪਣਾ ਵੀ ਖ਼ੂਨ ਫੂਕੀ ਜਾਨੈਂ?''

ਪਰ ਨਰੈਣੇ ਦੀ ਲੜਨ-ਝਗੜਨ ਅਤੇ ਮੱਲੋਮੱਲੀ ਨਘੋਚਾਂ ਕੱਢਣ ਦੀ ਬਾਣ ਨਾ ਗਈ। ਉਹ ਕੰਮ ਵੀ ਪੂਰੀ ਨੀਝ ਨਾ਼ਲ ਕਰਦਾ। ਜਦੋਂ ਇੱਟਾਂ, ਗਾਰਾ ਅਤੇ ਬਜਰੀ ਨੇੜੇ ਲੱਗ ਜਾਂਦੀ ਤਾ ਉਹ ਲਿਪਾਈ ਸ਼ੁਰੂ ਕਰਦਾ। ਮੋਟੇ-ਭਾਰੇ ਸੰਦ ਇੱਕ ਪਾਸੇ ਰੱਖ ਦਿੰਦਾ।

ਪਲੱਸਤਰ ਕਰਕੇ ਨਕਾਸ਼ੀ ਪਾਉਣ ਲੱਗਦਾ। ਝੋਲੇ 'ਚੋਂ ਡੇਢ ਕੁ ਗਿੱਠ ਦੇ ਸਪੋਲੀਏ ਵਰਗੀ ਮਝੋਲੀ ਕੱਢਦਾ ਅਤੇ ਨਿਸਚਿੰਤ ਹੋ ਕੇ ਕਿੰਗਰੇ ਘੜੀ ਜਾਂਦਾ।

ਮਜ਼ਦੂਰ ਆਰਾਮ ਨਾ਼ਲ ਬੈਠੇ ਬੀੜੀਆਂ ਫੂਕੀ ਜਾਂਦੇ। 'ਰਾਜ' ਦੀ ਮੱਧਮ ਰਫ਼ਤਾਰ ਨੂੰ ਦੇਖ ਕੇ, ਰੋਣਹਾਕਾ ਹੋਇਆ ਮਾਲਕ ਝਰਾਟਾ ਛੱਡਦਾ ; ''ਤੇਰੀ ਐਕਸਪ੍ਰੈੱਸ ਗੱਡੀ ਦੀ ਤਾਂ ਅੱਜ ਹੈਥੀ ਗੇਅਰ ਅੜ ਗਿਆ ਲੱਗਦੈ, ਮਿਸਤਰੀ? ਦੇਖੀਂ ਕਿਤੇ, ਇੱਕੋਂ ਥਾਉਂ ਬੈਠੇ ਨੂੰ ਸਿਉਂਕ ਨਾ ਲੱਗ ਜਾਵੇ?''

ਪਰ ਨਰੈਣਾ ਸ਼ਰਮਿੰਦਾ ਹੋਣ ਦੀ ਬਜਾਏ, ਚਬਰੀਕੀਆਂ ਕਰਦਾ, ਗੱਲ ਨੂੰ ਹਾਸੇ 'ਚ ਪਾ ਦਿੰਦਾ; '' ਮਕਾਨ ਤਾਂ ਵੱਡੇ-ਵੱਡਿਆਂ ਦੇ ਹੱਥ ਖੜ੍ਹੇ ਕਰਾ ਦਿੰਦੈ, ਸ੍ਰੀਮਾਨ ਜੀ। ਤੁਸੀਂ ਤਾਂ ਭਲਾ ਕਿਹੜੀ ਖੁਦਾਈ ਓ?.....ਕੋਈ ਨਹੀਂ, ਮਾੜੀ ਜਿਹੀ ਚੀਸ ਹੋਰ ਵੱਟ ਲਓ। ਜੱਟ ਦੀ ਡਿਉਢੀ ਨੂੰ ਦੇਖ ਕੇ, ਜੇ ਆਉਂਦੇ-ਜਾਂਦੇ ਰਾਹੀਂ, ਮੂੰਹ 'ਚ ਉਂਗਲੀਆਂ ਨਾ ਲੈਣ ਤਾਂ ਮੈਨੂੰ ਵੀ 'ਨੌਨ-ਸਟੌਪ' ਨਾ ਆਖਿਓ।''

ਹਰੇਕ ਚੰਗੇ ਮਕਾਨ ਦੀ ਮੂਹਰਲੀ ਕੰਧ ਉੱਤੇ ਉਹ ਆਪ-ਹੁਦਰਾ ਹੋ ਕੇ ਫੁੱਲ-ਬੂਟੀਆਂ ਪਾਉਂਦਾ। ਕਬੂਤਰ-ਘੁੱਗੀਆਂ ਉੱਡਦੇ ਦਿਖਾ ਦਿੰਦਾ। ਮੋਰਾਂ ਦੀਆਂ ਪੈਲਾਂ ਪੁਆ ਦਿੰਦਾ।

'ਪਹਿਲਾਂ ਸਾਡੇ ਕਾਰੀਗਰ-ਲੋਕ ਹਰੇਕ ਹਵੇਲੀ ਦੇ 'ਫਰੰਟ' ਉੱਤੇ ਕਿੱਕਰ ਸਿਹੁੰ, ਅਰ ਕੱਲੂ ਪਹਿਲਵਾਨ ਨੂੰ ਘੁਲਦੇ ਦਿਖਾਉਂਦੇ। ਉਹਨੀਂ ਦਿਨੀਂ ਲੋਕਾਂ ਕੋਲ ਵਿਹਲ ਹੁੰਦੀ ਤੀ। ਪੈਸਾ ਤਾਂ ਬੇਸ਼ੱਕ ਦੀ ਕਿਸੇ ਵਿਰਲੇ-ਟਾਵੇਂ ਕੋਲ ਹੀ ਹੁੰਦਾ। ਠੰਡੇ ਜਿਗਰੇ ਹੁੰਦੇ ਸੀ, ਬੰਦਿਆਂ ਦੇ, ਉਹਨਾਂ ਵਖ਼ਤਾਂ ਵਿੱਚ।''......ਬਾਰੀਕ ਕਾਢਾਂ ਕੱਢਦਾ, ਨਰੈਣਾ, ਲੀਰ ਨਾ਼ਲ, ਫੁੱਲ-ਪੱਤੀਆਂ ਦੇ ਆਲੇ-ਦੁਆਲਿਓਂ, ਵਾਧੂ ਸੀਮਿੰਟ ਝਾੜਦਾ, ਘਿਓ-ਬੂਰਿਆਂ ਦੇ ਜ਼ਮਾਨੇ ਦੀ ਗੱਲ ਸੁਣਾਉਂਦਾ। ਖੰਡ-ਘਿਓ ਰੱਜਵਾਂ ਨਾਂ ਮਿਲਣਾ ਤਾਂ 'ਰਾਜ' ਨੇ ਅਪਣੀ 'ਕਰਾਮਾਤ' ਦਿਖਾ ਦੇਣੀ।

ਬਾਪੂ ਨੇੜੇ ਦੀ ਮੋਟਰ ਤੋਂ ਇੱਕ ਭਈਆ ਲੈ ਆਇਆ ਤਾਂ ਨਰੈਣ ਸਿਹੁੰ ਫੇਰ ਛਿੜ ਪਿਆ।

ਮਿਸਤਰੀ ਕੋਲੋਂ ਅੱਕੀ ਹੋਈ ਕਿਸੇ ਕੰਜੂਸ ਮਾਈ ਨੇ 'ਚਾਹਾ' ਪਾਉਣ ਵਾਲੇ ਦਿਨ, ਮਿੱਠੇ-ਥੰਧੇ ਦੀ ਥਾਂ ਇੱਕ 'ਰੁੱੜੂ-ਪਰਸ਼ਾਦ' ਮਿੱਸੀ ਰੋਟੀ ਉੱਤੇ ਧਰ ਕੇ, ਨਰੈਣ ਸਿਹੁੰ ਦੇ ਉਸਤਾਦ ਦੇ ਮੱਥੇ ਮਾਰਿਆ। ਹੁਣ ਪਿਆਜ਼ ਦੀ ਕੁੜੱਤਣ ਨਾ਼ਲ 'ਰਾਜ' ਦੀਆਂ ਅੱਖਾਂ 'ਚ ਪਾਣੀ ਆ ਗਿਆ ਤਾਂ ਗੋਲ-ਟਿੱਚਰ ਕਰਦੀ ਬੁੱਢੀ ਨੇ ਮਿਸਤਰੀ ਨੂੰ ਛੇੜਿਆ ; ''ਮਿਸਤਰੀ ਹਜ਼ੂਰਾ ਸਿਆਂ! ਤੂੰ ਰੋਂਦਾ ਕਿਉਂ ਐ, ਵੀਰ?

''ਨਹੀਂ ਬੁੜ੍ਹੀਏ! ਤੇਰੀ ਨਿਗ੍ਹਾ ਦਾ ਭਰਮ ਐ, ਇਹ ਤਾਂ।''.....

ਪਰ ਫੇਰ ਦੂਜੇ ਪਾਸੇ ਨੂੰ ਮੂੰਹ ਘੁਮਾ ਕੇ, ਉਸ ਨੇ ਹੌਲੀ ਦੇ ਕੇ ਆਖਿਆ.....''ਮੈਂ ਤਾਂ ਅੱਜ ਦਾ ਦਿਨ ਹੀ ਰੋਊਂਗਾ ਪਰ ਮੋਮੋ ਠੱਗਣੀਏਂ, ਤੈਂ ਸਾਰੀ ਉਮਰ ਧਾਹਾਂ ਨਾ ਮਾਰੀਆਂ ਤਾਂ ਮੈਨੂੰ ਵੀ ਹਜ਼ੂਰਾ ਸਿਹੁੰ ਕੀਹਨੇ ਕਹਿਣਾ?''

ਛੱਤ ਪਾਉਣ ਵੇਲੇ, ਉਸ ਨੇ ਲਟੈਣ ਥੱਲੇ ਪਾਥੀ ਰੱਖ ਦਿੱਤੀ। ਭਾਦੋਂ ਦੀ ਝੜੀ ਪਿੱਛੋਂ ਲੱਗਿਆ ਕਰੇ ਪਰ ਮਾਈ ਦੀ ਸੁਬਾਤ ਪਹਿਲਾਂ ਹੀ ਤਿਵਕਣ ਲੱਗ ਪਵੇ।

ਜਿੱਥੇ ਕਿਤੇ ਨਰੈਣੇ ਦੀ ਖਾਧ-ਖੁਰਾਕ ਵਿੱਚ ਕਮੀ-ਪੇਸ਼ੀ ਨਜ਼ਰ ਆਉਂਦੀ ਤਾਂ ਉਹ ਗੰਢੇ ਵਾਲੀ ਕਹਾਣੀ ਦਿਨ ਵਿੱਚ ਕਈ ਵਾਰ ਦੁਹਰਾਉਂਦਾ। ਉਸਦੇ ਵੰਨ-ਸਵੰਨੀ ਖੁਰਾਕ ਖਾਣ ਬਾਰੇ ਤਾਂ ਪਿੰਡ ਵਿੱਚ ਜਗ੍ਹਾ-ਜਗ੍ਹਾ ਚੁਟਕਲੇ ਚਲਦੇ।

ਸੁਬ੍ਹਾ ਆਉਂਦੇ ਹੀ ਉਹ ਦੁੱਧ ਦੀ ਗੜਵੀ ਸੜ੍ਹਾਕ ਜਾਂਦਾ।

Best Truck Wash
Your Mobile Wash Professionals Edmonton & Area
ਅਸੀਂ ਤੁਹਾਡੇ ਟਰੱਕ, ਟਰੇਲਰ ਐਡਮਿੰਟਨ ਦੇ ਕਿਸੇ ਵੀ ਹਿੱਸੇ ਵਿਚ ਪਹੁੰਚ ਕੇ ਵਾਸ਼ ਕਰਾਂਗੇ। ਵਧੀਆ ਸਰਵਿਸ ਲਈ ਸੰਪਰਕ ਕਰੋ।
ਅਸੀਂ ਤੇਲ ਬਦਲੀ ਅਤੇ ਗਰੀਸ ਵੀ ਕਰਦੇ ਹਾਂ



We can Wash Your Truck anywhere in Edmonton & Area

- High Pressure Nozzles
- Trailer/Truck
- Fleet Washing With Under Mobile Brush Wash System
- Oil Change and Grease



For more info Call:
BIN: (780) 267-9102
CAM: (780) 238-8161

ਹਾਜ਼ਰੀ ਵੇਲੇ, ਚੱਕੀ ਦੇ ਪੁੜ ਜਿੱਡੇ-ਜਿੱਡੇ ਚਾਰ ਪਰਾਉਂਠੇ,ਮਖਣੀ ਨਾ਼ਲ ਛਕਦਾ। ਘੰਟਾ ਡੇਢ ਘੰਟਾ ਅਟਕ ਕੇ ਦਹੀਂ ਦੀ ਲੱਸੀ ਮੰਗਦਾ। ਕਦੇ ਕਦਾਈ ਉਸਦੇ ਮਨ-ਮੱਥੇ ਮਿਹਰ ਪੈ ਜਾਂਦੀ ਤਾਂ ਮਾਲਕ ਦੀ ਲਿਹਾਜ਼ ਕਰਦਾ ਹੋਇਆ ਉਹ ਸ਼ਿਕੰਜਵੀ ਨਾ਼ਲ ਹੀ ਸਾਰ ਲੈਂਦਾ। ਚਾਹ ਨਾ਼ਲ ਉਸਨੂੰ 'ਤਲਕਾਈ' ਲੱਗਦੀ। ਪਿੰਡੇ ਉੱਤੇ 'ਝਉਂ' ਛੁੱਟਦੀ। ਤੀਜੇ ਪਹਿਰ ਉਹ ਚਾਹ ਪੀਂਦਾ ਤਾਂ ਜ਼ਰੂਰ ਸੀ ਪਰ ਉਹ ਵੀ ਮਜ਼ਦੂਰਾਂ ਨਾ਼ਲੋਂ ਵੱਖਰੀ। ਫੇਰ ਦਿਨ ਦੇ ਛਿਪਾਅ ਨਾ਼ਲ ਉਸ ਨੂੰ ਦਾਰੂ ਦੀ ਵੀ ਤਲਬ ਜ਼ਰੂਰ ਜਾਗਦੀ।

''ਨਰੈਣ ਸਿਆਂ! ਹਾੜ੍ਹੀ ਦੇ ਸੀਜ਼ਨ 'ਚ ਕਾਮਾ ਕੋਈ ਨਹੀਂ ਥਿਆਉਂਦਾ। ਹੁਣ ਤੂੰ ਹੀ ਕੋਈ ਹੀਲਾ ਕਰ।''

ਤਿੰਨ ਕੁ ਦਿਹਾੜੀਆਂ ਲਾ ਕੇ ਮੀਕਾ-ਮਜ਼ਹਬੀ ਵੀ ਉਸ ਨਾ਼ਲ ਰੁੱਸ ਕੇ ਭੱਜ ਗਿਆ। ਉਸ ਤੋਂ 'ਨੌਨ-ਸਟੌਪ' ਦੀਆਂ ਗੱਲਾਂ ਦਾ ਹੁੰਗਾਰਾ ਨਹੀਂ ਸੀ ਭਰਿਆ ਜਾਂਦਾ।

ਬਾਪੂ ਨੇ ਮਗਰ ਜਾ ਕੇ ਉਸਨੂੰ ਬਥੇਰਾ ਵਡਿਆਉਣ ਦੀ ਕੋਸ਼ਿਸ਼ ਕੀਤੀ ਪਰ ਉਹ ਮੰਨਿਆ ਕੋਈ ਨਹੀਂ।

''ਓਸ ਸੱਕ-ਚੇੜ ਦੀਆਂ ਗਾਲ੍ਹਾਂ ਨਹੀਂ ਸਹਾਰ ਹੁੰਦੀਆਂ, ਚਾਚਾ। ਕਹਿੰਦਾ ਪਤੈ ਕੀ ਐ? ਅਖੈ, 'ਹੋਰ ਨਿੱਕੀ-ਮੋਟੀ ਜ਼ਾਤ ਦਾ ਕਾਰੀਗਰ ਹੀ ਨਹੀਂ ਬਣ ਸਕਦਾ।'......ਮੈਂ ਜੀਤੇ ਰਾਜ ਦੀ ਵਡਿਆਈ ਕਰ ਬੈਠਿਆ ਤਾਂ ਬੂਥੀ ਸੁਜਾ ਕੇ, ਨਰੈਣੂ ਬਕਣ ਲੱਗ ਗਿਆ, ਅਖੇ, ਉਹ ਤਾਂ ਚਮਾਰੂ-ਰਾਜ ਐ, ਨਾਲੇ, ਆਹ ਕਾਂਡੀ ਜੜ ਦਿੱਤੀ, ਕੰਜਰ ਦੇ ਪੁੱਤ ਨੇ......ਸਿੱਧੀਓ, ਮੇਰੇ ਗੁੱਟ ਉੱਤੇ।''

ਅਸਲ ਵਿੱਚ ਜੀਤੇ ਦਾ ਤਾਂ ਉਹ ਨਾਉਂ ਹੀ ਸੁਣਨ ਨੂੰ ਤਿਆਰ ਨਹੀਂ ਸੀ। ਰਾਹ-ਗਲੀ ਮਿਲਦਾ ਜੀਤਾ ਉਸਨੂੰ ਦੁਆ-ਸਲਾਮ ਕਰਨੋਂ ਵੀ ਜਾਂਦਾ ਰਿਹਾ ਸੀ ਕਿਉਂਕਿ ਉਸ ਦੀ ਪਿੱਠ ਪਿੱਛੇ ਕੀਤੀ ਹਰੇਕ ਬਦਖੋਹੀ ਉਸੇ ਦਿਨ ਆਥਣੇ ਜੀਤੇ ਕੋਲ ਪਹੁੰਚ ਜਾਂਦੀ।

ਜੀਤੇ-ਰਾਜ ਦਾ ਸੁਭਾਅ ਵੀ ਮਿਲਾਪੜਾ ਸੀ ਅਤੇ ਉਹ ਕਿਸੇ ਤਰ੍ਹਾਂ ਦੀ ਕਣਤਾਅ-ਵਿੱਦਿਆ ਵੀ ਨਹੀਂ ਸੀ ਕਰਦਾ। ਉਸ ਦੇ ਹੁਨਰ ਦੀ ਵੀ ਪਿੰਡ ਦੇ ਲੋਕ ਕਦਰ ਕਰਨ ਲੱਗੇ ਸਨ ਕਿਉਂਕਿ ਉਸ ਨੇ ਕਈ ਕੋਠੀਆਂ ਦੇ ਕਾਰੀਗਰਾਂ ਨਾ਼ਲ ਚੰਡੀਗੜ੍ਹ ਵਿੱਚ ਵੀ ਕੰਮ ਕੀਤਾ ਸੀ ਪਰ ਨੌਨ-ਸਟੌਪ ਦੇ ਕਹਿਣ ਅਨੁਸਾਰ ਕਾਰੀਗਰੀ ਦਾ ਘਰ ਅਜੇ ਬਹੁਤ ਦੂਰ ਸੀ। ਫੇਰ ਖ਼ਾਨਦਾਨੀ ਦਾ ਵੀ ਫ਼ਰਕ ਸੀ। 'ਜਿਸਕਾ ਕਾਜ ਤਿਸੀ ਕੋ ਸਾਜੇ' ਉਹ ਦਲੀਲ ਦਿੰਦਾ। ਹੁਣ ਖੇਤੀ ਕਰਨ ਵਿੱਚ ਲਾਗੀ-ਤਿੱਥੀ ਤਾਂ ਜੱਟ ਦੇ ਪਾਸਕ ਵੀ ਨਹੀਂ ਸਨ। ਇਸੇ ਤਰ੍ਹਾਂ ਉਹ ਵੀ ਜੱਦੀ ਪੁਸ਼ਤੀ ਮਾਹਿਰ ਸੀ।

''ਪਰ ਮਿਸਤਰੀ ਜੀ, ਥੋਡਾ ਛੋਟਾ ਭਰਾ ਤਾਂ ਖੱਬੀਖਾਨ ਖੇਤੀ ਕਰਦੈ?''

ਕੋਲ ਖੜ੍ਹੇ ਤੋਂ ਮੈਥੋਂ ਰਿਹਾ ਨਾ ਗਿਆ। ''ਸੋਹਣਿਆ! ਤਾਂ ਹੀ ਧੌਲਰ ਉਸਾਰ ਲਏ ਨੇ, ਉਹਨੇ, ਖੇਤੀ ਵਿੱਚੋਂ। ਉਹੀ ਠੂਠੇ ਨਾ਼ਲ ਕੁਠਾਲਾ ਖੜਕਦੈ, ਤਖਾਣ ਦੇ ਪੁੱਤ ਦਾ।''

'ਨੌਨ-ਸਟੌਪ' ਮੈਨੂੰ ਵੀ ਖਿਝ ਕੇ ਪਿਆ ਸੀ।

ਭਰਾ ਉਸਦਾ ਚੰਗਾ ਕਿਰਸਾਣ ਸੀ। ਘਰ ਦੀ ਜ਼ਮੀਨ ਤੋਂ ਬਿਨਾਂ, ਠੇਕੇ 'ਤੇ ਵੀ ਵਾਹੁੰਦਾ। ਉਹ ਰਾਜਗਿਰੀ ਕਰਨ ਲਈ, ਉਸਦੇ ਆਖੇ ਨਹੀਂ ਸੀ ਲੱਗਿਆ। ਹੋਰ ਤਾਂ ਹੋਰ ਨਰੈਣੇ ਦੇ ਅਪਣੇ ਮੁੰਡੇ ਵੀ ਪਿਤਾ-ਪੁਰਖੀ ਤੋਂ ਕੰਨੀ ਕਤਰਾ ਗਏ ਸਨ। ਵੱਡੇ ਦੀ ਖੰਨੇ ਦੇ ਸਮਰਾਲਾ ਚੌਂਕ ਵਿੱਚ ਟਾਇਰਾਂ ਦੀ ਦੁਕਾਨ ਸੀ ਅਤੇ ਛੋਟੇ ਦੀਦਾਰ ਸਿਹੁੰ ਦੀ ਲੁਧਿਆਣੇ, ਜਨਤਾ ਨਗਰ ਵਿੱਚ ਅਪਣੀ ਵਰਕਸ਼ਾਪ।

''ਏਹ ਵੀ ਕੋਈ ਧੰਦੈ, ਸਰਦਾਰਨੀਏ?.....'' ਇੱਕ ਦਿਨ ਬੇਬੇ ਨੇ ਨਰੈਣੇ ਤੋਂ ਟੱਬਰ ਦੀ ਸੁੱਖ-ਸਾਂਦ ਪੁੱਛੀ ਤਾਂ ਉਹ ਛਿੜ ਪਿਆ.....''.....ਚੱਤੋ-ਪਹਿਰ, ਇੱਟਾਂ ਦਾ ਖੋਰਾ ਫੱਕੀ ਜਾਓ। ਖੁੰਘਰਾਂ ਨਾ਼ਲ ਹੱਥ ਭੰਨਾਈ ਜਾਓ। ਸੀਮਿੰਟ ਨਾ਼ਲ ਚਮੜੀ ਉਧੜਾਈ ਜਾਓ। ਅੱਜ ਕੱਲ੍ਹ ਦੇ ਮੁੰਡੇ ਏਧਰ ਨੂੰ ਨੱਕ ਨਹੀਂ ਦਿੰਦੇ। ਉਹ ਤਾਂ ਐਬਸ਼ ਦੀ ਟਿੱਕੀ ਖਾਣੀ ਸਿੱਖ ਗਏ ਨੇ, ਮਾਅਰਾਜ।''

ਭਾਵੇਂ ਪਿੰਡਾਂ ਵਿੱਚ ਵੀ ਪੱਕੇ ਮਕਾਨ ਦਿਨੋਂ-ਦਿਨ ਉੱਸਰ ਰਹੇ ਸਨ। ਪਿੰਡ ਦੇ ਧੁਰ ਅੰਦਰ ਵੀ ਲੋਕਾਂ ਨੇ ਮਹਾਜਨਾਂ ਦੇ ਖੋਲੇ ਖ਼ਰੀਦ ਕੇ ਛੱਤਣੇ ਸ਼ੁਰੂ ਕਰ ਦਿੱਤੇ ਸਨ ਪਰ ਨਰੈਣ ਸਿਹੁੰ ਨੂੰ ਸਦਾ ਇਹ ਖੁਤਖੁਤੀ ਲੱਗੀ ਰਹਿੰਦੀ ਕਿ ਕਿਧਰੇ ਇਹ ਧੰਦਾ ਠੱਪ ਹੀ ਨਾ ਹੋ ਜਾਵੇ। ਫੇਰ, ਜੀਤੇ ਵਰਗੇ ਉਸਨੂੰ ਰੜਕਦੇ।

ਭਾਵੇਂ ਪਿੰਡਾਂ ਵਿੱਚ ਵੀ ਪੱਕੇ ਮਕਾਨ ਦਿਨੋਂ-ਦਿਨ ਉੱਸਰ ਰਹੇ ਸਨ। ਪਿੰਡ ਦੇ ਧੁਰ ਅੰਦਰ ਵੀ ਲੋਕਾਂ ਨੇ ਮਹਾਜਨਾਂ ਦੇ ਖੋਲੇ ਖ਼ਰੀਦ ਕੇ ਛੱਤਣੇ ਸ਼ੁਰੂ ਕਰ ਦਿੱਤੇ ਸਨ ਪਰ ਨਰੈਣ ਸਿਹੁੰ ਨੂੰ ਸਦਾ ਇਹ ਖੁਤਖੁਤੀ ਲੱਗੀ ਰਹਿੰਦੀ ਕਿ ਕਿਧਰੇ ਇਹ ਧੰਦਾ ਠੱਪ ਹੀ ਨਾ ਹੋ ਜਾਵੇ। ਫੇਰ, ਜੀਤੇ ਵਰਗੇ ਉਸਨੂੰ ਰੜਕਦੇ।

'ਜੀਤਾ ਸਿਹੁੰ ਮਿਸਤਰੀ' ਨਾ਼ਲ ਉਸਦਾ ਝੋਟੇ ਵਾਲਾ ਖੋਰ ਸੀ।

''ਆ ਬਈ, ਵੱਡਿਆ ਕਾਰੀਗਰਾ।''

ਇੱਕ ਦਿਨ ਦੁਪਹਿਰ ਵਖ਼ਤ, ਪਿੰਡ ਦੇ ਦੌਰੇ 'ਤੇ ਨਿਕਲੇ ਹੋਏ ਨਰੈਣ ਸਿਹੁੰ ਨੂੰ, ਦਰਵਾਜ਼ੇ ਕੋਲ 'ਜੀਤਾ' ਟੱਕਰ ਗਿਆ ਤਾਂ ਉਸਨੇ ਮਜ਼ਾਕ ਕੀਤਾ।

''ਕਾਹਨੂੰ ਟਿੱਚਰਾਂ ਕਰੀ ਜਾਨੈਂ......ਸਾਨੂੰ ਗਰੀਬਾਂ ਨੂੰ ਵਡਾਰੂਆ।''

''ਓਏ ਮੈਂ ਮਜ਼ਾਖਾਂ ਨਹੀਂ ਕਰਦਾ। ਅੱਜਕੱਲ੍ਹ ਤੂੰ ਪਿੰਡ ਵਿੱਚ ਵੱਡਾ ਕਾਰੀਗਰ ਗੱਜਿਆ ਫਿਰਦੈਂ। ਬੇਆਣਿਆਂ, ਤੈਨੂੰ ਮੇਰੇ ਕਿਰਸਾਣਾਂ ਦੇ ਘਰ ਸੰਭਾਲਦੇ ਨੂੰ ਸ਼ਰਮ ਤਾਂ ਨਹੀਂ ਆਉਂਦੀ ਹੋਣੀ? ਬਾਹਰ ਸ਼ਹਿਰ 'ਚ ਮਰ ਲਿਆ ਕਰ। ਤੇਰੇ ਵਰਗੇ ਰੋਜ਼ ਏ ਸੈਕਲ ਨਾ਼ਲ ਗਜ਼ ਬੰਨ੍ਹ ਕੇ, ਲੇਬਰ-ਚੌਂਕ 'ਚ ਬਥੇਰੇ ਤੁਰੇ ਫਿਰਦੇ ਨੇ।''

''ਤੂੰ ਵਧੀਕੀਆਂ ਨਾ ਕਰ, ਵਡਾਰੂ। ਘਰ ਸੰਭਾਲਣ ਵਾਲੀ ਭਲਾ ਏਹਦੇ 'ਚ ਕਿਹੜੀ ਗੱਲ ਐ? ਪੁੱਗਦੇ ਦਾ ਸੌਦਾ ਐ, ਏਹ ਤਾਂ। ਜੀਹਨੂੰ ਮੈਂ ਚੰਗਾ ਲੱਗਦੈਂ, ਉਹ ਮੈਨੂੰ ਸੱਦ ਲਿੰਦੈਂ।''

''ਦੇਖੋ ਓਏ, ਭੌਂਕਣ ਸਿਖਾਈ ਕਿਵੇਂ ਵੱਢਣ ਨੂੰ ਆਉਂਦੀ ਐ।''

ਖਹਿਬੜ-ਖੁਭੜਾਈ ਜਦੋਂ ਘਸੁੰਨ-ਮੁੱਕੀ ਦਾ ਰੂਪ ਧਾਰਨ ਲੱਗੀ ਤਾਂ ਦਰਵਾਜ਼ੇ ਦੀ ਥੇਮ੍ਹੜੀ 'ਤੇ ਬੈਠੇ ਲੋਕਾਂ ਨੇ ਉਹਨਾਂ ਦਾ 'ਮਿਟ-ਮਿਟਾਅ ਕਰਾ ਦਿੱਤਾ।

''ਤੂੰ ਗੁਰੂ ਧਾਰ ਲੈ, ਓਏ ਜੀਤਿਆ! ਏਹਨੂੰ 'ਹੈਡ-ਮਿਸਤਰੀ' ਨੂੰ।'' ਅਮਰ ਸਿਹੁੰ ਹੌਲਦਾਰ ਨੇ ਜੀਤੇ ਨੂੰ ਸਮਝੌਤੀ ਦਿੱਤੀ।

'ਨਾ ਬਈ, ਸਰਦਾਰੇ! ਮੈਥੋਂ ਗੁਰੂ-ਦੱਛਣਾ ਨਹੀਂ ਦੇ ਹੋਣੀ।''

''ਓਏ ਦੱਛਣਾ-ਦੁੱਛਣਾ ਤੈਥੋਂ ਕੌਣ ਮੰਗਦੈ,'' ਕਰਤਾਰਾ ਲੰਬੜਦਾਰ ਬੋਲਿਆ।

''ਮਾਅਰਾਜ! ਕੀ ਪਤੈ, ਏਹਦਾ? ਕੱਲ੍ਹ ਨੂੰ ਸੱਜੇ ਹੱਥ ਦਾ 'ਗੂਠਾ ਹੀ ਮੰਗ ਲਵੇ।'' ਜੀਤਾ ਹੱਸਿਆ।

''ਓਏ, ਤੂੰ ਕੇਰਾਂ ਮੇਰੀ ਲੱਤ ਹੇਠੋਂ ਲੰਘ ਜਾਹ। ਉਸਤਾਦੀ-ਸ਼ਾਗਿਰਦੀ ਹੋਈ ਸਮਝ ਲੈ।'' ਨੌਨ-ਸਟੌਪ ਦੇ ਮੂੰਹੋਂ ਨਿੱਕਲ ਗਿਆ। ਜੀਤਾ ਇੱਕਦਮ ਹਰਖ ਗਿਆ। ਉਹ ਖਾ ਜਾਣ ਵਾਲੀਆਂ ਨਜ਼ਰਾਂ ਨਾ਼ਲ ਉਸ ਵੱਲ ਝਾਕਿਆ। ਨਰੈਣ ਸਿਹੁੰ ਨੂੰ ਲੱਗਿਆ ਜਿਵੇਂ ਉਹ ਉਸ ਨੂੰ ਲੱਤੋਂ ਫੜ ਕੇ, ਹੇਠਾ ਸਿੱਟ ਲਵੇਗਾ।

.....ਸਾਰਾ ਦਿਨ ਉਹ ਪਤਾ ਨਹੀਂ ਕੀ-ਕੀ ਸੋਚਦਾ ਰਿਹਾ। ਮੇਰੇ ਨਾ਼ਲ ਵੀ ਮੁੜਕੇ ਸਿੱਧੇ ਮੂੰਹ ਗੱਲ ਨਹੀਂ ਸੀ ਕੀਤੀ ਉਸ ਨੇ। ਉੱਦਣੇਂ ਨਵੇਂ ਆਏ ਭਈਏ, ਰਾਮ ਜੀ ਨਾ਼ਲ ਵੀ ਖੜਕ ਪਈ ਸੀ, ਉਸਦੀ।

ਪੂਰਬੀਆਂ ਦੀ ਪਾਰਟੀ ਵਿੱਚੋਂ ਠੇਕੇਦਾਰ, ਹਰ ਰੋਜ਼ ਦਿਹਾੜੀਆਂ ਬਦਲ-ਬਦਲ ਕੇ ਭੇਜਦਾ।

ਪਹਿਰ-ਡੇਢ ਪਹਿਰ ਤਾਂ ਮਿਸਤਰੀ ਨਰੈਣ ਸਿਹੁੰ ਬਿਹਾਰੀ ਮਜ਼ਦੂਰ ਦਾ ਨਾਉਂ ਪੁੱਛ ਕੇ, ਉਸ ਦੇ ਬਾਲ-ਬੱਚੇ ਅਤੇ 'ਦੇਸ' ਬਾਰੇ ਪੁੱਛ ਕੇ ਉਸਨੂੰ ਵਡਿਆਉਂਦਾ ਰਿਹਾ ਪਰ ਭਈਏ ਦੀ ਬੋਲੀ ਨੇ ਆਖ਼ਰ ਉਸ ਨੂੰ ਖਿਝਾ ਦਿੱਤਾ। ਉਹ ਗਾਰਾ ਮੰਗੇ ਤਾਂ ਰਾਮ ਜੀ 'ਗਜ਼' ਫੜਾ ਦੇਵੇ। 'ਸਾਹਲ' ਫੜਾਉਣ ਵਾਸਤੇ ਆਖੇ ਤਾਂ ਉਹ 'ਲੈਵਲ' ਚੁੱਕ ਲਿਆਵੇ।

''ਹੈ? ਸਾਲੀ ਨੀਵੀਂ ਜ਼ਾਤ?.....'' ਨਰੈਣ ਸਿਹੁੰ ਤੜਫ ਗਿਆ।.......''ਤਾਂ ਹੀ ਤਾਂ ਘਰ ਛੱਡ ਕੇ ਐਥੇ ਪਰਦੇਸਾਂ 'ਚ ਧੱਕੇ ਖਾਂਦੀ ਫਿਰਦੀ ਐ। ਅਕਲ-ਸ਼ਹੂਰ ਵਾਲਿਆਂ ਨੂੰ ਤਾਂ ਅਪਣੇ ਦੇਸ 'ਚ ਹੀ ਰਾਜ ਬਥੇਰਾ।''

''ਹਮ ਨੀਚੀ ਜਾਤੀ ਕੇ ਨਹੀਂ ਹੈ, ਮਿਸਤਰੀ ਸਾਹਬ।.....ਹਮ ਯਾਦਵ ਹੈ, ਯਾਦਵ।''

ਪੂਰਬੀਏ ਨੂੰ ਨੌਨ-ਸਟੌਪ ਦੀ ਬੋਲੀ ਪਤਾ ਨਹੀਂ ਕਿਵੇਂ ਸਮਝ ਆ ਗਈ।

ਓਏ, ਹੋਏਂਗਾ ਯਾਦਵ। 'ਹਮ ਯਾਦਵ ਹੈ,-ਦੇਖ ਸਾਲਾ ਮੜਕ ਦਾ, ਕਹਿੰਦਾ ਕਿਵੇਂ ਐ......ਮੂੰਹ ਸੁਆਰ ਕੇ, ਜਿਵੇਂ ਸੋਢੀ ਹੋਵੇ।''

ਦੁਪਹਿਰ ਤੱਕ ਚੁੱਪ ਵਰਤੀ ਰਹੀ।

ਦੁਪਹਿਰ ਦੀ ਰੋਟੀ ਵੇਲੇ ਬਾਪੂ ਪੁੱਛ ਬੈਠਿਆ, ''ਤੇਰੇ ਖ਼ਿਆਲ 'ਚ ਅਪਣੀ ਲਿਪਾਈ ਕਿੱਦਣ ਮੁੱਕ ਜੂ, ਨਰੈਣ ਸਿਆਂ? ਫੇਰ ਜੀਰੀ ਲਾਉਣ ਵੱਲ ਹੋਈਏ।''

''ਕੰਮ ਨਹੀਂ ਮੁੱਕਦੇ ਹੁੰਦੇ, ਲਾਣੇਦਾਰ ਜੀ। ਜ਼ਿੰਦਗੀ ਮੁੱਕ ਜਾਂਦੀ ਐ। ਜਿੱਦਣ ਥੋਡੀ ਭਿਆ ਬੋਲ ਗੀ, ਆਪਾਂ ਉੱਦਣੇਂ ਵੰਝਲੀਆਂ ਠੱਪ ਦੇਣੀਆਂ।

ਰੋਟੀ ਖਾਣ ਮਗਰੋਂ ਕੋਈ ਕਥਾ ਨਹੀਂ ਛੇੜੀ, ਉਸਨੇ। ਚੁੱਪਚਾਪ ਉੱਠਕੇ, ਪਿੰਡ ਵਿੱਚ ਨੂੰ ਤੁਰ ਪਿਆ।

''ਓਏ, ਅਜੇ ਤੈਂ ਮਸਾਲਾ ਵੀ ਤਿਆਰ ਨਹੀਂ ਕੀਤਾ, ਹਰਾਮੀਆਂ?.....'' ਜੀਤੇ ਨਾ਼ਲ ਝਗੜ ਕੇ, ਪਿੰਡ 'ਚੋਂ ਭਰੇ-ਪੀਤੇ ਮੁੜੇ ਨਰੈਣ ਸਿਹੁੰ ਨੇ ਪੈਣ ਉੱਤੇ ਚੜ੍ਹਦੇ ਸਾਰ ਹੀ 'ਆਰਡਰ' ਛੱਡਣੇ ਸ਼ੁਰੂ ਕਰ ਦਿੱਤੇ। ''ਦੇਖ ਕੰਜਰ ਦਾ ਪੁੱਤ ਪੈਸਾ ਲੈ ਕੇ ਡਿੱਘ ਪੁੱਟਦੈ! ਓਏ ਪਾਣੀ ਤੇਰਾ ਪਿਉ ਲਿਆਊਗਾ?''

ਰਾਮ ਜੀ ਹੱਥਲਾ ਛੱਡ ਕੇ ਕਹੀ ਫੜ ਕੇ ਹਿੱਕ ਤਾਣ ਕੇ ਖੜ੍ਹ ਗਿਆ।

''ਪੈੜ ਸੇ ਨੀਚੇ ਗਿਰਾ ਦੂੰਗਾ, ਸਾਲੇ ਕੋ। ਬਾਪ ਤੱਕ ਜਾਤਾ ਹੈ। ਸ਼ਰਮ ਨਹੀਂ ਆਤਾ।''

''ਮਰੋ ਥੋਡੀ ਭੈਣ ਨੂੰ.....। ਏਹ ਤਾਂ ਬੜਾ ਗਰਮ ਐ, ਬਈ!''

ਛਿੱਥੇ ਪਏ, ਨਰੈਣੇ ਦੇ ਮੂੰਹੋਂ ਨਿਕਲਿਆ। ਪੈੜ ਉੱਤੇ ਖੜ੍ਹੇ ਨੂੰ ਹੀ ਉਸ ਨੂੰ ਉਧਾਲੀ ਜਿਹੀ ਆਈ। ਉਸਨੂੰ ਲੱਗਿਆ ਜਿਵੇਂ ਰਾਮ ਜੀ ਭਈਆ ਨਹੀਂ, ਸਾਖਸ਼ਾਤ ਜੀਤਾ ਬੋਲ ਰਿਹਾ ਹੋਵੇ।


Laddi Padda Realtor

ਘਰ ਛੋਟਾ ਹੋਵੇ ਜਾਂ ਵੱਡਾ, ਹਮੇਸ਼ਾਂ ਯਾਦ ਰੱਖੋ ਲਾਡੀ ਪੱਡਾ

PROFESSIONAL REALTY GROUP

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਭਰੋਸੇਮੰਦ ਰੀਐਲਟਰ ਲਾਡੀ ਪੱਡਾ ਨੂੰ ਮਿਲੋ ਜਾਂ ਫੋਨ ਕਰੋ।





Laddi Padda

Cell: 780-909-5154

9222-51 Avenue, Edmonton, AB T6E 5L8

Phone: 780-439-9818, Fax: 780-439-1257

# Classified Plus

*Your guide to every search*

2 STORY CONDO FOR RENT
(LAKEWOOD VILLAGE, Edmonton)
Contact: 780 490 6023
Best Location, All Amenities
3 Bed Rooms, 1½ Bathroom
1 Bed Room in Basement
4 Appliances, Patio Door, Deck
****

**House For Sale by Owner**

2 Story House with walk out Basement having 3800 Plus Finished Area. Maple Kitchen, Granite Counter Top, Maple Hardwood Flooring, Maple and Metal Railing, 2 Furnaces, Separate entry for Basement and many more.

**Ready for Possession.**

Contact: **780 965 7390** or **780 906 4497**

****

**ਮੋਹਾਲੀ ’ਚ ਪਲਾਟ ਵਿਕਾਊ**

ਗ੍ਰੇਟਰ ਮੋਹਾਲੀ ਸੈਕਟਰ 127 ’ਚ 477 ਵਰਗ ਗਜ਼ ਦਾ ਪਲਾਟ ਮਾਲਕ ਵੱਲੋਂ ਵਿਕਾਊ ਹੈ। ਇਹ ਪਲਾਟ ਏਅਰਪੋਰਟ ਰੋਡ ਦੇ ਨਾਲ ਲੱਗਦੇ ਸ਼ਾਨਦਾਰ ਅਤੇ ਪੌਸ਼ ਇਲਾਕੇ ਸਿਵਾਲਿਕ ਸਿਟੀ ਵਿਚ ਹੈ।

**ਸੰਪਰਕ: 011 91 97813 60066**

****

**2 Story House For Sale By Owner In Leduc**

2 Story 2000 Sq. ft. 4 Bed Room, 2 ½ Washrooms, Family Room with 17' Ceiling on the Main Floor. Hard Wood on Main Floor. **House backs on to the City Park.** For details call **780 965 0808.**

* Newly Built Bi-Level House with KEYLESS ENTRY for Sale
* Don't Miss this Great opportunity… Must See the House
* Buyers still have time to Choose Carpet Color…Hurry Up

Newly Built Bi-Level House 2405 Sq Ft with Front Exposed Double Door, 4 Bed Rooms with attached Baths on the Main Floor, 3 Kitchens (**Main Kitchen has Granite Counter Tops**), 2 Furnaces, 2 Hot Water Tanks, 2 Laundries (1 Upstairs & 1 in the Basement). Finished/Heated 2 Car Attached Garage. 700+ sq. ft Finished Concrete drive way for Parking in the Back Alley, Exposed aggregate Drive Way in the Front, **Enjoy Barbecue on the Large Deck.** House has Stucco Exterior.

* Fully Finished 2 Basements having 2 Bedrooms 9' Ceiling and a Washroom each.

**For details/appointments**
**Contact 780 964 7001.**

# ਦੰਦ ਰੋਗ



**ਤਹਾਨੂੰ** ਇਹ ਜਾਣਕੇ ਹੈਰਾਨੀ ਹੋਵੇਗੀ ਕਿ ਤੁਹਾਡੀਆਂ ਸਿਹਤ ਪਰੇਸ਼ਾਨੀਆਂ ਦਾ ਸਿੱਧਾ ਸਬੰਧ ਤੁਹਾਡੇ ਦੰਦਾਂ ਅਤੇ ਨਸੂੜਿਆਂ ਦੀ ਸਿਹਤ ਨਾਲ ਹੈ, ਪਰ ਇਹ ਤੱਥ ਬਿਲਕੁਲ ਸਹੀ ਸਿੱਧ ਹੋਇਆ ਹੈ। ਹੋਰ ਤਾਂ ਹੋਰ ਇਕ ਔਰਤ ਦੇ ਜੀਵਨਕਾਲ ਵਿਚ ਸਮੇਂ-ਸਮੇਂ ਅਨੁਸਾਰ ਹੁੰਦੇ ਹਾਰਮੋਨਲ ਪਰਿਵਰਤਨ ਵੀ ਉਸਦੇ ਦੰਦਾਂ ਦੀ ਸਿਹਤ ਉਪਰ ਸਿੱਧਾ ਅਸਰ ਪਾਉਂਦੇ ਹਨ। ਕਈ ਬਿਮਾਰੀਆਂ ਤਾਂ ਅਜਿਹੀਆਂ ਹਨ, ਜਿਹਨਾਂ ਦੀ ਸ਼ੁਰੂਆਤ ਚਿਹਰੇ ਤੋਂ ਹੁੰਦੀ ਹੈ। ਮਾਹਿਰਾਂ ਦੇ ਮੁਤਾਬਿਕ ਹਰ ਔਰਤ ਨੂੰ ਅਪਣੀ ਦੰਦਾਂ ਦੀ ਸਿਹਤ ਵੱਲ ਧਿਆਨ ਦੇਣਾ ਚਾਹੀਦਾ ਹੈ, ਇਸ ਲਈ ਇਸ ਮੁੱਦੇ ਉਪਰ ਚਰਚਾ ਕਰਨੀ ਜ਼ਰੂਰੀ ਹੈ। ਦੰਦਾਂ ਅਤੇ ਨਸੂੜਿਆਂ ਨਾਲ ਜੁੜੀਆਂ ਸਮੱਸਿਆਵਾਂ ਕਿਸ ਤਰ੍ਹਾਂ ਤੁਹਾਡੀ ਸਿਹਤ ਉਪਰ ਪ੍ਰਭਾਵ ਪਾ ਸਕਦੀਆਂ ਹਨ, ਚੱਲੋ ਜਾਣੀਏ-

ਗਰਭ **ਹਾਲਾਤਾਂ ਦੇ ਸ਼ੁਰੂ ਤੋਂ ਅੰਤ ਤੱਕ ਕਈ ਔਰਤਾਂ ਨੂੰ ਜਿੰਜੀਬਾਈਟਿਸ** ਜਿਹੀਆਂ ਸਮੱਸਿਆਵਾਂ ਨਾਲ ਜੂਝਣਾ ਪੈਂਦਾ ਹੈ। ਜਿੰਜੀਬਾਈਟਿਸ ਹੋਣ ਨਾਲ ਨਸੂੜਿਆਂ ਵਿਚ ਸੋਜ਼ ਆਉਣਾ, ਨਸੂੜਿਆਂ ਦਾ ਲਾਲ ਹੋ ਜਾਣਾ ਜਾਂ ਮੂੰਹ ਵਿਚੋਂ ਬੋਅ ਆਉਣਾ ਅਜਿਹੀਆਂ ਕਈ ਹੋਰ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜੇਕਰ ਸਮਾਂ ਰਹਿੰਦੇ ਇਹਨਾਂ ਸਮੱਸਿਆਵਾਂ ਦਾ ਇਲਾਜ ਨਾ ਕੀਤਾ ਜਾਵੇ ਤਾਂ ਗਰਭ ਹਾਲਤਾਂ ਦੇ ਦੌਰਾਨ ਦਿੱਤੀਆਂ ਜਾਣ ਵਾਲੀਆਂ ਐਂਟੀਬਾਈਟਿਕ ਅਤੇ ਦਰਦਰੋਧਕ ਦਵਾਈਆਂ ਗਰਭ ਵਿਚ ਪਲ ਰਹੇ ਬੱਚੇ ਨੂੰ ਨੁਕਸਾਨ ਪਹੁੰਚਾ ਸਕਦੀਆਂ ਹਨ। ਚੰਗਾ ਹੋਵੇਗਾ ਜੇਕਰ ਤੁਸੀਂ ਗਰਭ ਹਾਲਤਾਂ ਵਿਚ ਜਿੰਜੀਬਾਈਟਿਸ ਜਾਂ ਅਜਿਹੀ ਕਿਸੇ ਵੀ ਸਮੱਸਿਆ ਨੂੰ ਨਜ਼ਰਅੰਦਾਜ਼ ਨਾ ਕਰੋ ਨਹੀਂ ਤਾਂ ਤੁਹਾਡਾ ਇਲਾਜ ਕਰਨਾ ਡਾਕਟਰ ਲਈ ਬਹੁਤ ਮੁਸ਼ਕਿਲ ਹੋ ਸਕਦਾ ਹੈ।

**ਪਰਿਵਰਤਨਾਂ ਤੋਂ ਪਰੇਸ਼ਾਨੀ–**

ਅਕਸਰ ਹੀ ਔਰਤਾਂ ਨੂੰ ਮਹੀਨੇ ਦੇ ਦੌਰਾਨ ਮੂੰਹ ਵਿਚੋਂ ਬੋਅ ਦਾ ਆਉਣਾ, ਨਸੂੜਿਆਂ ਵਿਚ ਖੁਰਕ ਜਾਂ ਦਰਦ ਹੋਣ ਜਿਹੀਆਂ ਪਰਸਥਿਤੀਆਂ ਨਾਲ ਦੋ-ਚਾਰ ਹੋਣਾ ਪੈਂਦਾ ਹੈ। ਇਸ ਤੋਂ ਇਲਾਵਾ ਮੋਨੋਪਾਜ ਵਿਚ ਵੀ ਸਰੀਰ ਵਿਚ ਆਏ ਹਾਰਮੋਨਲ ਪਰਿਵਰਤਨਾਂ ਦੇ ਕਾਰਨ ਪਾਇਰੀਆ ਹੋਣ ਦਾ ਖ਼ਤਰਾ ਰਹਿੰਦਾ ਹੈ। ਨਾਲ ਹੀ ਡਾਈਟ ਪਿੱਲਸ ਜਾਂ ਅਜਿਹੀਆਂ ਕੁਝ ਦਵਾਈਆਂ ਦੇ ਮਾੜੇ ਪ੍ਰਭਾਵ ਦੇ ਕਾਰਨ ਕੈਬਿਟੀ ਜਾਂ ਗਮ ਡਿਸੀਜ ਹੋਣ ਦੀਆਂ ਸੰਭਾਵਨਾਵਾਂ ਵੱਧ ਜਾਂਦੀਆਂ ਹਨ।

**ਭੋਜਨ ਨਾਲ ਜੁੜੀਆਂ ਸਮੱਸਿਆਵਾਂ–**

**ਫਾਸਟ** ਫੂਡ ਦਾ ਜ਼ਿਆਦਾ ਸੇਵਨ ਵੀ ਤੁਹਾਨੂੰ ਮੁਸ਼ਕਿਲ ਵਿਚ ਪਾ ਸਕਦਾ ਹੈ। ਇਸ ਨਾਲ ਦੰਦਾਂ ਵਿਚ ਭੋਜਨ ਇਕੱਠਾ ਹੋਣ ਲੱਗ ਜਾਂਦਾ ਹੈ ਅਤੇ ਪਲਾਕ ਦਾ ਰੂਪ ਲੈ ਲੈਂਦਾ ਹੈ। ਜਿਸ ਨਾਲ ਦੰਦ ਕਮਜ਼ੋਰ ਹੋ ਜਾਂਦੇ ਹਨ। ਪਿੰਡਾਂ ਦੀਆਂ ਔਰਤਾਂ ਤੰਬਾਕੂ ਮਿਲੇ ਦੰਦ ਮੰਜਨ ਦਾ ਪ੍ਰਯੋਗ ਕਰਦੀਆਂ ਹਨ, ਜਿਸ ਵਿਚ ਕਈ ਵਾਰ ਇੱਟਾਂ ਦਾ ਬਰੂਦਾ ਵੀ ਮਿਲਿਆ ਹੁੰਦਾ ਹੈ, ਜਿਹੜਾ ਨਸੂੜਿਆਂ ਨੂੰ ਨੁਕਸਾਨ ਪਹੁੰਚਾਉਣ ਵਿਚ ਕੋਈ ਕਸਰ ਨਹੀਂ ਛੱਡਦਾ। ਇਸਦੇ ਪ੍ਰਯੋਗ ਕਰਨ ਤੋਂ ਬਾਅਦ ਮੂੰਹ ਵਿਚ ਜਲਣ ਅਤੇ ਇੰਫੈਕਸ਼ਨ, ਦੰਦਾਂ ਵਿਚ ਦਰਦ ਜਾਂ ਦੰਦਾਂ ਦਾ ਕਮਜ਼ੋਰ ਹੋ ਕੇ ਨਿਕਲਣਾ ਜਿਹੀਆਂ ਸਮੱਸਿਆਵਾਂ ਆਉਂਦੀਆਂ ਹਨ। ਇਹਨਾਂ ਤੋਂ ਦੂਰੀ ਹੀ ਚੰਗੀ ਹੈ ਕਿਉਂਕਿ ਇਹ ਦੰਦਾਂ ਅਤੇ ਨਸੂੜਿਆਂ ਉਪਰ ਹੌਲ਼ੀ-ਹੌਲ਼ੀ ਵਾਰ ਕਰਦੇ ਹਨ, ਜਿਹੜਾ ਭਵਿੱਖ ਵਿਚ ਕਿਸੇ ਵੱਡੀ ਸਮੱਸਿਆ ਦਾ ਰੂਪ ਧਾਰਨ ਕਰ ਲੈਂਦਾ ਹੈ।

**ਇਲਾਜ ਤੋਂ ਬੇਹਤਰ ਸਾਵਧਾਨੀ–**

**ਮੁਸੀਬਤ** ਸਹੇੜਨ ਤੋਂ ਬਾਅਦ ਇਲਾਜ ਕਰਾਉਣ ਤੋਂ ਚੰਗਾ ਹੈ ਕਿ ਤੁਸੀਂ ਪਹਿਲਾਂ ਤੋਂ ਹੀ ਸਾਵਧਾਨੀ ਵਰਤੋਂ, ਜੇਕਰ ਤੁਹਾਨੂੰ ਦੰਦਾਂ ਜਾਂ ਨਸੂੜਿਆਂ ਨਾਲ ਜੁੜੀ ਕੋਈ ਵੀ ਪਰੇਸ਼ਾਨੀ ਹੈ, ਤਾਂ ਤੁਰੰਤ ਹੀ ਅਪਣੇ ਡਾਕਟਰ ਨੂੰ ਮਿਲੋ। ਹਰ ਛੇ ਮਹੀਨਿਆਂ ਬਾਅਦ ਦੰਦਾਂ ਦੇ ਮਾਹਿਰ ਡਾਕਟਰ ਨੂੰ ਅਪਣਾ ਚੈਕਅੱਪ ਕਰਵਾਓ। ਨਾਲ ਹੀ ਬਰੱਸ਼ ਕਰਨ ਦੇ ਸਹੀ ਤਰੀਕੇ ਅਤੇ ਟੂੱਥਪੇਸਟ ਦੇ ਬਾਰੇ ਵੀ ਡਾਕਟਰ ਤੋਂ ਸਲਾਹ ਲਓ। ਇਸ ਤਰ੍ਹਾਂ ਕਰਨ ਨਾਲ ਤੁਸੀਂ ਖ਼ੁਦ ਨੂੰ ਬਚਾ ਲਓਗੇ।

**ਡਾ. ਰਾਜੀਵ**
**ਦੰਦ ਰੋਗਾਂ ਦੇ ਮਾਹਿਰ,**
**ਜੈਪੁਰ, (ਰਾਜਸਥਾਨ)**

## Matrimonial

ਰਾਮਗੜ੍ਹੀਆ ਸਿੱਖ ਹੁਸ਼ਿਆਰਪੁਰ ਅਧਾਰਤ 22 ਸਾਲਾ ਕੰਪਿਊਟਰ ਇੰਜੀਨੀਅਰ ਲੜਕੇ ਲਈ ਸੁੰਦਰ ਯੋਗ ਲੜਕੀ ਦੀ ਲੋੜ ਹੈ। ਸੰਪਰਕ ਨੰ: 98157 41224
e-mail : engg.money@yahoo.com

Suitable match for hindu Khatri girl 25, 5'-3", M.A., B.Ed. status family, decent marrage, contact 0161-2880799, e-mail.: raman.mlp@gmail.com

Suitable match for two Jat Sikh Girls, 24-26, 5'-3", 5'-3", respectivily, +2, Diploma holder in professional courses like beautician decent marriage. Contact 0136-237337, 95014-53344

ਕੈਨੇਡਾ ਵਿਚ ਵਰਕ ਪਰਮਿਟ ਤੇ ਆਏ ਹੋਏ ਜੱਟ ਸਿੱਖ ਸੁਹਣੇ-ਸੁਨੱਖੇ ਲੜਕੇ ਉਮਰ 22 ਸਾਲ, ਕੱਦ 5'8" ਲਈ ਲੜਕੀ ਦੀ ਲੋੜ ਹੈ।ਸੰਪਰਕ ਕਰੋ: 780 964 8001

ਖ਼ੂਬਸੂਰਤ, ਜੱਟ ਸਿੱਖ ਗਿੱਲ 27 ਸਾਲ, 5'-3", 10+2, ਬਿਊਟੀਸ਼ੀਅਨ ਲਈ ਵਰ ਦੀ ਲੋੜ ਹੈ। ਸੰਪਰਕ : 01636-37337, 94176-94520

ਖ਼ੂਬਸੂਰਤ ਜੱਟ ਸਿੱਖ ਗਿੱਲ, 25 ਸਾਲ, 5'-3", 10+2, ਨਰਸ ਲਈ ਵਰ ਦੀ ਲੋੜ ਹੈ। ਸੰਪਰਕ : 94176-94520

ਖ਼ੂਬਸੂਰਤ, ਜੱਟ ਸਿੱਖ ਗਿੱਲ, 24 ਸਾਲ, 5'-9", ਮਕੈਨੀਕਲ ਇੰਜੀਨੀਅਰ, ਮਲਟੀ ਨੈਸ਼ਨਲ ਕੰਪਨੀ ਵਿਚ ਨੌਕਰੀਸ਼ੁਦਾ, ਐਮ.ਬੀ.ਏ., ਲੜਕੇ ਲਈ ਇੰਜੀਨੀਅਰ ਲੜਕੀ ਦੀ ਲੋੜ ਹੈ। ਮਾਤਾ-ਪਿਤਾ ਸਰਕਾਰੀ ਨੌਕਰੀ ਵਿਚ। ਸੰਪਰਕ : 94176-94520

ਖ਼ੂਬਸੂਰਤ, ਹਿੰਦੂ ਖੱਤਰੀ, ਜੇਠੀ, 26 ਸਾਲ, 5'-3", ਐਮ.ਏ. (ਇਕਨੋਮਿਕਸ) ਬੀ.ਐਡ, ਸਟੇਟਸ ਪਰਿਵਾਰ ਲਈ ਵਰ ਦੀ ਲੋੜ ਹੈ। ਸੰਪਰਕ : 94656-85637, 0161-2880781

ਖ਼ੂਬਸੂਰਤ ਬੀ-ਟੈਕ, ਕੰਪਿਊਟਰ ਸਾਇੰਸ, ਸਾਫਟ ਵੇਅਰ ਇੰਜੀਨੀਅਰ ਰਾਜਪੂਤ, ਚੌਹਾਨ ਕਲੀਨ ਸ਼ੇਵਨ, ਅਗਾਂਹਵਧ ਵਿਚਾਰਾਂ ਵਾਲੇ ਮਿਹਨਤੀ 5'-11" ਲੰਮੇ, 4 ਨਵੰਬਰ 1985 ਨੂੰ ਜਨਮੇ ਲੜਕੇ ਲਈ ਬਰਾਬਰ ਦੀ ਯੋਗਤਾ ਵਾਲੀ ਸੁੰਦਰ ਤੇ ਸੁਸ਼ੀਲ ਲੜਕੀ ਦੀ ਲੋੜ ਹੈ। ਜਾਤ ਬੰਧਨ ਨਹੀਂ। ਸੰਪਰਕ: 98151-94782, 94633-91876, ਈ-ਮੇਲ : hardev.chauhan@yahoo.co.in

**Blitz Auto Canada**

Full Maintenance Service
Breaks
Muffler
Suspension
Steering
Lube & Oil
Tires
Batteries

WE CARE YOUR CAR BETTER
Contact: Umesh Amin
3207-97 Street, Edmonton, Alberta, T6N 1B7, Canada
Phone: 780 463 2886 Fax: 780 463 6536
E-mail: unamin@gmail.com

## Help Wanted

ਕੈਲਗਰੀ ਸਥਿਤ ਦਫਤਰ ਲਈ ਅੰਗਰੇਜ਼ੀ ਅਤੇ ਪੰਜਾਬੀ ਜਾਣਨ ਵਾਲੇ 'ਟੈਲੀਮਾਰਕੀਟਰ" ਦੀ ਲੋੜ ਹੈ। ਹੋਰ ਜਾਣਕਾਰੀ ਵਾਸਤੇ ਫੋਨ 403 830 7007 'ਤੇ ਸੰਪਰਕ ਕਰੋ
ਜਾਂ
ਆਪਣੇ ਵੇਰਵੇ 403 717 0667 'ਤੇ ਫੈਕਸ ਕਰੋ।

## City Estates

**All Types of Property, Plots & Kothis available for Sale & Purchase in Chandigarh/Mohali.**

* Newly Built 10 Marla Triple Story House for Sale in Sector 35-C, Chandigarh.

** 1 Kanal Kothis for Sale in Sector 10, 34 & 35 Chandigarh.

For More Info Contact:
**City Estates**
SCO 123, Phase 7, Mohali (Punjab)
**011 91 98147 11263** or
**011 91 98729 73304**

**ALL CLASS DRIVING ACADEMY**
9253 34A Ave, Edmonton, AB T6E 5T2
(2nd Floor of Maharaja Banquet Hall)
780-907-1884

**DRIVER INSTRUCTOR**
**SUKH (BUTALA) ਸੁਖ (ਬੁਤਾਲਾ)**
**780.906.7445**







Class 1,2,3,4,5
Truck,
Trailer,
Bus &
Cars

*"We Had Dinner along with my friends family, it was really nice, pure Indian taste...... I will recommend this to any-one who like REAL Indian food."*

"Service was prompt friendly. Food was hot and tasty. Loved it!"

**"quite authentic Indian Food"**







# NIRVANA

**Take-Out/Delivery/Catering Big & Small Function/Private Banquet Room**

Lunch Buffet 7 Days A Week
11.30-2.30

Mondays
South Indian Delights 5-10
All you can eat South Indian Specialties

Tuesdays
Kabab Khazana 5-10
All you can eat Kababs with Naan
or Roomali Roti
Chi. Tikka/Haryali Tikka/Malai Tikka/Resmbi
Kabab/seek Kabab/Veg. Kabab

Wednesday
Lounge Night Belly Dancing 8-10
All Beer

Dinner Buffet
Friday, Saturday

Thursday
Punjab Di Yaad
Makki de Roti Sarson Da Saag
with Salty Lassi

Friday
Bhangra Night 10-2
No Cover Charge 18+
Sunday
Indo Chinese Night 5-0
All You Can Eat
Chilli Chiken/Veg or
Chiken Fried Rice/Veg. or Chiken
Mein/Manchorian

**1009-5075 FALCONRIDGE BL.VD.NE CALGARY, AB. T3J SK9**

**EMAIL: info@nirvanacalgary.com Phone (403) 590-9797 Fax. (403) 590-9798**

# ਸਮਰਪਿਤ ਅਤੇ ਪ੍ਰਤੀਬੱਧ ਹੋਣਾ ਹੀ ਹੋਵੇਗਾ : ਚੌਮਸਕੀ



**ਮੁਲਾਕਾਤੀ–ਡੇਵਿਡ ਬਰਸਾਮਿਆਂ**
**ਪੰਜਾਬੀ ਅਨੁਵਾਦ–ਬੀ. ਅਲੈਕਸੇਈ**

? **ਹਾਲ ਦੇ ਸਾਲਾਂ ਵਿਚ ਪੇਂਟਾਗਾਨ ਨੇ ਅਤੇ ਫਿਰ ਮੀਡੀਏ ਨੇ ਇਕ ਸ਼ਬਦ ਅਪਣਾ ਲਿਆ, 'ਕੌਲੇਟਰਲ ਡੈਮੇਜ' ਮਤਲਬ ਸਮਾਨਾਂਤਰ ਨੁਕਸਾਨ। ਸੈਨਿਕ ਕਾਰਵਾਈ ਵਿਚ ਨਾਗਰਿਕਾਂ ਦੀ ਮੌਤ ਹੋ ਜਾਏ ਤਾਂ, ਉਸਦੇ ਲਈ ਇਹ ਸ਼ਬਦ ਵਰਤਿਆ ਜਾਂਦਾ ਹੈ। ਉਸ ਭਾਸ਼ਾ ਦੀ ਭੂਮਿਕਾ ਬਾਰੇ ਗੱਲ ਕਰੋ ਜਿਸ ਨਾਲ ਘਟਨਾਵਾਂ ਬਾਰੇ ਲੋਕਾਂ ਦੀ ਸਮਝ ਨੂੰ ਢਾਲਿਆ ਜਾਂਦਾ ਹੈ?**

ਨੌਅਮ ਚੌਮਸਕੀ– ਚੰਗੀ ਗੱਲ ਹੈ। ਇਹ ਕੰਮ ਓਨਾ ਹੀ ਪੁਰਾਣਾ ਹੈ, ਜਿੰਨਾ ਪੁਰਾਣਾ ਇਤਿਹਾਸ ਹੈ। ਇਸ ਦਾ ਭਾਸ਼ਾ ਨਾਲ ਕੁਝ ਜ਼ਿਆਦਾ ਲੈਣਾ–ਦੇਣਾ ਨਹੀਂ ਹੈ। ਭਾਸ਼ਾ ਸਾਡੇ ਪਰਸਪਰ ਸੰਵਾਦ ਦਾ ਇਕ ਤਰੀਕਾ ਹੈ। ਇਸ ਲਈ ਸੁਭਾਵਿਕ ਰੂਪ ਨਾਲ ਸੰਵਾਦ ਦੇ ਮਾਧਿਅਮ ਅਤੇ ਉਹਨਾਂ ਦੀ ਨਿਰਣਾਤਮਕ ਪਿੱਠਭੂਮੀ ਜੋ ਜ਼ਿਆਦਾ ਮਹੱਤਵਪੂਰਨ ਹੈ, ਦਾ ਇਸਤੇਮਾਲ ਰੁਚੀ ਅਤੇ ਰਾਏ ਬਣਾਉਣ ਦੇ ਲਈ ਵੀ ਕੀਤਾ ਜਾਂਦਾ ਹੈ। ਨਾਲ ਹੀ ਅਨੁਰੂਪਤਾ ਅਤੇ ਅਧੀਨਤਾ ਲਿਆਉਣ ਦੇ ਲਈ ਵੀ ਕੀਤਾ ਜਾਂਦਾ ਹੈ। ਹੈਰਾਨੀ ਦੀ ਗੱਲ ਨਹੀਂ ਹੈ ਕਿ ਇਸ ਤਰ੍ਹਾਂ ਸਭ ਤੋਂ ਵੱਡੇ ਲੋਕਤੰਤਰਿਕ ਸਮਾਜਾਂ ਵਿਚ ਕੀਤਾ ਗਿਆ ਹੈ।

ਪਹਿਲਾਂ, ਸੰਯੁਕਤ ਪ੍ਰਚਾਰ ਮੰਤਰਾਲਾ ਪਹਿਲੇ ਵਿਸ਼ਵ ਯੁੱਧ ਦੇ ਦੌਰਾਨ ਬ੍ਰਿਟੇਨ ਵਿਚ ਸੀ, ਜਿਸ ਦਾ ਨਾਂ 'ਸੂਚਨਾ ਮੰਤਰਾਲਾ' ਸੀ। ਜਿਸ ਤਰ੍ਹਾਂ ਕਿ ਕਹਿੰਦੇ ਹਨ, ਇਸ ਦਾ ਕੰਮ ਦੁਨੀਆਂ ਦੇ ਮਨ ਜਾਂ ਮੱਤ ਨੂੰ ਕਾਬੂ ਰੱਖਣਾ ਸੀ। ਖ਼ਾਸ ਤੌਰ 'ਤੇ ਉਹ ਜਿਸ ਗੱਲ ਲਈ ਫ਼ਿਕਰਮੰਦ ਸਨ, ਉਹ ਅਮਰੀਕਾ ਦਾ ਮਨ ਸੀ, ਉਹਨਾਂ ਵਿਚੋਂ ਵੀ ਅਮਰੀਕੀ ਬੁੱਧੀਜੀਵੀਆਂ ਦਾ। ਉਹਨਾਂ ਨੇ ਸੋਚਿਆ ਕਿ ਜੇਕਰ ਅਸੀਂ ਅਮਰੀਕੀ ਬੁੱਧੀਜੀਵੀਆਂ ਨੂੰ ਇਸ ਗੱਲ ਲਈ ਮਨਾ ਲਵਾਂਗੇ ਕਿ ਬ੍ਰਿਟਿਸ਼ ਇਸ ਯੁੱਧ ਵਿਚ ਨਵੀਂ ਤਰ੍ਹਾਂ ਦੀ ਕੋਸ਼ਿਸ਼ ਕਰ ਰਿਹਾ ਹੈ ਤਾਂ ਅਮਰੀਕੀ ਬੁੱਧੀਜੀਵੀ ਅਪਣੀ ਜਨਤਾ ਵਿਚ ਸਨਕ ਅਤੇ ਉਨਮਾਦ ਪੈਦਾ ਕਰਨ ਵਿਚ ਸਫ਼ਲ ਹੋ ਸਕਣਗੇ, ਕਿਉਂਕਿ ਅਮਰੀਕੀ ਜਨਤਾ ਵੈਸੇ ਬੁਨਿਆਦੀ ਤੌਰ 'ਤੇ ਅਮਨ ਪਸੰਦ ਹੈ ਅਤੇ ਉਸ ਨੂੰ ਯੂਰਪ ਵਿਚ ਹੋ ਰਹੀ ਲੜਾਈ ਨਾਲ ਕੁਝ ਲੈਣਾ–ਦੇਣਾ ਨਹੀਂ। ਬਰਤਾਨੀਆਂ ਨੂੰ ਅਮਰੀਕਾ ਦੇ ਸਹਾਰੇ ਦੀ ਜ਼ਰੂਰਤ ਸੀ। ਇਸ ਲਈ ਉਹਨਾਂ ਦੇ ਸੂਚਨਾ ਮੰਤਰਾਲੇ ਨੇ ਪਹਿਲ ਦੇ ਆਧਾਰ 'ਤੇ ਅਮਰੀਕੀ ਰਾਏ ਅਤੇ ਰਾਏ ਬਣਾਉਣ ਵਾਲੇ ਨੇਤਾਵਾਂ ਨੂੰ ਹੀ ਅਪਣਾ ਉਦੇਸ਼ ਬਣਾ ਰੱਖਿਆ ਸੀ। ਬਿਲਸਨ ਪ੍ਰਸ਼ਾਸਨ ਨੇ ਇਕ ਸਰਕਾਰੀ ਪ੍ਰਚਾਰ ਏਜੰਸੀ ਸਥਾਪਤ ਕੀਤੀ। ਇਸ ਦਾ ਨਾਂ 'ਜਨਸੂਚਨਾ ਸਮਿਤੀ' ਰੱਖਿਆ, ਇਸ ਨੂੰ ਮੁੱਖ ਰੂਪ ਵਿਚ ਉਦਾਰ ਅਮਰੀਕੀ ਬੁੱਧੀਜੀਵੀਆਂ ਵਿਚ ਸ਼ਾਨਦਾਰ ਸਫ਼ਲਤਾ ਮਿਲੀ। ਇਹ ਜਾਨ ਡੇਵੀ ਦੇ ਦਾਇਰੇ ਦੇ ਲੋਕ ਸਨ। ਉਹ ਇਸ ਗੱਲ ਲਈ ਫੁੱਲੇ ਨਹੀਂ ਸਮਾਏ ਕਿ ਇਤਿਹਾਸ ਵਿਚ ਪਹਿਲੀ ਵਾਰ, ਜਿਸ ਤਰ੍ਹਾਂ ਉਹ ਸੋਚਦੇ ਸਨ, ਯੁੱਧ ਦਾ ਉਨਮਾਦ ਪੈਦਾ ਕੀਤਾ ਗਿਆ ਅਤੇ ਇਹ ਸੈਨਿਕ ਨੇਤਾਵਾਂ ਅਤੇ ਰਾਜਨੇਤਾਵਾਂ ਨੇ ਪੈਦਾ ਨਹੀਂ ਕੀਤਾ, ਬਲਕਿ ਬਰਾਦਰੀ ਦੇ ਜ਼ਿਆਦਾ ਜ਼ਿੰਮੇਦਾਰ ਅਤੇ ਗੰਭੀਰ ਲੋਕਾਂ ਨੇ ਪੈਦਾ ਕੀਤਾ, ਉਹਨਾਂ ਨੇ, ਜਿਹਨਾਂ ਨੂੰ ਚਿੰਤਨਸ਼ੀਲ ਬੁੱਧੀਜੀਵੀ ਕਿਹਾ ਜਾਂਦਾ ਹੈ। ਉਹਨਾਂ ਨੇ ਇਕ ਪ੍ਰਕਾਰ ਅਭਿਆਨ ਚਲਾਇਆ ਸੀ ਅਤੇ ਕੁਝ ਹੀ ਮਹੀਨਿਆਂ ਵਿਚ ਸ਼ਾਂਤੀ ਪਸੰਦ ਜਨਤਾ ਨੂੰ ਜਰਮਨੀ ਦੇ ਵਿਰੋਧੀ ਕੱਟੜਪੰਥੀਆਂ ਵਿਚ ਬਦਲਣ ਵਿਚ ਸਫ਼ਲ ਹੋ ਗਏ ਜੋ ਜਰਮਨੀ ਦੀ ਹਰੇਕ ਚੀਜ਼ ਨਸ਼ਟ ਕਰ ਦੇਣਾ ਚਾਹੁੰਦੇ ਸਨ। ਮਾਮਲਾ ਇੱਥੋਂ ਤੱਕ ਪਹੁੰਚ ਗਿਆ ਕਿ ਬੋਸਟਨ ਸਿੰਫਨੀ ਆਰਕੇਸਟਰਾ ਬਾਖ਼ ਦੇ ਸੰਗੀਤ ਨੂੰ ਨਹੀਂ ਵਜਾ ਪਾਇਆ। ਦੇਸ਼ 'ਤੇ ਉਮਨਾਦ ਸਵਾਰ ਹੋ ਚੁੱਕਿਆ ਸੀ।

ਬਿਲਸਨ ਪ੍ਰਚਾਰ ਏਜੰਸੀ ਦੇ ਮੈਂਬਰਾਂ ਵਿਚ ਐਡਵਰਡ ਬੇਪਨੇ ਵਰਗੇ ਲੋਕ ਸਨ, ਜੋ ਜਨ ਸੰਪਰਕ ਉਦਯੋਗ ਦੇ ਗੁਰੂ ਬਣੇ। ਇਸ ਵਿਚ ਵਾਟਰ ਲਿੱਪਮੈਨ ਵੀ ਸੀ ਜੋ ਵੀਹਵੀਂ ਸਦੀ ਦੇ ਪ੍ਰਮੁੱਖ ਬੁੱਧੀਜੀਵੀ ਅਤੇ ਮੀਡੀਏ ਵਿਚ ਸਭ ਤੋਂ ਜ਼ਿਆਦਾ ਸਨਮਾਨਿਤ ਵਿਅਕਤੀ ਸਨ। ਉਹਨਾਂ ਨੇ ਬੜੀ ਸਫ਼ਾਈ ਨਾਲ ਉਸ ਅਨੁਭਵ ਤੋਂ ਸਿੱਖਿਆ ਲਈ। ਤੁਸੀਂ 1920 ਦੇ ਆਸ–ਪਾਸ ਉਹਨਾਂ ਦੀਆਂ ਲਿਖਤਾਂ ਨੂੰ ਦੇਖੋ। ਉਹਨਾਂ ਕਿਹਾ ਹੈ ਕਿ ਅਸੀਂ ਇਸ ਤੋਂ ਇਹ ਸਿੱਖਿਆ ਹੈ ਕਿ ਤੁਸੀਂ ਲੋਕਮਾਨਸ ਨੂੰ ਕਾਬੂ ਵਿਚ ਕਰ ਸਕਦੇ ਹੋ, ਤੁਸੀਂ ਰੁਚੀ ਅਤੇ ਰਾਏ 'ਤੇ ਨਿਯੰਤਰਣ ਕਰ ਸਕਦੇ ਹੋ। ਲਿੱਪਮੈਨ ਨੇ ਕਿਹਾ ਹੈ, "ਪ੍ਰਚਾਰ ਨਾਲ ਅਸੀਂ ਸਹਿਮਤੀ ਦਾ ਨਿਰਮਾਣ ਕਰ ਸਕਦੇ ਹਾਂ।" ਬੇਰਨੇ ਨੇ ਕਿਹਾ, "ਬਰਾਦਰੀ ਦੇ ਜ਼ਿਆਦਾਤਰ ਚਤੁਰ ਲੋਕ ਸਹਿਮਤੀ ਦੀ ਅਭਿਵਿਅਕਤੀ ਦੁਆਰਾ ਜਨਤਾ ਨੂੰ ਜਿਸ ਦਿਸ਼ਾ ਵਿਚ ਚਾਹੇ ਚਲਾ ਸਕਦੇ ਹਨ।" ਉਸਦਾ ਕਹਿਣਾ ਸੀ ਕਿ ਇਹ 'ਲੋਕਤੰਤਰ ਦਾ ਸਾਰ' ਹੈ। ਇਸ ਨਾਲ ਜਨ ਸਪੰਰਕ ਉਦਯੋਗ ਦਾ ਵੀ ਉਦੈ ਹੋਇਆ। 1920 ਦੇ ਸਾਲਾਂ ਦੀ ਸੋਚ 'ਤੇ ਨਜ਼ਰ ਮਾਰਨਾ ਦਿਲਚਸਪ ਹੈ। ਇਹ ਉਦੋਂ ਹੀ ਸ਼ੁਰੂ ਹੋਇਆ। ਇਹ 'ਟੇਲਵਾਦ' ਦਾ ਜ਼ਮਾਨਾ ਸੀ, ਜਦੋਂ ਕਾਮਿਆਂ ਨੂੰ ਇਸ ਤਰ੍ਹਾਂ ਦੇ ਰੋਬੋਟ ਬਣਾਉਣ ਲਈ ਟਰੇਨਿੰਗ ਦਿੱਤੀ ਜਾ ਰਹੀ ਸੀ, ਜਿਸ ਦੀ ਹਰ ਹਰਕਤ ਨਿਯੰਤ੍ਰਿਤ ਹੋਵੇ। ਮਨੁੱਖ ਦੇ ਸਵੈਚਾਲਕ ਮਸ਼ੀਨਾਂ ਵਿਚ ਬਦਲਣ ਨਾਲ ਉਦਯੋਗ ਬੜਾ ਉੱਨਤ ਹੋ ਗਿਆ। ਇਸ ਨਾਲ ਬੋਲਸ਼ੇਵਿਕ ਵੀ ਬਹੁਤ ਪ੍ਰਭਾਵਿਤ ਹੋਏ। ਉਹਨਾਂ ਨੇ ਵੀ ਇਸ ਤਰ੍ਹਾਂ ਕਰਨ ਦੀ ਕੋਸ਼ਿਸ਼ ਕੀਤੀ। ਅਸਲ ਵਿਚ ਦੁਨੀਆਂ ਭਰ ਵਿਚ ਕੋਸ਼ਿਸ਼ਾਂ ਹੋਈਆਂ। ਵਿਚਾਰਾਂ ਨੂੰ ਕਾਬੂ ਰੱਖਣ ਵਾਲੇ ਮਾਹਿਰਾਂ ਨੇ ਇਹ ਜਾਣਿਆ ਕਿ ਤੁਸੀਂ ਕੰਮ ਦੇ ਸਮੇਂ (ਆਨ ਜਾਬ) ਹੀ ਨਿਯੰਤ੍ਰਿਤ ਨਹੀਂ ਕਰ ਸਕਦੇ, ਬਲਕਿ ਕੰਮ ਤੋਂ ਇਲਾਵਾ (ਆਫ਼ ਜਾਬ) ਵੀ ਨਿਯੰਤ੍ਰਿਤ ਕਰ ਸਕਦੇ ਹੋ। ਇਹ ਉਹਨਾਂ ਦੀ ਸ਼ਬਦਾਵਲੀ ਹੈ। 'ਆਫ਼ ਜਾਬ' ਦੇ ਸਮੇਂ ਉਹਨਾਂ ਨੂੰ ਵਿਅਰਥਤਾ ਦੇ ਦਰਸ਼ਨ ਤੋਂ ਕਾਬੂ ਵਿਚ ਕਰੋ। ਫੈਸ਼ਨੇਬਲ ਉਪਭੋਗ ਵਰਗੀ, ਜ਼ਿੰਦਗੀ ਦੀਆਂ ਬੇਅਰਥ ਚੀਜ਼ਾਂ ਵੱਲ ਉਹਨਾਂ ਦਾ ਧਿਆਨ ਲਗਵਾਓ ਅਤੇ ਬੁਨਿਆਦੀ ਤੌਰ 'ਤੇ ਉਹਨਾਂ ਨੂੰ ਅਪਣੇ ਰਸਤੇ ਤੋਂ ਹਟਾਓ। ਜੋ ਲੋਕ ਇਹ ਸਾਰਾ ਖੇਡ, ਖੇਡ ਰਹੇ ਹਨ, ਉਹਨਾਂ ਲੋਕਾਂ ਨੂੰ ਦੁਖੀ ਕਰਨ ਵਾਲਿਆਂ ਨੂੰ ਬਿਨਾਂ ਕੋਈ ਰੋਕ ਦੇ ਇਹ ਸਾਰਾ ਖੇਲ, ਖੇਲਣ ਦਿੱਤਾ ਜਾਵੇ। ਇਹਨਾਂ ਲੋਕਾਂ ਨੂੰ ਦੁਖੀ ਕਰਨ ਵਾਲਿਆਂ ਦਾ ਸਰਵਜਨਿਕ ਅਖਾੜੇ ਵਿਚ ਕੀ ਕੰਮ? ਇੱਥੋਂ ਹੀ ਨਿਕਲਦੇ ਹਨ ਅਣਗਿਣਤ ਉਦਯੋਗ, ਵਿਗਿਆਨ ਤੋਂ ਲੈ ਕੇ ਯੂਨੀਵਰਸਿਟੀਆਂ ਤੱਕ। ਸਭ ਵੱਡੇ ਸੁਚੇਤ ਢੰਗ ਨਾਲ ਇਸ ਸਿਧਾਂਤ ਪ੍ਰਤੀ ਪ੍ਰਤੀਬੱਧ ਹਨ ਕਿ ਰੁਚੀਆਂ ਅਤੇ ਰਾਏ ਨੂੰ ਨਿਯੰਜ਼ਿਤ੍ਰਤ ਕਰਨਾ ਹੀ ਹੋਵੇਗਾ ਕਿਉਂਕਿ ਜਨਤਾ ਤਾਂ ਬੇਹੱਦ ਖ਼ਤਰਨਾਕ ਹੈ...

> ਨੌਅਮ ਚੌਮਸਕੀ ਦੀ ਇਹ ਮੁਲਾਕਾਤ ਭਾਵੇਂ ਪੁਰਾਣੀ ਹੈ ਪਰ ਇਸ ਵਿਚ ਉਠਾਏ ਪ੍ਰਸ਼ਨ ਅਤੇ ਇਹਨਾਂ ਪ੍ਰਸ਼ਨਾਂ ਦੇ ਜਵਾਬ ਅੱਜ ਵੀ ਸਾਡੇ ਲਈ ਮਹੱਤਵਪੂਰਨ ਹਨ। ਅਮਰੀਕੀ ਹਾਕਮਾਂ ਦੀਆਂ ਕੂਟਨੀਤੀਆਂ, ਜੰਗ ਅਤੇ ਮੀਡੀਆ ਦਾ ਰੋਲ, ਭਾਸ਼ਾਈ ਸਾਮਰਾਜਵਾਦ, ਪੱਤਰਕਾਰੀ ਦੀ ਭੂਮਿਕਾ ਆਦਿ ਬਾਰੇ ਨੌਅਮ ਚੌਮਸਕੀ ਨੇ ਖੁੱਲ੍ਹ ਕੇ ਪਾਠਕਾਂ ਨੂੰ ਇਹ ਮੁਲਾਕਾਤ ਕੋਈ ਨਾ ਕੋਈ ਸੇਧ ਜ਼ਰੂਰ ਦੇਵੇਗੀ। ਸੰਪਾਦਕ

ਇਕ ਗੱਲ ਵੱਖ ਖ਼ਾਸ ਤੌਰ 'ਤੇ ਧਿਆਨ ਦਿੱਤਾ ਜਾਂਦਾ ਹੈ ਕਿ ਜ਼ਿਆਦਾ ਲੋਕਤੰਤਰਿਕ ਸਮਾਜਾਂ ਵਿਚ ਇਸ ਚੀਜ਼ ਦਾ ਵਿਕਾਸ ਹੋਇਆ। ਉਹਨਾਂ ਨੇ ਜਰਮਨੀ ਅਤੇ ਬੋਲਸ਼ੇਵਿਕ ਰੂਸ ਅਤੇ ਦੱਖਣੀ ਅਫ਼ਰੀਕਾ ਅਤੇ ਬਾਕੀ ਥਾਵਾਂ 'ਤੇ ਵੀ ਇਹ ਸਭ ਕਰਨ ਦੀ ਕੋਸ਼ਿਸ਼ ਕੀਤੀ। ਪਰੰਤੂ ਮੁੱਖ ਤੌਰ 'ਤੇ ਇਹ ਅਮਰੀਕਾ ਦਾ ਮਾਡਲ ਹੀ ਹੈ। ਇਸ ਦਾ ਇਕ ਵਧੀਆ ਕਾਰਨ ਵੀ ਹੈ। ਜੇਕਰ ਤੁਸੀਂ ਲੋਕਾਂ ਨੂੰ ਬਲ ਨਾਲ ਕਾਬੂ ਵਿਚ ਰੱਖਦੇ ਹੋ ਤਾਂ ਇਸ ਗੱਲ ਨੂੰ ਕਾਬੂ ਕਰਨਾ ਇੰਨਾ ਜ਼ਰੂਰੀ ਨਹੀਂ ਕਿ ਉਹ ਕੀ ਸੋਚਦੇ ਹਨ? ਅਤੇ ਕੀ ਮਹਿਸੂਸ ਕਰਦੇ ਹਨ? ਪਰੰਤੂ ਜੇਕਰ ਤੁਸੀਂ ਲੋਕਾਂ ਨੂੰ ਬਲ ਨਾਲ ਨਿਯੰਤ੍ਰਿਤ ਕਰਨ ਦੀ ਤਾਕਤ ਰੱਖਦੇ ਖੋ ਦਿੰਦੇ ਹੋ ਤਾਂ ਰੁਚੀਆਂ ਅਤੇ ਰਾਏ ਨੂੰ ਨਿਯੰਤ੍ਰਿਤ ਕਰਨਾ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ।

ਇਸ ਸਥਿਤੀ ਨੂੰ ਵਰਤਮਾਨ ਸਮੇਂ ਵਿਚ ਦੇਖੋ। ਹੁਣ ਜਨਤਾ ਪ੍ਰਚਾਰ ਦੀਆਂ ਸਰਕਾਰੀ ਸੰਸਥਾਵਾਂ ਨੂੰ ਸਵੀਕਾਰ ਕਰਨ ਦੀ ਇਛੁੱਕ ਨਹੀਂ ਹੈ। ਇਸ ਲਈ ਰੀਗਨ ਨੇ ਸਰਵਜਨਕ ਕੂਟਨੀਤੀ ਦੇ ਦਫ਼ਤਰ ਨੂੰ ਗ਼ੈਰਕਾਨੂੰਨੀ ਘੋਸ਼ਿਤ ਕਰ ਦਿੱਤਾ ਅਤੇ ਉਹ ਭੁੱਲ–ਭੁਲਈਆਂ ਵਿਚ ਪਿਆ ਰਿਹਾ। ਇਸਦਾ ਬਦਲ ਇਹ ਹੋਇਆ ਕਿ ਨਿੱਜੀ ਤਾਨਾਸ਼ਾਹੀਆਂ ਆ ਗਈਆਂ, ਜੋ ਬੁਨਿਆਦੀ ਤੌਰ 'ਤੇ ਕਾਰਪੋਰੇਟ ਸਿਸਟਮ ਸਨ, ਜੋ ਰਾਏ ਅਤੇ ਰੁਚੀਆਂ ਨੂੰ ਨਿਯੰਤ੍ਰਿਤ ਕਰਨ ਦੀ ਭੂਮਿਕਾ ਅਦਾ ਕਰਦੇ ਹਨ, ਇਹ ਸਰਕਾਰ ਤੋਂ ਆਦੇਸ਼ ਤਾਂ ਨਹੀਂ ਲੈਂਦੇ, ਪਰੰਤੂ ਉਸ ਨਾਲ ਨੇੜਿਓਂ ਜ਼ਰੂਰ ਜੁੜੇ ਹੁੰਦੇ ਹਨ। ਇਹ ਸਾਡੀ ਅੱਜ ਦੀ ਵਿਵਸਥਾ ਹੈ। ਜ਼ਿਆਦਾਤਰ ਖ਼ੁਦ ਚੇਤਨ। ਉਹ ਕੀ ਕਰ ਰਹੇ ਹਨ, ਇਸ ਬਾਰੇ ਤੁਹਾਨੂੰ ਅਟਕਲਾਂ ਲਗਾਉਣ ਦੀ ਜ਼ਰੂਰਤ ਨਹੀਂ ਹੈ, ਕਿਉਂਕਿ ਉਹ ਉਦਯੋਗਿਕ ਪ੍ਰਕਾਸ਼ਕਾਂ ਅਤੇ ਅਕਾਦਮਿਕ ਸਾਹਿਤ ਵਿਚ ਖ਼ੁਦ ਹੀ ਦੱਸਣ ਦੀ ਕ੍ਰਿਪਾ ਕਰ ਦਿੰਦੇ ਹਨ।

ਚੱਲੋ, ਜ਼ਰਾ 1930 ਦੇ ਸਾਲਾਂ ਵੱਲ ਚੱਲੋ, ਸ਼ਾਇਦ ਕਾਫ਼ੀ ਜ਼ਿਆਦਾ ਆਧੁਨਿਕ, ਰਾਜਨੀਤੀ ਵਿਗਿਆਨ ਦੇ ਪ੍ਰਵਰਤਨ ਦੇ ਵੱਲ। ਇਕ ਲਿਬਰਲ ਖ਼ਿਲਸਨਵਾਦੀ ਹੋਲਾਰਡ ਲਾਸਵੇਲ ਨੇ 1933 ਵਿਚ ਇਕ ਵੱਡੇ ਪ੍ਰਕਾਸ਼ਨ ਇਨਸਾਈਕਲੋਪੀਡੀਆ ਆਫ਼ ਸੋਸ਼ਲ ਸਾਇੰਸਜ਼ ਵਿਚ 'ਪ੍ਰੋਪੇਗੰਡਾ' ਸਿਰਲੇਖ ਅਧੀਨ ਇਕ ਲੇਖ ਲਿਖਿਆ। ਇਸ ਵਿਚ ਸੰਦੇਹ ਇਹ ਸੀ(ਪ੍ਰਸੰਗਵਸ ਇਹ ਉਦਹਾਰਣ ਹੈ) "ਸਾਨੂੰ ਇਸ ਲੋਕਤੰਤਰ ਹਠਧਰਮੀ ਅੱਗੇ ਝੁਕ ਨਹੀਂ ਜਾਣਾ ਚਾਹੀਦਾ ਅਤੇ ਲੋਕ ਅਪਣੇ ਹਿੱਤਾਂ ਦੇ ਸਰਵਉੱਤਮ ਨਿਰਣਾਇਕ ਹਨ। ਉਹ ਨਹੀਂ ਹਨ, ਅਸੀਂ ਹਾਂ। ਲੋਕ ਇੰਨੇ ਬੇਵਕੂਫ਼ ਅਤੇ ਅਨਜਾਣ ਹਨ ਕਿ ਉਹ ਅਪਣੇ ਸਰਵਉੱਤਮ ਹਿੱਤਾਂ ਨੂੰ ਅਪਣੇ ਫ਼ਾਇਦੇ ਦੀ ਦ੍ਰਿਸ਼ਟੀ ਤੋਂ ਸਮਝ ਨਹੀਂ ਸਕਦੇ ਕਿਉਂਕਿ ਅਸੀ ਬਹੁਤ ਵੱਡੇ ਮਾਨਵਵਾਦੀ ਹਾਂ– ਸਾਨੂੰ ਉਹਨਾਂ ਨੂੰ ਹਾਸ਼ੀਏ 'ਤੇ ਕਰਨਾ ਅਤੇ ਕਾਬੂ ਰੱਖਣਾ ਚਾਹੀਦਾ ਹੈ। ਸਭ ਤੋਂ ਵਧੀਆ ਤਰੀਕਾ ਹੈ, ਪ੍ਰਚਾਰ।" ਉਸ ਨੇ ਕਿਹਾ ਕਿ ਪ੍ਰਚਾਰ ਬਾਰੇ ਕੁਝ ਵੀ ਨਾਕਾਰਤਮਕ ਨਹੀਂ ਹੈ। ਇਹ ਪੰਪ ਦੇ ਹੈਂਡਲ ਜਿੰਨਾ ਹੀ ਨਿਰਪੱਖ ਹੈ। ਤੁਸੀਂ ਇਸਦੀ ਚੰਗਿਆਈ ਦੇ ਲਈ ਜਾਂ ਬੁਰਿਆਈ ਦੇ ਲਈ ਵਰਤੋਂ ਕਰ ਸਕਦੇ ਹੋ। ਕਿਉਂਕਿ ਅਸੀਂ ਉੱਦਾਤ, ਅਦਭੁਤ ਲੋਕ ਹਾਂ ਅਸੀਂ ਇਸਦਾ ਚੰਗਿਆਈ ਦੇ ਲਈ ਹੀ ਪ੍ਰਯੋਗ ਕਰਾਂਗੇ, ਇਹ ਸੁਨਿਸ਼ਚਤ ਕਰਨ ਦੇ ਲਈ ਕਿ ਬੇਵਕੂਫ਼, ਅਣਜਾਣ, ਲੋਕਪੀੜਤ ਹਾਸ਼ੀਏ 'ਤੇ ਰਹੇ ਅਤੇ ਨਿਰਣਾ ਲੈਣ ਦੀ ਕਿਸੇ ਵੀ ਯੋਗਤਾ ਤੋਂ ਅਲੱਗ ਹੀ ਰਹੇ ਹਨ।

ਮੌਜੂਦਾ ਸਮੇਂ ਤੱਕ ਪਰੰਤੂ ਸੱਚਾ ਆਗੂ ਅਮਰੀਕਾ ਹੀ ਹੈ, ਕਿਉਂਕਿ ਇਹ ਸਭ ਤੋਂ ਜ਼ਿਆਦਾ ਸੁਤੰਤਰ ਅਤੇ ਲੋਕਤੰਤਰਿਕ ਸਮਾਜ ਹੈ ਅਤੇ ਰੁਚੀਆਂ ਅਤੇ ਰਾਏ ਨੂੰ ਨਿਯੰਤ੍ਰਿਤ ਕਰਨਾ ਨਿਸ਼ਚਿਤ ਹੀ ਕਿਤੇ ਜ਼ਿਆਦਾ ਮਹੱਤਵਪੂਰਨ ਹੈ। ਤੁਸੀਂ 'ਨਿਊਯਾਰਕ ਟਾਈਮਜ਼' ਵਿਚ ਪੜ੍ਹ ਸਕਦੇ ਹੋ। ਉਹਨਾਂ ਨੇ ਕਾਰਲ ਰੋਵ ਕੇਬਾਰੇ ਦਾ ਇਕ ਲੇਖ ਛਾਪਿਆ, ਜੋ ਰਾਸ਼ਟਰਪਤੀ ਦਾ ਇਕ ਪ੍ਰਬੰਧਕ ਸੀ–ਬੁਨਿਆਦੀ ਤੌਰ 'ਤੇ ਉਸਦਾ ਚਿੰਤਕ ਸੀ ਜੋ ਸਿਖਾਉਂਦਾ ਹੈ ਕਿ ਕੀ ਕਹਿਣਾ ਚਾਹੀਦਾ ਹੈ ਅਤੇ ਕੀ ਕਰਨਾ ਚਾਹੀਦਾ ਹੈ? ਲੇਖ ਵਿਚ ਦੱਸਿਆ ਗਿਆ ਕਿ ਕਾਰਲ ਰੋਵ ਹੁਣ ਕੀ ਕਰ ਰਹੇ ਹਨ? ਉਹ ਯੁੱਧ ਦੀ ਯੋਜਨਾ ਵਿਚ ਸਪੱਸ਼ਟ ਰੂਪ ਵਿਚ ਸ਼ਾਮਲ ਨਹੀਂ ਸੀ, ਪਰ ਉਹ ਤਾਂ ਬੁਸ਼ ਵੀ ਨਹੀਂ ਸੀ। ਇਹ ਦੂਸਰੇ ਲੋਕਾਂ ਦੇ ਹੱਥ ਵਿਚ ਸੀ। ਪਰੰਤੂ ਉਹ ਕਹਿੰਦਾ ਹੈ ਕਿ ਉਸਦਾ ਮਕਸਦ ਸੀ ਕਿ ਰਾਸ਼ਟਰਪਤੀ ਨੂੰ ਯੁੱਧ ਦੇ ਸਮੇਂ ਇਕ ਸ਼ਕਤੀਸ਼ਾਲੀ ਨੇਤਾ ਦੇ ਰੂਪ ਵਿਚ ਪ੍ਰਸਤੁਤ ਕੀਤਾ ਜਾਵੇ। ਨਿਸ਼ਾਨਾ ਰਾਸ਼ਟਰਪਤੀ ਦੀਆਂ ਅਗਲੀਆਂ ਚੋਣਾਂ ਸਨ ਤਾਂ ਕਿ ਰਿਪਬਲਿਕਨ ਘਰੇਲੂ ਏਜੰਡੇ ਨੂੰ ਪੂਰਾ ਕਰ ਸਕਣ। ਉਹ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਜਿਸ ਦਾ ਮਤਲਬ ਹੈ–ਕਰਾਂ ਵਿਚ ਕਟੌਤੀ। ਉਹ ਕਹਿੰਦੇ ਹਨ ਇਹ ਅਰਥਵਿਵਸਥਾ ਦੇ ਲਈ ਹੈ, ਪਰੰਤੂ ਹੁੰਦਾ ਇਹ ਅਮੀਰਾਂ ਲਈ ਹੈ। ਕਟੌਤੀ ਅਤੇ ਦੂਸਰੇ ਪ੍ਰੋਗਰਾਮਾਂ ਦੀ ਗਿਣਤੀ ਗਿਣਨ ਵਿਚ ਇਸ ਨੂੰ ਪ੍ਰੇਸ਼ਾਨੀ ਨਹੀਂ ਹੈ। ਪਰੰਤੂ ਉਹ ਬਣਾਏ ਗਏ ਹਨ 'ਅਤਿ ਸਮਰਿਧ' ਅਤੇ ਵਿਸ਼ਿਸਟ ਵਿਅਕਤੀਆਂ ਦੇ ਬਹੁਤ ਹੀ ਛੋਟੇ ਵਰਗ ਦੇ ਲਈ। ਪਰੰਤੂ ਇਹਨਾਂ ਦਾ ਨੁਕਸਾਨ ਪਹੁੰਚੇਗਾ, ਬਹੁ–ਸੰਖਿਅਕ ਜਨਤਾ ਨੂੰ। ਇਸ ਤੋਂ ਜ਼ਿਆਦਾ ਜ਼ਰੂਰੀ ਗੱਲ ਹੈ ਕਿ ਇਸ ਦਾ ਲੇਖ ਵਿਚ ਜ਼ਿਕਰ ਨਹੀਂ ਆਇਆ, ਇਸ ਨਾਲ ਸਮਾਜਿਕ ਸਹਾਇਤਾ ਪ੍ਰਦਾਨ ਕਰਨ ਵਾਲੀ ਵਿਵਸਥਾ ਦੇ ਸੰਸਥਾਗਤ ਆਧਾਰ ਨੂੰ ਨਸ਼ਟ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਸਕੂਲਾਂ, ਸਮਾਜਿਕ ਸੁਰੱਖਿਆ ਅਤੇ ਹਰ ਚੀਜ਼ ਨੂੰ ਸਮਾਪਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਇਸ ਜੋ ਨਿਸ਼ਚੇ 'ਤੇ ਆਧਾਰਤ ਸੀ ਕਿ ਲੋਕਾਂ ਦਾ ਇਕ ਦੂਸਰੇ ਦੇ ਪ੍ਰਤੀ ਥੋੜ੍ਹਾ ਬਹੁਤ ਸਰੋਕਾਰ ਹੋਣਾ ਹੀ ਚਾਹੀਦਾ ਹੈ। ਇਹ ਇਕ ਬਹੁਤ ਖ਼ਤਰਨਾਕ ਵਿਚਾਰ ਹੈ ਕਿ ਇਹਨਾਂ ਸਰੋਕਾਰਾਂ ਨੂੰ ਲੋਕਾਂ ਦੇ ਦਿਮਾਗ ਵਿਚੋਂ ਕੱਢ ਦਿੱਤਾ ਜਾਵੇ। ਇਸ ਸੋਚ ਨੂੰ ਕਿ ਤੁਹਾਡੇ ਵਿਚ ਹਮਦਰਦੀ ਅਤੇ ਭਾਈਚਾਰਾ ਹੋਵੇ, ਤੁਹਾਨੂੰ ਇਸ ਦੀ ਫ਼ਿਕਰ ਹੋਵੇ ਕਿ ਸ਼ਹਿਰ ਵਿਚ ਜੋ ਅਪੰਗ ਵਿਧਵਾ ਹੈ, ਉਸਨੂੰ ਖਾਣ ਲਈ ਹੈ ਜਾਂ ਨਹੀਂ।

? **ਮੈਂ ਚਾਹੁੰਦਾ ਹਾਂ ਕਿ ਤੁਸੀਂ ਇਕ ਨਵੀਂ ਸ਼ਬਦ ਰਚਨਾ 'ਐਂਬੈਡਿਡ ਪੱਤਰਕਾਰ' 'ਤੇ ਅਪਣੀ ਟਿੱਪਣੀ ਕਰੋ?**

ਨੌਅਮ ਚੌਮਸਕੀ– ਇਹ ਬਹੁਤ ਦਿਲਚਸਪ ਹੈ। ਇਹ ਦਿਲਚਸਪ ਹੈ ਕਿ ਪੱਤਰਕਾਰ ਇਸ ਨੂੰ ਸਵੀਕਾਰ ਕਰ ਰਹੇ ਹਨ। ਕੋਈ ਈਮਾਨਦਾਰ ਪੱਤਰਕਾਰ ਖ਼ੁਦ ਨੂੰ 'ਐਂਬੈਡਿਡ' (ਜੁੜਿਆ ਹੋਇਆ) ਨਹੀਂ ਕਹਾਉਣਾ ਚਾਹੇਗਾ। 'ਮੈਂ ਇਕ ਐਂਬਡਿਡ ਪ੍ਰਚਾਰਕ ਹਾਂ।' ਕਹਿਣ ਦਾ ਮਤਲਬ ਹੈ, 'ਮੈਂ ਇਕ ਸਰਕਾਰੀ ਪੱਤਰਕਾਰ ਹਾਂ।' ਪਰੰਤੂ ਇਹ ਸਵੀਕਾਰਤ ਹੈ। ਇਸ ਨਾਲ ਇਸ ਧਾਰਨਾ ਦੇ ਬਣਨ ਵਿਚ ਵੀ ਮੱਦਦ ਮਿਲਦੀ ਹੈ ਕਿ ਅਸੀਂ ਜੋ ਵੀ ਕੁਝ ਕਰੀਏ ਉਹ ਠੀਕ ਹੈ ਅਤੇ ਜਾਇਜ਼ ਹੈ। ਇਸ ਲਈ ਜੇਕਰ ਤੁਸੀਂ ਅਮਰੀਕੀ ਟੁਕੜੀ ਦੇ ਨਾਲ ਜੁੜੇ ਹੋ ਤਾਂ ਤੁਸੀਂ ਵਸਤੂਨਿਸ਼ਟ ਹੋ। ਅਸਲ ਵਿਚ, ਇਹੀ ਗੱਲ, ਕਿਤੇ–ਕਿਤੇ ਵਧੇਰੇ ਨਾਟਕੀ ਢੰਗ ਵਿਚ ਵੀ, ਪੀਟਰ ਆਰਨੇਟ ਮਾਮਲੇ ਵਿਚ ਸਾਹਮਣੇ ਆਈ। ਪੀਟਰ ਆਰਨੇਟ ਅਨੁਭਵੀ, ਸਨਮਾਨਿਤ ਪੱਤਰਕਾਰ ਹੈ ਅਤੇ ਉਸਦੀਆਂ ਉਪਲੱਬਧੀਆਂ ਕਈ ਹਨ। ਇਸੇ ਕਾਰਨ ਉਸ ਨਾਲ ਇੱਥੇ ਘਿਰਣਾ ਕੀਤੀ ਜਾਂਦੀ ਹੈ। ਇਸੇ ਕਾਰਨ ਰੋਬਰਟ ਫਿਸਕ ਨਾਲ ਨਫ਼ਰਤ ਕੀਤੀ ਜਾਂਦੀ ਹੈ।

? **ਫਿਸਕ ਬ੍ਰਿਟਿਸ਼ ਹੋਣ ਕਾਰਨ ਅਤੇ ਆਰਨੇਟ ਮੂਲ ਤੌਰ 'ਤੇ ਨਿਊਜੀਲੈਂਡ ਤੋਂ ਹੈ?**

ਨੌਅਮ ਚੌਮਸਕੀ–ਫਿਸਕ ਮੱਧਪੂਰਵ ਦੇ ਪੱਤਰਕਾਰ ਦੇ ਰੂਪ ਵਿਚ ਕਿਤੇ ਜ਼ਿਆਦਾ ਅਨੁਭਵੀ ਅਤੇ ਸਨਮਾਨਿਤ ਹੈ। ਉਹ ਹਮੇਸ਼ਾ ਤੋਂ ਉੱਥੇ ਰਿਹਾ ਹੈ। ਉਸ ਨੇ ਬਹੁਤ ਚੰਗਾ ਕੰਮ ਕੀਤਾ। ਉਹ ਇਲਾਕੇ ਨੂੰ ਜਾਣਦਾ ਹੈ। ਉਹ ਦਹਿਲਾ ਦੇਣ ਵਾਲਾ ਪੱਤਰਕਾਰ ਹੈ। ਉਸਦਾ ਇੱਥੇ ਤ੍ਰਿਸਕਾਰ ਕੀਤਾ ਜਾਂਦਾ ਹੈ। ਤੁਹਾਨੂੰ ਉਸਦਾ ਇਕ ਲਫ਼ਜ਼ ਤੱਕ ਪੜ੍ਹਨ ਨੂੰ ਨਹੀਂ ਮਿਲਦਾ। ਜੇਕਰ ਕਿਤੇ ਜ਼ਿਕਰ ਵੀ ਹੋਵੇ, ਤਾਂ ਕਿਸੇ ਨਾ ਕਿਸੇ ਤਰ੍ਹਾਂ ਨਾਲ ਉਸਦੀ ਭੰਡੀ ਹੀ ਕੀਤੀ ਜਾਂਦੀ ਹੈ। ਕਾਰਨ ਇਹ ਹੈ ਕਿ ਉਹ ਕੁਝ ਜ਼ਿਆਦਾ ਹੀ ਆਜ਼ਾਦ ਖ਼ਿਆਲੀ ਹੈ। ਉਹ ਐਂਬੈਡਿਡ ਪੱਤਰਕਾਰ ਨਹੀਂ ਬਣੇਗਾ। ਪੀਟਰ ਆਰਨੇਟ ਦੀ ਨਿੰਦਿਆ ਇਸ ਲਈ ਕੀਤੀ ਜਾਵੇਗੀ ਕਿਉਂਕਿ ਉਸ ਨੇ ਇਰਾਕੀ ਟੈਲੀਵਿਜ਼ਨ 'ਤੇ ਮੁਲਾਕਾਤ ਦਿੱਤੀ। ਕੀ ਕਿਸੇ ਦੀ ਇਰਾਕੀ ਟੈਲੀਵਿਜ਼ਨ 'ਤੇ ਮੁਲਾਕਾਤ ਦੇਣ ਲਈ ਨਿੰਦਿਆ ਕੀਤੀ ਜਾ ਸਕਦੀ ਹੈ? ਨਹੀਂ, ਹੈਰਾਨੀ ਦੀ ਗੱਲ ਹੈ।

? **ਅਕਤੂਬਰ 2001 ਵਿਚ ਅਫਗਾਨਿਸਤਾਨ 'ਤੇ ਹੋਏ ਹਮਲੇ ਨੇ ਇਸ ਤਰ੍ਹਾਂ ਦੇ ਕੁਝ ਦਿਲਚਸਪ ਸ਼ਬਦ ਪੈਦਾ ਕੀਤੇ, ਤੁਸੀਂ ਉਹਨਾਂ 'ਤੇ ਟਿੱਪਣੀ ਵੀ ਕੀਤੀ ਹੈ। ਇਕ ਸੀ, 'ਅਪ੍ਰੇਸ਼ਨ ਐਂਡਯੋਰਿੰਗ ਫਰੀਡਮ' (ਆਜ਼ਾਦੀ ਦੇ ਧੀਰਜ ਦੀ ਪ੍ਰੀਖਿਆ ਦਾ ਅਪ੍ਰੇਸ਼ਨ) ਅਤੇ ਦੂਸਰਾ ਸੀ, 'ਅਨਲਾਅਫੁਲ ਕੰਬਟੈਂਟ' (ਅਪ੍ਰਤੱਖ ਲੜਾਕਾ) ਅੰਤਰ–ਰਾਸ਼ਟਰੀ ਨਿਆਂ–ਸ਼ਾਸਤਰ ਵਿਚ ਸੱਚ ਹੀ ਇਕ ਨਵੀਨਤਾ?**

ਨੌਅਮ ਚੌਮਸਕੀ– ਇਹ ਯੁੱਧ ਦੇ ਬਾਅਦ ਦੇ ਸਮੇਂ ਦੀ ਨਵੀਨਤਾ ਹੈ। ਦੂਸਰੇ ਵਿਸ਼ਵ ਯੁੱਧ ਤੋਂ ਬਾਅਦ ਅੰਤਰ–ਰਾਸ਼ਟਰੀ ਕਾਨੂੰਨ ਦਾ ਬਦਲੇ ਵਿਚ ਨਵਾਂ ਢਾਂਚਾ ਬਣਿਆ ਸੀ, ਜਨੇਵਾ ਇਕੱਤਰਤਾ ਸਹਿਤ। ਜਿਸ ਤਰ੍ਹਾਂ ਇਥੇ ਪ੍ਰਯੋਗ ਹੋਇਆ ਹੈ, ਉਹ ਇਸ ਤਰ੍ਹਾਂ ਦੇ ਦੁਸ਼ਮਣ ਦੇ ਕਿਸੇ ਨਿਰਣੇ ਨੂੰ ਪ੍ਰਵਾਨਗੀ ਨਹੀਂ ਦਿੰਦੇ। ਯੁੱਧਬੰਦੀ ਹੋ ਸਕਦੀ ਹੈ, ਪਰੰਤੂ ਕੋਈ ਸ਼੍ਰੇਣੀ ਨਹੀਂ ਬਣੇਗੀ। ਅਸਲ ਵਿਚ ਇਹ ਪੁਰਾਣੀ ਹੀ ਸ਼੍ਰੇਣੀ ਹੈ, ਦੂਸਰੇ ਵਿਸ਼ਵ ਯੁੱਧ ਤੋਂ ਪਹਿਲਾਂ ਦੀ, ਜਦੋਂ ਕੁਝ ਵੀ ਕਰਨ ਦੀ ਖੁੱਲ੍ਹ ਸੀ। ਪਰੰਤੂ ਜਨੇਵਾ ਇਕੱਤਰਤਾ ਵਿਚ, ਜੋ ਨਾਜ਼ੀਆਂ ਦੇ ਅਪਰਾਧਾਂ ਨੂੰ ਅਣਉਪਚਾਰਿਕ ਰੂਪ ਨਾਲ ਅਪਰਾਧ ਦਾ ਨਾਂ ਦੇਣ ਦੇ ਲਈ ਸਥਾਪਤ ਕੀਤਾ ਗਿਆ ਸੀ, ਇਸ ਸਭ ਬਦਲ ਦਿੱਤਾ ਗਿਆ। ਇਸ ਤਰ੍ਹਾਂ ਯੁੱਧਬੰਦੀਆਂ ਦੀ ਖ਼ਾਸ ਹੈਸੀਅਤ ਹੋਣੀ ਚਾਹੀਦੀ ਹੈ। ਬੁਸ਼ ਪ੍ਰਸ਼ਾਸਨ ਮੀਡੀਏ ਅਤੇ ਅਦਾਲਤਾਂ ਦੀ ਮੱਦਦ ਨਾਲ ਦੂਸਰੇ ਵਿਸ਼ਵ ਯੁੱਧ ਤੋਂ ਪਹਿਲਾਂ ਦੇ ਸਮੇਂ ਵਿਚ ਜਾ ਰਿਹਾ ਹੈ,



ਜੇਕਰ ਤੁਸੀਂ ਲੋਕਾਂ ਨੂੰ ਬਲ ਨਾਲ ਕਾਬੂ ਵਿਚ ਰੱਖਦੇ ਹੋ ਤਾਂ ਇਸ ਗੱਲ ਨੂੰ ਕਾਬੂ ਕਰਨਾ ਇੰਨਾ ਜ਼ਰੂਰੀ ਨਹੀਂ ਕਿ ਉਹ ਕੀ ਸੋਚਦੇ ਹਨ? ਅਤੇ ਕੀ ਮਹਿਸੂਸ ਕਰਦੇ ਹਨ? ਪਰੰਤੂ ਜੇਕਰ ਤੁਸੀਂ ਲੋਕਾਂ ਨੂੰ ਬਲ ਨਾਲ ਨਿਯੰਤ੍ਰਿਤ ਕਰਨ ਦੀ ਤਾਕਤ ਖੋ ਦਿੰਦੇ ਹੋ ਤਾਂ ਰੁਚੀਆਂ ਅਤੇ ਰਾਏ ਨੂੰ ਨਿਯੰਤ੍ਰਿਤ ਕਰਨਾ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ। ਇਸ ਸਥਿਤੀ ਨੂੰ ਵਰਤਮਾਨ ਸਮੇਂ ਵਿਚ ਦੇਖੋ। ਹੁਣ ਜਨਤਾ ਪ੍ਰਚਾਰ ਦੀਆਂ ਸਰਕਾਰੀ ਸੰਸਥਾਵਾਂ ਨੂੰ ਸਵੀਕਾਰ ਕਰਨ ਦੀ ਇਛੁੱਕ ਨਹੀਂ ਹੈ। ਇਸ ਲਈ ਰੀਗਨ ਨੇ ਸਰਵਜਨਕ ਕੂਟਨੀਤੀ ਦੇ ਦਫ਼ਤਰ ਨੂੰ ਗ਼ੈਰਕਾਨੂੰਨੀ ਘੋਸ਼ਿਤ ਕਰ ਦਿੱਤਾ ਅਤੇ ਉਹ ਭੁੱਲ–ਭੁਲਈਆਂ ਵਿਚ ਪਿਆ ਰਿਹਾ। ਇਸਦਾ ਬਦਲ ਇਹ ਹੋਇਆ ਕਿ ਨਿੱਜੀ ਤਾਨਾਸ਼ਾਹੀਆਂ ਆ ਗਈਆਂ, ਜੋ ਬੁਨਿਆਦੀ ਤੌਰ 'ਤੇ ਕਾਰਪੋਰੇਟ ਸਿਸਟਮ ਸਨ, ਜੋ ਰਾਏ ਅਤੇ ਰੁਚੀਆਂ ਨੂੰ ਨਿਯੰਤ੍ਰਿਤ ਕਰਨ ਦੀ ਭੂਮਿਕਾ ਅਦਾ ਕਰਦੇ ਹਨ, ਇਹ ਸਰਕਾਰ ਤੋਂ ਆਦੇਸ਼ ਤਾਂ ਨਹੀਂ ਲੈਂਦੇ, ਪਰੰਤੂ ਉਸ ਨਾਲ ਨੇੜਿਓਂ ਜ਼ਰੂਰ ਜੁੜੇ ਹੁੰਦੇ ਹਨ। ਇਹ ਸਾਡੀ ਅੱਜ ਦੀ ਵਿਵਸਥਾ ਹੈ।

ਜਦੋਂ ਮਾਨਵਜਾਤੀ 'ਤੇ ਕੀਤੇ ਗਏ ਅਪਰਾਧਾਂ ਅਤੇ ਯੁੱਧ ਅਪਰਾਧਾਂ ਦਾ ਮੁਕਾਬਲਾ ਕਰਨ ਲਈ ਅੰਤਰ-ਰਾਸ਼ਟਰੀ ਕਾਨੂੰਨ ਦਾ ਕੋਈ ਗੰਭੀਰ ਢਾਂਚਾ ਨਹੀਂ ਸੀ। ਇੰਨਾ ਹੀ ਨਹੀਂ ਇਹ ਨਾ ਸਿਰਫ਼ ਆਕਰਮ ਯੁੱਧ ਦੀ ਘੋਸ਼ਣਾ ਕਰ ਰਿਹਾ ਹੈ ਬਲਕਿ ਜਿਹਨਾਂ ਲੋਕਾਂ 'ਤੇ ਬੰਬਾਰੀ ਕਰਦਾ ਹੈ ਜਾਂ ਜਿਹਨਾਂ ਨੂੰ ਫੜ੍ਹਦਾ ਹੈ, ਉਹਨਾਂ ਨੂੰ ਇਕ ਤਰ੍ਹਾਂ ਦੀ ਸ਼੍ਰੇਣੀ ਵਿਚ ਵੰਡ ਦਿੰਦਾ, ਜਿਸ ਕੋਲ ਕੋਈ ਅਧਿਕਾਰ ਨਹੀਂ ਹੈ।

...ਉਹ ਇਸ ਤੋਂ ਵੀ ਕਾਫ਼ੀ ਪਿੱਛੇ ਚਲੇ ਗਏ ਹਨ। ਪ੍ਰਸ਼ਾਸਨ ਨੇ ਲੋਕਾਂ ਨੂੰ, ਜਿਸ ਵਿਚ ਅਮਰੀਕੀ ਨਾਗਰਿਕ ਵੀ ਹਨ, ਇੱਥੇ ਲਿਆਉਣ ਦੇ ਅਧਿਕਾਰ ਦਾ ਦਾਅਵਾ ਕੀਤਾ ਹੈ। ਉਹ ਉਹਨਾਂ ਨੂੰ ਅਨਿਸ਼ਚਿਤ ਸਮੇਂ ਲਈ ਜੇਲ੍ਹ ਵਿਚ ਬੰਦ ਕਰ ਦਿੰਦੇ ਹਨ। ਉੱਥੇ ਉਹ ਅਪਣੇ ਪਰਿਵਾਰਾਂ ਅਤੇ ਵਕੀਲਾਂ ਨੂੰ ਵੀ ਮਿਲ ਨਹੀਂ ਸਕਦੇ। ਉਹਨਾਂ ਨੂੰ ਬਿਨਾਂ ਕਿਸੇ ਆਰੋਪ ਦੇ ਉਦੋਂ ਤੱਕ ਕੈਦ ਰੱਖਿਆ ਜਾਂਦਾ ਹੈ ਜਦੋਂ ਤੱਕ ਰਾਸ਼ਟਰਪਤੀ ਇਹ ਫੈਸਲਾ ਨਾ ਕਰੇ ਕਿ ਆਤੰਕ ਦੇ ਖਿਲਾਫ਼ ਯੁੱਧ ਜਾਂ ਉਸ ਨੂੰ ਜੋ ਵੀ ਨਾਂ ਦੇਣਾ ਚਾਹੇ, ਖ਼ਤਮ ਨਹੀ ਹੋ ਜਾਂਦਾ। ਇਹ ਬੇਸ਼ਰਮੀ ਹੈ। ਕੁੱਝ ਹੱਦ ਤੱਕ ਅਦਾਲਤਾਂ ਇਸ ਨੂੰ ਸਵੀਕਾਰ ਕਰ ਰਹੀਆਂ ਹਨ ਅਤੇ ਉਹ ਅਸਲ ਵਿਚ ਨਵੇਂ ਕਾਨੂੰਨ, ਜਿਸ ਨੂੰ ਕਦੇ-ਕਦੇ ਪੈਟਰੀਆਟ ਟੂਐਕਟ ਕਿਹਾ ਜਾਂਦਾ ਹੈ, ਪਰ ਲੀਕ ਹੋ ਗਿਆ ਸੀ। ਕਾਨੂੰਨ ਦੇ ਦੂਸਰੇ ਪ੍ਰੋਫੈਸਰ ਅਤੇ ਦੂਸਰੇ ਲੋਕ ਪ੍ਰੈਸ ਵਿਚ ਉਸ 'ਤੇ ਕੁਝ ਲੇਖ ਵੀ ਲਿਖ ਚੁੱਕੇ ਹਨ। ਇਹ ਹੈਰਾਨੀਜਨਕ ਹੈ। ਨਾਗਿਰਕਤਾ ਜੋ ਇਕ ਮੌਲਿਕ ਅਧਿਕਾਰ ਹੈ, ਉਹ ਇਸਨੂੰ ਖ਼ਤਮ ਕਰਨ ਦਾ ਹੱਕ ਪਾਉਣਾ ਚਾਹੁੰਦੇ ਹਨ। ਜੇਕਰ ਅਟਾਰਨੀ ਜਨਰਲ ਚਾਹੇ ਤਾਂ ਕਿਸੇ ਸਬੂਤ ਦੀ ਵੀ ਜ਼ਰੂਰਤ ਨਹੀਂ ਹੈ। ਉਹ ਕਹਿ ਦਿੰਦਾ ਹੈ ਕਿ ਵਿਅਕਤੀ ਕਿਸੇ ਤਰ੍ਹਾਂ ਨਾਲ ਇਸ ਤਰ੍ਹਾਂ ਦੇ ਕੰਮਾਂ ਵਿਚ ਸ਼ਾਮਲ ਹੈ ਜੋ ਅਮਰੀਕਾ ਲਈ ਨੁਕਸਾਨਦੇਹ ਹੋ ਸਕਦੇ ਹਨ। ਇਸ ਤਰ੍ਹਾਂ ਦੇ ਦ੍ਰਿਸ਼ਟਾਂਤ ਲੱਭਣ ਲਈ ਤਹਾਨੂੰ ਸਰਵਸੱਤਾਵਾਦੀ ਰਾਸ਼ਟਰਾਂ ਵਿਚ ਜਾਣਾ ਹੋਵੇਗਾ। ਦੁਸ਼ਮਣ ਲੜਾਕਾ ਇਸ ਤਰ੍ਹਾਂ ਦਾ ਹੀ ਇਕ ਸ਼ਬਦ ਹੈ। ਗੁਅੰਤਨਾਮੋ ਵਿਚ ਲੋਕਾਂ ਦੇ ਨਾਲ ਜੋ ਸਲੂਕ ਕੀਤਾ ਜਾ ਰਿਹਾ ਹੈ ਉਹ ਦੂਸਰੇ ਵਿਸ਼ਵ ਯੁੱਧ ਦੇ ਬਾਅਦ, ਮਤਲਬ ਜਦੋਂ ਤੋਂ ਨਾਜ਼ੀਆਂ ਦੀ ਪ੍ਰਤੀਕ੍ਰਿਰਿਆ ਵਿਚ ਆਪਾਂ ਅਪਰਾਧਾਂ ਨੂੰ ਕਾਨੂੰਨੀ ਤੌਰ 'ਤੇ ਅਪਰਾਧੀ ਮੰਨਿਆ ਗਿਆ ਹੈ, ਅੰਤਰ ਰਾਸ਼ਟਰੀ ਮਾਨਵਵਾਦ ਦੇ ਸਭ ਤੋਂ ਬੁਨਿਆਦੀ ਸਿਧਾਤਾਂ ਦਾ ਖੁੱਲ੍ਹੇ ਤੌਰ 'ਤੇ ਉਲੰਘਣ ਹੈ।

? 'ਨਾਈਟਲਾਈਨ' ਤੇ ਬ੍ਰਿਟਿਸ਼ ਪ੍ਰਧਾਨ ਮੰਤਰੀ ਟੋਨੀ ਬਲੇਅਰ ਨੂੰ ਇਹ ਕਹਿੰਦੇ ਹੋਏ ਪ੍ਰਗਟ ਕੀਤਾ ਗਿਆ ਹੈ 'ਇਹ ਹਮਲਾ ਨਹੀਂ ਹੈ', ਤੁਸੀਂ ਕੀ ਕਹਿਣਾ ਹੈ?

ਨੌਅਮ ਚੌਮਸਕੀ- ਟੋਨੀ ਬਲੇਅਰ ਅਮਰੀਕਾ ਦੇ ਲਈ ਪ੍ਰਚਾਰ ਦਾ ਏਜੰਟ ਹੈ-ਉਹ ਬੋਲਣ ਵਿਚ ਚੰਗਾ ਹੈ, ਵਾਕ ਇਕੋਂ ਤਰ੍ਹਾਂ ਆਉਂਦੇ ਹਨ, ਬਾਹਰੀ ਤੌਰ 'ਤੇ ਲੋਕ ਉਸਦੀ ਸ਼ਕਲ-ਸੂਰਤ ਨੂੰ ਵੀ ਪਸੰਦ ਕਰਦੇ ਹਨ। ਉਹ ਉਸ ਫੈਸਲੇ 'ਤੇ ਚੱਲ ਰਿਹਾ ਹੈ ਜੋ ਬਰਤਾਨੀਆਂ ਨੇ ਬੜੀ ਸਾਵਧਾਨੀ ਨਾਲ ਦੂਸਰੇ ਵਿਸ਼ਵ ਯੁੱਧ ਤੋਂ ਬਾਅਦ ਲਿਆ ਸੀ। ਦੂਸਰੇ ਵਿਸ਼ਵ ਯੁੱਧ ਦੇ ਦੌਰਾਨ ਬਰਤਾਨੀਆਂ ਨੇ ਮੰਨਿਆ ਕਿ ਉਹਨਾਂ ਦੇ ਕੋਲ ਇਸ ਬਾਰੇ ਅੰਦਰੂਨੀ ਦਸਤਾਵੇਜ਼ ਕਾਫ਼ੀ ਮਾਤਰਾ ਵਿਚ ਹਨ, ਜੋ ਜ਼ਾਹਿਰ ਜਿਹੀ ਗੱਲ ਸੀ, ਬ੍ਰਿਟੇਨ ਵਿਸ਼ਵ ਪ੍ਰਭੁਵਤ ਵਾਲੀ ਤਾਕਤ ਸੀ ਅਤੇ ਦੂਸਰੇ ਵਿਸ਼ਵ ਯੁੱਧ ਤੋਂ ਬਾਅਦ ਉਸ ਦੀ ਉਹ ਤਾਕਤ ਖ਼ਤਮ ਹੋ ਜਾਣ ਵਾਲੀ ਸੀ। ਇਹ ਤਾਕਤ ਅਮਰੀਕਾ ਕੋਲ ਜਾਣ ਵਾਲੀ ਸੀ। ਬਰਤਾਨੀਆ ਨੇ ਚੋਣ ਕਰਨੀ ਹੀ ਸੀ। ਉਹ ਸਿਰਫ਼ ਇਕ ਦੇਸ਼ ਬਣਾ ਕੇ ਰਹਿਣਾ ਚਾਹੁੰਦਾ ਹੈ ਜਾਂ ਅਮਰੀਕਾ ਦਾ ਜੂਨੀਅਰ ਪਾਰਟਨਰ ਬਣਨਾ ਚਾਹੁੰਦਾ ਹੈ? ਉਸਨੇ ਜੂਨੀਅਰ ਦੀ ਭੂਮਿਕਾ ਸਵੀਕਾਰ ਕੀਤੀ ਅਤੇ ਉਦੋਂ ਤੋਂ ਇਹੀ ਚੱਲੀ ਆ ਰਹੀ ਹੈ। ਵਾਰ-ਵਾਰ ਬਹੁਤ ਹੀ ਅਪਮਾਨਜਨਕ ਢੰਗ ਨਾਲ ਬ੍ਰਿਟੇਨ ਨੂੰ ਮਾਰ ਪਈ ਹੈ। ਉਹ ਚੁੱਪ-ਚਾਪ ਬੈਠ ਕੇ ਮਾਰ ਖਾਂਦਾ ਰਿਹਾ ਅਤੇ ਕਹਿੰਦਾ ਹੈ, 'ਠੀਕ ਹੈ, ਅਸੀਂ ਜੂਨੀਅਰ ਪਾਰਟਨਰ ਰਹਾਂਗੇ। ਵਿਦੇਸ਼ੀ ਲੋਕਾਂ ਨੂੰ ਮਾਰਨ ਦਾ ਅਤੇ ਨਿਰਕੁੰਸ਼ਤਾ ਦਾ ਉਸਦਾ ਅਪਣਾ ਸਦੀਆਂ ਦਾ ਅਨੁਭਵ ਹੈ। ਉਹ ਕਹਿੰਦਾ ਹੈ ਅਸੀਂ ਗਠਬੰਧਨ ਨੂੰ ਪ੍ਰਵਾਨ ਕਰਾਂਗੇ।' ਇਹ ਹੈ ਬਰਤਾਨੀਆ ਦੀ ਭੂਮਿਕਾ। ਇਹ ਅਪਮਾਨਜਨਕ ਹੈ।

ਨਾਗਿਰਕਤਾ ਜੋ ਇਕ ਮੌਲਿਕ ਅਧਿਕਾਰ ਹੈ, ਉਹ ਇਸਨੂੰ ਖ਼ਤਮ ਕਰਨ ਦਾ ਹੱਕ ਪਾਉਣਾ ਚਾਹੁੰਦੇ ਹਨ। ਜੇਕਰ ਅਟਾਰਨੀ ਜਨਰਲ ਚਾਹੇ ਤਾਂ ਕਿਸੇ ਸਬੂਤ ਦੀ ਵੀ ਜ਼ਰੂਰਤ ਨਹੀਂ ਹੈ। ਉਹ ਕਹਿ ਦਿੰਦਾ ਹੈ ਕਿ ਵਿਅਕਤੀ ਕਿਸੇ ਤਰ੍ਹਾਂ ਨਾਲ ਇਸ ਤਰ੍ਹਾਂ ਦੇ ਕੰਮਾਂ ਵਿਚ ਸ਼ਾਮਲ ਹੈ ਜੋ ਅਮਰੀਕਾ ਲਈ ਨੁਕਸਾਨਦੇਹ ਹੋ ਸਕਦੇ ਹਨ। ਇਸ ਤਰ੍ਹਾਂ ਦੇ ਦ੍ਰਿਸ਼ਟਾਂਤ ਲੱਭਣ ਲਈ ਤਹਾਨੂੰ ਸਰਵਸੱਤਾਵਾਦੀ ਰਾਸ਼ਟਰਾਂ ਵਿਚ ਜਾਣਾ ਹੋਵੇਗਾ। ਦੁਸ਼ਮਣ ਲੜਾਕਾ ਇਸ ਤਰ੍ਹਾਂ ਦਾ ਹੀ ਇਕ ਸ਼ਬਦ ਹੈ। ਗੁਅੰਤਨਾਮੋ ਵਿਚ ਲੋਕਾਂ ਦੇ ਨਾਲ ਜੋ ਸਲੂਕ ਕੀਤਾ ਜਾ ਰਿਹਾ ਹੈ ਉਹ ਦੂਸਰੇ ਵਿਸ਼ਵ ਯੁੱਧ ਦੇ ਬਾਅਦ, ਮਤਲਬ ਜਦੋਂ ਤੋਂ ਨਾਜ਼ੀਆਂ ਦੀ ਪ੍ਰਤੀਕ੍ਰਿਰਿਆ ਵਿਚ ਆਪਾਂ ਅਪਰਾਧਾਂ ਨੂੰ ਕਾਨੂੰਨੀ ਤੌਰ 'ਤੇ ਅਪਰਾਧੀ ਮੰਨਿਆ ਗਿਆ ਹੈ, ਅੰਤਰ ਰਾਸ਼ਟਰੀ ਮਾਟਵਵਾਦ ਦੇ ਸਭ ਤੋਂ ਬੁਨਿਆਦੀ ਸਿਧਾਤਾਂ ਦਾ ਖੁੱਲ੍ਹੇ ਤੌਰ 'ਤੇ ਉਲੰਘਣ ਹੈ।

? ਤੁਸੀਂ ਜਦੋਂ ਭਾਸ਼ਣ ਦਿੰਦੇ ਹੋ ਤਾਂ ਤੁਹਾਡੇ ਤੋਂ ਇਕ ਸਵਾਲ ਹਮੇਸ਼ਾ ਪੁੱਛਿਆ ਜਾਂਦਾ ਹੈ ਕਿ ਸਾਨੂੰ ਕੀ ਕਰਨਾ ਚਾਹੀਦਾ ਹੈ? ਕੀ ਅਮਰੀਕੀ ਵੀ ਇਸ ਤਰ੍ਹਾਂ ਪੁੱਛਦੇ ਹਨ?

ਨੌਅਮ ਚੌਮਸਕੀ-- ਤੁਸੀਂ ਠੀਕ ਕਹਿ ਰਹੇ ਹੋ, ਇਹ ਅਮਰੀਕੀ ਸਰੋਤਾ ਹੈ। ਤੀਸਰੀ ਦੁਨੀਆ ਵਿਚ ਇਸ ਤਰ੍ਹਾਂ ਦੀ ਗੱਲ ਨਹੀਂ ਸੁਣਾਈ ਪੈਦੀ।

? ਕਿਉਂ ਨਹੀ?

ਨੌਅਮ ਚੌਮਸਕੀ-- ਕਿਉਂਕਿ ਜਦੋਂ ਤੁਸੀਂ ਤੁਰਕੀ ਜਾ ਕੋਲੰਬੀਆ ਜਾਂ ਬਰਾਜ਼ੀਲ ਜਾਂ ਕਿਤੇ ਹੋਰ ਥਾਂ ਜਾਓ ਤਾਂ ਉਹ ਤੁਹਾਡੇ ਤੋਂ ਇਹ ਨਹੀਂ ਪੁੱਛਦੇ, 'ਤੁਹਾਨੂੰ ਕੀ ਕਰਨਾ ਚਾਹੀਦਾ ਹੈ? ਉਹ ਤੁਹਾਨੂੰ ਦੱਸਣਗੇ ਕਿ ਉਹ ਕੀ ਕਰ ਰਹੇ ਹਨ? ਬਹੁਤ ਹੀ ਖ਼ਾਸ ਸੱਭਿਆਚਾਰਾਂ ਵਿਚ ਹੀ ਲੋਕ ਪੁੱਛਦੇ ਹਨ, 'ਮੈਨੂੰ ਕੀ ਕਰਨਾ ਚਾਹੀਦਾ ਹੈ?' ਸਾਡੇ ਸਾਹਮਣੇ ਹਰ ਵਿਕਲਪ ਖੁੱਲ੍ਹਾ ਹੈ। ਤੁਰਕੀ ਵਿਚ ਬੁੱਧੀਜੀਵੀ ਜਾਂ ਬਰਾਜ਼ੀਲ ਵਿਚ ਕਿਸਾਨ ਜਿਹਨਾਂ ਸਮੱਸਿਆਵਾਂ ਦਾ ਸਾਹਮਣਾ ਕਰਦੇ ਹਨ, ਵਰਗਾ ਕੁਝ ਨਹੀਂ। ਅਸੀਂ ਕੁਝ ਵੀ ਕਰ ਸਕਦੇ ਹਾਂ। ਪਰੰਤੂ ਇੱਥੋਂ ਦੇ ਲੋਕਾਂ ਨੂੰ ਕਿਸ ਚੀਜ਼ 'ਤੇ ਵਿਸ਼ਵਾਸ ਕਰਨਾ ਸਿਖਾਇਆ ਗਿਆ ਹੈ? ਜੇ ਇਸ ਤਰ੍ਹਾਂ ਦੀ ਚੀਜ਼ ਅਸੀਂ ਕਰ ਸਕੀਏ, ਜੋ ਆਸਾਨ ਹੋਵੇ, ਜੋ ਬਹੁਤ ਤੇਜ਼ ਕੰਮ ਕਰੇ ਅਤੇ ਫਿਰ ਅਸੀਂ ਅਪਣੇ ਸਾਧਾਰਨ ਜੀਵਨ ਵਿਚ ਵਾਪਸ ਪਰਤ ਜਾਈਏ। ਪਰੰਤੂ ਇਸ ਤਰ੍ਹਾਂ ਹੁੰਦਾ ਨਹੀਂ। ਜੇਕਰ ਤੁਸੀਂ ਕੁਝ ਕਹਿਣਾ ਚਾਹੁੰਦੇ ਹੋ, ਤੁਹਾਨੂੰ ਦਿਨ-ਬ-ਦਿਨ ਸਮਰਪਿਤ ਅਤੇ ਪ੍ਰਤੀਬੱਧ ਹੋਣਾ ਹੀ ਹੋਵੇਗਾ। ਤੁਸੀਂ ਜਾਣਦੇ ਹੋ, ਇਹ ਅਸਲ ਵਿਚ ਕੀ ਹੈ, ਇਹ ਸਿੱਖਿਆ ਸੰਬੰਧੀ ਪ੍ਰੋਗਰਾਮ ਹੈ। ਇਹ ਸੰਗਠਨ ਕਰਨਾ ਹੈ, ਇਹ ਸਕ੍ਰਿਆਵਾਦ ਹੈ। ਇਸ ਤਰ੍ਹਾਂ ਬਦਲਦੀਆਂ ਹਨ ਚੀਜ਼ਾਂ। ਤੁਸੀਂ ਕੋਈ ਇਸ ਤਰ੍ਹਾਂ ਦੀ ਚੀਜ਼ ਚਾਹੁੰਦੇ ਹੋ ਜੋ ਜਾਦੂਈ ਕੁੰਜੀ ਦੀ ਤਰ੍ਹਾਂ ਹੋਵੇ ਜੋ ਕੱਲ੍ਹ ਤਹਾਨੂੰ ਵਾਪਸ ਟੈਨੀਵਿਯਨ ਦੇ ਸਾਹਮਣੇ ਲੈ ਜਾ ਬੈਠਾਏ? ਇਸ ਤਰ੍ਹਾਂ ਦੀ ਕੋਈ ਚਾਬੀ ਨਹੀਂ ਹੈ।

? ਤੁਸੀਂ 1960 ਵਿਚ ਇੰਡੋ-ਚਾਈਨਾਂ ਵਿਚ ਅਮਰੀਕੀ ਦਖ਼ਲ ਦਾ ਵਿਰੋਧ ਕਰਨ ਵਾਲਿਆਂ ਵਿਚ ਸਕ੍ਰਿਆ ਅਤੇ ਪੁਰਾਣੇ ਡਿਜ਼ੀਡੇਂਟ ਸੀ। ਹੁਣ ਤੁਹਾਡੇ ਸਾਹਮਣੇ ਇਹ ਤਸਵੀਰ ਹੈ ਕਿ ਉਦੋਂ ਕੀ ਚੱਲ ਰਿਹਾ ਸੀ ਜਾਂ ਹੁਣ ਕੀ ਚੱਲ ਰਿਹਾ ਹੈ? ਦੱਸੋ ਕਿ ਅਮਰੀਕਾ ਵਿਚ ਅਸਿਹਮਤੀ ਦਾ ਵਿਕਾਸ ਕਿਸ ਤਰ੍ਹਾਂ ਹੋਇਆ?

ਨੌਅਮ ਚੌਮਸਕੀ-- ਅਸਲ ਵਿਚ 'ਨਿਊਯਾਰਕ ਟਾਇਮਜ਼' ਵਿਚ ਇਕ ਹੋਰ ਲੇਖ ਹੈ ਜੋ ਦੱਸਦਾ ਹੈ ਕਿ ਕਿਸ ਤਰ੍ਹਾਂ ਪ੍ਰੋਫ਼ੈਸਰ ਯੁੱਧ ਵਿਰੋਧੀ ਕਾਰਜ ਕਰਤਾ ਹਨ, ਪਰੰਤੂ ਵਿਦਿਆਰਥੀ ਨਹੀਂ ਹਨ। ਜਦੋਂ ਵਿਦਿਆਰਥੀ ਯੁੱਧ ਵਿਰੋਧੀ ਕਾਰਜ ਕਰਤਾ ਸੀ, ਉਦੋਂ ਇਸ ਤਰ੍ਹਾਂ ਨਹੀਂ ਹੁੰਦਾ ਸੀ। ਰਿਪੋਰਟ ਕਹਿ ਰਹੀ ਹੈ ਕਿ 1970 ਦੇ ਆਸ ਪਾਸ ਅਤੇ ਇਹ ਸੱਚ ਹੈ ਕਿ 1970 ਤੱਕ ਵਿਦਿਆਰਥੀ ਯੁੱਧ ਦਾ ਵਿਰੋਧ ਕਰਨ ਵਾਲੇ ਸਰਗਰਮ ਵਿਰੋਧੀ ਸਨ। ਪਰੰਤੂ ਇਹ ਦੱਖਣੀ ਵੀਅਤਨਾਮ ਦੇ ਖਿਲਾਫ਼ ਅਮਰੀਕਾ ਦੀ ਲੜਾਈ ਦੇ ਅੱਠ ਸਾਲ ਬਾਅਦ ਦੀ ਗੱਲ ਹੈ, ਜੋ ਉਦੋਂ ਤੱਕ ਸਾਰੇ ਇੰਡੋ-ਚਾਈਨਾ ਵਿਚ ਫੈਲ ਚੁੱਕੀ ਸੀ, ਜਿਸ ਨੇ ਅਸਲ ਵਿਚ ਉਸ ਥਾਂ ਨੂੰ ਬਰਬਾਦ ਹੀ ਕਰ ਦਿੱਤਾ ਸੀ। ਲੜਾਈ ਦੇ ਅਰੰਭਕ ਸਾਲਾਂ ਵਿਚ 1962 ਵਿਚ ਇਹ ਘੋਸ਼ਣਾ ਕੀਤੀ ਗਈ ਸੀ ਕਿ ਅਮਰੀਕੀ ਹਵਾਈ ਜ਼ਹਾਜ ਦੱਖਣੀ ਵੀਅਤਨਾਮ 'ਤੇ ਬੰਬਾਰੀ ਕਰ ਰਹੇ ਹਨ। 'ਨੇਪਾਸ' (ਬਹੁਤ ਜਲਣਸ਼ੀਲ) ਪੈਟਰੋਲੀਅਮ-ਜਿਸ ਨੂੰ ਬੰਬ ਵਿਚ ਪ੍ਰਯੋਗ 'ਚ ਲਿਆਉਂਦੇ ਹਨ, ਦੇ ਪ੍ਰਯੋਗ ਨੂੰ ਅਧਿਕਾਰ ਹੇਠ ਲਿਆਇਆ ਗਿਆ ਸੀ। ਫ਼ਸਲਾਂ ਨੂੰ ਨਸ਼ਟ ਕਰਨ ਲਈ ਰਸਾਇਣਕ ਹਥਿਆਰ ਵਰਤੇ ਜਾ ਰਹੇ ਸਨ। ਲੱਖਾਂ ਲੋਕਾਂ ਨੂੰ ਯੁੱਧ ਸੰਬੰਧੀ ਥਾਵਾਂ 'ਤੇ ਖਦੇੜਨ ਦੇ ਪ੍ਰੋਗਰਾਮ ਉਲੀਕੇ ਜਾ ਰਹੇ ਸਨ, ਜੋ ਨਿਸ਼ਚਿਤ ਹੀ ਯਾਤਰਾ ਥਾਵਾਂ ਹੀ ਸਨ। ਬੋਸਟਨ ਵਰਗੀ ਥਾਂ 'ਤੇ ਵੀ, ਜੋ ਇਕ ਉਦਾਸ ਸ਼ਹਿਰ ਸੀ। ਤੁਸੀਂ ਯੁੱਧ ਦੇ ਖ਼ਿਲਾਫ਼ ਇਕੱਤਰਤਾ ਨਹੀਂ ਕਰ ਸਕਦੇ ਸੀ, ਕਿਉਂਕਿ ਮੀਡੀਏ ਦੇ ਸਹਿਯੋਗ ਨਾਲ ਵਿਦਿਆਰਥੀ ਉਹਨਾਂ ਨੂੰ ਖਦੇੜ ਦਿੰਦੇ ਸਨ। ਮੇਰੇ ਵਰਗੇ ਵਕਤਾ ਸਹੀ ਸਲਾਮਤ ਨਿਕਲਣਾ ਚਾਹੁੰਣ ਤਾਂ ਸਰਕਾਰੀ ਪੁਲਿਸ ਦੇ ਸੌ ਸਿਪਾਹੀਆਂ ਦੀ ਜ਼ਰੂਰਤ ਹੁੰਦੀ ਸੀ। ਵਿਰੋਧ ਦਿਖਾਵੇ ਕਰਨ ਵਾਲੇ ਯੁੱਧ ਦੇ ਕਈ ਸਾਲਾਂ ਬਾਅਦ ਆਏ। ਉਦੋਂ ਤੱਕ ਲੱਖਾਂ ਲੋਕ ਮਾਰੇ ਜਾ ਚੁੱਕੇ ਸਨ। ਵੀਅਤਨਮ ਦਾ ਬਹੁਤ ਸਾਰਾ ਹਿੱਸਾ ਨਸ਼ਟ ਕੀਤਾ ਜਾ ਚੁੱਕਾ ਸੀ। ਉਸ ਤੋਂ ਬਾਅਦ ਜਾ ਕੇ ਵਿਰੋਧ ਦਿਸਣ ਲੱਗਦੇ ਹਨ।

ਪਰੰਤੂ ਇਸ ਸਭ ਕੁਝ ਇਤਿਹਾਸ ਵਿਚੋਂ ਕੱਢ ਦਿੱਤਾ ਗਿਆ ਹੈ ਕਿਉਂਕਿ ਇਹ ਕੁਝ ਜ਼ਿਆਦਾ ਹੀ ਸੱਚ ਬਿਆਨ ਕਰ ਦਿੰਦਾ ਹੈ। ਇਸ ਵਿਚ ਬਹੁਤ ਸਾਰੇ ਲੋਕਾਂ, ਜ਼ਿਆਦਤਰ ਨੌਜਵਾਨਾਂ ਦੀ ਕਈ-ਕਈ ਸਾਲਾਂ ਦੀ ਸਖ਼ਤ ਮੇਹਨਤ ਹੈ। ਉਦੋਂ ਜਾ ਕੇ ਪ੍ਰਤੀਰੋਧ ਦਾ ਅੰਦੋਲਨ ਬਣਿਆ। ਹੁਣ ਤਾਂ ਇਹ ਉਸ ਤੋਂ ਕਿਤੇ ਅੱਗੇ ਨਿਕਲ ਚੁੱਕਾ ਹੈ। ਪਰੰਤੂ 'ਨਿਊਯਾਰਕ ਟਾਇਮਜ਼' ਦੀ ਰਿਪੋਰਟ ਇਹ ਨਹੀਂ ਸਮਝਾ ਸਕਦੀ। ਮੈਨੂੰ ਯਕੀਨ ਹੈ ਕਿ ਰਿਪੋਰਟ ਕਾਫ਼ੀ ਈਮਾਨਦਾਰ ਹੈ। ਮੇਰੇ ਅੰਦਾਜ਼ੇ ਅਨੁਸਾਰ ਉਹ ਉਹੀ ਕਰ ਰਹੀ ਹੈ ਜੋ ਉਸ ਨੂੰ ਪੜ੍ਹਾਇਆ ਗਿਆ ਹੈ ਕਿ ਯੁੱਧ ਵਿਰੋਧੀ ਅੰਦੋਲਨ ਬਹੁਤ ਵੱਡਾ ਸੀ ਕਿਉਂਕਿ ਸੱਚੇ ਇਤਿਹਾਸ ਨੂੰ ਲੋਕਾਂ ਦੀ ਚੇਤਨਾ ਨਾਲ ਸਾਫ਼ ਕਰ ਦੇਣਾ ਹੈ। ਤੁਹਾਨੂੰ ਇਹ ਸਿੱਖਣ ਦੀ ਛੋਟ ਨਹੀਂ ਹੈ ਕਿ ਸਮਰਪਿਤ, ਪ੍ਰਤੀਬੱਧ ਯਤਨ ਚੇਤਨਾ ਅਤੇ ਸਮਝ ਵਿਚ ਮਹੱਤਵਪੂਰਨ ਪਰਿਵਰਤਨ ਲਿਆ ਸਕਦੇ ਹਨ। ਲੋਕ ਇਹ ਜਾਣਨ , ਇਹ ਬਹੁਤ ਖ਼ਤਰਨਾਕ ਵਿਚਾਰ ਹੈ।


# Elite Driving School

Learn to drive with experienced,
caring & friendly instructor
Lessons available in English, Hindi, Punjabi & Urdu

19 ਸਾਲਾਂ ਦਾ ਤਜ਼ਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

19 Years Road Experience

15 Hours in Class Room & 10 Hours in Car Package Available

ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।





- Reasonable Rates
- Free Home Pick up and Drop off
- Weekday and weekend appointments available
- Fully insured, banded and licensed
- class Room Service available
- Help Available in Learner.
- Professional Service with Full Respect.

Gurmail Dhaliwal (Garry)
780-265-6990



2019 61st St NW, Edmonton, AB, T6L 1M5
Tel: 780-265-6990 Fax: 780-461-6990
Email: elitedriving@hotmail.com, www.elitedrivingschoolltd.ca

## ਹਿੰਦੀ ਕਲਾ ਫ਼ਿਲਮਾਂ ਦੇ ਹਵਾਲੇ ਨਾਲ

# ਭਾਰਤੀ ਕਲਾ ਸਿਨੇਮਾ ਦਾ ਉਥਾਨ ਤੇ ਅੰਤ

ਰਮਨ

70 ਵਿਆਂ 'ਚ ਪਹੁੰਚਕੇ ਭਾਰਤੀ ਸਿਨੇਮਾ ਦੇ ਨਵੇਂ ਰੁਝਾਨ ਜ਼ੋਰ ਫੜਨਾ ਸ਼ੁਰੂ ਕਰ ਦਿੰਦੇ ਹਨ। ਗੱਲ ਇਹ ਨਹੀਂ ਕਿ ਜੋ ਕੁੱਝ ਨਵਾਂ ਸਾਹਮਣੇ ਆਇਆ ਉਹ ਪਹਿਲਾਂ ਭਾਰਤੀ ਸਿਨੇਮਾ 'ਚ ਮੌਜੂਦ ਨਹੀਂ ਸੀ। ਇਹ ਬਿਲਕੁਲ ਮੌਜੂਦ ਸੀ, ਪਰੰਤੂ ਅੰਸ਼ਕ ਰੂਪ ਵਿੱਚ। ਇਸ ਉੱਪਰ ਵੇਲੇ ਦੀਆਂ ਪ੍ਰਮੁੱਖ ਫ਼ਿਲਮੀ ਸ਼ਖ਼ਸੀਅਤਾਂ ਪ੍ਰਿਥਵੀ ਰਾਜ ਕਪੂਰ, ਰਾਜ ਕਪੂਰ, ਬਲਰਾਜ ਸਾਹਨੀ, ਗੁਰੂ ਦੱਤ, ਖਵਾਜਾ ਅਹਿਮਦ ਅੱਬਾਸ ਆਦਿ ਦੀ ਰੁਮਾਂਟਿਕ-ਆਦਰਸ਼ਵਾਦੀ ਸੋਚ ਭਾਰੂ ਸੀ। ਇਸ ਕਰਕੇ ਉਹ ਪ੍ਰਵਿਰਤੀਆਂ, ਜੋ ਮਗਰੋਂ ਜਾ ਕੇ ਖੁੱਲ੍ਹਮ-ਖੁੱਲ੍ਹਾ ਪ੍ਰਗਟਾਵਾ ਬਣ ਗਈਆਂ, ਇੱਕ ਜ਼ਾਬਤੇ ਅਧੀਨ ਰਹਿੰਦੀਆਂ ਸਨ। ਰੁਮਾਂਟਿਕ-ਆਦਰਸ਼ਵਾਦੀ ਧਾਰਾ ਦਾ ਸਿਨੇਮਾ ਅਪਣੇ ਸਮੇਂ ਦੀਆਂ ਕੁਰੀਤੀਆਂ, ਦਮਨ, ਅਨਿਆਂ, ਆਰਥਕ ਨਾਬਰਾਬਰੀ ਆਦਿਕ ਸਮਾਜਕ ਵਿਗਾੜਾਂ ਪ੍ਰਤੀ ਵਿਰੋਧ ਪ੍ਰਗਟਾਉਂਦਾ ਹੋਇਆ ਪ੍ਰਭਾਵਸ਼ਾਲੀ ਸਮਾਜਕ ਸਿਨੇਮਾ ਸੀ, ਸਮਾਜਕ ਮਰਯਾਦਾ ਨੂੰ ਪ੍ਰਣਾਇਆ ਹੋਇਆ ਸੀ ਤੇ ਇਸ ਵਿੱਚ ਸਮਾਜਕ ਆਦਰਸ਼ਾਂ ਦੀ ਪ੍ਰਮੁੱਖਤਾ ਬਣੀ ਹੋਈ ਸੀ। ਇਹ ਸਿਨੇਮਾ ਇੱਕ ਅਜਿਹਾ ਮਨੁੱਖ ਸਿਰਜਣ ਦੇ ਆਹਰ ਵਿੱਚ ਸੀ, ਜਿਸਦਾ ਕੇਂਦਰੀ ਪਾਤਰ ਮਾਨਵੀ ਗੁਣਾਂ ਨਾਲ ਭਰਪੂਰ ਤੇ ਇਹਨਾਂ ਗੁਣਾਂ ਉੱਪਰ ਅਧਾਰਤ ਅਪਣੇ ਸੁਪਨਿਆਂ ਅਨੁਸਾਰ ਸਮਾਜ ਨੂੰ ਨਵੇਂ ਸਿਰਿਓਂ ਘੜਨਾ ਤੇ ਢੋਲਣਾ ਚਾਹੁੰਦਾ ਸੀ। ਸਮਾਜ ਸੁਧਾਰ ਦੀ ਦਸ਼ਾ ਵਿੱਚ ਭਾਰਤੀ ਸਿਨੇਮਾ ਨਿਰਸੰਦੇਹ, ਵਪਾਰਕ ਸੀ ਪਰੰਤੂ ਇਸ ਅਧੀਨ ਨਿਰਮਿਤ ਹੋਈਆਂ ਫਿਲਮਾਂ ਅਪਣੇ ਉਦੇਸ਼ ਪੱਖੋਂ ਇਸ ਕਦਰ ਸਾਰਥਕ ਸਨ ਕਿ ਇਹਨਾਂ ਦੇ ਮੁਕਾਬਲੇ ਕਿਸੇ ਵੱਖਰੇ ਸਮਾਂਨੰਤਰ ਜਾਂ ਕਲਾ ਸਿਨੇਮਾ ਦੀ ਜ਼ਰੂਰਤ ਹੀ ਨਹੀਂ ਸੀ ਮਹਿਸੂਸ ਹੁੰਦੀ। 'ਪਾਕੀਜ਼ਾ' ਇਸ ਧਾਰਾ ਦੀ ਸ਼ਾਇਦ ਆਖਰੀ ਵੱਡੀ ਤੇ ਸਫ਼ਲ ਫਿਲਮ ਸੀ। ਇਸ ਤੋਂ ਮਗਰੋਂ ਰੁਮਾਂਟਿਕ-ਆਦਰਸ਼ਵਾਦੀ ਸਿਨੇਮਾ ਦੇ ਸੁਨਹਿਰੇ ਦੌਰ ਦਾ ਅੰਤ ਹੋ ਗਿਆ।



ਹਿੰਦੀ ਸਿਨੇਮਾ ਵਿੱਚ 70 ਵਿਆਂ 'ਚ ਆ ਕੇ ਹਿੰਸਾ, ਪ੍ਰਤੀਹਿੰਸਾ, ਨੰਗੇਜ, ਕਾਮੁਕਤਾ ਤੇ ਕਈ ਕਿਸਮ ਦੇ ਗ਼ੈਰਸਮਾਜਕ ਰੁਝਾਨਾਂ ਦਾ ਬੋਲਬਾਲਾ ਹੋ ਗਿਆ। ਫ਼ਿਲਮ ਵਿੱਚ ਨਾਇਕ ਦੀ ਥਾਂ ਇੱਕ ਅਜਿਹੇ ਵਿਅਕਤੀ ਦੀ ਹੋ ਗਈ ਜਿਹੜਾ ਬਸ ਕਹਿਣ ਨੂੰ ਹੀ ਨਾਇਕ ਸੀ ਉਂਝ ਉਸਦੀਆਂ ਬਹੁਤੀਆਂ ਰੁਚੀਆਂ ਖਲਨਾਇਕ ਵਾਲੀਆਂ ਹੀ ਸਨ। ਇਹ ਤਥਾ ਕਥਿਤ ਨਾਇਕ ਆਪਹੁਦਰਾ, ਬਾਹੂਬਲੀ, ਲਫੰਗਾ ਤੇ ਅਪਰਾਧੀ ਕਿਸਮ ਦਾ ਸੀ। ਫ਼ਿਲਮ ਦੇ ਨਾਇਕ ਤੇ ਖ਼ਲਨਾਇਕ ਵਿਚਕਾਰ ਐਵੇਂ ਮਾਸਾ ਭਰ ਹੀ ਫ਼ਰਕ ਸੀ। ਦੋਵਾਂ ਦਾ ਆਪਸੀ ਸੰਘਰਸ਼ ਤਾਂ ਕਈ ਫ਼ਿਲਮਾਂ 'ਚ ਇਉਂ ਪ੍ਰਤੀਤ ਹੁੰਦਾ ਸੀ, ਜਿਵੇਂ ਬੁਰਾਈ ਦਾ ਬੁਰਾਈ ਨਾਲ ਸੰਘਰਸ਼ ਹੋ ਰਿਹਾ ਹੋਵੇ। ਨਾਇਕ ਅਖਵਾਉਂਦਾ ੴਵਅਕਤੀ ਇਸ ਸੰਘਰਸ਼ 'ਚ ਬਿਨਾਂ ਕਿਸੇ ਠੋਸ ਵਜ੍ਹਾ ਦੇ ਹੀ ਜੇਤੂ ਹੋ ਨਿੱਕਲਦਾ ਸੀ। ਇਸ ਤਰ੍ਹਾਂ ਦੇ ਰੁਝਾਨ ਨੇ, ਜਿਹੜਾ ਭਾਰਤ ਦੇ ਸਮਾਜਕ ਯਥਾਰਥ ਤੋਂ ਕੋਹਾਂ ਦੂਰ ਸੀ, ਸਮੁੱਚੀ ਭਾਰਤੀ ਫ਼ਿਲਮ ਇੰਡਸਟਰੀ ਨੂੰ ਅਪਣੀ ਲਪੇਟ ਵਿੱਚ ਲੈ ਲਿਆ। ਹਿੰਸਾ, ਨੰਗੇਜ਼ ਤੇ ਵਚਿੱਤਰ ਲਫੰਗਾ ਨਾਇਕ ਕਿਸੇ ਵੀ ਫ਼ਿਲਮ ਦੀ ਸਫ਼ਲਤਾ ਦਾ ਮਾਪਦੰਡ ਸਮਝਿਆ ਜਾਣ ਲੱਗ ਪਿਆ। ਅੱਜ ਵੀ ਭਾਰਤੀ ਸਿਨੇਮਾ ਦਾ ਇਹ ਰੁਝਾਨ ਦਿਨ-ਬ-ਦਿਨ ਵਧੇਰੇ ਖੁੱਲ੍ਹੇ ਤੇ ਅਸ਼ਲੀਲ ਰੂਪ ਵਿੱਚ ਨਵੇਂ ਹੱਦਾਂ-ਬੰਨੇ ਤੋੜਦਾ ਅੱਗੇ ਵਧ ਰਿਹਾ ਹੈ।

ਹਿੰਸਾ, ਆਤੰਕ, ਨੰਗੇਜ ਅਤੇ ਅਪਰਾਧ ਬਿਰਤੀਆਂ ਦਾ ਨਿਸੰਗ ਪ੍ਰਦਰਸ਼ਨ ਕਰਨ ਵਾਲੀਆਂ ਤੇ ਆਮ ਆਦਮੀ ਦੇ ਜੀਵਨ ਯਥਾਰਥ ਤੋਂ ਟੁੱਟੀਆਂ ਹੋਈਆਂ ਫ਼ਿਲਮਾਂ ਦੇ ਪ੍ਰਤੀਕਰਮ ਵਜੋਂ ਭਾਰਤੀ ਸਿਨੇਮਾ ਵਿੱਚ ਨਵੀਂ ਤਰ੍ਹਾਂ ਦੀਆਂ ਫ਼ਿਲਮਾਂ ਨਿਰਮਿਤ ਕਰਨ ਦਾ ਰੁਝਾਨ ਪੈਦਾ ਹੋਇਆ। ਇਸ ਨਵੇਂ ਸਿਨੇਮਾ ਦਾ ਉਦੇਸ਼ ਮਾਰਧਾੜ ਦੀਆਂ ਫ਼ਿਲਮਾਂ ਤੋਂ ਪਹਿਲਾਂ ਦੇ ਯੁੱਗ ਦੀਆਂ ਫ਼ਿਲਮਾਂ ਨੂੰ ਪੁਨਰਸੁਰਜੀਤ ਕਰਨਾ ਨਹੀਂ ਸੀ। ਇਹ ਫ਼ਿਲਮਾਂ ਨਾ ਕੇਵਲ ਹਿੰਸਾ ਤੇ ਨੰਗੇਜ਼ ਦੀ ਵਪਾਰਕ ਫਾਰਮੂਲਾ ਫ਼ਿਲਮਾਂ ਵਰਗੀ ਪੇਸ਼ਕਾਰੀ ਦੇ ਵਿਰੁੱਧ ਸਨ, ਸਗੋਂ ਇਹਨਾਂ ਵਿੱਚ ਰੁਮਾਂਟਿਕ ਆਦਰਸ਼ਵਾਦ ਲਈ ਵੀ ਕੋਈ ਥਾਂ ਨਹੀਂ ਸੀ। ਇਹ ਸਿਨੇਮਾ ਸਮਾਜਕ, ਆਰਥਕ, ਸੱਭਿਆਚਾਰਕ ਤੇ ਰਾਜਸੀ ਸਰੋਕਾਰਾਂ ਵਾਲੀਆਂ ਫ਼ਿਲਮਾਂ ਲੈ ਕੇ ਸਾਹਮਣੇ ਆਇਆ ਤੇ ਇਹਨਾਂ ਸਾਰੇ ਵਿਸ਼ਿਆਂ ਤੇ ਸਰੋਕਾਰਾਂ ਨੂੰ ਇਹਨਾਂ ਫ਼ਿਲਮਾਂ ਵਿੱਚ ਯਥਾਰਥਵਾਦੀ ਦ੍ਰਿਸ਼ਟੀ ਤੋਂ ਵਿਉਂਤਿਆਂ ਗਿਆ। ਇਸ ਨਵੇਂ ਸਿਨੇਮਾ ਦੀ ਲਹਿਰ ਨੂੰ ਕਲਾ ਸਿਨੇਮਾ ਅਤੇ ਸਮਾਂਨੰਤਰ ਸਿਨੇਮਾ ਦੇ ਨਾਂ ਮਿਲੇ। ਸਿਨੇਮਾ ਦੇ ਗੰਭੀਰ ਦਰਸ਼ਕ, ਜੋ ਫਾਰਮੂਲਾ ਫ਼ਿਲਮਾਂ ਦੇ ਨਿਰਮਾਣ ਤੋਂ ਨਿਰਾਸ਼ ਸਨ, ਕਲਾ ਫ਼ਿਲਮਾਂ ਦੇ ਬਣਨ ਨਾਲ ਰਾਹਤ ਮਹਿਸੂਸ ਕਰਨ ਲੱਗੇ।

ਕਲਾ ਫ਼ਿਲਮਾਂ ਵਿੱਚ ਕੁੱਝ ਫ਼ਿਲਮਾਂ ਹਲਕੇ-ਫੁਲਕੇ ਮਨੋਰੰਜਕ ਵਿਸ਼ਿਆਂ ਵਾਲੀਆਂ ਸਨ ਜਦ ਕਿ ਕੁੱਝ ਬੇਹੱਦ ਗੰਭੀਰ, ਜਟਿਲ ਤੇ ਮਨੋਵਿਗਿਆਨਕ ਵਿਸ਼ਿਆਂ ਵਾਲੀਆਂ। ਦੋਵੇਂ ਤਰ੍ਹਾਂ ਦੀਆਂ ਫ਼ਿਲਮਾਂ ਦੀ ਸਾਂਝੀ ਸਿਫ਼ਤ ਇਹ ਸੀ ਕਿ ਇਹ ਹਰ ਪੱਖੋਂ ਸਿਨੇਮਾ ਦੀ ਬਿਹਤਰ ਕਲਾ ਦਾ ਮੁਜ਼ਾਹਰਾ ਕਰਦੀਆਂ ਹੋਈਆਂ ਜੀਵਨ ਦੇ ਬਹੁਪਰਤੀ ਯਥਾਰਥ ਦੀਆਂ ਝਲਕਾਂ ਪੇਸ਼ ਕਰਦੀਆਂ ਸਨ। ਕਲਾ ਜਾਂ ਸਮਾਂਨੰਤਰ ਸਿਨੇਮਾ ਦੀ ਲਹਿਰ ਦੇ ਅੰਤਰਗਤ ਅਨੇਕਾਂ ਫ਼ਿਲਮਾਂ ਦਾ ਨਿਰਮਾਣ ਹੋਇਆ। ਗਰਮ ਹਵਾ, ਅੰਕੁਰ, ਮੰਥਨ, ਭੂਮਿਕਾ, ਅਰਧ ਸਤਿਆ, ਉਸਕੀ ਰੋਟੀ, ਲਹਰੋਂ ਕੇ ਰਾਜਹੰਸ, ਕਫ਼ਨ, ਸ਼ਤਰੰਜ ਕੇ ਖਿਲਾੜੀ, ਆਂਧੀ, ਮੌਸਮ, ਰਜਨੀਗੰਧਾ, ਛੋਟੀ ਸੀ ਬਾਤ, ਗੋਲਮਾਲ, ਮ੍ਰਿਗਯਾ, ਮਿਰਚ ਮਸਾਲਾ, ਸਵਾਮੀ, ਮੇਰੇ ਅਪਨੇ, ਜਨੂੰਨ, ਅਕ੍ਰੋਸ਼, ਭਵਾਨੀ ਭਵਾਈ, ਪਾਰਟੀ, ਨਿਸ਼ਾਂਤ, ਹੋਲੀ ਆਦਿ ਫ਼ਿਲਮਾਂ ਬਹੁਤ ਚਰਚਿਤ ਰਹੀਆਂ। ਇਹਨਾਂ ਫ਼ਿਲਮਾਂ ਦੇ ਬਣਨ ਨਾਲ ਫ਼ਿਲਮ ਸਨਅਤ ਵਿੱਚ ਬਹੁਪਸਾਰੀ ਤਬਦੀਲੀ ਵਾਪਰੀ। ਜਿੱਥੇ ਇੱਕ ਪਾਸੇ ਭਾਰਤੀ ਸਿਨੇਮਾ ਨੂੰ ਨਵੀਂ ਦਿਸ਼ਾ ਮਿਲੀ ਉੱਥੇ ਦੂਜੇ ਪਾਸੇ ਅਦਾਕਾਰੀ, ਨਿਰਦੇਸ਼ਨ, ਫੋਟੋਗ੍ਰਾਫ਼ੀ ਆਦਿ ਦੇ ਖੇਤਰਾਂ 'ਚ ਬੇਹੱਦ ਪ੍ਰਤਿਭਾਸ਼ਾਲੀ ਹਸਤੀਆਂ ਦਾ ਪ੍ਰਵੇਸ਼ ਹੋਇਆ। ਅਦਾਕਾਰੀ ਦੇ ਖੇਤਰ ਵਿੱਚ ਨਸੀਰੁਦੀਨ ਸ਼ਾਹ, ਓਮ ਪੁਰੀ, ਕੁਲਭੂਸ਼ਨ ਖਰਬੰਦਾ, ਅਮੋਲ ਪਾਲੇਕਰ, ਸ਼ਬਾਨਾ ਆਜ਼ਮੀ, ਜਯਾ ਭਾਦੁੜੀ, ਸਮਿਤਾ ਪਾਟਿਲ ਆਦਿ ਨੇ ਅਪਣੀ ਮੌਲਿਕ ਤੇ ਜ਼ੋਰਦਾਰ ਸੁਭਾਵਿਕ ਅਦਾਕਾਰੀ ਰਾਹੀਂ ਤਹਿਲਕਾ ਮਚਾ ਦਿੱਤਾ। ਨਿਰਦੇਸ਼ਨ ਦੇ ਖੇਤਰ ਵਿੱਚ ਮ੍ਰਿਨਾਲ ਰਿਸ਼ੀਕੇਸ਼ ਮੁਖਰਜੀ, ਬਾਸੂ ਚੈਟਰਜੀ, ਗੁਲਜ਼ਾਰ ਆਦਿ ਨੇ ਨਵੇਂ ਮੀਲ ਪੱਥਰ ਗੱਡੇ। ਇਹਨਾਂ ਅਦਾਕਾਰਾਂ ਤੇ ਨਿਰਦੇਸ਼ਕਾਂ ਵਿੱਚੋਂ ਜ਼ਿਆਦਾਤਰ ਸ਼ੌਕੀਆ ਕਲਾਕਾਰ ਨਹੀਂ ਸਨ ਸਗੋਂ ਫ਼ਿਲਮ ਤੇ ਡਰਾਮਾ ਦੀਆਂ ਵੱਡੀਆਂ ਸੰਸਥਾਵਾਂ ਦੇ ਸੁਸਿੱਖਿਅਤ ਕਲਾਕਾਰ ਸਨ। ਇਸੇ ਲਈ ਇਹਨਾਂ ਦੀ ਕਲਾ ਵਿੱਚ ਪੁਖ਼ਤਗੀ, ਮੌਲਿਕਤਾ, ਸੂਝਬੂਝ ਅਤੇ ਉੱਚਕੋਟੀ ਦੀ ਕਲਾਤਮਿਕਤਾ ਸੀ। ਇਸੇ ਕਾਰਨ ਹੀ ਵਾਸਤਵ ਵਿੱਚ ਇਹਨਾਂ ਫ਼ਿਲਮਾਂ ਨੂੰ ਕਲਾ ਫ਼ਿਲਮਾਂ ਦਾ ਨਾਂ ਦਿੱਤਾ ਗਿਆ।

ਨਸੀਰੁਦੀਨ ਸ਼ਾਹ ਤੇ ਓਮ ਪੁਰੀ ਨੇ ਕਲਾ ਫ਼ਿਲਮਾਂ 'ਚ ਯਾਦਗਾਰੀ ਭੂਮਿਕਾਵਾਂ ਨਿਭਾਈਆਂ। ਦਿਲਚਸਪ ਗੱਲ ਇਹ ਹੈ ਕਿ ਫ਼ਿਲਮ ਸਨਅਤ ਵਿੱਚ ਪ੍ਰਵੇਸ਼ ਸਮੇਂ ਇਹ ਦੋਵੇਂ ਬੜੀ ਸਾਧਾਰਣ ਜਿਹੀ ਦਿੱਖ ਵਾਲੇ ਨੌਜਵਾਨ ਸਨ। ਓਮ ਪੁਰੀ ਦੇ ਸਾਂਵਲੇ ਚਿਹਰੇ ਉੱਪਰ ਤਾਂ ਮਾਤਾ ਦੇ ਦਾਗ ਵੀ ਹਨ, ਪਰੰਤੂ ਫਿਰ ਵੀ ਅਪਣੀ ਸ਼ਾਨਦਾਰ ਅਤੇ ਜਾਨਦਾਰ ਅਦਾਕਾਰੀ ਸਦਕਾ ਇਹ ਅਪਣੇ ਅੰਦਰਲੀ ਪ੍ਰਤਿਭਾ ਦਾ ਸਿੱਕਾ ਮੰਨਵਾ ਗਏ ਅਤੇ ਹੁਣ ਇਹ ਵਪਾਰਕ ਫ਼ਿਲਮਾਂ ਵਿੱਚ ਛਾਏ ਨਜ਼ਰ ਆ ਰਹੇ ਹਨ। ਇਹਨਾਂ ਦੋਵਾਂ ਨੇ ਇਸ ਪ੍ਰਚੱਲਤ ਤੇ ਸਥਾਪਤ ਮਿੱਥ ਨੂੰ ਵੀ ਤੋੜਿਆ ਕਿ ਫ਼ਿਲਮ ਇੰਡਸਟਰੀ ਵਿੱਚ ਆਉਣ ਲਈ ਬਾਹਰੀ ਦਿੱਖ ਹੀ ਪ੍ਰਮੁੱਖ ਸਥਾਨ ਰੱਖਦੀ ਹੈ। ਇਹ ਦੋਵੇਂ ਅਦਾਕਾਰ ਹਰ ਕਿਰਦਾਰ ਨੂੰ ਉਸਦੀ ਰੂਹ ਵਿੱਚ ਉੱਤਰ ਕੇ ਕਮਾਲ ਦੀ ਅਭਿਨੈ ਕਲਾ ਦੁਆਰਾ ਨਿਭਾਉਂਦੇ ਹਨ। ਸ਼ਿਆਮ ਬੈਨੇਗਲ ਦੁਆਰਾ ਨਿਰਦੇਸ਼ਿਤ ਰਸਕਿਨ ਬੌਂਡ ਦੇ ਨਾਵਲ 'ਤੇ ਆਧਾਰਿਤ ਫ਼ਿਲਮ ਜਨੂੰਨ ਵਿੱਚ ਨਸੀਰੁਦੀਨ ਨੇ ਅੰਗਰੇਜ਼ਾਂ ਵਿਰੁੱਧ ਵਿਦਰੋਹ ਕਰਨ ਵਾਲੇ ਮੁਗ਼ਲ ਸੈਨਾਪਤੀ ਦੀ ਬੜੀ ਬੇਜੋੜ ਭੂਮਿਕਾ ਨਿਭਾਈ ਹੈ। ਇਹੋ ਜਿਹੀਆਂ ਭੂਮਿਕਾਵਾਂ ਨਿਭਾਉਣੀਆਂ ਸ਼ਾਇਦ ਓਮ ਪੁਰੀ ਦੇ ਹਿੱਸੇ ਵੀ ਆਈਆਂ ਹਨ।



ਕਲਾ ਫ਼ਿਲਮਾਂ ਨੇ ਜਿੱਥੇ ਅਦਾਕਾਰ ਸਬੰਧੀ ਪ੍ਰਚੱਲਤ ਮਿੱਥ ਨੂੰ ਤੋੜਿਆ ਉੱਥੇ ਪਟਕਥਾ ਸਬੰਧੀ ਵੀ ਨਵੀਂ ਪਹੁੰਚ ਨੂੰ ਸਾਹਮਣੇ ਲਿਆਂਦਾ। ਕਲਾ ਫ਼ਿਲਮਾਂ ਦੇ ਨਿਰਦੇਸ਼ਕਾਂ ਨੇ ਇਸ ਮਿੱਥ ਨੂੰ ਵੀ ਤੋੜਿਆ ਕਿ ਫ਼ਿਲਮ ਬਣਾਉਣ ਲਈ ਕਿਸੇ ਨਾਵਲ ਨੁਮਾ ਪਟਕਥਾ ਦੀ ਜ਼ਰੂਰਤ ਹੁੰਦੀ ਹੈ। ਇਸ ਪੁਰਾਣੀ ਧਾਰਨਾ ਅਨੁਸਾਰ ਹੀ ਕਈ ਫ਼ਿਲਮਾਂ ਜਿਵੇਂ ਕਿ ਪਵਿੱਤਰ ਪਾਪੀ, ਜੀਵਨ ਸੰਗਰਾਮ, ਦੇਵਦਾਸ, ਮੈਲੀ ਚਾਂਦਨੀ ਆਦਿ ਤਾਂ ਬਣਾਈਆਂ ਹੀ ਨਾਵਲਾਂ ਉੱਪਰ ਗਈਆਂ ਸਨ। ਪਰੰਤੂ ਕਲਾ ਫ਼ਿਲਮਾਂ 'ਚੋਂ ਕਈ ਇੱਕ ਤਾਂ ਦੋ-ਤਿੰਨ ਸਫ਼ਿਆਂ ਦੀਆਂ ਕਹਾਣੀਆਂ ਉੱਪਰ ਵੀ ਬਣੀਆਂ। ਮਣੀ ਕੌਲ ਦੀ 'ਉਸਕੀ ਰੋਟੀ' (ਕਹਾਣੀ ਮੋਹਨ ਰਾਕੇਸ਼) ਅਤੇ ਸਤਿਆਜੀਤ ਰੇਅ ਦੀ 'ਸ਼ਤਰੰਜ ਕੇ ਖਿਲਾੜੀ' (ਕਹਾਣੀ ਮੁਨਸ਼ੀ ਪ੍ਰੇਮ ਚੰਦ) ਆਦਿ ਅਜਿਹੀਆਂ ਫ਼ਿਲਮਾਂ ਸਨ। ਦਰਅਸਲ, ਕਲਾ ਸਿਨੇਮਾ ਨੇ ਫ਼ਿਲਮ ਨੂੰ ਦ੍ਰਿਸ਼ ਦੀ ਭਾਸ਼ਾ ਵਿੱਚ ਹੀ ਸਿਰਜਣ ਤੇ ਸਮਝਣ ਉੱਪਰ ਜ਼ੋਰ ਦਿੱਤਾ ਤੇ ਇਹਨਾਂ ਫ਼ਿਲਮਾਂ ਵਿੱਚ ਕਹਾਣੀ ਤੇ ਸੰਵਾਦ ਨੂੰ ਗੌਣ ਤੱਤਾਂ ਦੇ ਰੂਪ ਵਿੱਚ ਅਪਣਾਇਆ ਗਿਆ।

ਕੁੱਲ ਮਿਲਾਕੇ ਕਲਾ ਫ਼ਿਲਮਾਂ ਦਾ ਸੰਦੇਸ਼ ਇਹ ਰਿਹਾ ਕਿ ਜੇਕਰ ਸਮਾਜ ਨੂੰ ਬਦਲਣਾ ਹੈ ਤਾਂ ਇਸਦੀ ਅਸਲੀਅਤ ਨੂੰ ਬੜੀ ਬਾਰੀਕਬੀਨੀ ਨਾਲ ਘੋਖਣਾ ਅਤੇ ਸਮਝਣਾ ਹੋਵੇਗਾ ਤੇ ਜੀਵਨ ਯਥਾਰਥ ਨੂੰ ਨਾ ਤਾਂ ਮਕਾਨਕੀ ਵਿਧੀ ਨਾਲ ਸਮਝਿਆ ਜਾ ਸਕਦਾ ਹੈ ਤੇ ਤਾਂ ਨਾ ਹੀ ਇਸ ਹਕੀਕੀ ਪੇਸ਼ਕਾਰੀ ਫਾਰਮੂਲਿਆਂ ਰਾਹੀਂ ਸੰਭਵ ਹੈ। ਕਲਾ ਫ਼ਿਲਮਾਂ ਨੇ ਪ੍ਰਭਾਵਸ਼ਾਲੀ ਢੰਗ ਨਾਲ ਇਹ ਸੁਨੇਹਾ ਦਿੱਤਾ ਕਿ ਸਮਾਜ ਦੇ ਜਟਿਲ ਵਰਤਾਰਿਆਂ ਨੂੰ ਯਥਾਰਥਕ ਦ੍ਰਿਸ਼ਟੀਕੋਣ ਤੋਂ ਫ਼ਿਲਮਾਇਆ ਜਾਵੇ ਅਤੇ ਸ਼ੋਸ਼ਨ ਦੇ ਸੂਖਮ ਰੂਪਾਂ ਨੂੰ ਵੱਧ ਤੋਂ ਵੱਧ ਉਘਾੜਿਆ ਜਾਵੇ। ਇਹਨਾਂ ਫ਼ਿਲਮਾਂ ਵਿੱਚ ਆਮ ਭਾਰਤੀ ਫ਼ਿਲਮਾਂ ਵਾਂਗ ਵਿਸ਼ਿਆਂ ਦਾ ਦੁਹਰਾਓ ਮਾਤਰ ਨਹੀਂ ਸੀ। ਵਿਸ਼ਿਆਂ ਦੀ ਇੱਕ ਬਹੁਤ ਵਿਸ਼ਾਲ ਰੇਂਜ ਸੀ ਇਹਨਾਂ ਫ਼ਿਲਮਾਂ 'ਚ। ਇਹ ਵਿਸ਼ੇ ਮਨੁੱਖ ਦੀਆਂ ਮਨੋ-ਉਲਝਣਾਂ ਤੋਂ ਲੈ ਕੇ ਸਮਾਜਕ ਕ੍ਰਾਂਤੀ ਤੱਕ ਫੈਲੇ ਹੋਏ ਸਨ। ਯਕੀਨਨ ਹੀ ਸਾਰੇ ਪੱਖਾਂ ਤੋਂ ਕਲਾ ਸਿਨੇਮਾ ਭਾਰਤੀ ਸਿਨੇਮਾ ਦਾ ਅਤਿਅੰਤ ਗੌਰਵਮਈ ਅੰਦੋਲਨ ਸੀ। ਪਰ ਕੁੱਝ ਕੁ ਦਹਾਕਿਆਂ ਬਾਅਦ ਹੀ ਇਹ ਅੰਦੋਲਨ ਦਮ ਤੋੜ ਗਿਆ।

ਭਾਰਤੀ ਸਿਨੇਮਾ 'ਚ ਕਲਾ ਫ਼ਿਲਮਾਂ ਦਾ ਨਿਰਮਾਣ ਕਰਨ ਵਾਲੀਆਂ ਲੱਗਭਗ ਸਾਰੀਆਂ ਹੀ ਸ਼ਖ਼ਸੀਅਤਾਂ ਅਪਣੇ ਪੂਰੇ ਦਮ ਖ਼ਮ ਨਾਲ ਮੌਜੂਦ ਹਨ। ਜਿਵੇਂ ਕਿ ਉੱਪਰ ਵੀ ਜ਼ਿਕਰ ਕੀਤਾ ਜਾ ਚੁੱਕਾ ਹੈ, ਕਲਾ ਫ਼ਿਲਮਾਂ ਦੇ ਕੁੱਝ ਅਦਾਕਾਰ ਤਾਂ ਚੋਟੀ ਦੇ ਸਟਾਰ ਬਣ ਗਏ ਹਨ। ਨਿਰਦੇਸ਼ਕ ਵੀ ਸਨਮਾਨਿਤ ਸ਼ਖ਼ਸੀਅਤਾਂ ਵਿੱਚ ਸ਼ਾਮਲ ਹਨ ਪਰੰਤੂ ਕਲਾ ਫ਼ਿਲਮਾਂ ਦਾ ਨਿਰਮਾਣ ਖ਼ਤਮ ਹੋ ਗਿਆ ਹੈ। ਕਲਾ ਫ਼ਿਲਮਾਂ ਬਣਨੀਆਂ ਕਿਉਂ ਬੰਦ ਹੋ ਗਈਆਂ? ਇਸਦਾ ਕੋਈ ਇੱਕ ਕਾਰਨ ਨਹੀਂ ਹੈ। ਫਿਰ ਵੀ ਪ੍ਰਮੁੱਖ ਕਾਰਨ ਵਿੱਤੀ ਔਕੜਾਂ ਨੂੰ ਹੀ ਸਮਝਿਆ ਜਾ ਰਿਹਾ ਹੈ। ਫ਼ਿਲਮ ਮਾਧਿਅਮ ਇੱਕ ਅਤਿਅੰਤ ਮਹਿੰਗਾ ਮਾਧਿਅਮ ਹੈ। ਭਾਵੇਂ ਕਲਾ ਫ਼ਿਲਮਾਂ ਨਿਸਬਤਨ ਛੋਟੇ ਬਜਟ ਦੀਆਂ ਹੀ ਹੁੰਦੀਆਂ ਸਨ ਪਰੰਤੂ ਫਿਰ ਵੀ ਇਸ ਛੋਟੇ ਬਜਟ ਦਾ ਬੋਝ ਸਹਿਣਾ ਵੀ ਕਲਾ ਨੂੰ ਸਮਰਪਿਤ ਫ਼ਿਲਮ ਨਿਰਮਾਤਾ ਲਈ ਆਸਾਨ ਨਹੀਂ ਸੀ ਤੇ ਉੱਪਰੋਂ ਕਲਾ ਫ਼ਿਲਮਾਂ ਦੇ ਬਾਕਸ ਆਫਿਸ 'ਤੇ ਹਿੱਟ ਰਹਿਣ ਦੀ ਕੋਈ ਗਰੰਟੀ ਨਹੀਂ ਸੀ ਹੁੰਦੀ। ਇਸ ਲਈ ਫ਼ਿਲਮ ਸਨਅਤ ਵਿੱਚ ਕਲਾ ਫ਼ਿਲਮਾਂ ਦੇ ਨਿਰਮਾਣ ਨੂੰ ਇੱਕ ਜ਼ੋਖਿਮ ਭਰਿਆ ਕੰਮ ਸਮਝਿਆ ਜਾਣ ਲੱਗਾ ਤੇ ਹੌਲੀ-ਹੌਲੀ ਕਲਾ ਫ਼ਿਲਮ ਬਣਾਉਣ ਦਾ ਰਿਸਕ ਲੈਣਾ ਬੰਦ ਹੋ ਗਿਆ ਤੇ ਸਮਾਂਨੰਤਰ ਸਿਨੇਮਾ ਦੀ ਲਹਿਰ ਦਾ ਖ਼ਾਤਮਾ ਹੋ ਗਿਆ।

ਦੂਰਦਰਸ਼ਨ 'ਤੇ ਇੱਕ ਇੰਟਰਵਿਊ ਦੌਰਾਨ ਓਮ ਪੁਰੀ ਨੂੰ ਜਦੋਂ ਕਲਾ ਫ਼ਿਲਮਾਂ ਦੀ ਹੋਣੀ ਸਬੰਧੀ ਸਵਾਲ ਪੁੱਛਿਆ ਗਿਆ ਤਾਂ ਵਿੱਤੀ ਨਜ਼ਰੀਏ ਤੋਂ ਤਾਂ ਉਸਦਾ ਜਵਾਬ ਉਪਰੋਕਤ ਹੀ ਸੀ ਪਰ ਨਾਲ ਉਸਨੇ ਇਹ ਵੀ ਕਿਹਾ ਕਿ ਕਲਾ ਫ਼ਿਲਮਾਂ ਦੀਆਂ ਜੋ ਖ਼ੂਬੀਆਂ ਸਨ ਉਹਨਾਂ ਨੂੰ ਵਪਾਰਕ ਭਾਰਤੀ ਸਿਨੇਮਾ ਨੇ ਅਪਣੇ ਅੰਦਰ ਜਜ਼ਬ ਕਰ ਲਿਆ ਹੈ। ਪਰ ਅਸੀਂ ਦੇਖਦੇ ਹਾਂ ਕਿ ਵਪਾਰਕ ਭਾਰਤੀ ਸਿਨੇਮਾ ਨੇ ਕਲਾ ਫ਼ਿਲਮਾਂ ਦੇ ਤਕਨੀਕੀ, ਕਲਾਤਮਕ ਜਾਂ ਰੂਪਕ ਪੱਖ ਨੂੰ ਹੀ ਅਪਣੇ ਅੰਦਰ ਜਜ਼ਬ ਕੀਤਾ ਹੈ, ਇਸਦੇ ਵਿਸ਼ਾ-ਵਸਤ ਨੂੰ ਜਾਂ ਤਾਂ ਇਸਨੇ ਬਿਲਕੁਲ ਹੀ ਤਿਆਗ ਦਿੱਤਾ ਹੈ ਜਾਂ ਫਿਰ ਬੜੇ ਵਿਗੜੇ ਹੋਏ ਰੂਪ ਵਿਚ ਅਪਣਾਇਆ ਹੈ

# ਮਹਾਂਨਾਇਕਾਂ ਦੀ ਪੀੜ

ਚੰਦਰ ਤ੍ਰਿਖਾ

'ਦੋ ਗਜ਼ ਜ਼ਮੀਨ' ਵੀ ਨਸੀਬ ਨਾ ਹੋਣ ਵਾਲਾ ਮਿਸਰਾ ਭਾਵੇਂ ਬਹਾਦੁਰ ਸ਼ਾਹ ਜ਼ਫ਼ਰ ਦੇ ਨਾਲ ਜੁੜਿਆ ਹੋਇਆ ਸੀ, ਪਰ ਇਹ ਲਾਗੂ ਹੋਇਆ ਪੰਜਾਬ ਦੀਆਂ ਦੋ ਲਾਡਲੀਆਂ ਸਖ਼ਸ਼ੀਅਤਾਂ ਉੱਤੇ। ਸਾਹਿਰ ਅਤੇ ਰਫ਼ੀ ਦੋਨਾਂ 'ਤੇ। ਇਹ ਇਸੇ ਧਰਤੀ ਵਿੱਚ ਮਹਿਕੇ ਹਨ। ਪਰ ਹੁਣ ਦੋਨੋਂ ਰੂਹਾਂ ਗ਼ਮਜ਼ਦਾ ਹਨ। ਸਾਹਿਰ ਜੋ ਪੰਜਾਬੀ ਧਰਤੀ ਦਾ ਪੁੱਤਰ ਸੀ। ਸਭ ਨੂੰ ਅਪਣੇ ਲਾਡਲੇ ਸ਼ਾਇਰ ਨਾਲ ਬੇਪਨਾਹ ਮੁਹੱਬਤ ਰਹੀ ਹੈ। ਪੂਰਾ ਵਾਤਾਵਰਣ ਇਸ ਖ਼ਬਰ 'ਤੇ ਗ਼ਮਜ਼ਦਾ ਹੈ ਕਿ ਮੁੰਬਈ ਵਿੱਚ ਸਾਹਿਰ ਲੁਧਿਆਣਵੀ ਦੀ ਕਬਰ ਪੁੱਟ ਦਿੱਤੀ ਗਈ ਹੈ ਅਤੇ ਉਸਦੇ ਖੰਡਰ ਉੱਥੋਂ ਹਟਾ ਦਿੱਤੇ ਗਏ ਹਨ। ਇਹ ਕਿਸੇ ਕਿਸਮ ਦੇ ਬਦਲੇ ਦੀ ਕਾਰਵਾਈ ਨਹੀਂ ਸੀ, ਸਿਰਫ਼ ਸੰਵੇਦਨਹੀਣ ਸਮਾਜ ਦੀ ਘਟੀਆ ਸੋਚ ਸੀ। ਇੱਕ ਮੌਲਿਕਾ ਦੀ ਕਬਰਗਾਹ 'ਤਾਜ ਮਹਿਲ' ਉੱਤੇ ਇਤਿਹਾਸਕ ਅਤੇ ਕਾਲਜਈ ਨਜ਼ਮ ਲਿਖਣ ਵਾਲੇ ਸਾਹਿਰ ਲੁਧਿਆਣਵੀ ਅਤੇ ਮਹਾਨ ਗਾਇਕ ਮੁਹੰਮਦ ਰਫ਼ੀ ਦੀਆਂ ਸਮਰਿਤੀਆਂ ਦਾ ਉਹਨਾਂ ਦੀ ਅਪਣੀ ਕਬਰਗਾਹ ਤੋਂ ਹਟਾਇਆ ਜਾਣਾ, ਉਹਨਾਂ ਦੇ ਕਰੋੜਾਂ-ਲੱਖਾਂ ਪ੍ਰਸ਼ੰਸਕਾਂ ਦੇ ਲਈ ਬੇਹੱਦ ਤਕਲੀਫ਼ ਦੇਹ ਹੈ।

ਸਾਹਿਰ ਪੂਰੀ ਜ਼ਿੰਦਗੀ ਦਰਦ ਦਾ ਮਹਾਂਨਾਇਕ ਬਣ ਕੇ ਜੀਵੀਆ।1931 ਵਿੱਚ ਲੁਧਿਆਣਾ ਦੇ ਇੱਕ ਜਗੀਰਦਾਰ ਦੇ ਘਰ ਜੰਮੇ ਸਾਹਿਰ ਨੂੰ ਅਪਣੀ ਪੂਰੀ ਉਮਰ ਦੁੱਖਾਂ ਅਤੇ ਨਿੱਜੀ ਪੀੜਾਂ ਨਾਲ ਗੁਜ਼ਾਰਨੀ ਪਈ। ਬਾਪ ਜਗੀਰਦਾਰ ਪਰ ਪੁੱਤ ਤਾਂ ਕੁਝ ਹੋਰ ਬਣਨਾ ਸੀ। ਉਸਦੀ ਅੰਮੀ ਜਾਨ ਨੇ ਅਪਣੇ ਪਤੀ ਦੀ ਅੱਯਾਸ਼ੀ ਦੇ ਖ਼ਿਲਾਫ਼ ਬਗ਼ਾਵਤ ਕੀਤੀ ਤਾਂ ਤਲਾਕ ਤੱਕ ਹੋਣ ਦੀ ਨੌਬਤ ਆ ਗਈ। ਸਾਹਿਰ ਦੇ ਪਿਤਾ ਨੇ ਅਪਣੀ ਇੱਕ ਮਾਤਰ ਔਲਾਦ ਨੂੰ ਕਾਨੂੰਨੀ ਤੌਰ 'ਤੇ ਅਪਣੇ ਕੋਲ ਰੱਖਣ ਲਈ ਇੱਕ ਲੰਬਾ ਮੁਕੱਦਮਾ ਲੜਿਆ ਪਰ ਹਾਰ ਗਏ। ਉਹਨਾਂ ਨੇ ਜ਼ਬਰਦਸਤੀ ਸਾਹਿਰ ਨੂੰ ਉਸਦੀ ਅੰਮੀ ਜਾਨ ਤੋਂ ਅਲੱਗ ਕਰਨ ਦੀ ਕੋਸ਼ਿਸ਼ ਕੀਤੀ ਪਰ ਸਾਹਿਰ ਅਪਣੀ ਮਾਂ ਤੋਂ ਅਲੱਗ ਹੋਣ ਲਈ ਤਿਆਰ ਨਾ ਹੋਇਆ।

ਸ਼ੁਰੂ ਦੀ ਸਕੂਲੀ ਸਿੱਖਿਆ ਉਸਨੇ ਲੁਧਿਆਣਾ ਦੇ ਖ਼ਾਲਸਾ ਹਾਈ ਸਕੂਲ ਵਿੱਚ ਪ੍ਰਾਪਤ ਕੀਤੀ। ਬਾਅਦ ਵਿੱਚ ਗਵਰਨਮਿੰਟ ਕਾਲਜ ਲੁਧਿਆਣਾ ਵਿੱਚ ਦਾਖ਼ਲ ਹੋ ਗਏ। ਉੱਥੇ ਇੱਕ ਪ੍ਰੇਮ ਪ੍ਰਸੰਗ ਦੇ ਕਾਰਨ ਉਹ ਚਰਚਾ ਵਿੱਚ ਆ ਗਏ। ਉਸਦੀ ਪ੍ਰੇਮਿਕਾ ਇੱਕ ਚੰਗੇ ਘਰ ਦੀ ਸੀ। ਜਦੋਂ ਉਹਨਾਂ ਦਾ ਸਬੰਧ ਟੁੱਟਿਆ ਤਾਂ ਸਾਹਿਰ ਵੀ ਟੁੱਟਦਾ ਚਲਾ ਗਿਆ ਅਤੇ ਉਹਨਾਂ ਨੂੰ ਕਾਲਜ ਵਿੱਚੋਂ ਕੱਢ ਦਿੱਤਾ ਗਿਆ।

1943 ਵਿੱਚ ਸਾਹਿਰ ਲੁਧਿਆਣਾ ਛੱਡ ਕੇ ਅਪਣੀ ਅੰਮੀ ਨੂੰ ਨਾਲ ਲੈ ਕੇ ਲਾਹੌਰ ਚਲਿਆ ਗਿਆ। ਉਸਦਾ ਮਕਸਦ ਅਪਣਾ ਪਹਿਲਾ ਕਾਵਿ ਸੰਗ੍ਰਹਿ 'ਤਲਖ਼ੀਆਂ' ਛਪਵਾਉਣਾ ਸੀ। ਉੱਥੇ ਉਹ 'ਅਦਬੇ-ਲਤੀਫ਼', 'ਸ਼ਾਹਕਾਰ' ਅਤੇ ਬਾਅਦ ਵਿੱਚ 'ਸਵੇਰਾ' ਦੇ ਸੰਪਾਦਨ ਕਾਰਜ ਵਿੱਚ ਜੁੜੇ ਰਹੇ। 1949 ਵਿੱਚ ਸਵੇਰਾ ਵਿੱਚ ਪ੍ਰਕਾਸ਼ਿਤ ਇੱਕ ਲੇਖ ਦੇ ਆਧਾਰ 'ਤੇ ਉਸਦੇ ਖ਼ਿਲਾਫ਼ ਗ੍ਰਿਫ਼ਤਾਰੀ ਦਾ ਵਾਰੰਟ ਜਾਰੀ ਕਰ ਦਿੱਤਾ ਗਿਆ ਤਾਂ ਸਾਹਿਰ ਲਾਹੌਰ ਤੋਂ ਦਿੱਲੀ ਆ ਗਿਆ। ਕੁੱਝ ਮਹੀਨੇ ਉੱਥੇ ਗੁਜ਼ਾਰਨ ਤੋਂ ਬਾਅਦ ਉਹ ਬੰਬਈ ਚਲਾ ਗਿਆ ਅਤੇ ਉੱਥੇ ਲੱਗਭਗ ਤਿੰਨ ਸਾਲ ਤੱਕ ਉਰਦੂ ਅਦਬ, ਸਿਰਜਣ ਅਤੇ ਲੇਖਨ ਦੇ ਨਵੇਂ ਕੀਰਤੀਮਾਨ ਸਥਾਪਿਤ ਕੀਤੇ।

ਉਸਦਾ ਨਾਮ ਅੰਮ੍ਰਿਤਾ ਪ੍ਰੀਤਮ ਦੇ ਨਾਲ ਵੀ ਜੁੜਿਆ। ਅੰਮ੍ਰਿਤਾ ਜੀ ਨੇ ਵੀ ਅਪਣੀ ਜੀਵਨੀ ਵਿੱਚ ਸਾਹਿਰ ਨਾਲ ਅਪਣੇ ਰਿਸ਼ਤੇ ਨੂੰ ਕਬੂਲਿਆ ਹੈ। ਇੱਕ ਵਾਰੀ ਸਾਹਿਰ ਤੋਂ ਪੁੱਛਿਆ ਗਿਆ ਤਾਂ ਉਹ ਬੜੀ ਚੁਤਰਾਈ ਨਾਲ ਇਸ ਸਵਾਲ ਨੂੰ ਟਾਲ ਗਏ ਅਤੇ ਬੋਲੇ ''ਮਸਾਂ ਮੁਸ਼ਕਿਲ ਨਾਲ ਜ਼ਖ਼ਮ ਭਰਨ ਲੱਗੇ ਹਨ, ਕਿਉਂ ਛੇੜਦੇ ਹੋ?''

ਗਾਇਕਾ ਸੁਧਾ ਮਲਹੋਤਰਾ ਨਾਲ ਚਰਚਾ ਇਹ ਰਹੀ ਕਿ ਦੋਨਾਂ ਦੀ ਮੁਹੱਬਤ ਵਿੱਚ ਸਾਹਿਰ ਦੀ ਨਾਸਤਿਕਤਾ ਅੜਿੱਕਾ ਬਣ ਗਈ। ਉਹਨਾਂ ਦਿਨਾਂ ਵਿੱਚ ਹੀ ਉਹਨਾਂ ਦੀਆਂ ਦੋ ਰਚਨਾਵਾਂ ਵੀ ਚਰਚਿਤ ਰਹੀਆਂ-

'ਨਫ਼ਰਤੋਂ ਕੇ ਜਹਾਨ ਮੇਂ ਹਮਕੋ
ਪਿਆਰ ਕੀ ਬਸਤੀਆਂ ਬਸਾਨੀ ਹੈਂ।'
ਦੂਰ ਰਹਿਨਾ ਕੋਈ ਕਮਾਲ ਨਹੀਂ
ਪਾਸ ਆਓ ਤੋ ਕੋਈ ਬਾਤ ਬਨੇ।

ਦੂਸਰੀ ਨਜ਼ਮ ਸੀ-

ਚਲੋ ਏਕ ਵਾਰ ਫਿਰ ਸੇ
ਅਜਨਬੀ ਬਨਾ ਜਾਏਂ ਹਮ ਦੋਨੋਂ.....

ਸਾਹਿਰ ਦੇ ਸਦਾ ਲਈ ਤੁਰ ਜਾਣ 'ਤੇ ਅੰਮ੍ਰਿਤਾ ਨੇ ਕਿਹਾ ਸੀ.....

......ਔਰ ਮੁਝੇ ਲਗਤਾ ਹੈ
ਕਿ ਸਮਸ਼ਾਨ ਕੀ ਆਗ, ਆਗ ਕਾ ਅਪਮਾਨ ਹੈ
ਕਿਸੀ ਸੋਹਨੀ, ਸੱਸੀ ਜਾਂ ਹੀਰ ਮੇਂ
ਜੋ ਆਗ ਜਲਤੀ ਥੀ
ਮੁਝੇ ਉਸ ਆਗ ਕੀ ਪਹਿਚਾਨ ਹੈ'

ਜਦੋਂ ਕਿ ਸੰਵੇਦਨਹੀਣ ਮੁੰਬਈ ਨੇ ਅਪਣੇ ਲਾਡਲੇ ਦੀ ਕਬਰ ਉਜਾੜ ਦਿੱਤੀ ਹੈ, ਤਾਂ ਸੰਵੇਦਨਸ਼ੀਲ ਲੁਧਿਆਣਾ ਨੂੰ ਉਸਦੇ ਖੰਡਰ ਇੱਥੇ ਲਿਆ ਕੇ ਦਫ਼ਨ ਕਰਨੇ ਚਾਹੀਦੇ ਹਨ ਅਤੇ ਸਮਾਰਕ ਬਣਾ ਦੇਣਾ ਚਾਹੀਦਾ ਹੈ ਤਾਂ ਕਿ ਇਤਿਹਾਸ ਇਸ ਪੀੜੀ ਦੇ ਕੀਤੇ ਕਾਰਜ 'ਤੇ ਸ਼ਰਮਿੰਦਾ ਨਾ ਹੋਵੇ।

ਜੇਕਰ ਰੂਹਾਂ ਦਾ ਕੋਈ ਮਹੱਤਵ ਹੈ ਅਤੇ ਉਹਨਾਂ ਨੂੰ ਅਪਣੇ ਵਾਰਿਸਾਂ ਦੇ ਬੁਰੇ ਕੰਮ 'ਤੇ ਤਕਲੀਫ਼ ਹੁੰਦੀ ਹੈ, ਤਾਂ ਇਹ ਤੈਅ ਹੈ ਕਿ ਇਸ ਸਮੇਂ ਮਹਾਨ ਗਾਇਕ ਮੁਹੰਮਦ ਰਫ਼ੀ, ਸ਼ਾਇਰ ਸਾਹਿਰ ਲੁਧਿਆਣਵੀ, ਮਹਾਨ ਸੰਗੀਤਕਾਰ ਨੌਸ਼ਾਦ, ਅਲੀ ਸਰਦਾਰ ਜਾਫ਼ਰੀ, ਤਲਤ ਮਹਿਮੂਦ, ਖ਼ਵਾਜ਼ਾ ਅਹਿਮਦ ਅੱਬਾਸ, ਮਹਾਨ ਅਭਿਨੇਤਰੀ ਮਧੂ ਬਾਲਾ, ਨਸੀਮਬਾਨੋ ਆਦਿ ਨਾਮੀ ਤੇ ਚਰਚਿਤ ਸਖ਼ਸ਼ੀਅਤਾਂ ਦੀਆਂ ਰੂਹਾਂ ਉਦਾਸ (ਗ਼ਮਜ਼ਦਾ) ਹਨ।

ਭੀੜ ਅਤੇ ਲਗਾਤਾਰ ਵੱਧਦੀ ਹੋਈ ਆਬਾਦੀ ਨੇ ਮੁੰਬਈ ਦੇ ਕੋਲ ਹੁਣ ਦੋ ਗਜ਼ ਜ਼ਮੀਨ ਵੀ ਅਪਣੇ ਇਹਨਾਂ ਲਾਡਲੇ ਕਿਰਦਾਰਾਂ ਅਤੇ ਮਹਾਨ ਨਾਇਕ-ਨਾਇਕਾਵਾਂ ਦੇ ਲਈ ਨਹੀਂ ਛੱਡੀ। ਇਹਨਾਂ ਸਾਰਿਆਂ ਦੀਆਂ ਕਬਰਾਂ ਅਤੇ ਖੰਡਰ ਅਤੇ ਉਹਨਾਂ ਦੇ ਮਕਬਰੇ, ਨਵੀਆਂ ਲਾਸ਼ਾਂ ਦੇ ਲਈ ਹਟਾ ਦਿੱਤੇ ਗਏ ਹਨ।

ਰਫ਼ੀ ਦੇ ਦੀਵਾਨਿਆਂ ਦਾ ਹਜੂਮ ਸਾਲ ਵਿੱਚ ਦੋ ਵਾਰੀ 21 ਜੁਲਾਈ ਅਤੇ 24 ਦਸੰਬਰ ਨੂੰ ਰਫ਼ੀ ਜੀ ਦੇ ਮਜ਼ਾਰ 'ਤੇ ਹਰ ਸਾਲ ਜਾਂਦਾ ਸੀ ਪਰ ਹੁਣ ਮਜ਼ਾਰ ਮੌਜੂਦ ਹੀ ਨਹੀਂ ਹੈ। ਉਹ ਕਾਲੇ ਗ੍ਰਨੇਟ ਦਾ ਪੱਥਰ, ਜੋ ਮਜ਼ਾਰ ਦੇ ਇੱਕ ਕੋਨੇ 'ਤੇ ਲੱਗਿਆ ਹੋਇਆ ਸੀ, ਹੁਣ ਹਟਾ ਦਿੱਤਾ ਗਿਆ ਹੈ। ਹੁਣ ਦੀਵਾਨੇ ਸਿਰਫ਼ ਉਸ ਦੇ ਨਜ਼ਦੀਕ ਲੱਗੇ ਨਾਰੀਅਲ ਦੇ ਇੱਕ ਦਰੱਖ਼ਤ ਨਾਲ ਹੀ ਉਸ ਜ਼ਮੀਨ ਦਾ ਅੰਦਾਜ਼ਾ ਲਾ ਲੈਂਦੇ ਹਨ, ਜਿੱਥੇ ਰਫ਼ੀ ਸਾਹਬ ਨੂੰ ਦਫ਼ਨਾਇਆ ਗਿਆ ਸੀ।

**********

# ਪਿਛਲੇ ਜਨਮ ਦਾ ਰਾਜ ਜਾਂ ਅੰਧ-ਵਿਸ਼ਵਾਸ ?

ਸੁਮੀਤ ਸਿੰਘ

ਇਸ ਦੁਨੀਆ ਉੱਤੇ ਵਿਚਰਨ ਵਾਲੇ ਹਰ ਮਨੁੱਖ ਦੀਆਂ ਦੋ ਪ੍ਰਮੁੱਖ ਖਾਹਿਸ਼ਾਂ ਹਨ ਪਹਿਲੀ ਇਹ ਕਿ ਉਸ ਨੂੰ ਬਿਹਤਰ ਜੀਵਨ ਬਸਰ ਕਰਨ ਲਈ ਅਤਿ ਵਿਕਸਿਤ ਅਤੇ ਅਤਿ ਆਧੁਨਿਕ ਜੀਵਨ ਸਹੂਲਤਾਂ ਪ੍ਰਾਪਤ ਹੋਣ ਅਤੇ ਦੂਜੀ ਇਹ ਕਿ ਉਸਦੀ ਉਮਰ ਲੰਬੀ ਹੋਵੇ। ਜਿੱਥੋਂ ਤੱਕ ਪਹਿਲੀ ਖਾਹਿਸ਼ ਦਾ ਸੰਬੰਧ ਹੈ ਦੁਨੀਆ ਦੀ ਆਬਾਦੀ ਦੇ ਇੱਕ ਵੱਡੇ ਹਿੱਸੇ ਨੂੰ ਅਤਿ ਆਧੁਨਿਕ ਸਹੂਲਤਾਂ ਤਾਂ ਕੀ ਸਗੋਂ ਸਿੱਖਿਆ, ਸਿਹਤ, ਰੁਜ਼ਗਾਰ, ਬਿਜਲੀ, ਸਾਫ਼ ਪਾਣੀ ਅਤੇ ਸੀਵਰੇਜ ਆਦਿ ਦੀਆਂ ਬੁਨਿਆਦੀ ਸਹੂਲਤਾਂ ਵੀ ਪ੍ਰਾਪਤ ਨਹੀਂ ਹਨ। ਸਾਡੇ ਦੇਸ਼ ਦੀ 60 ਫੀਸਦੀ ਆਬਾਦੀ ਗਰੀਬੀ, ਮਹਿੰਗਾਈ, ਬੇਰੁਜ਼ਗਾਰੀ, ਭੁੱਖਮਰੀ ਅਤੇ ਬਿਮਾਰੀ ਆਦਿ ਵਰਗੀਆਂ ਗੰਭੀਰ ਸਮੱਸਿਆਵਾਂ ਦਾ ਲਗਾਤਾਰ ਸਾਹਮਣਾ ਕਰ ਰਹੀ ਹੈ ਅਤੇ ਇਸਦੇ ਉਲਟ ਦੇਸ਼ ਦੇ 20 ਫੀਸਦੀ ਅਮੀਰ ਅਤੇ ਪੂੰਜੀਵਾਦੀ ਲੋਕ ਦੇਸ਼ ਦੇ 80 ਫੀਸਦੀ ਸਰਮਾਏ ਉੱਤੇ ਕਬਜ਼ਾ ਕਰਕੇ ਹਰ ਤਰ੍ਹਾਂ ਦੀ ਐਸ਼ਪ੍ਰਸਤੀ ਕਰ ਰਹੇ ਹਨ। ਗਰੀਬੀ ਦੀ ਰੇਖਾ ਤੋਂ ਹੇਠਾਂ 40 ਕਰੋੜ ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰਨ ਦੀ ਬਜਾਏ ਸਾਡੀਆਂ ਹਾਕਮ ਜਮਾਤਾਂ ਅਜਿਹੀਆਂ ਪੂੰਜੀਵਾਦੀ ਪੱਖੀ ਆਰਥਿਕ ਨੀਤੀਆਂ ਲਾਗੂ ਕਰੀ ਜਾ ਰਹੀਆਂ ਹਨ ਕਿ ਅਮੀਰ ਹੋਰ ਅਮੀਰ ਤੇ ਗਰੀਬ ਹੋਰ ਗਰੀਬ ਹੋਈ ਜਾ ਰਿਹਾ ਹੈ। ਜਿਹਨਾਂ ਦੇਸ਼ਾਂ ਵਿੱਚ ਨਾਗਰਿਕਾਂ ਲਈ ਅਤਿ ਵਿਕਸਿਤ ਸਹੂਲਤਾਂ ਮੌਜੂਦ ਹਨ ਉੱਥੋਂ ਦੇ ਨਾਗਰਿਕਾਂ ਦੀ ਔਸਤ ਉਮਰ ਦਰ ਪਿਛੜੇ ਦੇਸ਼ਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਹੈ ਪਰ ਸਾਡੇ ਦੇਸ਼ ਦੇ ਜ਼ਿਆਦਾਤਰ ਲੋਕ ਅਪਣੇ ਦੁੱਖਾਂ-ਥੁੜ੍ਹਾਂ, ਬਿਮਾਰੀਆਂ ਅਤੇ ਸਮੱਸਿਆਵਾਂ ਨੂੰ ਦੂਰ ਕਰਦੇ-ਕਰਦੇ ਛੋਟੀ ਉਮਰ ਵਿੱਚ ਹੀ ਇਸ ਦੁਨੀਆ ਤੋਂ ਕੂਚ ਕਰ ਜਾਂਦੇ ਹਨ।

ਦੁਨੀਆ ਦੇ ਵੱਖ-ਵੱਖ ਧਾਰਮਿਕ ਗ੍ਰੰਥਾਂ, ਧਰਮ ਗੁਰੂਆਂ ਅਤੇ ਧਰਮ ਪ੍ਰਚਾਰਕਾਂ ਵੱਲੋਂ ਇਸ ਅਮੀਰੀ-ਗਰੀਬੀ, ਸੁੱਖ-ਦੁੱਖ, ਊਚ-ਨੀਚ ਅਤੇ ਹੋਰ ਨਾਬਰਾਬਰੀਆਂ ਸੰਬੰਧੀ ਹੁਣ ਤੱਕ ਇਹੀ ਗੁਮਰਾਹਕੁੰਨ ਤੇ ਗੈਰਵਿਗਿਆਨਕ ਪ੍ਰਚਾਰ ਕੀਤਾ ਜਾਂਦਾ ਹੈ ਕਿ ਇਹ ਸਭ ਨਾਬਰਾਬਰੀਆਂ ਕਿਸੇ ਵਿਅਕਤੀ ਦੇ ਪਿਛਲੇ ਜਨਮਾਂ ਦੇ ਕਰਮਾਂ ਦਾ ਨਤੀਜਾ ਹਨ ਅਤੇ ਜੋ ਕੁੱਝ ਉਸ ਨਾਲ ਵਾਪਰ ਰਿਹਾ ਹੈ ਉਹ ਸਭ ਕੁੱਝ ਪ੍ਰਮਾਤਮਾ ਦੀ ਮਰਜ਼ੀ ਅਨੁਸਾਰ ਅਤੇ ਕਿਸਮਤ ਵਿੱਚ ਲਿਖੇ ਮੁਤਾਬਕ ਹੀ ਹੋ ਰਿਹਾ ਹੈ ਜਿਸ ਨੂੰ ਕਿਸੇ ਵੀ ਤਰ੍ਹਾਂ ਬਦਲਿਆ ਨਹੀਂ ਜਾ ਸਕਦਾ। ਦੁਨੀਆ ਦੇ ਲੱਗਭਗ ਸਾਰੇ ਹੀ ਧਰਮਾਂ ਦੇ ਪੁਨਰ ਜਨਮ ਨੂੰ ਮਾਨਤਾ ਦਿੱਤੀ ਹੈ ਅਤੇ ਇਸ ਲਈ ਕਰਮ ਦੇ ਸਿਧਾਂਤ ਨੂੰ ਆਧਾਰ ਬਣਾਇਆ ਗਿਆ ਹੈ, ਜਿਸ ਅਨੁਸਾਰ ਕਿਸੇ ਵਿਅਕਤੀ ਨੇ ਪਿਛਲੇ ਜਨਮ ਵਿੱਚ ਚੰਗੇ ਮਾੜੇ ਕਰਮ ਕੀਤੇ ਹੁੰਦੇ ਹਨ ਉਸ ਨੂੰ ਉਸੇ ਅਨੁਸਾਰ ਹੀ ਅਗਲੇ ਜਨਮ ਵਿੱਚ ਸੁੱਖ-ਦੁੱਖ ਮਿਲਦੇ ਹਨ।

ਜੇ ਕੋਈ ਵਿਅਕਤੀ ਪੁਨਰ ਜਨਮ ਸੰਬੰਧੀ ਉਪਰੋਕਤ ਵਿਚਾਰਾਂ ਦਾ ਹਾਮੀ ਹੈ ਤਾਂ ਇਸ ਨੂੰ ਉਸਦੀ ਨਿੱਜੀ ਆਸਥਾ ਕਹਿ ਕੇ ਟਾਲਿਆ ਜਾ ਸਕਦਾ ਹੈ ਪਰ ਜਦੋਂ ਸਮੁੱਚੀ ਲੋਕਾਈ ਨੂੰ ਅਸਲ ਸੱਚਾਈ ਤੋਂ ਜਾਣੂੰ ਕਰਵਾਉਣ ਲਈ ਜ਼ਿੰਮੇਵਾਰ ਲੋਕਤੰਤਰ ਦੇ ਚੌਥੇ ਥੰਮ ਮੀਡੀਆ ਵੱਲੋਂ ਇੱਕ ਸੋਚੀ ਸਮਝੀ ਨੀਤੀ ਤਹਿਤ ਪਿਛਲੇ ਜਨਮ ਸਬੰਧੀ ਅੰਧਵਿਸ਼ਵਾਸੀ ਪ੍ਰੋਗਰਾਮ 'ਰਾਜ ਪਿਛਲੇ ਜਨਮ ਕਾ' ਜਿਸਦਾ ਇੱਕ ਟੀ.ਵੀ. ਚੈਨਲ ਤੋਂ ਪ੍ਰਸਾਰਣ ਕੀਤਾ ਗਿਆ ਹੋਵੇ ਤਾਂ ਫਿਰ ਅਜਿਹੇ ਗ਼ੈਰ ਵਿਗਿਆਨਕ ਪ੍ਰਚਾਰ ਵਿੱਚ ਕੇਂਦਰੀ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਦੀ ਮਿਲੀ ਭਗਤ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਸਪੱਸ਼ਟ ਹੈ ਕਿ ਸਾਡੇ ਦੇਸ਼ ਦਾ ਸਮੁੱਚਾ ਢਾਂਚਾ ਇਸ ਹੱਦ ਤੱਕ ਭ੍ਰਿਸ਼ਟ ਤੇ ਗ਼ੈਰ ਵਿਗਿਆਨਕ ਹੋ ਚੁੱਕਾ ਹੈ ਕਿ ਸਬੰਧਿਤ ਮੰਤਰਾਲੇ ਨੂੰ ਇਸ ਗੱਲ ਦਾ ਜ਼ਰਾ ਜਿੰਨਾ ਵੀ ਫ਼ਿਕਰ ਨਹੀਂ ਕਿ ਟੈਲੀਵਿਜਨ ਉੱਤੇ ਚੱਲ ਰਹੇ ਕਿਸੇ ਅੰਧਵਿਸ਼ਵਾਸੀ, ਗ਼ੈਰ ਸਮਾਜੀ ਅਤੇ ਵਿਕਾਸ ਵਿਰੋਧੀ ਪ੍ਰੋਗਰਾਮ, ਫ਼ਿਲਮ, ਲੜੀਵਾਰ ਅਤੇ ਇਸ਼ਤਿਹਾਰਬਾਜ਼ੀ ਦਾ ਮਨੁੱਖੀ ਮਾਨਸਿਕਤਾ ਅਤੇ ਦੇਸ਼ ਦੇ ਵਿਕਾਸ ਉੱਤੇ ਮਾਰੂ ਪ੍ਰਭਾਵ ਪੈ ਸਕਦਾ ਹੈ।

ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਇੱਕ ਪਾਸੇ ਤਾਂ ਭਾਰਤ ਸਰਕਾਰ ਵੱਲੋਂ ਅੰਧਵਿਸ਼ਵਾਸਾਂ, ਵਹਿਮਾਂ-ਭਰਮਾਂ, ਅਖੌਤੀ ਚਮਤਕਾਰਾਂ, ਜਾਤੀ ਤੇ ਇਲਾਕਾਈ ਕੱਟੜਵਾਦ, ਨੰਗੇਜ਼ਵਾਦ ਅਤੇ ਹੋਰ ਕਈ ਤਰ੍ਹਾਂ ਦੇ ਕਾਲਪਨਿਕ ਪ੍ਰੋਗਰਾਮਾਂ ਤੇ ਇਸ਼ਤਿਹਾਰਬਾਜ਼ੀ ਨੂੰ ਖ਼ਤਮ ਕਰਨ ਲਈ ਕੇਬਲ ਟੈਲੀਵਿਜਨ ਨੈੱਟਵਰਕ ਰੂਲਜ਼ 1994 ਦਾ ਕਾਨੂੰਨ ਲਾਗੂ ਕੀਤਾ ਗਿਆ ਹੈ ਪਰ ਇਸ ਦੇ ਉਲਟ ਖੁਦ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਵੱਲੋਂ ਹੀ 'ਰਾਜ ਪਿਛਲੇ ਜਨਮ ਕਾ' ਵਰਗੇ ਕਲਪਿਤ ਪ੍ਰੋਗਰਾਮ ਨੂੰ ਪ੍ਰਸਾਰਿਤ ਕਰਨ ਦੀ ਇਜਾਜ਼ਤ ਦਿੱਤੀ ਗਈ ਜਦ ਕਿ ਇਸ ਨੂੰ ਮੁੱਢਲੇ ਪੱਧਰ ਉੱਤੇ ਹੀ ਰੱਦ ਕੀਤਾ ਜਾਣਾ ਚਾਹੀਦਾ ਸੀ।

ਇਸ ਗੱਲ ਦੀ ਸੰਤੁਸ਼ਟੀ ਹੈ ਕਿ ਪੰਜਾਬ ਦੀ ਤਰਕਸ਼ੀਲ ਸੁਸਾਇਟੀ ਸਮੇਤ ਦੇਸ਼ ਦੀਆਂ ਕੁਝ ਵਿਗਿਆਨਕ ਸੰਸਥਾਵਾਂ ਵੱਲੋਂ ਸਬੰਧਿਤ ਟੀ.ਵੀ. ਚੈਨਲ, ਸੂਚਨਾ ਤੇ ਪ੍ਰਸਾਰਣ ਮੰਤਰਾਲੇ ਅਤੇ ਅਦਾਲਤਾਂ ਤੱਕ ਪਹੁੰਚ ਕਰਕੇ ਇਸ ਕਾਲਪਨਿਕ ਪ੍ਰੋਗਰਾਮ ਨੂੰ ਬੰਦ ਕਰਨ ਦੀ ਜ਼ੋਰਦਾਰ ਮੰਗ ਕੀਤੀ ਗਈ ਸੀ ਜਿਸ ਨੂੰ ਪਹਿਲਾਂ ਪਹਿਲ ਤਾਂ ਅੱਖੋਂ ਪਰੋਖੇ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਤਰਕਸ਼ੀਲ ਸੰਸਥਾਵਾਂ ਤੇ ਅਦਾਲਤੀ ਦਖ਼ਲਅੰਦਾਜ਼ੀ ਦੇ ਬਾਅਦ ਬੰਦ ਕਰਨਾ ਪਿਆ। ਇਸ ਪ੍ਰੋਗਰਾਮ ਦਾ ਵੱਡੇ ਪੱਧਰ 'ਤੇ ਪ੍ਰਚਾਰ ਕਰਨ ਲਈ ਫ਼ਿਲਮ ਉਦਯੋਗ ਤੇ ਟੈਲੀਵਿਜ਼ਨ ਦੇ ਪ੍ਰਸਿੱਧ ਕਲਾਕਾਰਾਂ ਦੀ ਲਗਾਤਾਰ ਸ਼ਮੂਲੀਅਤ ਕਰਵਾਈ ਗਈ ਤਾਂ ਕਿ ਇਹਨਾਂ ਦੀ ਮਕਬੂਲੀਅਤ ਦਾ ਜਜ਼ਬਾਤੀ ਪੱਧਰ ਉੱਤੇ ਫਾਇਦਾ ਉਠਾ ਕੇ ਆਮ ਲੋਕਾਂ ਦੇ ਮਨਾਂ ਵਿੱਚ ਪਿਛਲੇ ਜਨਮ ਸਬੰਧੀ ਕਈ ਸਵਾਲ ਖੜ੍ਹੇ ਕੀਤੇ ਜਾਣ। ਇਨ੍ਹਾਂ ਦਾ ਮਨੋਵਿਗਿਆਨਕ ਪੱਧਰ 'ਤੇ ਜਵਾਬ ਦਿੱਤਾ ਜਾਣਾ ਚਾਹੀਦਾ ਹੈ।

ਮਨੁੱਖੀ ਦਿਮਾਗ ਦਸ ਖਰਬ ਤੰਤੂ ਸੈਲਾਂ ਦਾ ਬਣਿਆ ਹੋਇਆ ਹੈ ਜਿਹਨਾਂ ਨੂੰ ਨਿਊਰੋਨ ਆਖਿਆ ਜਾਂਦਾ ਹੈ। ਮਨੁੱਖੀ ਦਿਮਾਗ ਖ਼ਾਸ ਕਰਕੇ ਇਸ ਦੇ ਤੰਤੂ ਸੈਲਾਂ ਵਿੱਚ ਹਰ ਸਮੇਂ ਭੌਤਿਕ ਅਤੇ ਰਸਾਇਣਿਕ ਕ੍ਰਿਆਵਾਂ ਚੱਲਦੀਆਂ ਰਹਿੰਦੀਆਂ ਹਨ। ਸਾਰੀਆਂ




ਮਾਨਸਿਕ ਕ੍ਰਿਆਵਾਂ ਜਿਵੇਂ ਕਿ ਵਿਚਾਰ, ਗਿਆਨ, ਇੱਛਾ ਯਾਦਾਸ਼ਤ, ਤਰਕ, ਜਜ਼ਬਾਤ, ਸੰਕਲਪ, ਸੁਫ਼ਨੇ ਆਦਿ ਸਭ ਦਿਮਾਗ ਵਿੱਚ ਹੋਣ ਵਾਲੀਆਂ ਰਸਾਇਣਿਕ ਕ੍ਰਿਆਵਾਂ ਰਾਹੀਂ ਪੈਦਾ ਹੁੰਦੀਆਂ ਹਨ ਅਤੇ ਇਹ ਕ੍ਰਿਆਵਾਂ ਦਿਮਾਗ ਦੇ ਤੰਤੂ ਸੈਲਾਂ ਵਿੱਚ ਲਗਾਤਾਰ ਹੁੰਦੀਆਂ ਰਹਿੰਦੀਆਂ ਹਨ, ਦਿਮਾਗ ਤੋਂ ਬਿਨਾਂ ਮਨ ਰਹਿ ਨਹੀਂ ਸਕਦਾ। ਜਦੋਂ ਕਦੇ ਦਿਮਾਗ ਦਾ ਕੋਈ ਹਿੱਸਾ ਕਿਸੇ ਕਾਰਨ ਨਸ਼ਟ ਹੋ ਜਾਂਦਾ ਹੈ ਤਾਂ ਇਹ ਦਿਮਾਗੀ ਕ੍ਰਿਆਵਾਂ ਪ੍ਰਭਾਵਿਤ ਹੋ ਜਾਂਦੀਆਂ ਹਨ। ਅਸੀਂ ਅਕਸਰ ਵੇਖਿਆ ਹੈ ਕਿ ਦਿਮਾਗ ਉੱਤੇ ਸੱਟ ਲੱਗਣ ਵਾਲੇ ਕਈ ਵਿਅਕਤੀ ਕਈ-ਕਈ ਦਿਨ ਬੇਹੋਸ਼ੀ ਦੀ ਹਾਲਤ ਵਿੱਚ ਰਹਿੰਦੇ ਹਨ ਅਤੇ ਕੋਸ਼ਿਸ਼ ਕਰਨ ਦੇ ਬਾਵਜੂਦ ਉਹ ਕਿਸੇ ਨੂੰ ਪਹਿਚਾਨਣ ਦੇ ਅਸਮਰੱਥ ਹੁੰਦੇ ਹਨ, ਦਿਮਾਗ ਦੀ ਮੌਤ ਨਾਲ ਚੇਤਨਤਾ ਅਤੇ ਵਿਅਕਤੀਤਵ ਬਿਲਕੁੱਲ ਖ਼ਤਮ ਹੋ ਜਾਂਦੇ ਹਨ। ਵਿਗਿਆਨਕ ਤੌਰ 'ਤੇ ਇਹ ਬਿਲਕੁੱਲ ਸੰਭਵ ਨਹੀਂ ਹੈ ਕਿ ਦਿਮਾਗ ਵਿੱਚ ਯਾਦਾਸ਼ਤ ਸਾਂਭਣ ਵਾਲੇ ਤੰਤੂ ਸੈਲਾਂ ਦੀ ਮੌਤ ਤੋਂ ਬਾਅਦ ਕਿਸੇ ਮੁਰਦਾ ਸਰੀਰ ਦੇ ਦਿਮਾਗ ਦੇ ਮੁਰਦਾ ਤੰਤੂ ਸੈਲਾਂ ਨੂੰ ਕੁੱਝ ਦੇਰ ਪਿੱਛੋਂ ਜਨਮੇ ਕਿਸੇ ਜਿਉਂਦੇ ਬੰਦੇ ਦੇ ਦਿਮਾਗ ਵਿੱਚ ਦਾਖ਼ਲ ਕਰਕੇ ਪਿਛਲੇ ਜਨਮ ਦੀਆਂ ਯਾਦਾਂ ਨੂੰ ਕਾਇਮ ਰੱਖਿਆ ਜਾ ਸਕੇ।

ਕਿਸੇ ਵਿਅਕਤੀ ਨਾਲ ਸਮੇਂ-ਸਮੇਂ ਉੱਤੇ ਵਾਪਰੀਆਂ ਚੰਗੀਆਂ ਮਾੜੀਆਂ ਘਟਨਾਵਾਂ, ਗਿਆਨ, ਤਜ਼ਰਬਾ, ਕਿੱਤਾ, ਰਿਸ਼ਤੇ-ਨਾਤੇ ਆਦਿ ਕ੍ਰਿਆਵਾਂ ਸਭ ਤੋਂ ਪਹਿਲਾਂ ਉਸਦੇ ਸੁਚੇਤ ਮਨ ਦਾ ਹਿੱਸਾ ਬਣਦੀਆਂ ਹਨ ਅਤੇ ਫਿਰ ਇਹ ਸਭ ਉਸਦੇ ਅਤੀਤ ਦਾ ਇੱਕ ਜ਼ਰੂਰੀ ਹਿੱਸਾ ਬਣਕੇ ਉਸਦੇ ਅਰਧ ਚੇਤਨ ਤੇ ਅਚੇਤਨ ਮਨ ਵਿੱਚ ਸਾਂਭੀਆਂ ਜਾਂਦੀਆਂ ਹਨ ਜਿਹਨਾਂ ਨੂੰ ਮਨੋਵਿਗਿਆਨਕ ਦੀ ਸੰਮੋਹਨ ਵਿਧੀ ਰਾਹੀਂ ਉਸ ਵਿਅਕਤੀ ਨੂੰ ਸੁਝਾਓ ਦੇ ਕੇ ਉਹਨਾਂ ਘਟਨਾਵਾਂ ਨੂੰ ਯਾਦ ਕੀਤਾ ਜਾ ਸਕਦਾ ਹੈ। ਇਸਦੇ ਨਾਲ ਹੀ ਸੰਮੋਹਨ ਕਰਤਾ ਸੰਮੋਹਿਤ ਵਿਅਕਤੀ ਤੋਂ ਮਨਚਾਹੀਆਂ ਕਲਪਨਾਵਾਂ ਵੀ ਕਰਵਾ ਸਕਦਾ ਹੈ, ਜਿੰਨਾਂ ਨੂੰ ਨਾ ਤਾਂ ਸੱਚ ਮੰਨਿਆ ਜਾ ਸਕਦਾ ਹੈ ਅਤੇ ਨਾ ਹੀ ਵਿਗਿਆਨਕ ਪਰਖ ਰਾਹੀਂ ਸੱਚ ਸਾਬਤ ਕੀਤਾ ਜਾ ਸਕਦਾ ਹੈ। ਕਹਿਣ ਦਾ ਮਤਲਬ ਇਹ ਹੈ ਕਿ ਕਿਸੇ ਵਿਅਕਤੀ ਨੂੰ ਸੰਮੋਹਨ ਕਰਕੇ ਉਸਦੀ ਵਰਤਮਾਨ ਜ਼ਿੰਦਗੀ ਦੀਆਂ ਭੁੱਲੀਆਂ ਹੋਈਆਂ ਯਾਦਾਂ ਅਰਧਚੇਤਨਾ ਅਵਸਥਾ ਵਿੱਚ ਲਿਜਾ ਕੇ ਤਾਂ ਯਾਦ ਕਰਵਾਈਆਂ ਜਾ ਸਕਦੀਆਂ ਹਨ ਪਰ ਕਿਸੇ ਪਿਛਲੇ ਜਨਮ ਦੀਆਂ ਯਾਦਾਂ ਯਾਦ ਕਰਵਾਉਣੀਆਂ ਬਿਲਕੁੱਲ ਸੰਭਵ ਨਹੀਂ ਕਿਉਂਕਿ ਪਿਛਲਾ ਜਨਮ ਅੰਧ ਵਿਸ਼ਵਾਸੀ ਲੋਕਾਂ ਦੀ ਸਿਰਫ਼ ਇੱਕ ਕਲਪਨਾ ਹੈ ਜਿਸਦੀ ਵਿਗਿਆਨਕ ਪਰਖ ਨਹੀਂ ਕੀਤੀ ਜਾ ਸਕਦੀ। ਕਿਸੇ ਵਿਅਕਤੀ ਨਾਲ ਵਾਪਰਨ ਵਾਲੇ ਚੰਗੇ ਮਾੜੇ ਵਰਤਾਰਿਆਂ ਦਾ ਪਿਛਲੇ ਜਾਂ ਅਗਲੇ ਜਨਮ ਨਾਲ ਕੋਈ ਸਬੰਧ ਨਹੀਂ ਹੁੰਦਾ।



'ਰਾਜ ਪਿਛਲੇ ਜਨਮ ਕਾ' ਦੇ ਇਸ ਗ਼ੈਰ ਵਿਗਿਆਨਕ ਪ੍ਰੋਗਰਾਮ ਵਿੱਚ ਪਿਛਲੇ ਜਨਮ ਦੀਆਂ ਘਟਨਾਵਾਂ ਨੂੰ ਪਹਿਲਾਂ ਹੀ ਫ਼ਿਲਮਾਏ ਗਏ ਇੱਕ ਦਿਲਚਸਪ ਅਤੇ ਸਨਸਨੀਖੇਜ ਅੰਦਾਜ਼ ਵਿੱਚ ਪੇਸ਼ ਕੀਤਾ ਗਿਆ ਜਦ ਕਿ ਵਿਗਿਆਨਕ ਪੱਧਰ ਉੱਤੇ ਪਰਖੇ ਜਾਣ ਵਾਲੇ ਵੇਰਵਿਆਂ ਨੂੰ ਜਾਣ ਬੁੱਝ ਕੇ ਪੁੱਛਣ ਤੋਂ ਗੁਰੇਜ਼ ਕੀਤਾ ਗਿਆ ਹੈ ਤਾਂ ਕਿ ਸੰਮੋਹਿਤ ਵਿਅਕਤੀ ਕਿਸੇ ਭੰਬਲਭੂਸੇ ਦਾ ਸ਼ਿਕਾਰ ਹੋ ਕੇ ਕੋਈ ਗ਼ਲਤ ਬਿਆਨੀ ਨਾ ਕਰ ਦੇਵੇ। ਇਸ ਤੋਂ ਇਲਾਵਾ ਸੰਮੋਹਿਤ ਵਿਅਕਤੀ ਵੱਲੋਂ ਖੁਦ ਕੁੱਝ ਵਿਸ਼ੇਸ਼ ਘਟਨਾਵਾਂ ਦੀ ਜਾਣਕਾਰੀ ਦੇਣ ਦੀ ਬਜਾਏ ਪਿਛਲੇ ਜਨਮ ਵਿੱਚ ਲਿਜਾਣ ਵਾਲੀ ਡਾਕਟਰ ਤ੍ਰਿਪਤੀ ਜੈਨ ਵੱਲੋਂ ਖੁਦ ਹੀ ਸੰਮੋਹਿਤ ਵਿਅਕਤੀ ਨੂੰ ਪਹਿਲਾਂ ਤੋਂ ਹੀ ਲਿਖੀ ਸਕਰਿਪਟ ਅਨੁਸਾਰ ਗਾਈਡ ਕੀਤਾ ਜਾਂਦਾ ਰਿਹਾ। ਇਸ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੇ ਕਿਸੇ ਵੀ ਵਿਅਕਤੀ ਨੇ ਇਹ ਨਹੀਂ ਕਿਹਾ ਕਿ ਉਹ ਪਿਛਲੇ ਜਨਮ ਵਿੱਚ ਕੋਈ ਜਾਨਵਰ ਸੀ ਜਦ ਕਿ ਪੁਨਰ ਜਨਮ ਵਿੱਚ ਵਿਸ਼ਵਾਸ ਕਰਨ ਵਾਲੇ ਸਾਰੇ ਧਾਰਮਿਕ ਲੋਕ 84 ਲੱਖ ਜੂਨਾਂ ਦੀ ਹੋਂਦ ਸਵੀਕਾਰਦੇ ਹਨ। ਇਸ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੇ ਵਿਅਕਤੀਆਂ ਵੱਲੋਂ ਅਪਣੀ ਕਿਸੇ ਵਿਸ਼ੇਸ਼ ਸਮੱਸਿਆ ਬਿਮਾਰੀ, ਘਟਨਾ, ਡਰ ਅਤੇ ਨਜ਼ਦੀਕੀ ਮੌਤ ਆਦਿ ਘਟਨਾਵਾਂ ਦੇ ਪਿਛਲੇ ਜਨਮ ਨਾਲ ਸਬੰਧਿਤ ਹੋਣ ਦੀ ਕਲਪਨਾ ਕੀਤੀ ਗਈ ਜਦਕਿ ਵਿਗਿਆਨਕ ਸੱਚਾਈ ਅਨੁਸਾਰ ਅਜਿਹੀਆਂ ਘਟਨਾਵਾਂ ਦਾ ਪਿਛਲੇ ਜਨਮ ਨਾਲ ਕੋਈ ਸਬੰਧ ਨਹੀਂ ਹੁੰਦਾ। ਕਿਸੇ ਸਰੀਰਕ ਬਿਮਾਰੀ ਡਰ ਜਾਂ ਮਾਨਸਿਕ ਵਿਗਾੜ ਪਿੱਛੇ ਕੰਮ ਕਰਦੇ ਜੈਨੇਟਿਕ ਪ੍ਰਭਾਵ ਦੀ ਸੰਭਾਵਨਾ ਤੋਂ ਭਾਵੇਂ ਇਨਕਾਰ ਨਹੀਂ ਕੀਤਾ ਜਾ ਸਕਦਾ ਪਰ ਇਹ ਹਰ ਕੇਸ ਵਿੱਚ ਸੰਭਵ ਨਹੀਂ ਹੈ। ਜ਼ਿਆਦਾਤਰ ਸਮੱਸਿਆਵਾਂ, ਘਟਨਾਵਾਂ, ਬਿਮਾਰੀਆਂ ਮੌਤਾਂ ਆਦਿ ਸਾਡੇ ਮੌਜੂਦਾ ਲੁਟੇਰੇ ਅਤੇ ਭ੍ਰਿਸ਼ਟ ਹੋ ਚੁੱਕੇ ਸਿਆਸੀ, ਆਰਥਿਕ, ਸਮਾਜਿਕ, ਧਾਰਮਿਕ ਅਤੇ ਸਿਹਤ ਢਾਂਚੇ ਦੀ ਦੇਣ ਹਨ ਜਿਸ ਨੂੰ ਲੋਕ ਸੰਘਰਸ਼ਾਂ ਰਾਹੀਂ ਇਸੇ ਜੀਵਨ ਵਿੱਚ ਬਦਲ ਕੇ ਲੁੱਟ ਰਹਿਤ ਅਤੇ ਮਨੁੱਖਤਾ ਪੱਖੀ ਢਾਂਚਾ ਉਸਾਰਿਆ ਜਾ ਸਕਦਾ ਹੈ।

ਜੇਕਰ ਮੌਜੂਦਾ ਜਨਮ ਵਿੱਚ ਮਨੁੱਖ ਨੂੰ ਦਰਪੇਸ਼ ਸਮੱਸਿਆਵਾਂ, ਦੁੱਖ, ਬਿਮਾਰੀਆਂ, ਘਟਨਾਵਾਂ, ਬੇਇਨਸਾਫ਼ੀਆਂ, ਨਾਬਰਾਬਰੀਆਂ, ਕੁਦਰਤੀ ਤੇ ਗ਼ੈਰ ਕੁਦਰਤੀ ਕਰੋਪੀਆਂ ਆਦਿ ਉਸਦੇ ਪਿਛਲੇ ਜਨਮਾਂ ਦੇ ਕਰਮਾਂ ਦਾ ਵੀ ਨਤੀਜਾ ਹਨ ਤਾਂ ਫਿਰ ਇਸ ਦਾ ਮਤਲਬ ਇਹ ਹੋਇਆ ਕਿ ਕੋਈ ਮਨੁੱਖ ਇਹਨਾਂ ਉੱਤੇ ਕਾਬੂ ਪਾਉਣ ਲਈ ਭਾਵੇਂ ਕਿੰਨਾ ਵੀ ਸੰਘਰਸ਼ ਕਰ ਲਵੇ, ਕਾਬੂ ਪਾਇਆ ਹੀ ਨਹੀਂ ਜਾ ਸਕਦਾ। ਅਧਿਆਤਮਕਵਾਦੀ ਫ਼ਲਸਫ਼ੇ ਉੱਤੇ ਅੰਨ੍ਹਾ ਯਕੀਨ ਕਰਨ ਵਾਲੇ ਲੋਕ ਵੀ ਬਿਮਾਰ ਹੋਣ ਉਪਰੰਤ ਡਾਕਟਰੀ ਇਲਾਜ ਕਰਵਾਉਂਦੇ ਹਨ, ਕਿਸੇ ਵਿਅਕਤੀ ਦੀ ਜ਼ਿਆਦਤੀ ਜਾਂ ਝਗੜੇ ਲਈ ਇਨਸਾਫ਼ ਲੈਣ ਲਈ ਥਾਣਿਆਂ ਅਤੇ ਅਦਾਲਤਾਂ ਤੱਕ ਪਹੁੰਚ ਕਰਦੇ ਹਨ ਅਤੇ ਅਪਣੇ ਜਾਇਜ਼ ਹੱਕ ਲੈਣ ਲਈ ਸਰਕਾਰਾਂ ਅਤੇ ਪੂੰਜੀਵਾਦੀਆਂ ਖ਼ਿਲਾਫ਼ ਸੰਘਰਸ਼ ਵੀ ਕਰਦੇ ਹਨ। ਉਹ ਅਜਿਹੇ ਵਰਤਾਰਿਆਂ ਨੂੰ ਪਿਛਲੇ ਜਨਮਾਂ ਦੇ ਕਰਮਾਂ ਦਾ ਫ਼ਲ, ਕਿਸਮਤ ਦਾ ਲੇਖਾ ਜਾਂ ਪ੍ਰਮਾਤਮਾ ਦੀ ਮਰਜ਼ੀ ਸਮਝਕੇ ਚੁੱਪ ਕਰਕੇ ਨਹੀਂ ਬੈਠੇ ਰਹਿੰਦੇ।

ਪਿਛਲਾ ਜਨਮ ਜਾਂ ਪੁਨਰ ਜਨਮ ਇੱਕ ਕੋਰੀ ਕਲਪਨਾ ਉੱਤੇ ਅਧਾਰਿਤ ਹੈ। ਅਸਲੀਅਤ ਇਹ ਹੈ ਕਿ ਪੁਨਰ ਜਨਮ ਦੀਆਂ ਗੱਲਾਂ ਕਰਨ ਵਾਲਾ ਕੋਈ ਕੇਸ ਅੱਜ ਤੱਕ ਪੂਰੀ ਤਰ੍ਹਾਂ ਨਿਰੋਲ ਵਿਗਿਆਨਕ ਹਾਲਤਾਂ ਅਨੁਸਾਰ ਪਰਖਿਆ ਅਤੇ ਪੜਤਾਲਿਆ ਨਹੀਂ ਗਿਆ। ਜਿਹਨਾਂ ਦੇਸ਼ਾਂ ਵਿੱਚ ਪੁਨਰ ਜਨਮ ਨੂੰ ਸੱਚਾ ਸਾਬਤ ਕਰਨ ਦਾ ਦਾਅਵਾ ਕੀਤਾ ਗਿਆ ਹੈ ਉਹਨਾਂ ਵਿੱਚ ਕੇਸ ਦੀ ਪੜਤਾਲ ਉਹਨਾਂ ਅਖੌਤੀ ਮਾਹਰਾਂ ਵੱਲੋਂ ਕਰਵਾਈ ਗਈ ਜਿਹੜੇ ਪੁਨਰ ਜਨਮ ਅਤੇ ਅਲੌਕਿਕ ਸ਼ਕਤੀਆਂ ਦੇ ਕੱਟੜ ਸਮਰਥਕ ਸਨ। ਪੰਜਾਬ ਵਿੱਚ ਪਿਛਲੇ 25 ਸਾਲਾਂ ਤੋਂ ਲੋਕਾਂ ਵਿੱਚ ਅੰਧ ਵਿਸ਼ਵਾਸਾਂ, ਵਹਿਮਾਂ-ਭਰਮਾਂ, ਅਖੌਤੀ ਚਮਤਕਾਰਾਂ ਅਤੇ ਪਾਖੰਡੀਆਂ-ਤਾਂਤਰਿਕਾਂ ਜੋਤਸ਼ੀਆਂ ਖ਼ਿਲਾਫ਼ ਵਿਗਿਆਨਕ ਚੇਤਨਾ ਲਹਿਰ ਚਲਾਉਣ ਲਈ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਅਖੌਤੀ ਪੁਨਰ ਜਨਮ ਦੇ ਸੈਂਕੜੇ ਕੇਸਾਂ ਨੂੰ ਝੂਠਾ ਸਾਬਤ ਕਰਕੇ ਇਹਨਾਂ ਪਿੱਛੇ ਕੰਮ ਕਰਦੀਆਂ ਸਾਜਿਸ਼ਾ ਨੂੰ ਨੰਗਿਆਂ ਕੀਤਾ ਗਿਆ ਹੈ ਅਤੇ ਸੁਸਾਇਟੀ ਵੱਲੋਂ ਪੁਨਰ ਜਨਮ ਨੂੰ ਸੱਚਾ ਸਿੱਧ ਕਰਨ ਵਾਲੇ ਕਿਸੇ ਵੀ ਵਿਅਕਤੀ ਲਈ ਪੰਜ ਲੱਖ ਰੁਪਏ ਦਾ ਇਨਾਮ ਜਿੱਤਣ ਦੀ ਚੁਣੌਤੀ ਵੀ ਦਿੱਤੀ ਹੋਈ ਹੈ। ਇਸ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੇ ਕੁੱਝ ਟੀ.ਵੀ. ਕਲਾਕਾਰਾਂ ਨੇ ਸਟਾਰ ਨਿਊਜ਼ ਚੈਨਲ ਉੱਤੇ ਹੋਈ ਬਹਿਸ ਵਿੱਚ ਇਹ ਮੰਨਿਆ ਹੈ ਕਿ ਬੇਸ਼ੱਕ ਉਹਨਾਂ ਦਾ ਪੁਨਰ ਜਨਮ ਵਿੱਚ ਵਿਸ਼ਵਾਸ ਹੈ ਪਰ ਉਹ ਪ੍ਰੋਗਰਾਮ ਦੀ ਮਨੋਵਿਗਿਆਨਕ ਮਾਹਿਰ ਡਾਕਟਰ ਤ੍ਰਿਪਤੀ ਜੈਨ ਵੱਲੋਂ ਦਿਖਾਈਆਂ ਪਿਛਲੇ ਜਨਮ ਦੀਆਂ ਘਟਨਾਵਾਂ ਨੂੰ ਸਹੀ ਨਹੀਂ ਠਹਿਰਾ ਸਕਦੇ ਕਿਉਂਕਿ ਹਿਪਨੋਟਿਕ ਰਿਗਰੈਸ਼ਨ ਦੇ ਬਾਵਜੂਦ ਉਹਨਾਂ ਦੇ ਮਨ ਵਿਚਲੇ ਡਰ, ਬਿਮਾਰੀ ਜਾਂ ਸਮੱਸਿਆ ਖ਼ਤਮ ਨਹੀਂ ਕੀਤੇ ਜਾ ਸਕਦੇ।

ਦੇਸ਼ ਨੂੰ ਇੱਕੀਵੀਂ ਸਦੀ ਵਿੱਚ ਲਿਜਾਣ ਦਾ ਦਾਅਵਾ ਕਰਨ ਵਾਲੇ ਸਾਡੇ ਹੁਕਮਰਾਨਾਂ ਲਈ ਇਹ ਵਾਕਈ ਸ਼ਰਮ ਦੀ ਗੱਲ ਹੈ ਕਿ ਇੱਕ ਪਾਸੇ ਤਾਂ ਸਾਡੀਆਂ ਸਰਕਾਰਾਂ ਅਰਬਾਂ ਰੁਪਏ ਖ਼ਰਚ ਕਰਕੇ ਮੈਡੀਕਲ ਸਾਇੰਸ, ਰੱਖਿਆ, ਦੂਰ-ਸੰਚਾਰ, ਪੁਲਾੜ ਵਿਗਿਆਨ ਤੋਂ ਤਕਨਾਲੋਜੀ ਅਤੇ ਹੋਰ ਕਈ ਖੇਤਰਾਂ ਵਿੱਚ ਖੋਜ ਕਾਰਜ ਕਰ ਰਹੀਆਂ ਹਨ, ਚੰਦਰਮਾ ਉੱਤੇ ਚੰਦਰਯਾਨ ਭੇਜ ਕੇ ਮਨੁੱਖੀ ਜੀਵਨ ਦੀਆਂ ਸੰਭਾਵਨਾਵਾਂ ਦਾ ਪਤਾ ਲਗਾਇਆ ਜਾ ਰਿਹਾ ਹੈ ਪਰ ਇਸ ਦੇ ਬਿੱਲਕੁਲ ਉਲਟ ਪੁਨਰ ਜਨਮ, ਜੋਤਿਸ਼, ਰਾਸ਼ੀਫ਼ਲ, ਆਤਮਾ, ਭੂਤ-ਪ੍ਰੇਤ ਆਦਿ ਦੇ ਅੰਧਵਿਸ਼ਵਾਸੀ ਪ੍ਰੋਗਰਾਮ ਦਿਖਾ ਕੇ ਲੋਕਾਂ ਵਿੱਚ ਬਿਮਾਰ ਮਾਨਸਿਕਤਾ ਪੈਦਾ ਕੀਤੀ ਜਾ ਰਹੀ ਹੈ। ਇਸ ਨੂੰ ਸਾਡੇ ਦੇਸ਼ ਦੀਆਂ ਹਾਕਮ ਜਮਾਤਾਂ ਦਾ ਗ਼ੈਰ ਵਿਗਿਆਨਕ ਵਿਕਾਸ ਵਿਰੋਧੀ ਅਤੇ ਦੋਗਲਾਪਣ ਦ੍ਰਿਸ਼ਟੀਕੋਣ ਹੀ ਕਿਹਾ ਜਾ ਸਕਦਾ ਹੈ। ਅਜਿਹੇ ਅੰਧ ਵਿਸ਼ਵਾਸੀ ਪ੍ਰੋਗਰਾਮਾਂ ਦੇ ਪ੍ਰਭਾਵ ਹੇਠ ਆ ਕੇ ਹੀ ਬਹੁਗਿਣਤੀ ਅਨਪੜ੍ਹ ਗਰੀਬ ਅਤੇ ਪੀੜ੍ਹਤ ਲੋਕ ਅਪਣੀਆਂ ਮਾੜੀਆਂ ਜੀਵਨ ਹਾਲਤਾਂ ਲਈ ਭ੍ਰਿਸ਼ਟ ਰਾਜ ਪ੍ਰਬੰਧ ਨੂੰ ਜ਼ਿੰਮੇਵਾਰ ਠਹਿਰਾਉਣ ਦੀ ਬਜਾਏ ਇਸ ਨੂੰ ਪਿਛਲੇ ਜਨਮਾਂ ਦੇ ਕਰਮਾਂ ਦਾ ਫ਼ਲ ਸਮਝਣ ਲੱਗ ਪੈਂਦੇ ਹਨ। ਅਜਿਹੀ ਗ਼ੈਰ ਵਿਗਿਆਨਕ ਸੋਚ ਸਾਡੀਆਂ ਪੂੰਜੀਵਾਦੀਆਂ ਪੱਖੀ ਹਾਕਮ ਜਮਾਤਾਂ ਦੇ ਹੱਕ ਵਿੱਚ ਭੁਗਤਦੀ ਹੈ ਜਿਸ ਦਾ ਮੁੱਖ ਉਦੇਸ਼ ਜਨਤਾ ਨੂੰ ਅੰਧ ਵਿਸ਼ਵਾਸਾਂ ਵਿੱਚ ਉਲਝਾ ਕੇ ਉਹਨਾਂ ਵਿੱਚ ਵਿਗਿਆਨਕ ਸੋਚ ਪ੍ਰਫੁੱਲਿਤ ਹੋਣ ਤੋਂ ਰੋਕਣਾ ਹੈ ਅਤੇ ਸਾਡੇ ਪ੍ਰਿੰਟ ਅਤੇ ਬਿਜਲਈ ਮੀਡੀਏ ਦਾ ਵੱਡਾ ਹਿੱਸਾ ਇਸ ਪੱਖ ਤੋਂ ਸਿੱਧੇ ਅਤੇ ਅਸਿੱਧੇ ਢੰਗ ਨਾਲ ਉਹਨਾਂ ਦੀ ਮੱਦਦ ਕਰ ਰਿਹਾ ਹੈ।

ਕੇਂਦਰੀ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਦਾ ਇਹ ਨੈਤਿਕ ਅਤੇ ਕਾਨੂੰਨੀ ਫ਼ਰਜ ਹੈ ਕਿ ਉਹ ਅੰਧ ਵਿਸ਼ਵਾਸ, ਝੂਠ, ਨੰਗੇਜ਼ਵਾਦ, ਅਤੇ ਅਸ਼ਲੀਲਤਾ ਫੈਲਾਉਣ ਵਾਲੇ ਪ੍ਰਿੰਟ ਅਤੇ ਬਿਜਲਈ ਮੀਡੀਏ, ਖ਼ਿਲਾਫ਼ ਠੋਸ ਅਮਲੀ ਅਤੇ ਕਾਨੂੰਨੀ ਕਾਰਵਾਈ ਕਰੇ ਤਾਂ ਕਿ ਵਿਗਿਆਨਕ ਸੋਚ ਆਧਾਰਿਤ ਇੱਕ ਸੱਭਿਅਕ ਅਤੇ ਵਿਕਸਿਤ ਸਮਾਜਕ ਢਾਂਚਾ ਸਥਾਪਤ ਕੀਤਾ ਜਾ ਸਕੇ। ਸਾਡੇ ਦੇਸ਼ ਦੀਆਂ ਹਾਕਮ ਜਮਾਤਾਂ ਅਤੇ ਸਮੁੱਚੇ ਮੀਡੀਏ ਨੂੰ ਚਾਹੀਦਾ ਹੈ ਕਿ ਉਹ ਦੇਸ਼ ਦੇ ਲੋਕਾਂ ਦੇ ਪਿਛਲੇ ਜਾਂ ਅਗਲੇ ਜਨਮ ਦਾ ਫ਼ਿਕਰ ਕਰਨ ਦੀ ਬਜਾਏ ਉਹਨਾਂ ਦੇ ਵਰਤਮਾਨ ਜੀਵਨ ਨੂੰ ਵੱਧ ਤੋਂ ਵੱਧ ਖੁਸ਼ਹਾਲ ਅਤੇ ਲੰਬਾ ਕਰਨ ਦੀਆਂ ਨੀਤੀਆਂ ਅਪਨਾਉਣ ਅਤੇ ਅਜਿਹਾ ਉਦੇਸ਼ ਹਾਸਿਲ ਕਰਨ ਲਈ ਲੋਕਾਂ ਨੂੰ ਵਿਗਿਆਨਕ ਸੋਚ ਨਾਲ ਲੈਸ ਕੀਤੇ ਜਾਣਾ ਬਹੁਤ ਜ਼ਰੂਰੀ ਹੈ। ਦੁਨੀਆ ਦੇ ਵਿਕਸਿਤ ਦੇਸ਼ਾਂ ਦੀ ਬਰਾਬਰੀ ਕਰਨ ਦਾ ਇਹੀ ਇੱਕੋ-ਇੱਕ ਰਸਤਾ ਹੈ।

## ਵਿਸ਼ੇਸ਼ ਟਿੱਪਣੀ

# ਰਾਸ਼ਟਰ ਮੰਡਲ ਖੇਡਾਂ ਦੇ ਓਹਲੇ ‘ਚ

**ਪ੍ਰੇਮ ਸਿੰਘ**

ਦੇਸ਼ ਅੰਦਰ ਫੈਲੀ ਗਰੀਬੀ ਅਤੇ ਭੁੱਖਮਰੀ ਦੀ ਦੁਹਾਈ ਦੇ ਕੇ ਸਰਕਾਰ ਦੀ ਕਿਸੇ ਨਵ ਉਦਾਰਵਾਦੀ ਨੀਤੀ, ਫੈਸਲੇ ਜਾਂ ਪ੍ਰੋਗਰਾਮ ਦੇ ਵਿਰੋਧ ਦੀ ਗੱਲ ਨਹੀਂ ਸੁਣੀ ਜਾਏਗੀ। ਸਰਕਾਰ ਤਾਂ ਸੁਣਦੀ ਹੀ ਨਹੀਂ। ਜ਼ਿਆਦਾਤਰ ਨਾਗਰਿਕ, ਸਮਾਜ ਅਤੇ ਬੁੱਧੀਜੀਵੀ ਵੀ ਹੁਣ ਇਸ ਪਾਸੇ ਵੱਲ ਧਿਆਨ ਨਹੀਂ ਦਿੰਦੇ। ਗਰੀਬ, ਗਰੀਬੀ ਦੀ ਰੱਟ ਸੁਣ-ਸੁਣ ਸ਼ਾਇਦ ਉਹਨਾਂ ਦੇ ਕੰਨ ਵੀ ਪੱਕ ਚੁੱਕੇ ਹਨ। ਅਸਲ ‘ਚ ਸਥਿਤੀ ਇਹ ਹੋ ਗਈ ਹੈ ਕਿ ਭੁੱਖਮਰੀ ਦਾ ਸ਼ਿਕਾਰ ਲੋਕ ਉਹਨਾਂ ਨੂੰ ਤਬਾਹ ਕਰਨ ਵਾਲੀਆਂ ਨੀਤੀਆਂ ਦੇ ਵਿਰੋਧ ‘ਚ ਉਹਨਾਂ ਦੇ ਨਾਲ ਨਹੀਂ ਖੜ੍ਹੇ ਹੁੰਦੇ। ਦਿੱਲੀ ਵਿੱਚ 3 ਤੋਂ 14 ਅਕਤੂਬਰ ਤੱਕ ਰਾਸ਼ਟਰ ਮੰਡਲ ਖੇਡ 2010 ਦਾ ਕਰਾਉਣਾ, ਜਿਸ ਉੱਤੇ ਡੇਢ ਲੱਖ ਕਰੋੜ ਰੁਪਏ ਦਾ ਖ਼ਰਚਾ ਦੱਸਿਆ ਜਾਂਦਾ ਹੈ, ਗਰੀਬੀ ਅਤੇ ਭੁੱਖਮਰੀ ਨਾਲ ਬਦਹਾਲ ਦੇਸ਼ ‘ਚ ਇੱਕ ਅਪਰਾਧ ਤੋਂ ਘੱਟ ਨਹੀਂ ਕਿਹਾ ਜਾਏਗਾ। (ਆਰੰਭ ਵਿੱਚ ਇਹ ਖ਼ਰਚ 200 ਕਰੋੜ ਰੁਪਏ ਸੀ ਅਤੇ ਮੇਜਬਾਨੀ ਮਿਲ ਜਾਣ ਉੱਤੇ 800 ਕਰੋੜ ਦਾ ਅਨੁਮਾਨ ਲਾਇਆ ਗਿਆ ਸੀ) ਇਹ ਹੁਣ ਤੱਕ ਦੇ ਸਭ ਤੋਂ ਮਹਿੰਗੇ ਰਾਸ਼ਟਰ ਮੰਡਲ ਖੇਡ ਹੋਣਗੇ ਜਿਹਨਾਂ ਦੀ ਮੇਜਬਾਨੀ ਦੀ ਗੁਰਜ ਭਾਰਤ ਨੇ ਕੈਨੇਡਾ ਵਰਗੇ ਅਮੀਰ ਦੇਸ਼ ਤੋਂ ਜਿੱਤੀ ਹੈ। ਮੇਜਬਾਨੀ ਦੀ ਗੁਰਜ ਜਿੱਤਣ ਲਈ ਭਾਰਤੀ ਓਲੰਪਿਕ ਮਹਾਂਸੰਘ ਨੇ ਖਿਡਾਰੀਆਂ ਦੀ ਮੁਫ਼ਤ ਟਰੇਨਿੰਗ ਉੱਤੇ ਲੱਗਭਗ 33 ਕਰੋੜ ਰੁਪਏ ਖ਼ਰਚ ਕਰਨ, ਸਾਰੇ ਖਿਡਾਰੀਆਂ ਦੀ ਮੁਫ਼ਤ ਹਵਾਈ ਯਾਤਰਾ ਅਤੇ ਠਹਿਰਨ ਦੀ ਵਿਵਸਥਾ ਦਾ ਵਾਅਦਾ ਕੀਤਾ ਹੈ। ਜਿਹੜਾ ਖ਼ਰਚ ਕੈਨੇਡਾ ਵਰਗਾ ਅਮੀਰ ਦੇਸ਼ ਸਹਿਣ ਕਰਨ ਨੂੰ ਤਿਆਰ ਨਹੀਂ ਹੋਇਆ ਉਹ ਭਾਰਤ ਵਰਗਾ ਗਰੀਬ ਦੇਸ਼ ਦਿਲ ਖੋਲ੍ਹ ਕੇ ਕਰ ਰਿਹਾ ਹੈ।

ਪਰ ਕਿਸੇ ਪਾਸਿਓਂ ਵੀ ਵਿਰੋਧ ਦੀ ਕੋਈ ਅਵਾਜ਼ ਨਹੀਂ ਉੱਠ ਰਹੀ। ਅੱਜ ਤੱਕ ਇੱਕ ਵੀ ਮੁੱਖ ਧਾਰਾ ਦੀ ਕਿਸੇ ਪਾਰਟੀ ਨੇ ਇਹਨਾਂ ਦਾ ਵਿਰੋਧ ਨਹੀਂ ਕੀਤਾ। ਮੁੱਖ ਧਾਰਾ ਮੀਡੀਆ ਦੀ ਕਿਸੇ ਵੀ ਭਾਸ਼ਾ ਦੇ ਰੋਜ਼ਾਨਾ ਅਖਬਾਰ ਨੇ ਵੀ ਉਸਦੇ ਵਿਰੋਧ ਵਿੱਚ ਕੋਈ ਸੰਪਾਦਕੀ ਨਹੀਂ ਲਿਖਿਆ ਹੈ। ਦੇਸ਼ ਦੇ ਕਿਸੇ ਵੀ ਵੱਡੇ ਕਹੇ ਜਾਣ ਵਾਲੇ ਬੁੱਧੀਜੀਵੀ ਨੇ ਇਹਨਾਂ ਖੇਡਾਂ ਦਾ ਸਿੱਧਾ ਅਤੇ ਖੁੱਲ੍ਹਕੇ ਵਿਰੋਧ ਨਹੀਂ ਕੀਤਾ ਹੈ। ਸਗੋਂ ਇਸਦੇ ਉਲਟ ਹਰ ਪਾਸਿਓਂ ਇਹ ਫ਼ਿਕਰ ਜ਼ਰੂਰ ਹੋ ਰਿਹਾ ਹੈ ਕਿ ਸਰਕਾਰ ਦੀ ਤਿਆਰੀ ਸਮੇਂ ਸਿਰ ਹੋ ਸਕੇਗੀ ਜਾਂ ਨਹੀਂ? ਇੱਕ ਅੱਧ ਵਾਰ ਵਿਰੋਧੀ ਪਾਰਟੀ ਦੇ ਕਿਸੇ ਨੇਤਾ ਨੇ ਖ਼ਰਚੇ ਦੀ ਪਾਰਦਰਸ਼ਤਾ ਨੂੰ ਲੈ ਕੇ ਸੁਆਲ ਉਠਾਇਆ ਪਰ ਇਸ ਤੋਂ ਅੱਗੇ ਨਹੀਂ ਵਧਿਆ ਸਕਿਆ। ਇੰਨੇ ਵੱਡੇ ਖ਼ਰਚ ਕਰਨ ਉੱਤੇ ਕਿਸੇ ਦਾ ਵਿਰੋਧ ਨਹੀਂ ਹੈ। ਖ਼ਰਚੇ ਦੇ ਵੱਧਦੇ ਜਾਣ ਵਿੱਚ ਭ੍ਰਿਸ਼ਟਾਚਾਰ ਕਿੰਨਾ ਹੈ, ਇਸ ਵੱਲ ਕਿਸੇ ਦਾ ਕੋਈ ਵਿਰੋਧ ਨਹੀਂ ਹੈ। ਸਤੰਬਰ 2009 ਵਿੱਚ ਰਾਸ਼ਟਰ ਮੰਡਲ ਖੇਡ ਫੈਡਰੇਸ਼ਨ ਦੇ ਮੁਖੀ ਮਾਈਕ ਫੇਨੇਲ ਨੇ ਖੇਡਾਂ ਦੀ ਤਿਆਰੀ ਨੂੰ ਲੈ ਕੇ ਅਪਣਾ ਸ਼ੱਕ ਜ਼ਾਹਿਰ ਕੀਤਾ ਤਾਂ ਕਰਤੇ ਧਰਤਿਆਂ ਦੇ ਮਨਾਂ ਅੰਦਰ ਚਿੰਤਾ ਦੀ ਲਹਿਰ ਦੌੜ ਗਈ। ਖੇਡਾਂ ਦੀ ਤਿਆਰੀ ਦਾ ਕੰਮ ਪਿਛੜ ਰਿਹਾ ਹੈ ਇਹ ਜਾਣ ਕੇ ਸਰਕਾਰ ਅਤੇ ਪ੍ਰਸ਼ਾਸਨ ਪੱਬਾਂ ਭਾਰ ਹੋ ਗਏ। ਮਣਾਂ ਮੂੰਹੀ ਧਨ ਅਤੇ ਮਜ਼ਦੂਰ ਇਸ ਕੰਮ ਲਈ ਝੋਕ ਦਿੱਤੇ ਗਏ।

ਵਿਰੋਧ ਦੀ ਗਿਣਤੀ ਵਿਚਲੀ ਬਿਰਾਦਰੀ ਵਿਚ ਪੌਣਪਾਣੀ ਮਾਹਿਰ ਰਾਜਿੰਦਰ ਸਿੰਘ ਅਤੇ ਉਹਨਾਂ ਦੇ ਸਾਥੀ ਆਉਂਦੇ ਹਨ ਜੋ ਰਾਸ਼ਟਰ ਮੰਡਲ ਖੇਡਾਂ ਨਾਲ ਹੋਣ ਵਾਲੀ ਯਮੁਨਾ ਦੀ ਤਬਾਹੀ ਦੇ ਮੁੱਦੇ ਨੂੰ ਲੈ ਕੇ ਆਰੰਭ ਵਿੱਚ ਧਰਨੇ ਉੱਤੇ ਬੈਠੇ। ਪਰ ਦਿੱਲੀ ਦਾ ਨਾਗਰਿਕ ਸਮਾਜ, ਯਮੁਨਾ ਜਿਹਨਾਂ ਦੀ ਜੀਵਨ ਰੇਖਾ ਹੈ ਅਤੇ ਜੋ ਹਰ ਰੋਜ਼ ਯਮੁਨਾ ਦੇ ਆਰ-ਪਾਰ ਹੁੰਦਾ ਹੈ, ਉਸ ਨੇ ਉਸ ਪਾਸੇ ਵੱਲ ਦੇਖਿਆ ਹੀ ਨਹੀਂ। ਸਮੁੱਚੇ ਰੂਪ ਵਿੱਚ ਵਿਰੋਧ ਸਿਰਫ਼ ਸਮਾਜਵਾਦੀ ਜਨ ਪ੍ਰੀਸ਼ਦ ਅਤੇ ਵਿਦਿਆਰਥੀ ਯੁਵਾਜਨ ਸਭਾ ਨੇ ਕੀਤਾ। ਉਹਨਾਂ ਦੇ ਲੱਗਭਗ ਇੱਕ ਹਜ਼ਾਰ ਮੈਂਬਰਾਂ ਨੇ 23 ਫਰਵਰੀ ਨੂੰ ਦਿੱਲੀ ਦੇ ਜੰਤਰ ਮੰਤਰ ਉੱਤੇ ਧਰਨਾ ਦਿੱਤਾ ਅਤੇ ਰਾਸ਼ਟਰ ਮੰਡਲ ਖੇਡਾਂ ਦੇ ਮੁੱਖ ਦਫ਼ਤਰ ਨੂੰ ਘੇਰਾ ਪਾਇਆ। ਮਜ਼ਦੂਰਾਂ ਦੀ ਚੇਤਨਾ ਦਾ ਹਾਲ ਇਹ ਕਰ ਦਿੱਤਾ ਗਿਆ ਹੈ ਕਿ ਉਹ ਲੱਖਾਂ ਦੀ ਤਾਦਾਦ ਵਿੱਚ ਬਿਨਾ ਕਿਸੇ ਗਿਲੇ ਸ਼ਿਕਵੇ ਦੇ ਦਿਨ ਰਾਤ ਉਸਾਰੀ ਦੇ ਕੰਮ ਵਿੱਚ ਲੱਗੇ ਹੋਏ ਹਨ। ਉਹਨਾਂ ਨੂੰ ਤਾਂ ਉਦੋਂ ਵੀ ਗਿਲਾ ਨਹੀਂ ਹੋਵੇਗਾ ਜਦੋਂ ਕੰਮ ਪੂਰਾ ਹੋਣ ਉੱਤੇ ਖੇਡ ਗਰਾਉਂਡਾਂ ਤੋਂ ਉਹਨਾਂ ਨੂੰ ਮੀਲਾਂ ਦੂਰ ਭਜਾ ਦਿੱਤਾ ਜਾਏਗਾ। ਅਜੇ ਤਾਂ ਉਹ ਦਿਨ ਰਾਤ ਇਸੇ ਕੰਮ ਵਿੱਚ ਜੁਟੇ ਹੋਏ ਹਨ। ਮਜ਼ਦੂਰ ਔਰਤਾਂ ਗੈਂਤੀ ਅਤੇ ਕਹੀ ਚਲਾਉਂਦੀਆਂ ਹਨ। ਮਿੱਟੀ, ਇੱਟਾਂ ਅਤੇ ਗਾਰਾ ਢੋਂਦੀਆਂ ਹਨ। ਉਹਨਾਂ ਵਿੱਚ ਗਰਭਵਤੀ ਜਣੇਪੇ ਵਾਲੀਆਂ ਬੀਮਾਰ ਅਤੇ ਬੱਚੀਆਂ, ਬੁੱਢੀਆਂ ਸਭ ਤਰ੍ਹਾਂ ਦੀਆਂ ਹਨ। ਉਹਨਾਂ ਦੇ ਪਿੰਡਿਆਂ ਅਤੇ ਕੱਪੜਿਆਂ ਉੱਤੇ ਧੂੜ ਅਤੇ ਮਿੱਟੀ ਜੰਮੀ ਹੁੰਦੀ ਹੈ। ਲਾਗੇ ਹੀ ਮਿੱਟੀ ‘ਚ ਖੇਡਦੇ ਉਹਨਾਂ ਦੇ ਬੱਚੇ ਹੁੰਦੇ ਹਨ। ਕਦੇ ਰੋਂਦੇ ਹਨ ਕਦੇ ਖੇਡਦੇ ਹਨ। ਸੜਕਾਂ ਦੀ ਸੁੰਦਰਤਾ ਲਈ ਕੰਮ ਕਰਦੇ ਸਮੇਂ ਵਿਚਕਾਰ ਕੋਈ ਬੱਚਾ ਟਰੈਫਿਕ ਦੀ ਲਪੇਟ ‘ਚ ਨਾ ਜਾਏ ਇਸ ਡਰ ਕਾਰਨ ਮਾਵਾਂ ਬੱਚਿਆਂ ਨੂੰ ਅਪਣੇ ਲਾਗੇ ਰੱਖਣ ਦੀ ਕੋਸ਼ਿਸ਼ ਕਰਦੀਆਂ ਹਨ। ਸਾਮਰਾਜਵਾਦ ਦੇ ਏਜੰਟਾਂ ਨੇ ਭਾਰਤ ਮਾਤਾ ਦਾ ਕੀ ਹਾਲ ਕਰ ਦਿੱਤਾ ਹੈ। ਸੱਚਮੁੱਚ ਗ਼ੁਲਾਮੀ ਵਿੱਚ ਰਮਿਆ ਚਰਿੱਤਰ ਹੀ ਭਾਰਤ ਮਾਤਾ ਨੂੰ ਮਿੱਟੀ ‘ਚ ਮਿਲਾ ਕੇ ਰਾਸ਼ਟਰੀ ਗੌਰਵ ਦਾ ਅਨੁਭਵ ਕਰ ਸਕਦਾ ਹੈ।

ਨਵਉਦਾਰਵਾਦ ਦੇ ਚੱਲਦੇ ਹੋਏ ਸੰਵਿਧਾਨ ਦੀ ਬੇਇੱਜਤੀ ਹੋਣ ਅਤੇ ਆਜ਼ਾਦੀ ਗੁਆਚਣ ਦਾ ਵਾਸਤਾ ਪਾਉਣ ਉੱਤੇ ਵੀ ਲੋਕ ਵਿਰੋਧ ਵਿੱਚ ਨਾਲ ਨਹੀਂ ਖੜ੍ਹੇ ਹੁੰਦੇ। ਬੱਸ ਚੁੱਪਚਾਪ ਸੁਣਦੇ ਰਹਿੰਦੇ ਹਨ। ਰਾਸ਼ਟਰ ਮੰਡਲ ਖੇਡਾਂ ਗ਼ੁਲਾਮੀ ਦੀ ਨਿਸ਼ਾਨੀ ਹਨ। ਇਹ ਭੇਤ ਕਿਸੇ ਕੋਲੋਂ ਲੁਕਿਆ ਨਹੀਂ ਹੈ। ਰਾਸ਼ਟਰ ਮੰਡਲ ਅੰਗਰੇਜ਼ੀ ਸਾਮਰਾਜ ਦਾ ਗ਼ੁਲਾਮ ਰਹੇ ਦੇਸ਼ਾਂ ਦਾ ਸੰਗਠਨ ਹੈ। ਇਹ ਤੱਥ ਵੀ ਨਹੀਂ ਲੁਕਿਆ ਹੋਇਆ ਕਿ ਭਾਰਤ ਦੀ ਰਾਸ਼ਟਰਪਤੀ ਬਰਤਾਨੀਆਂ ਦੀ ਮਹਾਰਾਣੀ ਤੋਂ ਰਾਸ਼ਟਰ ਮੰਡਲ ਖੇਡਾਂ ਦਾ ਪ੍ਰਤੀਕ ਬੇਨੇਟ ਲੈਣ ਖੁਦ ਬਕਿੰਗਮ ਪੈਲੇਸ ਪਹੁੰਚੀ ਸੀ। ਛੋਟੀਆਂ-ਛੋਟੀਆਂ ਗੱਲਾਂ ਉੱਤੇ ਜਿਹਨਾਂ ਭਾਰਤੀਆਂ ਦੀਆਂ ਭਾਵਨਾਵਾਂ ਨੂੰ ਧੱਕਾ ਲੱਗਦਾ ਹੈ ਅਤੇ ਉਹ ਹਿੰਸਾ ਅਤੇ ਹੁੜਦੰਗ ਮਚਾ ਦਿੰਦੇ ਹਨ। ਉਹਨਾਂ ਦੀਆਂ ਭਾਵਨਾਵਾਂ ਨੂੰ ਸਾਮਰਾਜਵਾਦੀ ਗ਼ੁਲਾਮੀ ਢੋਂਦਿਆਂ ਕਦੇ ਧੱਕਾ ਨਹੀਂ ਲਗਦਾ। ਗ਼ੁਲਾਮੀ ‘ਚ ਮਾਣ ਕਰਨ ਦੀ ਕਲਾ ‘ਚ ਭਾਰਤੀਆਂ ਜਿਹਾ ਨਿਪੁੰਨ ਦੁਨੀਆ ਵਿੱਚ ਦੂਸਰਾ ਕੋਈ ਨਹੀਂ ਹੈ।

ਗਰੀਬ ਅਪਣੇ ਹਿੱਤ ਦੀ ਗੱਲ ਨਹੀਂ ਸੁਣਦੇ ਇਹ ਕੋਈ ਵੱਡੀ ਸਮੱਸਿਆ ਨਹੀਂ ਹੈ। ਉਹਨਾਂ ਨੂੰ ਇਸ ਤਰ੍ਹਾਂ ਦਾ ਬਣਾ ਦੇਣ ਵਾਲੀ ਰਾਜਨੀਤੀ ਅਸਲ ਸਮੱਸਿਆ ਹੈ। ਅਜਿਹੀ ਰਾਜਨੀਤੀ ਦੀ ਪਾਲਣਾ-ਪੋਸ਼ਣਾ ਲਕੋ ਅਤੇ ਬੁੱਧੀਜੀਵੀ ਕਰਦੇ ਹਨ।

ਸਰਕਾਰ ਦੇ ਏਜੰਡੇ ਦਾ ਸਮਰਥਨ ਅਤੇ ਉਸ ਨੂੰ ਨੇਪਰੇ ਚਾੜ੍ਹਨ ਲਈ ਯਤਨ ਕਰਨ ਵਾਲੇ ਬੁੱਧੀਜੀਵੀ ਮੰਨਦੇ ਹਨ ਕਿ ਗਰੀਬ ਬੱਚਿਆਂ ਨੂੰ ਮਿਲਦਾ ਹੈ ਉਹ ਲੈਣਾ ਚਾਹੀਦਾ ਹੈ। ਅਜਿਹਾ ਆਖ ਕੇ ਉਹ ਨਵਉਦਾਰਵਾਦ ਦੀ ਪਿੱਠੂ ਸਰਕਾਰ ਦਾ ਪਿੱਠੂ ਬਣਨ ਦੇ ਦੋਸ਼ ਤੋਂ ਬਚਣ ਦੀ ਕੋਸ਼ਿਸ਼ ਕਰਦੇ ਹਨ ਅਤੇ ਪ੍ਰਗਤੀਸ਼ੀਲਤਾ ਦਾ ਭਰਮ ਬਣਾਈ ਰੱਖਣਾ ਚਾਹੁੰਦੇ ਹਨ ਪਰ ਉਹਨਾਂ ਦੀ ਨਵਉਦਾਰਵਾਦੀ ਅਸਲੀਅਤ ਜ਼ਾਹਿਰ ਹੋ ਜਾਂਦੀ ਹੈ। ਅਸਲ ਵਿੱਚ ਉਹ ਮੰਨਦੇ ਹਨ ਕਿ ਸਮਾਨ ਗੁਣ ਭਰਪੂਰ ਸਿੱਖਿਆ ਕੇਵਲ ਅਮੀਰ ਬੱਚਿਆਂ ਦਾ ਹੱਕ ਹੈ। ਗਰੀਬ ਬੱਚਿਆਂ ਦਾ ਤਾਂ ਹੱਕ ਬਹੁਪਰਤੀ ਸਿੱਖਿਆ ਹਾਸਿਲ ਕਰਨਾ ਹੈ।

ਇਸ ਵਿਵਸਥਾ ਦਾ ਇੱਕ ਪਹਿਲੂ ਇਹ ਹੈ ਕਿ ਗਰੀਬ ਭਾਰਤ ਦੇ ਬੱਚੇ ਅਮੀਰਾਂ ਦੇ ਅਤੇ ਅਮੀਰ ਬੱਚੇ ਬਹੁਰਾਸ਼ਟਰੀ ਕੰਪਨੀਆਂ ਦੇ ਮਾਤਹਿਤ ਹੁੰਦੇ ਹਨ। ਭਾਜਪਾ ਦੇ ਭਾਰਤ ਉਦੈ ਅਤੇ ਕਾਂਗਰਸ ਦੇ ਨਵਾਂ ਭਾਰਤ ਦੀ ਇਹੀ ਹਕੀਕਤ ਹੈ। ਸਮੁੱਚਾ ਭਾਰਤ ਕੰਪਨੀਆਂ ਦੀ ਸਥਾਈ ਗ਼ੁਲਾਮੀ ਦੇ ਹੱਥਾਂ ਵਿੱਚ ਦਿੱਤਾ ਜਾ ਰਿਹਾ ਹੈ। ਇਹ ਸਾਮਰਾਜਵਾਦ ਦੀ ਸਾਜਿਸ਼ ਨਹੀਂ ਸਗੋਂ ਇੱਥੋਂ ਦੇ ਨੇਤਾਵਾਂ ਅਤੇ ਬੁੱਧੀਜੀਵੀਆਂ ਦਾ ਦੇਸ਼ ਧਰੋਹ ਹੈ। ਅਸੀਂ ਮੰਨਦੇ ਹਾਂ ਕਿ ਅਪਣੇ ਆਪ ਨੂੰ ਇਨੋਵੇਟਿਵ ਮੰਨਣ ਵਾਲੇ ਬੁੱਧੀਜੀਵੀ ਗੁਲਾਮ ਜਾਂ ਦੇਸ਼ ਧਰੋਹੀ ਆਖਿਆ ਜਾਣਾ ਪਸੰਦ ਨਹੀਂ ਕਰਦੇ ਪਰ ਦੇਸ਼ ਦੇ ਗਰੀਬ ਬੱਚਿਆਂ ਦੀ ਜ਼ਮੀਨ ਤੋਂ ਦੇਖਣ ਦੀ ਸੱਚਾਈ ਇਹੋ ਰਹਿੰਦੀ ਹੈ।

ਇਹੀ ਅੱਧੀ ਸੱਚਾਈ ਹੈ ਕਿ ਦੇਸ਼ ਦੀਆਂ ਅਜੋਕੀਆਂ ਸਰਕਾਰਾਂ ਪੂੰਜੀਵਾਦ ਸਾਮਰਾਜਵਾਦ ਦੇ ਹੁਕਮ ਦੀਆਂ ਗੁਲਾਮ ਹਨ। ਆਜ਼ਾਦ ਭਾਰਤ ਵਿੱਚ ਪੂੰਜੀਵਾਦੀ ਸਾਮਰਾਜਵਾਦ ਦੀ ਜਿੱਤ ਦੇ ਕਾਰਨਾਂ ਦੀ ਡੂੰਘੀ ਪੜਤਾਲ ਹੋਏਗੀ ਤਾਂ ਪਤਾ ਚੱਲੇਗਾ ਕਿ ਸਾਡੇ ਜ਼ਿਆਦਾਤਰ ਬੁੱਧੀਜੀਵੀ ਇਸੇ ਦਿਸ਼ਾ ਵੱਲ ਵੱਧ ਰਹੇ ਹਨ। ਜੇ ਅਜਿਹਾ ਨਹੀਂ ਹੁੰਦਾ ਤਾਂ ਉਹਨਾਂ ਵਿੱਚ ਅਤੇ ਨਵਉਦਾਰਵਾਦੀ ਤਾਕਤਾਂ ਵਿੱਚ ਜ਼ਬਰਦਸਤ ਮੁੱਠਭੇੜ ਹੋਈ ਹੁੰਦੀ ਪਰ ਕੁੱਝ ਅੰਦੋਲਨਕਾਰੀਆਂ ਨੂੰ ਛੱਡ ਕੇ ਨਵਉਦਾਰਵਾਦ ਦੇ ਵਿਰੁੱਧ ਸੱਚਾ ਸੰਘਰਸ਼ ਨਹੀਂ ਚੱਲ ਰਿਹਾ। ਜਦੋਂ ਤੋਂ ਭਾਰਤ ਵਿੱਚ ਨਵਉਦਾਰਵਾਦ ਆਇਆ ਹੈ ਉਦੋਂ ਤੋਂ ਨਵਜਾਗਰਣ ਅਤੇ ਸੁਤੰਤਰਤਾ ਅੰਦੋਲਨ ਉੱਤੇ ਕਾਫ਼ੀ ਖੋਜ ਕੀਤੀ ਜਾ ਰਹੀ ਹੈ। ਇਸੇ ਵਿਸ਼ੇ ਬਾਰੇ ਕਈ ਪੁਸਤਕਾਂ ਆਈਆਂ ਹਨ। ਜਿਹਨਾਂ ਵਿੱਚ ਬੁੱਧੀਜੀਵੀਆਂ ਨੇ ਨਵਜਾਗਰਣ ਅਤੇ ਸੁਤੰਤਰਤਾ ਅੰਦੋਲਨ ਦੀਆਂ ਖਾਮੀਆਂ ਦੀ ਚੀਰ ਫਾੜ ਕੀਤੀ ਹੈ। ਉਸ ਕੰਮ ਦੀ ਮਹੱਤਤਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਉਹ ਹੋਣਾ ਚਾਹੀਦਾ ਹੈ। ਪਰ ਸਾਨੂੰ ਲੱਗਦਾ ਹੈ ਕਿ ਆਜ਼ਾਦੀ ਤੋਂ ਬਾਅਦ ਭਾਰਤ ਦੀ ਬੁੱਧੀਜੀਵੀਆਂ ਦੀ ਭੂਮਿਕਾ ਨੂੰ ਲੁਕੋਣ ਲਈ ਅੱਖਾਂ ਫੇਰੀਆਂ ਜਾ ਰਹੀਆਂ ਹਨ। ਆਜ਼ਾਦ ਭਾਰਤ ਦੇ ਗਹਿਰ ਗੰਭੀਰ ਕਵੀ ਮੁਕਤੀ ਬੋਧ ਨੇ ਸੱਤਾਧਾਰੀਆਂ ਅਤੇ ਬੁੱਧੀਜੀਵੀਆਂ ਦੇ ਗਰੀਬ ਭਾਰਤ ਵਿਰੋਧੀ ਨਾਪਾਕ ਗੱਠਜੋੜ ਨੂੰ ਸੱਠਵੇਂ ਦਹਾਕੇ ਵਿੱਚ ਲਿਖੀ ਗਈ ‘ਅੰਧੇਰ ਮੇਂ ਕਵਿਤਾ’ ਵਿੱਚ ਚੰਗੀ ਤਰ੍ਹਾਂ ਰੌਸ਼ਨੀ ਪਾਈ ਸੀ। ਨਵਉਦਾਰਵਾਦ ਦੇ ਵਿਰੋਧ ਦਾ ਪੱਖ ਖੜ੍ਹਾ ਨਾ ਹੋ ਸਕਣ ਦਾ ਅਸਲ ਕਾਰਨ ਹੈ ਕਿ ਭਾਰਤ ਦੇ ਜ਼ਿਆਦਾਤਰ ਬੁੱਧੀਜੀਵੀ ਨਵਉਦਾਰਵਾਦ ਦੇ ਤਹਿਤ ਬਣਨ ਵਾਲੇ ਨਵੇਂ ਭਾਰਤ ਦੇ ਹੀ ਨੁਮਾਇੰਦੇ ਹਨ। ਅਜਿਹਾ ਨਹੀਂ ਹੁੰਦਾ ਤਾਂ ਨਵਉਦਾਰਵਾਦ ਦੇ ਸ਼ਿਕੰਜੇ ਨੂੰ ਮਜ਼ਬੂਤ ਕਰਨ ਵਾਲੇ ਰਾਸ਼ਟਰ ਮੰਡਲ ਖੇਡਾਂ ਦਾ ਵਿਰੋਧ ਬੁੱਧੀਜੀਵੀ ਵੀ ਕਰਦੇ।

ਇਹ ਝੂਠ ਦਾ ਹੀ ਬੋਲਬਾਲਾ ਹੈ ਕਿ ਮਾਨਵ ਵਿਕਾਸ ਸੂਚਕ ਅੰਕ ਵਿੱਚ 137 ਵੇਂ ਸਥਾਨ ਉੱਤੇ ਰਹਿਣ ਵਾਲੇ ਭਾਰਤ ਨੂੰ ਰਾਸ਼ਟਰਪਤੀ ਅਤੇ ਅਰਥਸ਼ਾਸਤਰੀ ਪ੍ਰਧਾਨ ਮੰਤਰੀ ਮਹਾਂਸ਼ਕਤੀ ਦੱਸਦੇ ਹਨ ਅਤੇ ਖੁਸ਼ੀ ਪ੍ਰਾਪਤ ਕਰਦੇ ਹਨ।

ਸੱਚਾਈ ਇਹ ਹੈ ਕਿ ਇਸ ਦੇਸ਼ ਦੇ ਨੇਤਾਵਾਂ ਅਤੇ ਨੌਕਰਸ਼ਾਹਾਂ ਦੀ ਜੁਬਾਨ ਤੋਂ ਨਿਕਲਿਆ ਹਰ ਵਾਕ ਅਤੇ ਲਿਖੀ ਗਈ ਹਰ ਲਾਈਨ ਝੂਠ ਹੁੰਦੀ ਹੈ। ਉਸ ਝੂਠ ਨੂੰ ਪਰੋਸਣ ਵਾਲਾ ਮੁੱਖ ਧਾਰਾ ਮੀਡੀਆ ਸੁਭਾਵਕ ਰੂਪ ਨਾਲ ਝੂਠ ਦਾ ਕਾਰੋਬਾਰ ਹੈ। ਤੁਸੀਂ ਆਖ ਸਕਦੇ ਹੋ ਕਿ ਅਸੀਂ ਬਹੁਤ ਜ਼ਿਆਦਾ ਕਰ ਰਹੇ ਹਾਂ। ਸਾਡਾ ਕਹਿਣਾ ਹੈ ਕਿ ਤੁਸੀਂ ਖੁਦ ਝੂਠ ਸੱਚ ਦਾ ਪਤਾ ਲਾ ਲਓ। ਕਸੌਟੀ ਹੈ ਕਿ ਤੁਸੀਂ ਕਿਸ ਜ਼ਮੀਨ ਉੱਤੇ ਖੜ੍ਹੇ ਹੋ ਕੇ ਸੱਚ ਝੂਠ ਦਾ ਪਤਾ ਲਗਾਉਂਦੇ ਹੋ। ਜੇ ਗਰੀਬ ਭਾਰਤ ਦੀ ਬਦਹਾਲ ਅਤੇ ਬੇਇੱਜ਼ਤ ਆਬਾਦੀ ਦੀ ਜ਼ਮੀਨ ਉੱਤੇ ਖੜ੍ਹੇ ਹੋ ਕੇ ਪਤਾ ਲਾਇਆ ਜਾਏਗਾ ਤਾਂ ਸੱਚਾਈ ਇਹੋ ਹੈ ਕਿ ਦੇਸ਼ ਦਾ ਹਰ ਨੇਤਾ ਅਤੇ ਨੌਕਰਸ਼ਾਹ ਝੂਠ ਬੋਲਦਾ ਹੈ। ਜਿਹੜਾ ਜਿੰਨਾ ਵੱਡਾ ਝੂਠ ਬੋਲੇਗਾ ਉਹ ਉਨਾਂ ਹੀ ਵੱਡਾ ਨੇਤਾ ਜਾਂ ਉਤਨੇ ਉੱਚੇ ਅਹੁਦੇ ਵਾਲਾ ਅਫ਼ਸਰ ਹੋ ਸਕਦਾ ਹੈ। ਭਾਰਤ ਦੇ ਪਿਛਲੇ ਵੀਹ ਸਾਲਾਂ ਦੇ ਰਾਜਨੀਤਕ ਦ੍ਰਿਸ਼ ਉੱਤੇ ਝਾਤੀ ਮਾਰੋਗੇ ਤਾਂ ਅਨੇਕਾਂ ਚਿਤਕਬਰੇ ਝੂਠਾਂ ਦੇ ਵਿਚਕਾਰ ਸੋਨੀਆ ਗਾਂਧੀ ਅਤੇ ਮਨਮੋਹਣ ਸਿੰਘ ਦੇ ਸਫ਼ੈਦ ਝੂਠ ਦੀ ਮਹਿਮਾ ਤੁਹਾਨੂੰ ਅਪਣੇ ਆਪ ਦਿਖਾਈ ਦਏਗੀ।

ਝੂਠ ਦੇ ਇਸ ਕਾਰੋਬਾਰ ਵਿੱਚ ਥੋੜ੍ਹਾ ਵੀ ਸੱਚ ਬੋਲਣ ਦੀ ਸਜ਼ਾ ਤੁਰੰਤ ਮਿਲਦੀ ਹੈ। 2007 ਵਿੱਚ ਭਾਰਤੀ ਓਲੰਪਿਕ ਸੰਘ ਨੇ 2014 ਦੇ ਏਸ਼ੀਆਈ ਖੇਡਾਂ ਦੀ ਮੇਜ਼ਬਾਨੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਸ ਸਮੇਂ ਦੇ ਖੇਡ ਮੰਤਰੀ ਮਣੀ ਸ਼ੰਕਰ ਅਈਅਰ ਨੇ ਆਖ ਦਿੱਤਾ ਸੀ ਕਿ ਜ਼ਰੂਰਤ ਕਰੋੜਾਂ ਜ਼ਰੂਰਤਮੰਦ ਬੱਚਿਆਂ ਅਤੇ ਨੌਜੁਆਨਾਂ ਨੂੰ ਖੇਡ ਸਹੂਲਤਾਂ ਮੁਹੱਈਆ ਕਰਾਉਣ ਦੀ ਹੈ ਨਾ ਕਿ ਭਾਰਤ ਦੀ ਅੰਤਰਰਾਸ਼ਟਰੀ ਤਸਵੀਰ ਸੁਧਾਰਨ ਦੇ ਲਈ ਇਸ ਤਰ੍ਹਾਂ ਦੇ ਸਮਾਗਮਾਂ ਉੱਤੇ ਫਜ਼ੂਲ ਖ਼ਰਚਾ ਕਰਨ ਦੀ। ਭਾਰਤੀ ਓਲੰਪਿਕ ਸੰਘ ਦੀ ਇਹ ਕੋਸ਼ਿਸ਼ ਦੂਸਰੇ ਕਾਰਨਾਂ ਕਰਕੇ ਸਫ਼ਲ ਨਹੀਂ ਹੋ ਸਕੀ ਪਰ ਮਣੀ ਸ਼ੰਕਰ ਅਈਅਰ ਨੂੰ ਖੇਡ ਮੰਤਰੀ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ। ਉਹਨਾਂ ਦੀ ਸਮਝ ਵਿੱਚ ਆ ਗਿਆ ਕਿ ਹੁਣ ਗਰੀਬਾਂ ਦੇ ਬਾਰੇ ਸੱਚਾਈ ਨਾਲ ਗੱਲ ਕਰਨਾ ਵਰਜਿਤ ਹੈ।

ਡਾ. ਲੋਹੀਆ ਨੇ ਉਦੋਂ ਭਾਰਤ ਸਰਕਾਰ ਦੇ ਝੂਠ ਦੀ ਕਲਾ ਵਿੱਚ ਨਿਪੁੰਨ ਹੋਣ ਦੀ ਗੱਲ ਆਖੀ ਸੀ ਜਿਸ ਸਮੇਂ ਗਰੀਬੀ ਹਟਾਉਣ ਦੇ ਝੂਠੇ ਵਾਅਦੇ ਚਲਦੇ ਸਨ। ਕੁਝ ਸਾਲਾਂ ਤੱਕ ਉਹ ਲੋਹੀਆ ਦੀ ਮੌਤ ਦੇ ਬਾਅਦ ਵੀ ਚਲਦੇ ਰਹੇ। ਅਰਥਾਤ ਸਰਕਾਰੀ ਝੂਠ ਦਾ ਧੰਦਾ ਕੇਵਲ ਪੂਰੀ ਤਰ੍ਹਾਂ ਦੇਸ਼ ਦੀ ਗਰੀਬ ਜਨਤਾ ਵੱਲ ਨਿਰਦੇਸ਼ਿਤ ਨਹੀਂ ਸੀ। ਹੁਣ ਉਹ ਪੂਰੀ ਤਰ੍ਹਾਂ ਗਰੀਬਾਂ ਵਿਰੁੱਧ ਨਿਰਦੇਸ਼ਿਤ ਹੈ।

ਮਨਮੋਹਨ ਸਿੰਘ ਕਈ ਵਾਰ ਐਲਾਨ ਕਰ ਚੁੱਕੇ ਹਨ ਕਿ ਇਹਨਾਂ ਖੇਡਾਂ ਲਈ ਧਨ ਦੀ ਕਮੀ ਨਹੀਂ ਹੋਣ ਦਿੱਤੀ ਜਾਏਗੀ। ਰਾਸ਼ਟਰ ਮੰਡਲ ਖੇਡਾਂ ਦੇ ਬਾਰਾਂ ਦਿਨ ਦੇ ਸਮਾਗਮ ਉੱਤੇ ਖ਼ਰਚ ਕੀਤੇ ਜਾਣ ਵਾਲੀ ਰਕਮ ਅਗਲੇ ਸਾਲਾਂ ਵਿੱਚ 20 ਕਰੋੜ ਬੱਚਿਆਂ ਦੀ ਸਿੱਖਿਆ ਉੱਤੇ ਕੀਤੇ ਜਾਣ ਵਾਲੇ ਖ਼ਰਚ ਦੇ ਬਰਾਬਰ ਹੈ।

ਹੁਣੇ ਜਿਹੇ ਦਿੱਲੀ ਦੀ ਮੁੱਖ ਮੰਤਰੀ ਨੇ ਖ਼ਾਸ ਅਧਿਕਾਰੀਆਂ ਦੀ ਹਾਜ਼ਰੀ ਵਿੱਚ ਰਾਸ਼ਟਰ ਮੰਡਲ ਖੇਡ ਦਿੱਲੀ 2010 ਨਿਯਮ ਪੱਤਰਕਾਰਾਂ ਦੇ ਸਾਹਮਣੇ ਜਾਰੀ ਕੀਤੇ। ਅਜਿਹਾ ਦਿਖਾਇਆ ਗਿਆ ਹੈ ਜਿਵੇਂ ਨਿਯਮ ਜਾਦੂ ਦਾ ਡੰਡਾ ਹੋਵੇ ਜਿਸਦੇ ਘੁਮਾਉਂਦਿਆਂ ਹੀ ਕਾਰਬਨ ਦਾ ਪੈਦਾ ਹੋਣਾ ਦਿੱਲੀ ਤੋਂ ਗਾਇਬ ਹੋ ਜਾਏਗਾ। ਇਸ ਵਿਸ਼ੇ ਬਾਰੇ ਨੇਤਾਵਾਂ ਅਤੇ ਅਧਿਕਾਰੀਆਂ ਵੱਲੋਂ ਜਿਵੇਂ ਵਧਾ ਚੜ੍ਹਾ ਕੇ ਦਾਅਵੇ ਕੀਤੇ ਜਾ ਰਹੇ ਸਨ, ਉਸ ਤੋਂ ਲੱਗਦਾ ਸੀ ਕਿ ਇਹ ਖੇਡਾਂ, ਗਿਣਾਈਆਂ ਜਾ ਰਹੀਆਂ ਹੋਰ ਪ੍ਰਾਪਤੀਆਂ ਦੇ ਨਾਲ ਵਾਤਾਵਰਣ ਦਾ ਸੰਕਟ ਵੀ ਹੱਲ ਕਰ ਦੇਣਗੀਆਂ।

ਸੱਚਾਈ ਇਹ ਹੈ ਕਿ ਇਹਨਾਂ ਖੇਡਾਂ ਬਾਰੇ ਜੋ ਬੋਲਿਆ ਜਾ ਰਿਹਾ ਹੈ ਅਨੇਕਾਂ ਝੂਠਾਂ ਵਿੱਚੋਂ ਇੱਕ ਵੱਡਾ ਝੂਠ ਇਹ ਹੈ ਕਿ ਇਹ ਗਰੀਨ ਖੇਡਾਂ ਹਨ। ਜਦੋਂ ਸੁਰੇਸ਼ ਕਲਮਾੜੀ, ਸ਼ਸ਼ੀ ਥਰੂਰ ਅਤੇ ਸ਼ੀਲਾ ਦੀਕਸ਼ਿਤ ਮਾਣ ਨਾਲ ਭਰੇ ਇਹ ਕਹਿੰਦੇ ਹਨ ਕਿ ਇਹਨਾਂ ਖੇਡਾਂ ਵਿੱਚੋਂ ਕਾਰਬਨ ਪੈਦਾ ਹੋਣ ਦੀ ਸਮੱਸਿਆ ਨਹੀਂ ਹੋਵੇਗੀ। ਖੇਡਾਂ ਦੇ ਸਮੇਂ ਜ਼ਮੀਨ, ਹਵਾ, ਪਾਣੀ, ਕਚਰਾ ਅਤੇ ਊਰਜਾ ਉੱਤੇ ਪੈਣ ਵਾਲੇ ਕੁਦਰਤੀ ਪ੍ਰਭਾਵਾਂ ਨੂੰ ਰੋਕਿਆ ਜਾਵੇਗਾ। ਪੱਤਰਕਾਰਾਂ ਨੂੰ ਪੁੱਛਣਾ ਚਾਹੀਦਾ ਸੀ ਕਿ ਇੰਨੀ ਵੱਡੀ ਸੰਖਿਆ ਵਿੱਚ ਦਰੱਖਤ ਵੱਢਣੇ ਅਤੇ ਯਮੁਨਾ ਦੇ ਕੰਢਿਆਂ ਨੂੰ ਲੋਹੇ ਅਤੇ ਸੀਮਿੰਟ ਨਾਲ ਭਰ ਦੇਣ ਦੇ ਬਾਵਜੂਦ ਤੁਸੀਂ ਇਸ ਨੂੰ ਕਿਵੇਂ ਗਰੀਨ ਖੇਡਾਂ ਐਲਾਨ ਰਹੇ ਹੋ ਜਦੋਂ ਕਿ ਦਿੱਲੀ ਅੰਦਰ ਅਣਗਿਣਤ ਮੋਟਰ ਗੱਡੀਆਂ ਦਿਨ ਰਾਤ ਦੌੜਦੀਆਂ ਹਨ ਅਤੇ ਅਣਗਿਣਤ ਲੋਕ ਆਉਣ ਜਾਣ ਕਰਦੇ ਹਨ?

ਯਮੁਨਾ ਦੇ ਕੰਢੇ ਉੱਤੇ 158 ਏਕੜ ਰਕਬੇ ਵਿੱਚ ਖੇਡ ਪਿੰਡ ਦਾ ਨਿਰਮਾਣ ਕੀਤਾ ਗਿਆ ਹੈ। ਇੱਥੇ ਵਿਦੇਸ਼ੀ ਖਿਡਾਰੀਆਂ ਅਤੇ ਅਧਿਕਾਰੀਆਂ ਦੇ ਠਹਿਰਣ ਲਈ 27 ਏਕੜ ‘ਚ ਫੈਲੀ 34 ਬਹੁਮੰਜ਼ਲਾਂ ਇਮਾਰਤਾਂ ਅਤੇ 4000 ਅਤੀ ਆਧੁਨਿਕ ਸਹੂਲਤਾਂ ਨਾਲ ਲੈਸ ਕਮਰੇ ਬਣਾਏ ਗਏ ਹਨ। ਮਾਣ ਨਾਲ ਦੱਸਿਆ ਜਾਂਦਾ ਹੈ ਕਿ ਇਸ ਨਿਰਮਾਣ ਵਿੱਚ ਪੈਰਿਸ ਅਤੇ ਆਈਫਿਲ ਟਾਵਰ ਤੋਂ ਪੰਜਾਹ ਗੁਣਾ ਜ਼ਿਆਦਾ ਲੋਹਾ ਲਾਇਆ ਗਿਆ ਹੈ। ਖੇਡ ਖ਼ਤਮ ਹੋ ਜਾਣ ਦੇ ਬਾਅਦ ਇਹ ਮਕਾਨ ਵੇਚ ਦਿੱਤੇ ਜਾਣਗੇ। ਇਹਨਾਂ ਨੂੰ ਖਰੀਦਣ ਵਾਲੇ ਅਮੀਰ ਇੱਥੇ ਹੀ ਨਹੀਂ ਰੁਕਣਗੇ। ਉਹ ਯਮੁਨਾ ਦੇ ਬਾਕੀ ਕੰਢੇ ਉੱਤੇ ਵੀ ਦਖ਼ਲ ਦੇਣਗੇ। ਵਾਤਾਵਰਣ ਦੀ ਚਿੰਤਾ ਕਰਨ ਵਾਲਿਆਂ ਦੀ ਨਾ ਤਾਂ ਉਦੋਂ ਚੱਲੀ ਜਦੋਂ ਯਮੁਨਾ ਦੇ ਕੰਢੇ ਉੱਤੇ ਅਕਸ਼ਰਧਾਮ ਮੰਦਰ ਬਣਾਇਆ ਗਿਆ ਸੀ ਨਾ ਖੇਡ ਪਿੰਡ ਬਣਾਉਂਦੇ ਸਮੇਂ ਚੱਲੀ। ਲੱਗਦਾ ਹੈ ਆਉਣ ਵਾਲੇ ਸਮੇਂ ਵਿੱਚ ਵੀ ਨਹੀਂ ਚੱਲੇਗੀ। ਜਦੋਂ ਅਮੀਰ ਦੀ ਅਲੱਗ ਦੁਨੀਆ ਵਸਾਉਣ ਦੇ ਲਈ ਯਮੁਨਾ ਦੇ ਕੰਢਿਆਂ ਉੱਤੇ ਵੱਡੀਆਂ ਇਮਾਰਤਾਂ ਬਣਾਈਆਂ ਜਾਣਗੀਆਂ।

ਨਿਯਮ ਜਾਰੀ ਕਰਕੇ ਖੇਡਾਂ ਨੂੰ ਹਰਿਆਵਲ ਦਾ ਧੋਖਾ ਦਿੱਤਾ ਜਾ ਰਿਹਾ ਹੈ। ਕਿਹਾ ਜਾ ਰਿਹਾ ਹੈ ਕਿ 20 ਫੁੱਟ ਉੱਚਾਈ ਵਾਲੇ ਪਾਲੇ ਹੋਏ ਪੌਦੇ ਬਾਹਰੋਂ ਲਿਆ ਕੇ ਦਿੱਲੀ ਵਿੱਚ ਲਾਏ ਜਾਣਗੇ। ਅਜਿਹੇ ਇੱਕ ਪੌਦੇ ਦੀ ਕੀਮਤ ਇੱਕ ਲੱਖ ਰੁਪਏ ਦੱਸੀ ਜਾਂਦੀ ਹੈ। ਸਰਕਾਰ ਨੇ ਕੁੱਝ ਨਹੀਂ ਕਰਨਾ ਬਸ ਪੈਸਾ ਫੂਕਣਾ ਹੈ। ਪੌਦੇ ਲਾਉਣ ਲਈ ਦੇਸੀ ਵਿਦੇਸ਼ੀ ਕੰਪਨੀਆਂ ਪਹਿਲਾਂ ਹੀ ਤਿਆਰ ਹਨ। ਇਹ ਵਾਤਾਵਰਣ ਬਚਾਉਣ ਦਾ ਕਾਰਪੋਰੇਟ ਤਰੀਕਾ ਹੈ। ਅਖਾਣ ਹੈ ਕਿ ਸਾਵਣ ਦੇ ਅੰਨ੍ਹੇ ਨੂੰ ਹਰ ਪਾਸੇ ਹਰਿਆਵਲ ਹੀ ਦਿਖਾਈ ਦਿੰਦੀ ਹੈ। ਸ਼ੀਲਾ ਦੀਕਸ਼ਿਤ ਨੇ ਦਰਬਾਰੀ ਰਾਜਨੀਤੀ ਕੀਤੀ ਹੈ। ਦਰਬਾਰ ‘ਚ ਝੂਠ ਅਤੇ ਚਾਪਲੂਸੀ ਦੇ ਬਲਬੂਤੇ ਉੱਤੇ ਹੀ ਟਿਕੇ ਰਿਹਾ ਜਾ ਸਕਦਾ ਹੈ। ਇਹ ਦੋ ਗੁਣ ਜਿਸ ਵਿੱਚ ਜ਼ਿਆਦਾ ਹੋਣਗੇ, ਉਹ ਉਨੀਂ ਦੇਰ ਜ਼ਿਆਦਾ ਦੇਰ ਤੱਕ ਟਿਕ ਸਕਦਾ ਹੈ। ਸ਼ੀਲਾ ਦੀਕਸ਼ਿਤ ਇਸ ਗੱਲ ‘ਚ ਮਾਹਿਰ ਹੈ। ਉਸਨੇ ਅਪਣੇ ਪੁੱਤਰ ਨੂੰ ਵੀ ਨੇਤਾ ਬਣਾ ਦਿੱਤਾ। ਉਸ ਨੂੰ ਸਭ ਕੁੱਝ ਹਰਾ ਨਹੀਂ ਦਿਖਾਈ ਦਏਗਾ ਤਾਂ ਹੋਰ ਕਿਸ ਨੂੰ ਦਏਗਾ। ਇਹ ਖੇਡਾਂ ਦਰਅਸਲ ਖ਼ੂਨੀ ਹਨ, ਗਰੀਬਾਂ ਦਾ ਖ਼ੂਨ ਚੂਸਣ ਦਾ ਹਵਾਲਾ ਅਸੀਂ ਨਹੀਂ ਦਿੰਦੇ। ਉਸਦੀ ਨਾ ਹੁਣ ਪੁੱਛ ਪੜਤਾਲ ਹੈ ਅਤੇ ਨਾ ਹੀ ਕਿਸੇ ਉੱਤੇ ਉਸਦਾ ਪ੍ਰਭਾਵ ਪੈਂਦਾ ਹੈ। ਜੇ ਅਸੀ ਖ਼ੂਨ ਚੂਸਣ ਦੀ ਗੱਲ ਛੱਡਕੇ ਆਖੀਏ ਕਿ ਜਿਹੜੇ ਮਜ਼ਦੂਰ 2003 ਤੋਂ ਲੈ ਕੇ ਹੁਣ ਤੱਕ ਇਹਨਾਂ ਖੇਡਾਂ ਦੇ ਨਿਰਮਾਣ ਕੰਮ ਵਿੱਚ ਲੱਗੇ ਹੋਏ ਹਨ, ਉਹਨਾਂ ਨੂੰ ਖੇਡਾਂ ਦੇਖਣ ਲਈ ਮੁਫ਼ਤ ਪਾਸ ਦਿੱਤੇ ਜਾਣ ਤਾਂ ਇਸ ਨੂੰ ਕੋਈ ਵੀ ਸਵੀਕਾਰ ਨਹੀਂ ਕਰੇਗਾ। ਅਸੀਂ ਇਹ ਆਖੀਏ ਕਿ ਯਮੁਨਾ ਦੇ ਕੰਢੇ ਉੱਤੇ ਬਣਨ ਵਾਲੇ ਮਕਾਨ ਇੱਕ ਯੋਜਨਾ ਅਧੀਨ ਇਹਨਾਂ ਮਜ਼ਦੂਰਾਂ ਵਿੱਚ ਵੰਡ ਦਿੱਤੇ ਜਾਣ ਤਾਂ ਕੀ ਕੋਈ ਸਵੀਕਾਰ ਕਰੇਗਾ? ਧਰਮ ਅਤੇ ਖੇਡਾਂ ਦੀਆਂ ਭਾਵਨਾਵਾਂ ਉੱਤੇ ਸਵਾਰੀ ਕਰਨ ਵਾਲੇ ਰਾਸ਼ਟਰਵਾਦ ਵਿੱਚ ਗਰੀਬ ਆਦੀਵਾਸੀਆਂ, ਦਲਿਤਾਂ, ਮਜ਼ਦੂਰਾਂ, ਕਿਸਾਨਾਂ, ਬੇਰੁਜ਼ਗਾਰ ਨੌਜੁਆਨਾਂ ਦੇ ਹਿੱਸੇ ਕੇਵਲ ਨਰੇਗਾ ਆਉਂਦਾ ਹੈ ਤਾਂ ਕਿ ਉਹ ਲੋਕ ਉਦੋਂ ਤੱਕ ਜਿਉਂਦੇ ਰਹਿਣ ਜਦੋਂ ਤੱਕ ਨਵੇਂ ਭਾਰਤ ਦੇ ਨਿਰਮਾਣ ਲਈ ਮੁਫ਼ਤ ਦੀ ਮਜ਼ਦੂਰੀ ਦੀ ਲੋੜ ਹੈ। ਦਲਿਤ, ਆਦੀਵਾਸੀ ਅਤੇ ਪਿਛੜੇ ਨੇਤਾਵਾਂ ਨੂੰ ਵੀ ਇਹ ਮਨਜ਼ੂਰ ਹੈ। ਲੇਬਰ ਕਾਨੂੰਨਾਂ ਦੀ ਉਲੰਘਣਾ ਦੀ ਗੱਲ ਉਦੋਂ ਵੀ ਉੱਠੀ ਸੀ ਜਦੋਂ 1982 ਵਿੱਚ ਏਸ਼ੀਆਈ ਖੇਡਾਂ ਹੋਈਆਂ ਸਨ। ਰਾਸ਼ਟਰ ਮੰਡਲ ਖੇਡਾਂ ਵਿੱਚ ਲੱਗੀ ਮਜ਼ਦੂਰ ਸ਼ਕਤੀ ਦੇ ਲਈ ਕੋਈ ਲੇਬਰ ਕਾਨੂੰਨ ਨਹੀਂ ਹੈ। ਦਰਅਸਲ ਇਹ ਲੇਬਰ ਕਾਨੂੰਨਾਂ ਦਾ ਨਹੀਂ ਸਗੋਂ ਮਨੁੱਖਤਾ ਦੀ ਉਲੰਘਣਾ ਦਾ ਮਾਮਲਾ ਹੈ। ਜਿਸਦੀ ਨਵੇਂ ਭਾਰਤ ਵਿੱਚ ਕਿਤੇ ਅਪੀਲ ਨਹੀਂ ਹੈ। ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਜਿਸ ਨੇ ਅਕਰਸ਼ਰ ਧਾਮ ਨੂੰ ਮਨਜ਼ੂਰੀ ਦਿੱਤੀ ਅਤੇ ਖੇਡ ਪਿੰਡ ਨੂੰ ਵੀ, ਕਦੇ ਨਹੀਂ ਪੁੱਛਦੀ ਕਿ ਮਹਾਸ਼ਕਤੀ ਭਾਰਤ ਵਿੱਚ ਮਜ਼ਦੂਰਾਂ ਦੇ ਵਰਤਮਾਨ ਅਤੇ ਭਵਿੱਖ ਦਾ ਕੀ ਹਾਲ ਹੈ? ਸਰਕਾਰ ਅਤੇ ਠੇਕੇਦਾਰਾਂ ਦੀ ਜਕੜ ‘ਚ ਉਹਨਾਂ ਦਾ ਕੁੱਝ ਨਾਗਰਿਕ ਬੋਧ ਬਚਿਆ ਹੈ ਜਾਂ ਪੂਰੀ ਤਰ੍ਹਾਂ ਸਾਫ਼ ਕਰ ਦਿੱਤਾ ਗਿਆ ਹੈ।

ਯਮੁਨਾ ਦੇ ਕੰਢੇ ਨੂੰ ਛੇਕ ਕੇ ਅਤੇ ਦਿੱਲੀ ਨੂੰ ਕੰਕਰੀਟ ਦੇ ਜੰਗਲ ਵਿੱਚ ਬਦਲ ਕੇ ਆਉਣ ਵਾਲੀਆਂ ਪੀੜ੍ਹੀਆਂ ਦੇ ਖ਼ੂਨ ਦਾ ਇੰਤਜਾਮ ਕਰ ਦਿੱਤਾ ਗਿਆ ਹੈ। ਅਸੀਂ ਉਪਰ ਦੱਸਿਆ ਹੈ ਕਿ ਪਹਿਲਾਂ ਅਕਸ਼ਰਧਾਮ ਮੰਦਰ ਅਤੇ ਹੁਣ ਖੇਡ ਪਿੰਡ ਦਾ ਨਿਰਮਾਣ ਕਰਕੇ ਯਮੁਨਾ ਦਾ ਕਿਨਾਰਾ ਬਿਲਡਰ ਮਾਫੀਆ ਅਤੇ ਨਵੇਂ ਭਾਰਤ ਦੇ ਅਮੀਰਾਂ ਦੇ ਲਈ ਖੋਲ੍ਹ ਦਿੱਤਾ ਗਿਆ ਹੈ। ਇਹ ਨਹੀਂ ਭੁੱਲਣਾ ਚਾਹੀਦਾ ਕਿ ਖ਼ੂਨ ਸਿਰਫ਼ ਇਨਸਾਨਾਂ ਦਾ ਨਹੀਂ ਹੁੰਦਾ। ਪਸ਼ੂ, ਪੰਛੀਆਂ, ਕੀੜੇ-ਮਕੌੜੇ ਅਤੇ ਬਨਸਪਤੀ ਵੀ ਜੀਵਨ ਧਾਰਨ ਕਰਦੇ ਹਨ। ਦੋਵਾਂ ਦੀ ਹੋਂਦ ਨਾਲ ਸ੍ਰਿਸ਼ਟੀ ਅਤੇ ਸੱਭਿਅਤਾ ਚੱਲਦੀ ਹੈ। ਇਸ ਤੋਂ ਬਿਨਾਂ ਜਿਵੇਂ ਕਿ ਜਾਰਜ ਆਰਵੈਲ ਨੇ ਕਿਹਾ ਹੈ ਕਿ ਆਧੁਨਿਕ ਸੱਭਿਅਤਾ ਅੰਦਰ ਖੇਡਾਂ ਨੂੰ ਯੁੱਧ ਬਣਾ ਦਿੱਤਾ ਗਿਆ ਹੈ। ਜਿੱਥੇ ਕਿਲਰ ਇਨਸਟਿੰਕਟ-ਹੱਤਿਆ ਕਰਨ ਦੀ ਮੂਲ ਪਰਵਿਰਤੀ-ਨਹੀਂ ਹੈ, ਉੱਥੇ ਖੇਡ ਨਹੀਂ ਹੈ ਇਹ ਅਜਿਹੇ ਯੁੱਧ ਹਨ ਜਿਹਨਾਂ ਵਿੱਚ ਗੋਲਾਬਾਰੀ ਤੋਂ ਬਿਨਾਂ ਸਭ ਕੁੱਝ (ਯੁੱਧ ਦੀਆਂ ਸਾਰੀਆਂ ਬੁਰਾਈਆਂ) ਹੁੰਦਾ ਹੈ।

ਦੇਸ਼ ਵਿੱਚ ਨਾ ਕੋਈ ਖੇਡ ਨੀਤੀ ਹੈ ਨਾ ਸਮੁੱਚੇ ਰੂਪ ਵਿੱਚ ਖੇਡ ਸੱਭਿਆਚਾਰ ਵਿਕਸਤ ਕਰਨ ਦੀ ਇੱਛਾ ਅਤੇ ਪਹਿਲ। ਦੁਨੀਆ ਦੀਆਂ ਸਭ ਤੋਂ ਮਹਿੰਗੀਆਂ ਰਾਸ਼ਟਰ ਮੰਡਲ ਖੇਡਾਂ ਕਰਵਾਉਣ ਵਾਲੀ ਸਰਕਾਰ ਦੇਸ਼ ਅੰਦਰ ਨਵੇਂ ਖਿਡਾਰੀਆਂ ਨੂੰ ਅੱਗੇ ਲਿਆਉਣ ਦੀ ਪਹਿਲ ਨਹੀਂ ਕਰਦੀ ਹੈ। ਬੱਚਿਆਂ ਲਈ ਸਕੂਲਾਂ ਵਿੱਚ ਨਾ ਖੇਡਣ ਲਈ ਮੈਦਾਨ ਹਨ ਨਾ ਖੇਡ ਸਮੱਗਰੀ ਅਤੇ ਨਾ ਹੀ ਸਿਖਾਉਣ ਵਾਲੇ। ਸਕੂਲ ਅਤੇ ਕਾਲਜਾਂ ਵਿੱਚ ਕ੍ਰਿਕਟ ਤੋਂ ਬਿਨਾਂ ਖੇਡਾਂ ਦਾ ਦਾਣਾ-ਪਾਣੀ ਲੱਗਭਗ ਖ਼ਤਮ ਹੋ ਗਿਆ ਹੈ। ਪਿੰਡਾਂ ਵਿੱਚ ਵੀ ਸਿਰਫ਼ ਕ੍ਰਿਕਟ ਹੈ। ਯੂਰਪ ਅਤੇ ਅਮਰੀਕਾ ਕੋਲੋਂ ਕਾਰਪੋਰੇਟ ਖੇਡ ਸੱਭਿਆਚਾਰ ਦੀ ਨਕਲ ਕੀਤੀ ਜਾ ਰਹੀ ਹੈ।

ਅਸਲੀਅਤ ਇਹ ਹੈ ਕਿ ਰਾਸ਼ਟਰ ਮੰਡਲ ਖੇਡਾਂ ਦੀ ਆੜ ‘ਚ ਭਾਰਤ ਦੇ ਨੇਤਾ ਅਤੇ ਅਫ਼ਸਰ ਖੇਡਾਂ ਤੋਂ ਮੁਨਾਫ਼ਾ ਕਮਾਉਣ ਦੀ ਨੀਅਤ ਨਾਲ ਚਾਲੂ ਉਦਯੋਗ ਪਤੀਆਂ ਨਾਲ ਇੱਕਮਿੱਕ ਹੋ ਗਏ ਹਨ। ਕਹਿਣ ਨੂੰ ਤਾਂ ਇਹਨਾਂ ਖੇਡਾਂ ਦਾ ਉਦੇਸ਼ ਸਾਰੇ ਭਾਰਤੀਆਂ ਅੰਦਰ ਖੇਡਾਂ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਹੈ ਅਤੇ ਖੇਡ ਸੱਭਿਆਚਾਰ ਦਾ ਨਿਰਮਾਣ ਕਰਨਾ ਐਲਾਨਿਆ ਹੈ ਪਰ ਅਸਲ ਵਿੱਚ ਇਹ ਕੰਪਨੀਆਂ ਦੇ ਮੁਨਾਫ਼ੇ ਅਤੇ ਪ੍ਰਬੰਧਕਾਂ ਦੇ ਭ੍ਰਿਸ਼ਟਾਚਾਰ ਦੀ ਖੇਡ ਹੈ। ਇਸ ਦੀ ਬਿਸਾਤ ਚੰਗੀ ਤਰ੍ਹਾਂ ਵਿਛਾ ਦਿੱਤੀ ਗਈ ਹੈ। ਰਾਸ਼ਟਰ ਮੰਡਲ ਖੇਡਾਂ ਦਾ ਇੱਕ ਮਕਸਦ ਭਾਰਤ ਨੂੰ ਆਰਥਿਕ ਮਹਾਂਸ਼ਕਤੀ ਦੇ ਰੂਪ ਵਿੱਚ ਪੇਸ਼ ਕਰਨਾ ਹੈ। ਅਸਲ ਵਿੱਚ ਇਹੋ ਅਸਲੀ ਮਕਸਦ ਹੈ। ਰਾਸ਼ਟਰ ਮੰਡਲ ਖੇਡਾਂ ਦੇ ਬਹਾਨੇ ਵਿਦੇਸ਼ੀ ਕੰਪਨੀਆਂ ਦੇ ਉੱਚ ਅਧਿਕਾਰੀਆਂ ਲਈ ਅਮੀਰ ਦੇਸ਼ਾਂ ਵਰਗੀਆਂ ਸਹੂਲਤਾਂ ਤਿਆਰ ਕੀਤੀਆਂ ਗਈਆਂ ਹਨ। ਇਹ ਸਹੂਲਤਾਂ ਹੋਣਗੀਆਂ ਤਾਂ ਉਹ ਭਾਰਤ ਆਉਣਗੇ ਅਤੇ ਇੱਥੇ ਵਿਦੇਸ਼ੀ ਪੂੰਜੀ ਲਗਾਉਣਗੇ। ਸੁਰੱਖਿਆ ਉੱਤੇ ਜਿਹੜੇ ਅਰਬਾਂ ਰੁਪਏ ਖਰਚ ਕੀਤੇ ਜਾ ਰਹੇ ਹਨ ਉਹ ਵੀ ਵਿਦੇਸ਼ੀ ਪੂੰਜੀਪਤੀਆਂ ਨੂੰ ਖੁਸ਼ ਕਰਨ ਲਈ ਹਨ। ਕਹਿਣ ਦੀ ਲੋੜ ਨਹੀਂ ਕਿ ਜੋ ਸਟੇਡੀਅਮ ਆਦਿ ਬਣਾਏ ਗਏ ਹਨ, ਉਹਨਾਂ ਦਾ ਓਹੋ ਹਾਲ ਹੋਏਗਾ ਜੋ ਚੀਨ ਵਿੱਚ ਹੋ ਰਿਹਾ ਹੈ। ਕਿਉਂਕਿ ਅਸਲ ਮਕਸਦ ਖੇਡਾਂ ਹੈ ਹੀ ਨਹੀਂ ਇਸ ਲਈ ਉੱਥੇ ਖੇਡਾਂ ਦੀ ਨਿਰੰਤਰਤਾ ਨਹੀਂ ਬਣੀ ਰਹੇਗੀ। ਸਗੋਂ ਭਵਿੱਖ ਵਿੱਚ ਓਲੰਪਿਕ ਕਰਵਾਉਣ ਦਾ ਦਾਅਵਾ ਜ਼ਰੂਰ ਠੋਕ ਦਿੱਤਾ ਜਾਵੇਗਾ।

NEW WAY
Stucco Ltd.
Quality work at reasonable rates.
We do Splash Dash Stucco and Acrylic. For free estimates call
(BALJIT) Ph. : (780)-708-1436, Fax : (780)-462-0691
All Kind of Stucco Acrylic & Rain Screen Residential & Commercial
ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Moga Painting Company
Serving Since 1985
Experts in Interior & Exterior Paint
Residential & Commercial Jobs
Experts in Colour Matching
Guaranteed Work
Reasonable Rates
Office Painting, Spray Painting, Staircase Railing, Stain & Varnish
SURJIT
ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।
For FREE Estimates Call 780-934-3535

RESIDENTIAL | COMMERCIAL | INVESTMENT PROPERTIES
HOMELIFE Higher Standards
Harinder Hundal M.Sc. Eco. M.B.A.
Sales Representative
Cell: 647-818-6880
Bus: 905-672-1234
Fax: 905-672-0672
hpshundal@gmail.com
HomeLife/United Realty Inc. Brokerage
Independently Owned & Operated
50 Sunnyvale Gate, Unit # 7, Brampton, ON L6S 0C4
Higher Standards Agents... Higher Results

Mulaquat PRODUCTIONS
TV Program Mulaqat
Aired on VISION TV (Channel 60)
3.00 p.m. to 3.30 p.m. (Every Saturday)
Charanjit Brar
Producer & Host
647-300-8436

"THE GRAND VITARA IS PRICED TO BE COMPETITIVE, IT'S COMFORTABLE, AND IT OFFERS A HIGH LEVEL OF STANDARD EQUIPMENT AND SAFETY FEATURES." –JIL MCINTOSH, CANADIANDRIVER.COM
ALL-IN-ONE PR1CE
4 WHEEL DRIVE
Grand Vitara JX shown
2010 GRAND VITARA JX 4WD
4 Mode 4WD • AM/FM/CD/MP3/WMA player (6 speakers) • Auxiliary input jack • ABS with Electronic Brake Distribution • 6 Airbags • Keyless Entry and Start System • 2.4L DOHC engine with variable valve timing
$187* BI-WEEKLY PAYMENT + TAX
JUST SIGN AND GO!

ALL-IN-ONE PR1CE
No hidden fees. Just sign and go!
SUZUKI
0% FINANCING FOR 72 MONTHS!
0% DOWN PAYMENT
INCLUDES:
✓ Air Conditioning,
✓ Keyless Entry and
✓ Power Package in all 2010s shown
NO SURPRISES! COME IN FOR A TEST DRIVE TODAY!
100 YEARS of INNOVATION
SUZUKI Way of Life!

INTRODUCING THE NEW 2011 Kizashi
THE POWER OF CONTROL
What is Speed Without Agility?
Torque without Grip?
Driving without Precision?
North America's BEST VALUE in a midsize i-AWD SEDAN
Loaded with luxury features and Intelligent All Wheel Drive!

"YOU GET A LOT MORE THAN YOU EXPECT FOR A LOT LESS THAN YOU EXPECT." –GRAEME FLETCHER, MOTORING TV
ALL-IN-ONE PR1CE
SX4 Sedan Sport shown
2010 SX4 SEDAN
AM/FM/CD/MP3/WMA player • Auxiliary input jack • ABS with Electronic Brake Distribution • 6 Airbags • 2.0L DOHC engine with variable valve timing
$109* BI-WEEKLY PAYMENT + TAX
JUST SIGN AND GO!

"IF YOU'RE LOOKING FOR A REAL BANG FOR YOUR BUCK, THE SX4 FI TS THE BILL." –GLOBE AND MAIL
ALL-IN-ONE PR1CE
ALL WHEEL DRIVE
SX4 Hatchback JLX shown
2010 SX4 HATCHBACK
AM/FM/CD/MP3/WMA player • Auxiliary input jack • ABS with Electronic Brake Distribution • 6 Airbags • 2.0L DOHC engine with variable valve timing
$119* BI-WEEKLY PAYMENT + TAX
JUST SIGN AND GO!
Most fuel effi cient Compact AWD in Canada

WARRANTY All Suzuki vehicles come with a 5-year, 100,000 kilometre powertrain WARRANTY limited warranty and 3-year unlimited kilometre roadside assistance.

WESTEND SUZUKI go 4 it!
EDMONTON ALBERTA
17431-102 AVENUE
780-484-0561
SPECIAL TOLL FREE
1-888-702-8363
VISIT US ONLINE AT www.westendsuzuki.com

SHOP 24/7 @ MILLWOODS SUZUKI.COM
ON THE AUTO ROW 3403-93 ST. SPECIAL TOLL FREE 1-866-897-4500

CONSUMERS SHOULD READ THE FOLLOWING: All Inclusive Pricing means there are no surprises; our Purchase Financing offers include Delivery & Destination, $100 A/C Excise Tax, $20 Tire Tax, $72 PPSA, $399 Dealer Administration Fee, Customer Cash Incentive and Dealer Participation. Your only additional costs are the applicable taxes, license, registration and insurance. Vehicles may not be exactly as shown. Limited time offers are subject to change without notice. SRP of a new 2010 SX4 Sedan with manual transmission (Model S3LB1J0), 2010 SX4 HB with manual transmission (Model H3NB1H0) and 2010 Grand Vitara JX with automatic transmission (Model L2NB5T0) is $19,681/$19,681/$30,181 (includes $1,395/$1,395/$1,595 destination and delivery, $100 AC tax, $20 Tire Tax, $72 PPSA and $399 Dealer Administration Fee). Certain conditions apply. Dealers may sell for less. MSRP of models shown: 2010 SX4 Sedan Sport with manual transmission (Model S3LB1K0), 2010 SX4 HB JLX with CVT transmission (Model H3NB720) and 2010 Grand Vitara JX with automatic transmission (Model L2NB5T0) is $21,681/$26,681/$30,181 (includes $1,395/$1,395/$1,595 destination and delivery, $100 AC tax, $20 Tire Tax, $72 PPSA and $399 Dealer Administration Fee). *Limited time fi nance offers available to qualifi ed retail customers on approved credit. Special bi-weekly purchase fi nance offer is available for a 72/72/72 month term or for a total of 156/156/156 bi-weekly payments. The bi-weekly payment at 0%/0%/0% purchase fi nancing APR is $109/$119/$187 with $0/$0/$0 down payment. Cost of borrowing is $0/$0/$0 for a total obligation of $17,004/$18,564/$29,172 (includes 1,395/$1,395/$1,595 destination and delivery, $100 AC tax, $20 Tire Tax, $72 PPSA and $399 Dealer Administration Fee). Customer Cash Incentive of $2,500/$1,000/$1,000 included when purchase financing a 2010 SX4 Sedan with manual transmission (Model S3LB1J0), 2010 SX4 HB with manual transmission (Model H3NB1H0) and 2010 Grand Vitara JX with automatic transmission (Model L2NB5T0). Dealer Participation Required. Information shown is based on latest available at time of print. See participating dealers for conditions and details. Dealer may sell for less. Offers end July 9, 2010. _AWD available as an option on the SX4 Hatchback. Based on Fuel Consumption Guide ratings published by Natural Resources Canada. Your actual fuel consumption may vary. Fuel economy estimates are determined by using Transport Canada approved testing methods.
Alberta Motor Vehicle Industry Council



# Supreme Pizza

## Punjabi Pizza

Menisa Plaza (on Millwood Road) 1079 Knottwood Road East NW Edmonton

Chicken Wings Hot, Honey Garlic

(780) 485-1213 or (780) 485-1231

1 Large Pizza with 4 Toppings, 2 Can Coke & 24 Wings

**Paneer Pizza**
Paneer, Red Onion, Green Peppers, Mushrooms, Tomatoes.

**Vegetarian**
Olives, Mushrooms, Pineapple, Tomatoes Green Peppers, Red Onions,

**Supreme Special**
Ham, pepperoni, Salami, Mushrooms, Pineapple, Tomatoes, Olive, Red Onion, Green Peppers

**Chicken Special**
Tandoori Chicken, Red Onions, Green peppers, Mushrooms, Tomatoes

**The Pasta Niche**
Baked Lasagna with Meat Sauce and Veggi Sauce

Delivery Charges Will Apply to All Areas

## ਸੁਪਰੀਮ ਪੀਜ਼ਾ

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

ਪੰਜਾਬੀ ਸਟਾਈਲ ਪੀਜ਼ਾ



**Delivery Hours**
Monday to Thursday: 2:30pm to 11:00pm,
Friday & Saturday: 2:30pm to 12:00midnight
Sunday & Holidays: 2:30pm to 11:00pm

Try Us Tonight For Best Deal In Town
**3 For 1**
Any 3 Toppings
12" Medium - 14" Large

Buy 1 Get 1 Free

**List of Toppings**
Paneer, BBQ Chicken, Tandoori Chicken, Plain Chicken, Hot Pepperoni, Pepperoni, Ham, Mushrooms, Beef, Capacolli, Red Onions, Shrimps, Italian Sausage, Olives, Green Peppers, Tomatoes, Salami, Jalapinos, Feta Cheese, Pineapple

For Delivery: Please Call 1/2 Hour before we close! Its faster if you call 780 485 1213.

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਅਤੇ
ਸਵਾਦੀ ਪੀਜ਼ਾ ਖਾਣ ਲਈ ਇਕੋ-ਇਕ ਨਾ **ਸੁਪਰੀਮ ਪੀਜ਼ਾ**
ਆਪਣੇ ਭਰਾਵਾਂ ਦਾ ਪੀਜ਼ਾ ਜਿਸ 'ਤੇ ਤੁਸੀਂ ਪੰਜਾਬੀ ਵਿਚ ਆਰਡਰ ਕਰ ਸਕਦੇ ਹੋ।

2 Large Fully Loaded Pizza for $25. 1 Large Pizza 5 Toppings for $14.

2 Medium Pizza Fully Loaded for $22. 1 Medium Pizza 5 Toppings for $13.

**Call at: 780 485 1213**



# BRIDGEPORT HOMES LTD.

WE ASSURE BEATING MARKET PRICE

$ 539,999 for 2 story, 2800 sq. ft. in Wildwood Crescent (with all upgrades).



Lots available for bi-Level homes in Silverberry Area





For more information call: Dolly Chauhan @ 780-935-7718